ਐਤਵਾਰ, 9 ਅਗਸਤ, 2026
25 ਸਾਉਣ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 69

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 9 AUGUST, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

# ਮੁੱਖ ਮੰਤਰੀ ਵੱਲੋਂ ਸ਼ੇਰ-ਏ-ਪੰਜਾਬ ਟਵੰਟੀ-20 ਲੀਗ ਦੀ ਸ਼ੁਰੂਆਤ

## 30 ਅਗਸਤ ਤੋਂ 13 ਸਤੰਬਰ ਤੱਕ ਹੋਣਗੇ ਮੁਕਾਬਲੇ



**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)**
ਪੰਜਾਬ ਨੂੰ ਆਈ ਪੀ ਐੱਲ ਦੀ ਤਰਜ਼ 'ਤੇ ਟਵੰਟੀ-20 ਲੀਗ ਮਿਲਣ ਜਾ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ 'ਸ਼ੇਰ-ਏ-ਪੰਜਾਬ ਟਵੰਟੀ-20 ਲੀਗ' ਦੀ ਸ਼ੁਰੂਆਤ ਦਾ ਐਲਾਨ ਕੀਤਾ, ਜਿਸ ਵਿੱਚ ਛੇ ਫ਼੍ਰੈਂਚਾਇਜ਼ੀ ਟੀਮਾਂ ਸ਼ਾਮਲ ਹਨ। ਇਨ੍ਹਾਂ ਟੀਮਾਂ ਵਿੱਚ ਸ਼ੁਭਮਨ ਗਿੱਲ, ਅਰਸ਼ਦੀਪ ਸਿੰਘ, ਅਭਿਸ਼ੇਕ ਸ਼ਰਮਾ, ਪ੍ਰਭਸਿਮਰਨ ਸਿੰਘ, ਰਮਨਦੀਪ ਸਿੰਘ ਅਤੇ ਗੁਰਨੂਰ ਬਰਾੜ ਸਮੇਤ ਪੰਜਾਬ ਦੇ ਸਟਾਰ ਕ੍ਰਿਕਟਰ ਖੇਡਣਗੇ। ਇਹ ਲੀਗ 30 ਅਗਸਤ ਤੋਂ 13 ਸਤੰਬਰ ਤੱਕ ਮੁਹਾਲੀ ਦੇ ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀ ਸੀ ਏ) ਸਟੇਡੀਅਮ ਵਿੱਚ ਖੇਡੀ ਜਾਵੇਗੀ। 9 ਅਗਸਤ ਨੂੰ ਹੋਣ ਵਾਲੀ ਨਿਲਾਮੀ ਵਿੱਚ ਪੰਜਾਬ ਦੇ 450 ਤੋਂ ਵੱਧ ਖਿਡਾਰੀ ਹਿੱਸਾ ਲੈਣਗੇ, ਜਿਸ ਨਾਲ ਉਭਰਦੀ ਪ੍ਰਤਿਭਾ ਨੂੰ ਸਥਾਪਤ ਖਿਡਾਰੀਆਂ ਨਾਲ ਖੇਡਣ ਦਾ ਇੱਕ ਵੱਡਾ ਮੌਕਾ ਤੇ ਮੰਚ ਮਿਲੇਗਾ। ਇਸ ਮੌਕੇ ਭਾਰਤੀ ਕ੍ਰਿਕਟਰ ਅਭਿਸ਼ੇਕ ਸ਼ਰਮਾ, ਅਰਸ਼ਦੀਪ ਸਿੰਘ, ਪ੍ਰਭਸਿਮਰਨ ਸਿੰਘ ਅਤੇ ਰਮਨਦੀਪ ਸਿੰਘ ਮੌਜੂਦ ਸਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੇ ਹਮੇਸ਼ਾ ਦੇਸ਼ ਨੂੰ ਪ੍ਰਤਿਭਾਸ਼ਾਲੀ ਖਿਡਾਰੀ ਦਿੱਤੇ ਹਨ ਅਤੇ ਸਰਕਾਰ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਖੇਡ ਖੇਤਰ ਵਿੱਚ ਸੂਬੇ ਨੂੰ ਹੋਰ ਮਜ਼ਬੂਤ ਕਰਨ ਲਈ ਨਿਰੰਤਰ ਕੰਮ ਕਰ ਰਹੀ ਹੈ। ਉਨ੍ਹਾ ਖੇਡਾਂ ਨੂੰ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਵਿੱਚ ਸਭ ਤੋਂ ਪ੍ਰਭਾਵਸ਼ਾਲੀ ਹਥਿਆਰ ਦੱਸਿਆ। ਇਸ ਲੀਗ ਨੂੰ ਪੰਜਾਬ ਦਾ ਆਪਣਾ ਆਈ ਪੀ ਐੱਲ ਕਰਾਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ—ਅੱਜ ਇੱਥੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਨੁਮਾਇੰਦਿਆਂ ਅਤੇ ਰਾਸ਼ਟਰੀ ਪੱਧਰ ਦੇ ਖਿਡਾਰੀਆਂ ਨਾਲ ਹੋਈ ਮੀਟਿੰਗ ਦੌਰਾਨ ਤੈਅ ਹੋਇਆ ਕਿ ਇਸ ਲੀਗ ਵਿੱਚ ਛੇ ਫ਼੍ਰੈਂਚਾਇਜ਼ੀ ਟੀਮਾਂ ਹੋਣਗੀਆਂ। ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਸ਼ੁਭਮਨ ਗਿੱਲ ਫ਼ਾਜ਼ਿਲਕਾ ਫ਼ਾਲਕਨਜ਼ ਦੀ ਨੁਮਾਇੰਦਗੀ ਕਰਨਗੇ, ਅਰਸ਼ਦੀਪ ਸਿੰਘ ਲੁਧਿਆਣਾ ਲਾਇਨਜ਼ ਲਈ, ਅਭਿਸ਼ੇਕ ਸ਼ਰਮਾ ਅੰਮ੍ਰਿਤਸਰ ਸੂਰਮਾਜ਼ ਲਈ, ਪ੍ਰਭਸਿਮਰਨ ਸਿੰਘ ਜਲੰਧਰ ਵਾਰੀਅਰਜ਼ ਲਈ, ਰਮਨਦੀਪ ਸਿੰਘ ਮੁਹਾਲੀ ਕਿੰਗਜ਼ ਲਈ ਅਤੇ ਗੁਰਨੂਰ ਬਰਾੜ ਬਠਿੰਡਾ ਰਾਇਲਜ਼ ਲਈ ਖੇਡਣਗੇ। ਦੇਸ਼ ਦਾ ਨਾਂਅ ਰੌਸ਼ਨ ਕਰਨ ਵਾਲੇ ਇਹ ਖਿਡਾਰੀ ਟੂਰਨਾਮੈਂਟ ਦੀ ਸ਼ਾਨ ਵਧਾਉਣਗੇ। ਮੁੱਖ ਮੰਤਰੀ ਨੇ ਕਿਹਾ—ਪੰਜਾਬ ਇਸ ਵੇਲੇ ਭਾਰਤੀ ਕ੍ਰਿਕਟ ਟੀਮ ਦੀ ਰੀੜ੍ਹ ਦੀ ਹੱਡੀ ਹੈ, ਜਿਸ ਦੇ 21 ਖਿਡਾਰੀ ਆਈ ਪੀ ਐੱਲ ਵਿੱਚ ਖੇਡ ਰਹੇ ਹਨ। ਇਹ ਸਾਰੇ ਖਿਡਾਰੀ ਹੁਣ ਪੰਜਾਬ ਦੀ ਆਪਣੀ ਲੀਗ ਦੀ ਖਿੱਚ ਦਾ ਕੇਂਦਰ ਹੋਣਗੇ। ਪੰਜਾਬ ਕ੍ਰਿਕਟ ਲੀਗ ਵਿੱਚ ਹਿੱਸਾ ਲੈਣ ਵਾਲੇ ਸਾਰੇ ਖਿਡਾਰੀ ਪੰਜਾਬ ਦੇ ਹੀ ਹੋਣਗੇ।9 ਅਗਸਤ ਨੂੰ ਹੋਣ ਵਾਲੀ ਨਿਲਾਮੀ ਵਿੱਚ ਹਿੱਸਾ ਲੈਣ ਖਿਡਾਰੀਆਂ ਵਿੱਚ ਅਨਮੋਲਪ੍ਰੀਤ ਸਿੰਘ, ਮਯੰਕ ਮਾਰਕੰਡੇ, ਨਮਨ ਧੀਰ, ਵਿਹਾਨ ਮਲਹੋਤਰਾ, ਇਮਾਨਜੋਤ ਸਿੰਘ ਚਾਹਲ, ਅਸ਼ਵਨੀ ਕੁਮਾਰ ਅਤੇ ਕ੍ਰਿਸ਼ ਭਗਤ ਵਰਗੇ ਪ੍ਰਮੁੱਖ ਖਿਡਾਰੀ ਸ਼ਾਮਲ ਹਨ। ਇਹ ਲੀਗ ਰਾਊਂਡ-ਰੋਬਿਨ ਆਧਾਰ 'ਤੇ ਖੇਡੀ ਜਾਵੇਗੀ, ਜਿਸ ਵਿੱਚ ਹਰੇਕ ਟੀਮ ਅੱਠ ਲੀਗ ਮੈਚ ਖੇਡੇਗੀ। ਮੁੱਖ ਮੰਤਰੀ ਨੇ ਜ਼ਿਕਰ ਕੀਤਾ ਕਿ ਸੂਬੇ ਭਰ ਵਿੱਚ 'ਖੇਡਾਂ ਵਤਨ ਪੰਜਾਬ ਦੀਆਂ' ਤਹਿਤ ਖੇਡ ਮੁਕਾਬਲੇ ਹਰ ਸਾਲ ਸਫ਼ਲਤਾਪੂਰਵਕ ਕਰਵਾਏ ਜਾ ਰਹੇ ਹਨ। ਇਸੇ ਤਰ੍ਹਾਂ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਲਈ 3,100 ਤੋਂ ਵੱਧ ਖੇਡ ਮੈਦਾਨ ਵਿਕਸਤ ਕੀਤੇ ਜਾ ਰਹੇ ਹਨ। ਪੰਜਾਬ ਅਕਤੂਬਰ-ਨਵੰਬਰ ਵਿੱਚ ਪਹਿਲੀ ਵਾਰ 'ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫ਼ੀ' ਦੀ ਮੇਜ਼ਬਾਨੀ ਕਰੇਗਾ। ਇਸ ਮੌਕੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਅਮਰਜੀਤ ਮਹਿਤਾ, ਸਕੱਤਰ ਤੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਅਤੇ ਮੀਤ ਪ੍ਰਧਾਨ ਦੀਪਕ ਬਾਲੀ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸਨਮਾਨ ਵਜੋਂ ਲੀਗ ਦੇ ਲੋਗੋ ਵਾਲੀ ਟੀ-ਸ਼ਰਟ ਭੇਟ ਕੀਤੀ। ਭਾਰਤੀ ਟੀਮ ਦੇ ਖਿਡਾਰੀ ਅਭਿਸ਼ੇਕ ਸ਼ਰਮਾ, ਅਰਸ਼ਦੀਪ ਸਿੰਘ, ਪ੍ਰਭਸਿਮਰਨ ਸਿੰਘ ਅਤੇ ਰਮਨਦੀਪ ਸਿੰਘ ਨੇ ਵੀ ਮੁੱਖ ਮੰਤਰੀ ਨੂੰ ਸਤਿਕਾਰ ਵਜੋਂ ਬੱਲਾ ਅਤੇ ਗੇਂਦ ਭੇਟ ਕੀਤੀ।

## 866 ਨੌਜਵਾਨਾਂ ਨੂੰ ਸੌਂਪੇ ਨਿਯੁਕਤੀ ਪੱਤਰ

**ਮੋਹਾਲੀ** : ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਪ੍ਰਦਾਨ ਕਰਨ ਦੇ ਆਪਣੇ ਮਿਸ਼ਨ ਨੂੰ ਲਗਾਤਾਰ ਅੱਗੇ ਵਧਾ ਰਹੀ ਹੈ, ਜਿਸ ਤਹਿਤ ਸ਼ਨੀਵਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੋਹਾਲੀ ਵਿੱਚ 866 ਹੋਰ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ, ਜਿਸ ਨਾਲ ਸਾਢੇ ਚਾਰ ਸਾਲਾਂ ਵਿੱਚ ਦਿੱਤੀਆਂ ਗਈਆਂ ਸਰਕਾਰੀ ਨੌਕਰੀਆਂ ਦੀ ਕੁੱਲ ਗਿਣਤੀ 69,094 ਹੋ ਗਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਾਰਦਰਸ਼ੀ ਭਰਤੀ ਪ੍ਰਕਿਰਿਆਵਾਂ ਨੇ ਪੁਰਾਣੀਆਂ ਰਵਾਇਤਾਂ ਜਦੋਂ ਸਰਕਾਰੀ ਨੌਕਰੀ ਲੈਣ ਲਈ ਪੈਸੇ ਅਤੇ ਸਿਫ਼ਾਰਸ਼ ਨੂੰ ਅਸਲ ਯੋਗਤਾ ਮੰਨਿਆ ਜਾਂਦਾ ਸੀ, ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਸਿਸਟਮ ਵਿੱਚ ਨੌਜਵਾਨਾਂ ਦਾ ਵਧ ਰਿਹਾ ਭਰੋਸਾ ਅਤੇ ਵਿਦੇਸ਼ਾਂ ਵੱਲ ਪਰਵਾਸ ਦਾ ਘਟਦਾ ਰੁਝਾਨ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਨੌਜਵਾਨਾਂ ਨੂੰ ਸੂਬੇ ਵਿੱਚ ਪੂਰੀ ਪਾਰਦਰਸ਼ਤਾ, ਨਿਰਪੱਖਤਾ ਅਤੇ ਮੈਰਿਟ ਅਧਾਰਤ ਭਰਤੀ ਪ੍ਰਕਿਰਿਆਵਾਂ ਰਾਹੀਂ ਨੌਕਰੀਆਂ ਮਿਲ ਰਹੀਆਂ ਹਨ। ਸਿੱਖਿਆ ਵਿੱਚ ਪੰਜਾਬ ਦੀ ਪ੍ਰਗਤੀ ਨੂੰ ਉਜਾਗਰ ਕਰਦਿਆਂ ਉਨ੍ਹਾ ਕਿਹਾ ਕਿ ਸੂਬੇ ਨੇ ਕੇਰਲਾ ਨੂੰ ਪਛਾੜ ਕੇ ਦੇਸ਼ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ ਅਤੇ ਸਰਕਾਰੀ ਸਕੂਲਾਂ ਦੇ 882 ਵਿਦਿਆਰਥੀਆਂ ਨੇ ਨੀਟ (ਰਾਸ਼ਟਰੀ ਯੋਗਤਾ-ਕਮ-ਦਾਖਲਾ ਪ੍ਰੀਖਿਆ) ਪਾਸ ਕਰ ਕੇ ਇਸ ਤਬਦੀਲੀ 'ਤੇ ਮੋਹਰ ਲਾਈ ਹੈ।ਨਿਯੁਕਤੀ ਪੱਤਰ ਵੰਡਣ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ 866 ਨਿਯੁਕਤੀਆਂ ਵਿੱਚ ਸਿਹਤ ਅਤੇ ਪਰਵਾਰ ਭਲਾਈ ਵਿਭਾਗ ਦੇ 636 ਉਮੀਦਵਾਰ ਸ਼ਾਮਲ ਹਨ, ਜਿਨ੍ਹਾਂ ਵਿੱਚ 614 ਸਟਾਫ਼ ਨਰਸਾਂ ਅਤੇ ਹੋਰ ਸਟਾਫ਼ ਸ਼ਾਮਲ ਹੈ, ਜਿਸ ਵਿੱਚ 03 ਫਾਰਮਾਸਿਸਟ, 13 ਮਲਟੀਪਰਪਜ਼ ਹੈੱਲਥ ਵਰਕਰ (ਪੁਰਸ਼), 2 ਵਾਰਡ ਅਟੈਂਡੈਂਟ, 1 ਦਰਜ-ਚਾਰ ਕਰਮਚਾਰੀ ਅਤੇ 3 ਸਵੀਪਰ ਸ਼ਾਮਲ ਹਨ। ਇਸ ਤੋਂ ਇਲਾਵਾ ਸ਼ੂਗਰਫੈੱਡ ਵਿੱਚ 101 ਜੂਨੀਅਰ ਆਡੀਟਰ ਵਜੋਂ ਵਿੱਤ ਵਿਭਾਗ 'ਚ 57 ਉਮੀਦਵਾਰ, ਰੱਖਿਆ ਸੇਵਾਵਾਂ ਭਲਾਈ ਵਿਭਾਗ ਵਿੱਚ 51, ਸਹਿਕਾਰਤਾ ਵਿਭਾਗ ਵਿੱਚ 11 ਅਤੇ ਗ੍ਰਹਿ ਵਿਭਾਗ ਵਿੱਚ ਲਾਅ ਅਫਸਰ ਵਜੋਂ 10 ਉਮੀਦਵਾਰ ਨਿਯੁਕਤ ਕੀਤੇ ਗਏ ਹਨ।ਪਾਰਦਰਸ਼ੀ ਭਰਤੀ ਦੇ ਸਾਰਥਕ ਪ੍ਰਭਾਵ ਬਾਰੇ ਗੱਲ ਕਰਦਿਆਂ ਉਨ੍ਹਾ ਕਿਹਾ ਕਿ ਪਿਛਲੀਆਂ ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਕਰਕੇ ਪੰਜਾਬ ਦੇ ਹੋਣਹਾਰ ਨੌਜਵਾਨਾਂ ਨੂੰ ਵਿਦੇਸ਼ ਜਾਣ ਲਈ ਮਜਬੂਰ ਹੋਣਾ ਪਿਆ, ਜਿਸ ਨਾਲ ਰਾਜ ਦੇ ਸਮਾਜਿਕ-ਆਰਥਿਕ ਵਿਕਾਸ ਨੂੰ ਖਤਰਾ ਪੈਦਾ ਹੋ ਗਿਆ ਪਰ, ਅਸੀਂ 2022 ਵਿੱਚ ਸੱਤਾ ਸੰਭਾਲਣ ਤੋਂ ਬਾਅਦ ਇਸ ਰੁਝਾਨ ਨੂੰ ਪੁੱਠਾ ਗੇੜ ਪਾਉਣਾ ਸ਼ੁਰੂ ਕਰ ਦਿੱਤਾ, ਜਿਸ ਦੇ ਚਲਦਿਆਂ ਸਾਡੀ ਸਰਕਾਰ ਪੰਜਾਬ ਦੇ ਹਰ ਪਿੰਡ ਤੇ ਸ਼ਹਿਰ ਦੇ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਵਿੱਚ ਸਫ਼ਲ ਰਹੀ ਹੈ।ਬੁਨਿਆਦੀ ਢਾਂਚੇ ਦੇ ਨਵੀਨੀਕਰਨ ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਨਵੇਂ ਫਰਨੀਚਰ, ਆਈ ਟੀ ਅਧਾਰਤ ਅਧਿਆਪਨ ਮਡਿਊਲ, ਪੂਰੀ ਤਰ੍ਹਾਂ ਲੈਸ ਲਾਇਬ੍ਰੇਰੀਆਂ ਅਤੇ ਸੈਨੀਟੇਸ਼ਨ ਸਹੂਲਤਾਂ ਦੇ ਰੂਪ ਵਿੱਚ ਬੁਨਿਆਦੀ ਢਾਂਚੇ ਨੂੰ ਅੱਪਗ੍ਰੇਡ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਕੂਲਾਂ ਦੀਆਂ ਵਿਕਾਸ ਸੰਬੰਧੀ ਲੋੜਾਂ ਦਾ ਧਿਆਨ ਰੱਖਣ ਲਈ ਕੈਂਪਸ • ਬਾਕੀ ਸਫਾ 2 'ਤੇ



ਮੰਡੀ 'ਚ ਥਾਲੌਂਟ ਵਿਖੇ ਚਟਾਨਾਂ ਖਿਸਕਣ ਕਾਰਨ ਕੀਰਤਪੁਰ-ਮਨਾਲੀ ਰਾਸ਼ਟਰੀ ਮਾਰਗ ਬੰਦ ਹੋ ਜਾਣ 'ਤੇ ਵਾਹਨਾਂ ਦੀ ਲੱਗੀ ਲੰਮੀ ਕਤਾਰ। ਰੁਕ-ਰੁਕ ਕੇ ਪੈ ਰਹੀ ਬਾਰਿਸ਼ ਕਾਰਨ ਢਿੱਗਾਂ ਡਿੱਗਣ ਕਾਰਨ ਹਿਮਾਚਲ ਦੀਆਂ 185 ਸੜਕਾਂ ਬੰਦ ਹੋ ਚੁੱਕੀਆਂ ਹਨ। ਇਨ੍ਹਾਂ ਵਿਚ ਇਕੱਲੇ ਮੰਡੀ ਦੀਆਂ 92 ਸੜਕਾਂ ਸ਼ਾਮਲ ਹਨ।

# ਸ਼ਾਹ 'ਚ ਸੰਸਦ ਮੈਂਬਰਾਂ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ : ਕਾਂਗਰਸ



**ਨਵੀਂ ਦਿੱਲੀ** : ਕਾਂਗਰਸ ਨੇ ਸ਼ਨੀਵਾਰ ਕਿਹਾ ਕਿ ਸੰਸਦ ਲਗਾਤਾਰ 15 ਦਿਨਾਂ ਤੋਂ ਕੰਮ ਨਹੀਂ ਕਰ ਰਹੀ, ਕਿਉਂਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਕੋਲ ਸੰਸਦ ਮੈਂਬਰਾਂ ਦਾ ਸਾਹਮਣਾ ਕਰਨ ਅਤੇ ਵਿਦਿਆਰਥੀਆਂ ਵਿਰੁੱਧ ਪੁਲਸ ਦੀ 'ਬੇਰਹਿਮੀ' ਬਾਰੇ ਸਵਾਲਾਂ ਦੇ ਜਵਾਬ ਦੇਣ ਦੀ ਹਿੰਮਤ ਨਹੀਂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਚੰਦਾ ਚੋਰੀ' ਮੁੱਦੇ 'ਤੇ ਗੱਲ ਨਹੀਂ ਕੀਤੀ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਆਪਣੀ ਇਕ ਪੋਸਟ ਵਿੱਚ ਕਿਹਾ, 'ਸੰਸਦ ਲਗਾਤਾਰ 15 ਦਿਨਾਂ ਤੋਂ ਆਮ ਤੌਰ 'ਤੇ ਕੰਮ ਨਹੀਂ ਕਰ ਸਕੀ। ਸਿਰਫ਼ ਇਸ ਕਾਰਨ ਕਰਕੇ ਕਿ ਕੇਂਦਰੀ ਗ੍ਰਹਿ ਮੰਤਰੀ ਨੇ ਦੋਵਾਂ ਸਦਨਾਂ ਵਿੱਚ ਆਉਣ ਅਤੇ ਪ੍ਰਦਰਸ਼ਨਕਾਰੀ ਨੌਜਵਾਨਾਂ ਅਤੇ ਵਿਦਿਆਰਥੀਆਂ 'ਤੇ ਪੁਲਸ ਦੀ ਬੇਰਹਿਮੀ 'ਤੇ ਬਿਆਨ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਖਾਸ ਕਰਕੇ 20 ਜੁਲਾਈ ਨੂੰ ਜਦੋਂ ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਦਾ 'ਸੰਸਦ ਚਲੋ' ਸੰਸਦ ਵੱਲ ਮਾਰਚ ਦੌਰਾਨ ਪੁਲਸ ਨੇ ਵਿਦਿਆਰਥੀਆਂ 'ਤੇ ਲਾਠੀਚਾਰਜ ਕੀਤਾ ਸੀ। ਕਾਂਗਰਸ ਨੇਤਾ ਨੇ ਕਿਹਾ ਕਿ ਸ਼ਾਹ ਆਪਣੇ ਚੈਂਬਰ ਵਿੱਚ ਆਉਂਦੇ ਹਨ ਅਤੇ ਲੰਮੇ ਸਮੇਂ ਤੱਕ ਬੈਠਦੇ ਹਨ, ਪਰ ਪਿਛਲੇ ਮਹੀਨੇ ਰਾਸ਼ਟਰੀ ਰਾਜਧਾਨੀ ਵਿੱਚ ਨੀਟ ਪੇਪਰ ਲੀਕ ਦਾ ਵਿਰੋਧ ਕਰ ਰਹੇ ਵਿਦਿਆਰਥੀਆਂ ਵਿਰੁੱਧ ਦਿੱਲੀ ਪੁਲਸ ਦੀ ਕਾਰਵਾਈ ਬਾਰੇ ਸਵਾਲਾਂ ਦੇ ਜਵਾਬ ਦੇਣ ਲਈ ਲੋਕ ਸਭਾ ਅਤੇ ਰਾਜ ਸਭਾ ਵਿੱਚ ਸੰਸਦ ਮੈਂਬਰਾਂ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਰੱਖਦੇ। ਇਹ ਕਾਰਵਾਈਆਂ ਸਿੱਧੇ ਤੌਰ 'ਤੇ ਉਨ੍ਹਾ ਦੇ ਚਾਰਜ ਅਤੇ ਕੰਟਰੋਲ ਹੇਠ ਹਨ। ਉਨ੍ਹਾ ਕਿਹਾ, 'ਸ਼ਾਹ ਦੀ ਲਗਾਤਾਰ ਗੈਰਹਾਜ਼ਰੀ ਬੇਮਿਸਾਲ ਹੈ, ਸੰਸਦ ਦੇ ਇਸ ਸੈਸ਼ਨ ਵਿੱਚ ਹੋਰ ਚਾਰ ਦਿਨ ਬਾਕੀ ਹਨ। ਗ੍ਰਹਿ ਮੰਤਰੀ ਨੂੰ ਪਹਿਲਾਂ ਪੁਲਸ ਵਧੀਕੀਆਂ 'ਤੇ ਬੋਲਣਾ ਚਾਹੀਦਾ ਹੈ।' ਕਾਂਗਰਸ ਆਗੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਉਸੇ ਟਰੱਸਟ ਦੁਆਰਾ 'ਚੰਦਾ ਚੋਰੀ ਆਸਥਾ ਧੋਖਾ' 'ਤੇ ਬੋਲਣਾ ਚਾਹੀਦਾ ਹੈ, ਜਿਸ ਦੀ ਸਿਰਜਣਾ ਬਾਰੇ ਉਨ੍ਹਾ 5 ਫਰਵਰੀ, 2020 ਨੂੰ ਲੋਕ ਸਭਾ ਦੇ ਫਲੋਰ 'ਤੇ ਸ਼ਾਨਦਾਰ ਘੋਸ਼ਣਾ ਕੀਤੀ ਸੀ। ਉਨ੍ਹਾ ਦੇ ਹੱਥੀਂ ਚੁਣੇ ਟਰੱਸਟ ਨੇ ਸਾਰੇ ਭਾਰਤੀਆਂ ਦੇ ਵਿਸ਼ਵਾਸ ਅਤੇ ਵਿਸ਼ਵਾਸ ਨੂੰ ਧੋਖਾ ਦਿੱਤਾ ਹੈ ਅਤੇ ਉਹ ਇਸ 'ਤੇ ਚੁੱਪ ਨਹੀਂ ਰਹਿ ਸਕਦੇ। 20 ਜੁਲਾਈ ਨੂੰ ਮਾਨਸੂਨ ਸੈਸ਼ਨ ਸ਼ੁਰੂ ਹੋਣ ਤੋਂ ਬਾਅਦ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਨੇ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਵਿਰੁੱਧ ਪੁਲਸ ਕਾਰਵਾਈ ਅਤੇ ਰਾਮ ਮੰਦਰ ਦੇ ਦਾਨ ਚੋਰੀ ਦੇ ਮੁੱਦਿਆਂ 'ਤੇ ਸੰਸਦ ਦੇ ਦੋਵਾਂ ਸਦਨਾਂ ਦੀ ਕਾਰਵਾਈ ਠੱਪ ਰੱਖੀ ਹੈ।

## ਮੁੱਖ ਮੰਤਰੀ ਵੱਲੋਂ ਅਧਿਐਨ 'ਵਰਸਿਟੀ ਦਾ ਨੀਂਹ ਪੱਥਰ ਅੱਜ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**-ਮੁੱਖ ਮੰਤਰੀ ਭਗਵੰਤ ਮਾਨ 9 ਅਗਸਤ (ਐਤਵਾਰ) ਨੂੰ ਡੇਰਾ ਸੱਚਖੰਡ ਬੱਲਾਂ ਨਤਮਸਤਕ ਹੋਣਗੇ ਅਤੇ ਸੰਤ ਨਿਰੰਜਨ ਦਾਸ ਕੋਲੋਂ ਅਸ਼ੀਰਵਾਦ ਪ੍ਰਾਪਤ ਕਰਨ ਉਪਰੰਤ ਫਰੀਦਪੁਰ-ਨੌਗੱਜਾ ਵਿਖੇ ਸ੍ਰੀ ਗੁਰੂ ਰਵਿਦਾਸ ਬਾਣੀ ਅਧਿਐਨ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਣਗੇ। ਤਿਆਰੀਆਂ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਜਲੰਧਰ, ਐੱਸ ਐੱਸ ਪੀ, ਆਮ ਆਦਮੀ ਪਾਰਟੀ ਜਲੰਧਰ ਦੇ ਪ੍ਰਧਾਨ ਪ੍ਰਦੀਪ ਦੁੱਗਲ, ਜ਼ਿਲ੍ਹਾ ਸਕੱਤਰ ਮਦਨ ਸਿੰਘ, ਜ਼ਿਲ੍ਹਾ ਜਲੰਧਰ ਦੇ ਮੀਡੀਆ ਪ੍ਰਧਾਨ ਮੇਲਾ ਸਿੰਘ ਰੁੜਕਾ, ਗੁਰਪਾਲ ਸਿੰਘ ਪਾਲਾ ਚੇਅਰਮੈਨ, ਹਰਪ੍ਰੀਤ ਕੌਰ ਮਹਿਲਾ ਪ੍ਰਧਾਨ ਤੇ ਅਮਨਦੀਪ ਹਨੀ ਮੀਡੀਆ ਕੋਆਰਡੀਨੇਟਰ ਨੌਗੱਜਾ ਵਿਖੇ ਪਹੁੰਚੇ।

## ਕਾਰ-ਕੈਂਟਰ ਟੱਕਰ 'ਚ 3 ਦੀ ਮੌਤ



**ਜਲੰਧਰ (ਸ਼ੈਲੀ ਐਲਬਰਟ)**-ਸਥਾਨਕ ਜਲੰਧਰ-ਅੰਮ੍ਰਿਤਸਰ ਕੌਮੀ ਮਾਰਗ 'ਤੇ ਤੇਜ਼ ਰਫਤਾਰ ਸਵਿਫਟ ਕਾਰ ਸੜਕ 'ਤੇ ਖੜੇ ਕੈਂਟਰ ਵਿੱਚ ਵੱਜਣ ਕਾਰਨ ਵਾਪਰੇ ਹਾਦਸੇ ਵਿੱਚ ਤਿੰਨ ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਾਦਸਾ ਏਨਾ ਭਿਆਨਕ ਸੀ ਕਿ ਅਗਲੀ ਸੀਟ 'ਤੇ ਬੈਠੇ ਦੋ ਵਿਅਕਤੀਆਂ ਦੀਆਂ ਮ੍ਰਿਤਕ ਦੇਹਾਂ ਨੁਕਸਾਨੀ ਗਈ ਕਾਰ ਵਿੱਚ ਫਸ ਗਈਆਂ ਅਤੇ ਪਿਛਲੀ ਸੀਟ 'ਤੇ ਬੈਠੇ ਤੀਜੇ ਵਿਅਕਤੀ ਦੀ ਮ੍ਰਿਤਕ ਦੇਹ ਸੜਕ 'ਤੇ ਡਿੱਗੀ ਹੋਈ ਸੀ। ਥਾਣਾ ਮਕਸੂਦਾਂ ਦੇ ਮੁਖੀ ਰਕੇਸ਼ ਕੁਮਾਰ ਅਨੁਸਾਰ ਭਗਤ ਸਿੰਘ ਕਲੋਨੀ ਦੇ ਨੇੜੇ ਹਾਦਸਾ ਹੋਇਆ। ਉਨ੍ਹਾ ਦੱਸਿਆ ਕਿ ਕੈਂਟਰ ਦਾ ਡਰਾਈਵਰ ਵਾਹਨ ਨੂੰ ਸੜਕ ਦੇ ਕੰਢੇ ਖੜਾ ਕਰਕੇ ਕਿਧਰੇ ਚਲਾ ਗਿਆ ਸੀ। ਮ੍ਰਿਤਕਾਂ ਦੀ ਪਛਾਣ ਨਹੀਂ ਹੋ ਸਕੀ।

# ਸੁਖਬੀਰ ਵੱਲੋਂ ਮਹਿਲਾ ਰਾਖਵਾਂਕਰਨ ਬਿੱਲ ਤੇ ਹੱਦਬੰਦੀ ਦਾ ਸਮਰਥਨ



**ਨਵੀਂ ਦਿੱਲੀ** : ਸੰਸਦ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਨ ਤੋਂ ਇਕ ਦਿਨ ਬਾਅਦ ਸੁਖਬੀਰ ਸਿੰਘ ਬਾਦਲ ਨੇ ਮਹਿਲਾ ਰਾਖਵਾਂਕਰਨ ਬਿੱਲ ਦਾ ਸਮਰਥਨ ਕੀਤਾ ਹੈ। ਇਹ ਬਿੱਲ ਦੋ-ਤਿਹਾਈ ਬਹੁਮਤ ਨਾ ਮਿਲਣ ਕਾਰਨ ਸੰਸਦ ਦੀ ਮਨਜ਼ੂਰੀ ਦਾ ਇੰਤਜ਼ਾਰ ਕਰ ਰਿਹਾ ਹੈ। ਸਨਿੱਚਰਵਾਰ ਪਾਰਟੀ ਦੇ ਸੀਨੀਅਰ ਆਗੂਆਂ ਨਾਲ ਮੀਟਿੰਗ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਅਕਾਲੀ ਦਲ ਨੇ ਦੇਸ਼ ਵਿੱਚ ਮਹਿਲਾ ਰਾਖਵਾਂਕਰਨ ਬਿੱਲ ਨੂੰ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ ਹੈ। ਅਕਾਲੀ ਦਲ ਕੋਲ ਲੋਕ ਸਭਾ ਵਿੱਚ ਹਰਸਿਮਰਤ ਬਾਦਲ ਦੀ ਸਿਰਫ਼ ਇੱਕ ਵੋਟ ਹੈ, ਪਰ ਮਹਿਲਾ ਰਾਖਵਾਂਕਰਨ ਬਿੱਲ ਨੂੰ ਪਾਸ ਕਰਵਾਉਣ ਵਿੱਚ ਹਰ ਵੋਟ ਮਾਇਨੇ ਰੱਖਦੀ ਹੈ। ਸੁਖਬੀਰ ਬਾਦਲ ਨੇ ਐੱਕਸ 'ਤੇ ਕਿਹਾ, 'ਸ਼੍ਰੋਮਣੀ ਅਕਾਲੀ ਦਲ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ 'ਤੇ ਚਲਦਾ ਹੈ, ਜਿਨ੍ਹਾਂ ਨੇ ਸਾਨੂੰ ਮਹਿਲਾਵਾਂ ਦੇ ਸਨਮਾਨ ਅਤੇ ਬਰਾਬਰੀ ਦਾ ਉਪਦੇਸ਼ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਹਿਲਾਂ ਹੀ ਆਪਣੇ ਹਾਊਸ ਵਿੱਚ ਮਹਿਲਾਵਾਂ ਲਈ ਰਾਖਵਾਂਕਰਨ ਦਾ ਪ੍ਰਬੰਧ ਕਰਕੇ ਇੱਕ ਮਿਸਾਲ ਕਾਇਮ ਕਰ ਚੁੱਕੀ ਹੈ।' ਉਨ੍ਹਾ ਕਿਹਾ ਕਿ ਸੰਸਦ ਦੇ ਸਾਹਮਣੇ ਮੌਜੂਦ ਅਹਿਮ ਮੁੱਦਿਆਂ 'ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰੇ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਨਿਰਪੱਖ ਅਤੇ ਸਮਾਨਤਾ-ਅਧਾਰਤ ਹੱਦਬੰਦੀ ਦੀ ਵੀ ਮੰਗ ਕੀਤੀ, ਜੋ ਸਾਰੇ ਸੂਬਿਆਂ ਨੂੰ ਬਰਾਬਰ ਦੀ ਨੁਮਾਇੰਦਗੀ ਯਕੀਨੀ ਬਣਾਏ। ਸੁਖਬੀਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰ ਸਰਕਾਰ ਵੱਲੋਂ ਸਦਨ ਵਿੱਚ ਰੱਖੇ ਗਏ ਸਾਰੇ ਸੂਬਿਆਂ ਦੀਆਂ ਸੀਟਾਂ ਵਿੱਚ ਇਕਸਾਰ 50 ਫੀਸਦੀ ਵਾਧੇ ਦੇ ਪ੍ਰਸਤਾਵ ਦਾ ਸਮਰਥਨ ਕੀਤਾ। ਪਾਰਟੀ ਨੇ ਜ਼ੋਰ ਦੇ ਕੇ ਕਿਹਾ ਕਿ ਮਹਿਲਾ ਰਾਖਵਾਂਕਰਨ ਅਤੇ ਹੱਦਬੰਦੀ ਦੋਵੇਂ ਤੁਰੰਤ ਲਾਗੂ ਕੀਤੇ ਜਾਣੇ ਚਾਹੀਦੇ ਹਨ।

## ਅਜੇ ਰੋਕਾ ਨਹੀਂ : ਗੁਜਰਾਲ

**ਨਵੀਂ ਦਿੱਲੀ** : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਨਰੇਸ਼ ਗੁਜਰਾਲ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਾਲੇ ਹੋਈ ਹਾਲੀਆ ਮੁਲਾਕਾਤ 'ਤੇ ਪ੍ਰਤੀਕਰਮ ਦਿੰਦਿਆਂ ਭਾਜਪਾ ਨਾਲ ਮੁੜ ਚੋਣ ਗਠਜੋੜ ਤੋਂ ਇਨਕਾਰ ਨਹੀਂ ਕੀਤਾ, ਹਾਲਾਂ ਕਿ ਉਨ੍ਹਾ ਇਸ ਮੁਲਾਕਾਤ ਨੂੰ ਗਠਜੋੜ ਦਾ ਪੱਕਾ ਫ਼ੈਸਲਾ ਨਾ ਮੰਨਦਿਆਂ ਇਸ ਨੂੰ 'ਮੂੰਹ ਦਿਖਾਈ, ਰੋਕਾ ਨਹੀਂ' ਕਰਾਰ ਦਿੱਤਾ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਗੁਜਰਾਲ ਨੇ ਕਿਹਾ ਕਿ ਇਸ ਮੀਟਿੰਗ ਦਾ ਸਪੱਸ਼ਟ ਸੰਕੇਤ ਇਹ ਹੈ ਕਿ ਦੋਵੇਂ ਪੁਰਾਣੀਆਂ ਭਾਈਵਾਲ ਪਾਰਟੀਆਂ ਵਿਚਾਲੇ ਲੰਮੇ ਸਮੇਂ ਤੋਂ ਬੰਦ ਪਏ ਦਰਵਾਜ਼ੇ ਹੁਣ ਥੋੜ੍ਹੇ ਜਿਹੇ ਖੁੱਲ੍ਹ ਗਏ • ਬਾਕੀ ਸਫਾ 2 'ਤੇ

## ਰੰਜਿਸ਼ ਕਾਰਨ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ

**ਲੁਧਿਆਣਾ** : ਇੱਥੋਂ ਦੇ ਟਿੱਬਾ ਰੋਡ 'ਤੇ ਸਥਿਤ ਸੁਤੰਤਰ ਨਗਰ ਇਲਾਕੇ 'ਚ ਸ਼ੁੱਕਰਵਾਰ ਦੇਰ ਰਾਤ ਪੁਰਾਣੀ ਰੰਜਿਸ਼ ਦੇ ਚੱਲਦਿਆਂ ਇੱਕ ਨੌਜਵਾਨ ਦਾ ਸ਼ਰੇਆਮ ਗੋਲੀਆਂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਹਰਜਿੰਦਰ ਸਿੰਘ (24) ਵਜੋਂ ਹੋਈ ਹੈ। ਘਟਨਾ ਵੇਲੇ ਉਹ ਇਲਾਕੇ ਵਿੱਚ ਹੀ ਮੌਜੂਦ ਸੀ, ਜਦੋਂ ਕਾਰ ਵਿੱਚ ਆਏ ਵਿਰੋਧੀ ਧਿਰ ਦੇ ਹਮਲਾਵਰਾਂ ਨੇ ਉਸ ਨੂੰ ਘੇਰ ਲਿਆ ਅਤੇ ਅੰਨ੍ਹੇਵਾਹ ਫਾਇਰਿੰਗ ਕਰ ਦਿੱਤੀ। ਹਰਜਿੰਦਰ ਸਿੰਘ ਆਪਣੇ ਦੋਸਤ ਦੀ ਐਕਟਿਵਾ ਵਾਪਸ ਮੋੜਨ ਗਿਆ ਸੀ, ਜਿੱਥੇ ਪਹਿਲਾਂ ਤੋਂ ਹੀ ਘਾਤ ਲਾ ਕੇ ਬੈਠੇ ਹਮਲਾਵਰਾਂ ਨੇ ਉਸ ਨੂੰ ਚਾਰੇ ਪਾਸਿਓਂ ਘੇਰ ਲਿਆ। ਗੋਲੀਬਾਰੀ ਦੌਰਾਨ ਹਰਜਿੰਦਰ ਸਿੰਘ ਦੇ ਸਰੀਰ 'ਤੇ ਪੰਜ ਗੋਲੀਆਂ ਲੱਗੀਆਂ, ਜਿਸ ਤੋਂ ਬਾਅਦ ਉਹ ਖ਼ੂਨ ਨਾਲ ਲੱਥਪੱਥ ਹੋ ਕੇ ਸੜਕ 'ਤੇ ਹੀ ਡਿੱਗ ਪਿਆ। ਉਸ ਨੂੰ ਤੁਰੰਤ ਗੰਭੀਰ ਹਾਲਤ ਵਿੱਚ ਸੀ ਐੱਮ ਸੀ ਲਿਜਾਇਆ ਗਿਆ, ਪਰ ਰਸਤੇ ਵਿੱਚ ਹੀ ਉਸ ਨੇ ਦਮ ਤੋੜ ਦਿੱਤਾ।

## ਸੜਕ ਹਾਦਸੇ 'ਚ ਪੰਜਾਬੀ ਮੂਲ ਦੀ ਜੇਲ੍ਹ ਅਧਿਕਾਰੀ ਸਮੇਤ 3 ਮੌਤਾਂ



**ਐਡਮਿੰਟਨ** : ਅਲਬਰਟਾ 'ਚ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਵਿੱਚ ਪੰਜਾਬੀ ਮੂਲ ਦੀ ਜੇਲ੍ਹ ਵਾਰਡਨ ਸਮੇਤ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਇਹ ਹਾਦਸਾ ਉਸ ਵੇਲੇ ਵਾਪਰਿਆ, ਜਦੋਂ ਬਾਅਦ ਦੁਪਹਿਰ ਐਡਮਿੰਟਨ ਜੇਲ੍ਹ ਵਿਭਾਗ ਦੇ ਇੱਕ ਵਾਹਨ ਵਿੱਚ ਕੈਦੀ ਨੂੰ ਲਿਜਾਇਆ ਜਾ ਰਿਹਾ ਸੀ, ਜਿਸ ਦੀ ਇੱਕ ਹੋਰ ਵਾਹਨ ਨਾਲ ਸਿੱਧੀ ਟੱਕਰ ਹੋ ਗਈ, ਜਿਸ ਕਾਰਨ ਐਡਮਿੰਟਨ ਇੰਸਟੀਚਿਊਸ਼ਨ ਫਾਰ ਵੂਮੈਨ ਨਾਲ ਸੰਬੰਧਤ ਸੁਧਾਰ ਅਧਿਕਾਰੀ ਨਿਕੋਲੇ (ਨਿਕ) ਸਰਬਨ ਅਤੇ ਰਮਨਦੀਪ ਕੌਰ ਮਾਨ ਅਤੇ ਹਿਰਾਸਤੀ ਕਿਆਰਾ ਮੂਸਵਾ ਦੀ ਮੌਤ ਹੋ ਗਈ। ਰਮਨਦੀਪ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਗੁੜ੍ਹੇ ਦੀ ਰਹਿਣ ਵਾਲੀ ਹੈ। ਰਮਨਦੀਪ ਕੁਝ ਸਾਲ ਪਹਿਲਾਂ ਸਟੱਡੀ ਵੀਜ਼ੇ 'ਤੇ ਕੈਨੇਡਾ ਆਈ ਸੀ। ਮੈਨੀਟੋਬਾ ਤੋਂ ਪੜ੍ਹਾਈ ਪੂਰੀ ਕਰਨ ਮਗਰੋਂ ਉਹ ਕਰੀਬ ਇੱਕ ਸਾਲ ਪਹਿਲਾਂ ਐਡਮਿੰਟਨ ਰਹਿਣ ਲੱਗ ਪਈ ਸੀ। ਖੇਡਾਂ ਵਿੱਚ ਵੀ ਰੁਚੀ ਰੱਖਣ ਵਾਲੀ ਰਮਨਦੀਪ ਨੂੰ ਕਰੀਬ ਛੇ ਮਹੀਨੇ ਪਹਿਲਾਂ ਹੀ ਜੇਲ੍ਹ ਵਿਭਾਗ (ਕਰੈਕਸ਼ਨਲ ਸਰਵਿਸਿਜ਼ ਕੈਨੇਡਾ) ਵਿੱਚ ਵਾਰਡਨ ਵਜੋਂ ਨੌਕਰੀ ਮਿਲੀ ਸੀ।

# ਬੱਸ ਪਹਾੜੀ ਤੋਂ ਡਿੱਗੀ, 7 ਮੌਤਾਂ



**ਧਰਮਸ਼ਾਲਾ** : ਚੰਬਾ ਜ਼ਿਲ੍ਹੇ ਦੇ ਚੁਰਾਹ ਉਪ ਮੰਡਲ ਵਿੱਚ ਸ਼ਨੀਵਾਰ ਤੜਕੇ ਬੈਰਾਗੜ੍ਹ-ਚੰਬਾ ਰੂਟ 'ਤੇ ਜਾ ਰਹੀ ਇੱਕ ਨਿੱਜੀ ਬੱਸ ਦੇ ਸੜਕ ਤੋਂ ਖਿਸਕ ਕੇ ਹੇਠਾਂ ਵਾਲੀ ਸੜਕ 'ਤੇ ਡਿੱਗਣ ਕਾਰਨ ਘੱਟੋ-ਘੱਟ 7 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖ਼ਮੀ ਹੋ ਗਏ। ਬੈਰਾਗੜ੍ਹ ਤੋਂ ਚੰਬਾ ਵੱਲ ਜਾ ਰਹੀ ਬੱਸ ਚਲੁੰਜ ਮੋੜ ਨੇੜੇ ਹਾਦਸਾਗ੍ਰਸਤ ਹੋ ਗਈ। ਬੱਸ ਦੇ ਪਲਟ ਜਾਣ ਕਾਰਨ ਕਈ ਯਾਤਰੀ ਮਲਬੇ ਹੇਠਾਂ ਫਸ ਗਏ। ਬਚਾਅ ਟੁਕੜੀਆਂ ਅਤੇ ਸਥਾਨਕ ਨਿਵਾਸੀਆਂ ਨੇ ਮੌਕੇ 'ਤੇ ਪਹੁੰਚ ਕੇ ਮਲਬੇ ਹੇਠਾਂ ਫਸੇ ਲੋਕਾਂ ਨੂੰ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ। ਪਲਟੀ ਹੋਈ ਬੱਸ ਨੂੰ ਚੁੱਕਣ ਅਤੇ ਮਲਬੇ ਹੇਠੋਂ ਯਾਤਰੀਆਂ ਨੂੰ ਬਚਾਉਣ ਲਈ ਜੇ ਸੀ ਬੀ (ਬੈਕਹੋ ਲੋਡਰ) ਤਾਇਨਾਤ ਕੀਤੇ ਗਏ ਹਨ। ਬਚਾਅ ਕਾਰਜ ਜਾਰੀ ਹੈ। ਮ੍ਰਿਤਕਾਂ ਦੀ ਪਛਾਣ ਅਤੇ ਜ਼ਖ਼ਮੀਆਂ ਦੀ ਸਹੀ ਗਿਣਤੀ ਦਾ ਅਜੇ ਪਤਾ ਨਹੀਂ ਲੱਗ ਸਕਿਆ। ਜ਼ਖ਼ਮੀਆਂ ਨੂੰ ਨੇੜਲੇ ਸਿਹਤ ਕੇਂਦਰਾਂ ਵਿੱਚ ਪਹੁੰਚਾ ਦਿੱਤਾ ਗਿਆ ਹੈ। ਕਈ ਲੋਕਾਂ ਦੀ ਹਾਲਤ ਗੰਭੀਰ ਦੱਸੇ ਜਾਣ ਕਾਰਨ ਮੌਤਾਂ ਦੀ ਗਿਣਤੀ ਵਧ ਸਕਦੀ ਹੈ।

ਚੁਰਾਹ ਦੇ ਵਿਧਾਇਕ ਹੰਸ ਰਾਜ ਨੇ ਜਾਨੀ ਨੁਕਸਾਨ 'ਤੇ ਦੁੱਖ ਪ੍ਰਗਟ ਕੀਤਾ ਹੈ ਤੇ ਪੀੜਤ ਪਰਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ।

MEHR CHAND POLYTECHNIC COLLEGE
ESTD. 1954
JALANDHAR (Govt. Aided DAV Institution)
• NBA Accredited Programs • Approved By AICTE, New Delhi
• Affiliated to Punjab State Board of Technical Education & Industrial Training, Chandigarh
COURSES OFFERED:
3 YEARS DIPLOMA (AFTER MATRIC)
• Civil Engg. • Electrical Engg.
• Mechanical Engg. • Elec. & Comm. Engg.
• Computer Science & Engg.
• Automobile Engg.
• Pharmacy Diploma (2 Years Diploma)
ADMISSION OPEN SESSION-2026-27
Only Few Vacant Seats Left
Seats also available for +2 pass, ITI/ Vocational pass under LEET
Scholarship Available for SC/ST & Economically Backward Students
Winner of Outstanding Polytechnic Award at National Level in 2025 from NITTTR, Chandigarh
mcpolyjal@yahoo.co.in www.mcpolyjal.com www.facebook.com\mcpolyjal
www.instagram.com\official_mehrchandpoly www.x.com\MehrChandPoly
0181-2250184, 98039-63928, 98786-01197
Dr. Jagroop Singh
Principal

## ਅੱਜ-ਨਾਮਾ

ਬਾਦਲ ਦਲ ਦੇ ਵਿਹੜੇ ਵਿੱਚ ਖਿੜੇ ਲੋਕੀਂ,
ਦਿੱਲੀਉਂ ਚੱਜ ਦੀ ਖਬਰ ਹੈ ਆਈ ਬੇਲੀ।
ਮਿਲ ਕੇ ਮੋਦੀ ਨੂੰ ਮੁੜੇ ਸੁਖਬੀਰ ਬਾਦਲ,
ਸਮਝੌਤੇ ਹੋਣ ਦੀ ਆਸ ਪ੍ਰਗਟਾਈ ਬੇਲੀ।
ਅਸਰ ਖਬਰ ਇਸ ਗਰਮ ਦਾ ਸਾਂਭਣੇ ਨੂੰ,
ਲੀਡਰਸ਼ਿਪ ਗਈ ਪੂਰੀ ਸਦਵਾਈ ਬੇਲੀ।
ਕੁਝ ਵੀ ਕੀਤਾ ਜਾਂ ਗਈ ਆ ਬਾਤ ਛੇੜੀ,
ਪ੍ਰਵਾਨ ਉਨ੍ਹਾਂ ਤੋਂ ਸਾਰੀ ਕਰਵਾਈ ਬੇਲੀ।
ਦਿੱਤਾ ਸੰਕੇਤ ਹੈ ਪਹਿਲਾਂ ਦੇ ਰੁੱਸਿਆਂ ਨੂੰ,
ਸਕਦੇ ਸਮਝ ਤਾਂ ਸਮਾਂ ਲਉ ਸਾਂਭ ਬੇਲੀ।
ਜਿਹੜੇ ਮੁੜਨਗੇ ਵਕਤ ਟਪਾਉਣ ਪਿੱਛੋਂ,
ਕਰ'ਤੇ ਜਾਣਗੇ ਲਿਸਟਾਂ ਤੋਂ ਲਾਂਭ ਬੇਲੀ।

-ਤੀਸ ਮਾਰ ਖਾਂ

# ਭਾਰਤ ਦੁਆਲੇ ਟੈਰਿਫ ਸ਼ਿਕੰਜਾ ਕੱਸਣ ਦੀ ਤਿਆਰੀ



**ਵਾਸ਼ਿੰਗਟਨ** : ਯੂ ਐੱਸ ਸੈਨੇਟ ਨੇ ਰੂਸ ਅਤੇ ਇਸ ਦੇ ਪੈਟਰੋਲੀਅਮ ਉਤਪਾਦਾਂ ਦੇ ਮੁੱਖ ਖਰੀਦਦਾਰਾਂ, ਜਿਵੇਂ ਕਿ ਚੀਨ ਅਤੇ ਭਾਰਤ ਨੂੰ ਸਜ਼ਾ ਦੇਣ ਲਈ ਇੱਕ ਬਿੱਲ ਨੂੰ ਭਾਰੀ ਬਹੁਮਤ ਨਾਲ ਪਾਸ ਕਰ ਦਿੱਤਾ ਹੈ, ਜਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਅਜਿਹਾ ਵਪਾਰ ਯੂਕਰੇਨ ਦੀ ਜੰਗ ਨੂੰ ਭੜਕਾਉਣ ਵਿੱਚ ਮਦਦ ਕਰਦਾ ਹੈ। ਇਸ ਬਿੱਲ ਦਾ ਨਾਂਅ ਬਦਲ ਕੇ 'ਲਿੰਡਸੇ ਓ. ਗ੍ਰਾਹਮ ਸੈਂਕਸ਼ਨਿੰਗ ਰਸ਼ੀਆ ਐਂਡ ਈਰਾਨ ਐਕਟ ਆਫ਼ 2026' ਰੱਖ ਦਿੱਤਾ ਗਿਆ ਹੈ ਅਤੇ ਸੈਨੇਟ ਨੇ 86-11 ਵੋਟਾਂ ਨਾਲ ਇਸ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਬਿੱਲ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਉਨ੍ਹਾਂ ਦੇਸ਼ਾਂ ਦੇ ਸਮਾਨ 'ਤੇ 100 ਫੀਸਦੀ ਟੈਰਿਫ ਲਗਾਉਣ ਦੀ ਇਜਾਜ਼ਤ ਦਿੰਦਾ ਹੈ, ਜੋ ਰੂਸੀ ਤੇਲ ਅਤੇ ਗੈਸ ਦੇ ਚੋਟੀ ਦੇ ਪੰਜ ਦਰਾਮਦਕਾਰ ਹਨ। ਫਿਲਹਾਲ ਚੀਨ, ਭਾਰਤ, ਅਜ਼ਰਬਾਈਜਾਨ, ਹੰਗਰੀ ਅਤੇ ਸਲੋਵਾਕੀਆ ਰੂਸ ਤੋਂ ਤੇਲ ਅਤੇ ਗੈਸ ਦੇ ਚੋਟੀ ਦੇ ਪੰਜ ਦਰਾਮਦਕਾਰ ਹਨ। ਰੂਸ ਦੀਆਂ ਪਾਬੰਦੀਆਂ ਤੋਂ ਇਲਾਵਾ ਇਹ ਬਿੱਲ 1996 ਦੇ ਈਰਾਨ ਸੈਂਕਸ਼ਨਜ਼ ਐਕਟ ਦੀ ਮਿਆਦ ਨੂੰ 2031 ਤੱਕ ਵਧਾ ਦੇਵੇਗਾ, ਜੋ ਕਿ ਈਰਾਨ ਦੇ ਊਰਜਾ ਖੇਤਰ ਵਿੱਚ ਨਿਵੇਸ਼ ਕਰਨ ਵਾਲੀਆਂ ਕੰਪਨੀਆਂ ਨੂੰ ਸਜ਼ਾ ਦਿੰਦਾ ਹੈ। ਇਸ ਦੋ-ਪੱਖੀ ਬਿੱਲ ਦੀ ਹਮਾਇਤ ਰਿਪਬਲਿਕਨ ਸੈਨੇਟਰ ਲਿੰਡਸੇ ਗ੍ਰਾਹਮ, ਜਿਨ੍ਹਾ ਦਾ 11 ਜੁਲਾਈ ਨੂੰ ਦੇਹਾਂਤ ਹੋ ਗਿਆ ਸੀ ਅਤੇ ਡੈਮੋਕ੍ਰੇਟ ਰਿਚਰਡ ਬਲੂਮੈਂਥਲ ਨੇ ਕੀਤੀ ਸੀ। ਕੀਵ ਦੇ ਦੌਰੇ ਤੋਂ ਬਾਅਦ ਗ੍ਰਾਹਮ ਦੀ ਅਚਾਨਕ ਮੌਤ ਤੋਂ ਬਾਅਦ ਸਦਨ ਦੇ ਨੇਤਾਵਾਂ ਨੇ ਯੂਕਰੇਨ ਦੇ ਸਹਿਯੋਗੀ ਵਜੋਂ ਮਰਹੂਮ ਸੈਨੇਟਰ ਦੀ ਵਿਰਾਸਤ ਦਾ ਸਨਮਾਨ ਕਰਨ ਅਤੇ ਬਿੱਲ ਦੀ ਪਾਸ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਲਈ ਨਵੇਂ ਜੋਸ਼ ਨਾਲ ਕੰਮ ਕੀਤਾ। ਇਹ ਰੂਸੀ ਨੇਤਾਵਾਂ ਅਤੇ ਅਧਿਕਾਰੀਆਂ 'ਤੇ ਪਾਬੰਦੀਆਂ ਲਗਾਉਣ ਦੀ ਵੀ ਮੰਗ ਕਰਦਾ ਹੈ, ਜਿਸ ਵਿੱਚ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ, ਕੁਲੀਨ ਵਰਗ (ਓਲੀਗਾਰਕਸ) ਅਤੇ ਵਿੱਤੀ ਸੰਸਥਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਵੋਟਿੰਗ ਤੋਂ ਬਾਅਦ ਸੈਨੇਟਰ ਬਲੂਮੈਂਥਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਗ੍ਰਾਹਮ ਨੂੰ ਸਾਡੇ ਵੱਲੋਂ ਕੀਤੇ ਗਏ ਕੰਮ 'ਤੇ ਮਾਣ ਹੋਵੇਗਾ। ਬਲੂਮੈਂਥਲ ਨੇ ਕਿਹਾ ਕਿ ਇਹ ਹਥੌੜੇ ਵਰਗੀਆਂ ਪਾਬੰਦੀਆਂ ਅਤੇ ਟੈਰਿਫ ਉਨ੍ਹਾਂ ਸਾਰਿਆਂ ਨੂੰ ਰੋਕ ਦੇਣਗੇ, ਜੋ ਬਹਾਦਰ ਆਜ਼ਾਦ ਲੋਕਾਂ ਵਿਰੁੱਧ ਇਸ ਕਾਤਲਾਨਾ, ਅਪਰਾਧਿਕ ਹਮਲਾਵਰ ਜੰਗ ਵਿੱਚ ਸ਼ਾਮਲ ਹਨ। ਕੁਝ ਡੈਮੋਕ੍ਰੇਟਸ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਬਿੱਲ ਟਰੰਪ ਨੂੰ ਉਸ ਸਮੇਂ ਨਵੀਆਂ ਟੈਰਿਫ ਸ਼ਕਤੀਆਂ ਦੇਵੇਗਾ, ਜਦੋਂ ਉਨ੍ਹਾਂ ਅਜਿਹੇ ਟੈਰਿਫਾਂ ਨੂੰ ਆਪਣੀ ਵਪਾਰਕ ਨੀਤੀ ਦੇ ਕੇਂਦਰ ਵਿੱਚ ਰੱਖਿਆ ਹੈ। ਇਹ ਬਿੱਲ ਹੁਣ 31 ਅਗਸਤ ਨੂੰ ਕਾਰਵਾਈ ਮੁੜ ਸ਼ੁਰੂ ਹੋਣ 'ਤੇ ਪ੍ਰਵਾਨਗੀ ਲਈ ਪ੍ਰਤੀਨਿਧ ਸਭਾ (ਹਾਊਸ ਆਫ਼ ਰੀਪ੍ਰਜ਼ੈਂਟੇਟਿਵਜ਼) ਵਿੱਚ ਜਾਵੇਗਾ।

# ਵਿਧਾਇਕ ਨੇ ਵਿਧਾਨ ਸਭਾ ਸੈਸ਼ਨ 'ਚ ਮਹਿਲਾ ਹਾਰਟ ਬਣਾਉਣ ਦੀ ਚੁੱਕੀ ਆਵਾਜ਼




**ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ)**-ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਵਿਧਾਨ ਸਭਾ ਸੈਸ਼ਨ ਵਿੱਚ ਮਹਿਲਾ ਹਾਰਟ ਬਣਾਉਣ ਦੀ ਆਵਾਜ਼ ਉਠਾਈ।ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਵਿਧਾਨ ਸਭਾ ਸੈਸ਼ਨ ਵਿੱਚ ਵਿਧਾਇਕ ਜਗਦੀਪ ਕੰਬੋਜ ਗੋਲਡੀ ਦੇ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਜਲਾਲਾਬਾਦ ਵਿੱਚ ਮਹਿਲਾ ਹਾਰਟ ਬਣਾਉਣ ਲਈ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਤਜ਼ਵੀਜ ਪ੍ਰਾਪਤ ਹੋਈ ਹੈ, ਜੋ ਵਿਭਾਗ ਵਿੱਚ ਵਿਚਾਰ ਅਧੀਨ ਹੈ।ਉਨ੍ਹਾਂ ਕਿਹਾ ਕਿ ਵਿਧਾਨ ਸਭਾ ਵਿੱਚ ਵਿਧਾਇਕ ਗੋਲਡੀ ਕੰਬੋਜ ਨੇ ਜੋ ਪਹਿਲੀ ਵਾਰ ਜਲਾਲਾਬਾਦ ਵਿੱਚ ਮਹਿਲਾਵਾਂ ਲਈ ਮਹਿਲਾ ਹਾਰਟ ਬਣਾਉਣ ਦੀ ਮੰਗ ਕੀਤੀ ਹੈ, ਬਹੁਤ ਵਧੀਆ ਸੋਚ ਹੈ।ਇਸ ਮਹਿਲਾ ਹਾਰਟ ਪ੍ਰਾਜੈਕਟ ਅਧੀਨ ਜਲਾਲਾਬਾਦ ਵਿੱਚ 46 ਸ਼ੋਅ ਰੂਮ ਬਣਨਗੇ, ਜੋ ਔਰਤਾਂ ਲਈ ਬਹੁਤ ਵੱਡਾ ਉਪਰਾਲਾ ਹੈ ਤੇ ਜਲਦੀ ਹੀ ਇਹ ਮਹਿਲਾ ਹਾਰਟ ਬਣਾਇਆ ਵੀ ਜਾਵੇਗਾ। ਇਸ ਲਈ ਉਹ ਵਿਧਾਇਕ ਜਲਾਲਾਬਾਦ ਗੋਲਡੀ ਕੰਬੋਜ ਨਾਲ ਵਾਅਦਾ ਕਰਦੇ ਹਨ।ਉਨ੍ਹਾਂ ਨੇ ਇਸ ਪ੍ਰਾਜੈਕਟ ਬਣਾਉਣ ਲਈ ਵਿਧਾਇਕ ਜਲਾਲਾਬਾਦ ਤੇ ਉਨ੍ਹਾਂ ਦੀ ਪਤਨੀ ਦੇ ਉਪਰਾਲੇ ਦੀ ਸ਼ਲਾਘਾ ਵੀ ਕੀਤੀ।ਵਿਧਾਇਕ ਗੋਲਡੀ ਕੰਬੋਜ ਨੇ ਕੁਲਤਾਰ ਸਿੰਘ ਸੰਧਵਾਂ ਤੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਪੰਜਾਬ ਦਾ ਪਹਿਲਾ ਪ੍ਰਾਜੈਕਟ ਹੈ, ਜੋ ਸਾਡੇ ਜਲਾਲਾਬਾਦ ਸਹਿਰ ਵਿਖੇ ਬਣੇਗਾ।

# ਕਰਾਟੇ ਚੈਂਪੀਅਨਸ਼ਿਪ 'ਚ ਐੱਸ ਆਰ ਐੱਸ ਵਿਦਿਆਪੀਠ ਦੇ ਜਿੱਤਿਆ ਸੋਨ ਤਮ.ਗਾ




**ਸਮਾਣਾ (ਗੁਰਪਿਆਰ ਸਿੰਘ ਬੱਲ)**-ਐਸ ਆਰ ਐੱਸ ਵਿੱਦਿਆਪੀਠ ਦੇ ਦਸਵੀਂ ਜਮਾਤ ਦੇ ਵਿਦਿਆਰਥੀ ਅਨੰਤਜੋਤ ਸਿੰਘ ਨੇ ਅੰਡਰ-17 ਜ਼ੋਨਲ ਕਰਾਟੇ ਚੈਂਪੀਅਨਸ਼ਿਪ 'ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਹਾਸਲ ਕਰਕੇ ਸੋਨੇ ਦਾ ਤਮਗਾ ਆਪਣੇ ਨਾਂਅ ਕੀਤਾ।ਚੈਂਪੀਅਨਸ਼ਿਪ ਦੌਰਾਨ ਵੱਖ-ਵੱਖ ਸਕੂਲਾਂ ਦੇ ਖਿਡਾਰੀਆਂ ਵਿਚਕਾਰ ਹੋਏ ਸਖ਼ਤ ਮੁਕਾਬਲਿਆਂ ਵਿੱਚ ਅਨੰਤਜੋਤ ਸਿੰਘ ਨੇ ਆਪਣੀ ਖੇਡ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਉਸ ਦੀ ਇਹ ਸਫਲਤਾ ਉਸਦੀ ਲਗਾਤਾਰ ਮਿਹਨਤ, ਸਮਰਪਣ ਤੇ ਖੇਡ ਪ੍ਰਤੀ ਜਜ਼ਬੇ ਦਾ ਪ੍ਰਤੀਕ ਹੈ।ਸਕੂਲ ਪ੍ਰਬੰਧਨ ਨੇ ਕਿਹਾ ਕਿ ਇਹ ਉਪਲਬਧੀ ਐੱਸ ਆਰ ਐੱਸ ਵਿੱਦਿਆਪੀਠ ਦੀ ਉਸ ਸਿੱਖਿਆ ਪ੍ਰਣਾਲੀ ਨੂੰ ਦਰਸਾਉਂਦੀ ਹੈ, ਜਿਸ ਵਿੱਚ ਅਕਾਦਮਿਕ ਉਤਕ੍ਰਿਸ਼ਟਤਾ ਦੇ ਨਾਲ-ਨਾਲ ਖੇਡਾਂ, ਲੀਡਰਸ਼ਿਪ ਤੇ ਚਰਿੱਤਰ ਨਿਰਮਾਣ ਨੂੰ ਵੀ ਬਰਾਬਰ ਮਹੱਤਵ ਦਿੱਤਾ ਜਾਂਦਾ ਹੈ। ਇਸ ਮਾਣਮੱਤੀ ਸਫ਼ਲਤਾ 'ਤੇ ਸਕੂਲ ਦੇ ਚੇਅਰਮੈਨ ਸੀਏ ਅਮਿਤ ਸਿੰਗਲਾ, ਮੈਨੇਜਿੰਗ ਡਾਇਰੈਕਟਰ ਸੀਏ ਲਲਿਤ ਸਿੰਗਲਾ, ਵਾਈਸ ਚੇਅਰਪਰਸਨ ਸਮਿਧਾ ਸਿੰਗਲਾ ਤੇ ਪ੍ਰਿੰਸੀਪਲ ਡਾ. ਚੰਦਨਦੀਪ ਨੇ ਅਨੰਤਜੋਤ ਸਿੰਘ ਨੂੰ ਦਿਲੋਂ ਵਧਾਈ ਦਿੰਦਿਆਂ ਉਸ ਦੇ ਉੱਜਲੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਉਨ੍ਹਾਂ ਆਉਣ ਵਾਲੀਆਂ ਰਾਜ ਤੇ ਰਾਸ਼ਟਰੀ ਪੱਧਰ ਦੀਆਂ ਚੈਂਪੀਅਨਸ਼ਿਪਾਂ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਦੀ ਕਾਮਨਾ ਕੀਤੀ।

# ਘੜਾਮ ਦੇ ਕਈ ਪਰਵਾਰ 'ਆਪ' 'ਚ ਸ਼ਾਮਲ




**ਦੇਵੀਗੜ੍ਹ/ਭੁਨਰਹੇੜੀ (ਰਾਜਿੰਦਰ ਸਿੰਘ ਥਿੰਦ)**-ਆਮ ਆਦਮੀ ਪਾਰਟੀ ਦੇ ਹਲਕਾ ਸਨੌਰ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਪਿੰਡ ਘੜਾਮ ਵਿਖੇ ਪਹੁੰਚ ਕੇ ਡੇਰਾ ਸ਼ਾਹ ਫਾਜ਼ਲ ਪੀਰ ਜੀ ਦੇ ਦਰਬਾਰ 'ਤੇ ਮੱਥਾ ਟੇਕਿਆ ਤੇ ਇਲਾਕੇ ਦੀ ਸੁੱਖ-ਸ਼ਾਂਤੀ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।ਇਸ ਤੋਂ ਬਾਅਦ ਉਨ੍ਹਾਂ ਪਿੰਡ ਵਾਸੀਆਂ ਨਾਲ ਲੋਕ ਮਿਲਣੀ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਤੇ ਸੁਝਾਅ ਸੁਣੇ।ਇਸ ਮੌਕੇ ਰਾਜਾ ਧੰਜੂ ਸਰਪੰਚ, ਗੁਰਮੇਲ ਸਿੰਘ ਬਲਾਕ ਪ੍ਰਧਾਨ, ਹਰਨਾਮ ਸਿੰਘ ਸਰਪੰਚ, ਹਰਪਿੰਦਰ ਚੀਮਾ 'ਆਪ' ਸੀਨੀਅਰ ਆਗੂ ਤੋਂ ਇਲਾਵਾ ਹੋਰ ਸੀਨੀਅਰ ਆਗੂ, ਸਥਾਨਕ ਸਰਪੰਚ-ਪੰਚ, ਪਾਰਟੀ ਵਰਕਰ ਤੇ ਭਾਰੀ ਗਿਣਤੀ ਵਿੱਚ ਪਿੰਡ ਘੜਾਮ ਦੇ ਨਿਵਾਸੀ ਹਾਜ਼ਰ ਸਨ।ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਤੇ ਇਲਾਕੇ 'ਚ ਹੋ ਰਹੇ ਰਿਕਾਰਡ ਵਿਕਾਸ ਕਾਰਜਾਂ ਤੋਂ ਪ੍ਰਭਾਵਤ ਹੋ ਕੇ ਬਲਦੇਵ ਸਿੰਘ ਦੇਵੀਗੜ੍ਹ ਚੇਅਰਮੈਨ ਦੀ ਅਗਵਾਈ ਤੇ ਬਾਬਾ ਜਗਤਾਰ ਸਿੰਘ ਦੀ ਪ੍ਰੇਰਨਾ ਸਦਕੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਨੂੰ ਅਲਵਿਦਾ ਆਖਦਿਆਂ ਕਈ ਪ੍ਰਮੁੱਖ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ 'ਆਪ' ਪਰਵਾਰ ਵਿੱਚ ਸ਼ਾਮਲ ਹੋਏ ਸਾਰੇ ਨਵੇਂ ਸਾਥੀਆਂ ਨੂੰ ਸਿਰੋਪਾਓ ਭੇਟ ਕਰਕੇ ਨਿੱਘਾ ਸਵਾਗਤ ਕੀਤਾ ਤੇ ਪਾਰਟੀ ਵਿੱਚ ਪੂਰਾ ਮਾਣ-ਸਨਮਾਨ ਦੇਣ ਦਾ ਭਰੋਸਾ ਦਿਵਾਇਆ।ਜਸਮੇਰ ਸਿੰਘ ਸਾਬਕਾ ਸਰਪੰਚ, ਮੁਖਤਿਆਰ ਸਿੰਘ ਸਾਬਕਾ ਸਰਪੰਚ, ਗੁਰਬਖ਼ਸ਼ ਸਿੰਘ ਮੈਂਬਰ, ਗੁਰਤੇਜ ਸਿੰਘ ਮੈਂਬਰ, ਨਿੰਦਰ ਸਿੰਘ ਮੈਂਬਰ, ਟਹਿਲ ਸਿੰਘ, ਗੁਰਵਿੰਦਰ ਸਿੰਘ, ਯਾਦਵਿੰਦਰ ਸਿੰਘ ਅਤੇ ਹੋਰ ਕਰੀਬ 50 ਤੋਂ ਵੱਧ ਵਿਅਕਤੀਆਂ 'ਆਪ' ਵਿੱਚ ਸ਼ਾਮਲ ਹੋਏ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਨੇ ਟ੍ਰੇਨਿੰਗ ਲਈ ਫ਼ਾਰਮ ਭਰੇ




**ਬੋਹਾ (ਨਿਰੰਜਣ ਬੋਹਾ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਬੋਹਾ ਨੇ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਦੀ ਹਦਾਇਤ ਮੁਤਾਬਕ ਜਥੇਬੰਦੀ ਮੈਂਬਰਾਂ ਨੂੰ ਟ੍ਰੇਨਿੰਗ ਦੇਣ ਸਬੰਧੀ ਆਪਣੇ ਆਪਣੇ ਬਲਾਕ ਦਾ ਡਾਟਾ, ਫੋਟੋਆਂ ਤੇ ਫ਼ਾਰਮ ਐਸ ਐਮ ਓ ਬੁਢਲਾਡਾ ਕੋਲ ਤਾਰਾ ਚੰਦ ਭਾਵਾ ਦੀ ਹਾਜ਼ਰੀ ਵਿੱਚ ਜਮ੍ਹਾਂ ਕਰਾਏ।ਬਲਾਕ ਬੋਹਾ ਦੇ ਪ੍ਰਧਾਨ ਸੁਖਪਾਲ ਸਿੰਘ ਤੇ ਅਸ਼ੋਕ ਕੁਮਾਰ ਗਾਮੀਵਾਲਾ ਨੇ ਦੱਸਿਆ ਕਿ ਸਿਵਲ ਹਸਪਤਾਲ ਦੇ ਮੈਡੀਕਲ ਅਫ਼ਸਰ ਡਾਕਟਰ ਕਮਲਦੀਪ ਸਿੰਘ ਸ਼ਰਮਾ ਨੂੰ ਐਸ ਐਮ ਓ ਦੇ ਦਫ਼ਤਰ ਵਿਖੇ 62 ਸਾਥੀਆਂ ਦੇ ਡਾਟੇ ਫਾਰਮ ਦੀਆਂ ਦੋ ਫਾਈਲਾਂ ਤਿਆਰ ਕਰਕੇ ਜਮ੍ਹਾਂ ਕਰਾਈਆਂ ਗਈਆਂ ਹਨ।ਇਸ ਮੌਕੇ ਬਲਾਕ ਪ੍ਰਧਾਨ ਸੈਕਟਰੀ ਹਰਬੰਸ ਸਿੰਘ ਭੀਮੜਾ ਤੇ ਖ਼ਜ਼ਾਨਚੀ ਕੇਵਲ ਸਿੰਘ, ਜ਼ਿਲ੍ਹਾ ਆਗੂ ਹਰਬੰਸ ਸਿੰਘ ਦਿਆਲਪੁਰਾ, ਗੁਰਜੰਟ ਸਿੰਘ ਦਲੇਲ ਵਾਲਾ, ਸੁਭਾਸ਼ ਚੰਦਰ ਰਾਮਗੜ੍ਹ ਸ਼ਾਹਪੁਰੀਆ ਤੇ ਚਰਨਜੀਤ ਸਿੰਘ ਰਿਉਂਦ ਕਲਾ ਆਦਿ ਵੀ ਹਾਜ਼ਰ ਸਨ।

# ਭੂਮੀ ਸ਼ਰਮਾ ਨੇ ਟੇਬਲ ਟੈਨਿਸ 'ਚ ਚਾਂਦੀ ਤਮਗਾ ਜਿੱਤਿਆ, ਰਾਸ਼ਟਰੀ ਮੁਕਾਬਲੇ ਲਈ ਹੋਈ ਚੋਣ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਡੀ ਸੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੀ 11ਵੀਂ ਜਮਾਤ ਦੀ ਵਿਦਿਆਰਥਣ ਭੂਮੀ ਸ਼ਰਮਾ ਨੇ ਸੀਬੀਐੱਸਈ ਕਲਸਟਰ-18 ਟੇਬਲ ਟੈਨਿਸ ਚੈਂਪੀਅਨਸ਼ਿਪ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਅੰਡਰ-17 ਲੜਕੀਆਂ ਦੇ ਵਿਅਕਤੀਗਤ ਵਰਗ ਵਿੱਚ ਚਾਂਦੀ ਦਾ ਮੈਡਲ ਜਿੱਤ ਕੇ ਸਕੂਲ ਤੇ ਜ਼ਿਲ੍ਹੇ ਦਾ ਨਾਂ ਰੌਸ਼ਨ ਕੀਤਾ ਹੈ। ਇਹ ਮੁਕਾਬਲਾ ਅੰਮ੍ਰਿਤਸਰ ਵਿੱਚ ਕਰਵਾਇਆ ਗਿਆ, ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਪ੍ਰਤਿਭਾਸ਼ਾਲੀ ਖਿਡਾਰੀਆਂ ਨੇ ਹਿੱਸਾ ਲਿਆ। ਪ੍ਰਿੰਸੀਪਲ ਯਾਚਨਾ ਚਾਵਲਾ ਨੇ ਦੱਸਿਆ ਕਿ ਭੂਮੀ ਸ਼ਰਮਾ ਨੇ ਪੂਰੇ ਟੂਰਨਾਮੈਂਟ ਦੌਰਾਨ ਬੇਹਤਰੀਨ ਖੇਡ, ਆਤਮ-ਵਿਸ਼ਵਾਸ ਤੇ ਅਨੁਸ਼ਾਸਨ ਦਾ ਪ੍ਰਗਟਾਵਾ ਕਰਦੇ ਹੋਏ ਫਾਈਨਲ ਤੱਕ ਦਾ ਸਫਰ ਤੈਅ ਕੀਤਾ। ਚਾਂਦੀ ਦਾ ਮੈਡਲ ਜਿੱਤਣ ਦੇ ਨਾਲ ਹੀ ਉਸ ਨੇ ਸੀਬੀਐੱਸਈ ਨੈਸ਼ਨਲ ਟੇਬਲ ਟੈਨਿਸ ਚੈਂਪੀਅਨਸ਼ਿਪ ਲਈ ਵੀ ਕੁਆਲੀਫਾਈ ਕਰ ਲਿਆ ਹੈ। ਹੁਣ ਉਹ ਸੀਬੀਐੱਸਈ ਕਲਸਟਰ-18 ਦੀ ਨੁਮਾਇੰਦਗੀ ਰਾਸ਼ਟਰੀ ਪੱਧਰ ਦੇ ਮੁਕਾਬਲੇ ਵਿੱਚ ਕਰੇਗੀ। ਪ੍ਰਿੰਸੀਪਲ ਨੇ ਭੂਮੀ ਸ਼ਰਮਾ ਨੂੰ ਇਸ ਪ੍ਰਾਪਤੀ 'ਤੇ ਵਧਾਈ ਦਿੰਦਿਆਂ ਕਿਹਾ ਕਿ ਉਸ ਦੀ ਮਿਹਨਤ, ਲਗਨ ਤੇ ਅਨੁਸ਼ਾਸਨ ਦੂਜੇ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਹਨ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਭੂਮੀ ਰਾਸ਼ਟਰੀ ਮੁਕਾਬਲੇ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਤੇ ਖੇਤਰ ਦਾ ਮਾਣ ਵਧਾਏਗੀ। ਡਿਪਟੀ ਪ੍ਰਿੰਸੀਪਲ ਮਨੀਸ਼ ਬਾਂਗਾ, ਹੈੱਡ ਮਿਸਟਰੈੱਸ ਰਿਤਿਕਾ ਸੋਨੀ, ਡੀਜੀਐੱਮ ਆਪ੍ਰੇਸ਼ਨ ਅਨੂ ਸ਼ਰਮਾ ਨੇ ਭੂਮੀ ਸ਼ਰਮਾ ਨੂੰ ਇਸ ਪ੍ਰਾਪਤੀ 'ਤੇ ਸ਼ੁੱਭ-ਕਾਮਨਾਵਾਂ ਦਿੰਦਿਆਂ ਰਾਸ਼ਟਰੀ ਮੁਕਾਬਲੇ ਲਈ ਸਫਲਤਾ ਦੀ ਕਾਮਨਾ ਕੀਤੀ।

# ਭਾਸ਼ਣ ਮੁਕਾਬਲੇ 'ਚ ਗਰੀਸ਼ਾ ਮੁੰਜਾਲ ਪਹਿਲੇ ਨੰਬਰ 'ਤੇ




**ਲਹਿਰਾਗਾਗਾ (ਪਵਨ ਸ਼ਰਮਾ)**-ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਸਵ: ਹਰੀ ਸਿੰਘ ਤਰਕ ਦੀ ਯਾਦ ਵਿਚ ਸੀਬਾ ਸਕੂਲ 'ਚ ਅੰਤਰ ਹਾਊਸ ਵਾਦ-ਵਿਵਾਦ ਮੁਕਾਬਲਾ ਕਰਾਇਆ ਗਿਆ, ਜਿਸ ਵਿਚ 'ਟੇਲੈਂਟ ਨਾਲੋਂ ਸਖ਼ਤ ਅਭਿਆਸ ਦੀ ਜ਼ਿਆਦਾ ਜ਼ਰੂਰਤ' ਵਿਸ਼ੇ ਉੱਪਰ ਅੱਠ ਬੁਲਾਰਿਆਂ ਨੇ ਭਾਗ ਲਿਆ।ਬੁਲਾਰਿਆਂ ਦੇ ਬੋਲਣ ਦੇ ਅੰਦਾਜ਼, ਸ਼ਬਦਾਂ ਤੇ ਤਰਕ ਦੀ ਚੋਣ, ਹਾਵ-ਭਾਵ, ਸਵੈ-ਵਿਸ਼ਵਾਸ ਦੇ ਆਧਾਰ 'ਤੇ ਜੱਜਮੈਂਟ ਕੀਤੀ ਗਈ, ਜਿਸ ਵਿਚ ਭਗਤ ਪੂਰਨ ਸਿੰਘ ਹਾਊਸ ਦੀ ਗਰੀਸ਼ਾ ਮੁੰਜਾਲ ਨੇ ਪਹਿਲਾ, ਭਗਤ ਪੂਰਨ ਸਿੰਘ ਹਾਊਸ ਦੀ ਅਰਸ਼ਦੀਪ ਕੌਰ ਨੇ ਦੂਜਾ ਤੇ ਸੁਭਾਸ਼ ਚੰਦਰ ਬੋਸ ਹਾਊਸ ਦੀ ਨਵਜੋਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਤੋਂ ਇਲਾਵਾ ਸੁਭਾਸ਼ ਚੰਦਰ ਬੋਸ ਦੀ ਮਨਿੰਦਰ ਕੌਰ, ਰਵਿੰਦਰਨਾਥ ਟੈਗੋਰ ਹਾਊਸ ਦੀ ਹਰਜੋਤ ਕੌਰ ਅਤੇ ਮਨਦੀਪ ਕੌਰ, ਰਾਣੀ ਲਕਸ਼ਮੀ ਬਾਈ ਹਾਊਸ ਦੀ ਏਕਮਪ੍ਰੀਤ ਕੌਰ ਅਤੇ ਸਹਿਜਪ੍ਰੀਤ ਕੌਰ ਨੇ ਭਾਗ ਲਿਆ।ਪੰਜਵੀਂ ਤੇ ਛੇਵੀਂ ਕਲਾਸ ਦੇ ਵਿਦਿਆਰਥੀਆਂ ਦਾ ਵਾਦ-ਵਿਵਾਦ ਮੁਕਾਬਲਾ ਕਰਾਇਆ ਗਿਆ, ਜਿਸ ਵਿਚ ਸੁਭਾਸ਼ ਚੰਦਰ ਬੋਸ ਹਾਊਸ ਦੀ ਹਰਸਿਮਰਤ ਕੌਰ ਨੇ ਪਹਿਲਾ, ਰਾਣੀ ਲਕਸ਼ਮੀ ਬਾਈ ਹਾਊਸ ਦੀ ਮਨਿੰਦਰ ਕੌਰ ਨੇ ਦੂਜਾ ਤੇ ਰਾਣੀ ਲਕਸ਼ਮੀ ਬਾਈ ਹਾਊਸ ਦੀ ਨਿਮਰਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਭਗਤ ਪੂਰਨ ਸਿੰਘ ਹਾਊਸ ਦੇ ਰੋਹਨਪ੍ਰੀਤ ਸਿੰਘ, ਏਕਮਜੋਤ ਸਿੰਘ, ਸੁਭਾਸ਼ ਚੰਦਰ ਬੋਸ ਦੀ ਰਾਵੀ, ਰਵਿੰਦਰਨਾਥ ਟੈਗੋਰ ਹਾਊਸ ਦੀ ਅਨੁਰੀਤ ਕੌਰ ਤੇ ਅਰਪਨਦੀਪ ਕੌਰ ਨੇ ਭਾਗ ਲਿਆ।ਰਣਦੀਪ ਸੰਗਤਪੁਰਾ ਅਤੇ ਕੰਵਲਜੀਤ ਢੀਂਡਸਾ ਨੇ ਜੱਜਮੈਂਟ ਕੀਤੀ।ਮਨੋਜ ਥਾਮਸ ਦੀ ਅਗਵਾਈ ਹੇਠ ਹੋਈ ਡਿਬੇਟ ਦਾ ਮੰਚ ਸੰਚਾਲਣ ਪਿੰਕੀ ਸ਼ਰਮਾ ਵੱਲੋਂ ਕੀਤਾ ਗਿਆ।ਜੇਤੂਆਂ ਨੂੰ ਟਰਾਫੀਆਂ ਭੇਟ ਕਰਨ ਉਪਰੰਤ ਪ੍ਰਿੰਸੀਪਲ ਫਲੈਵੀ ਡੈਵਿਡ ਨੇ ਅਭਿਆਸ (ਮਿਹਨਤ) ਕਰਨ ਦਾ ਸੁਨੇਹਾ ਦਿੱਤਾ।ਰਣਦੀਪ ਸੰਗਤਪੁਰਾ ਨੇ ਸਵ: ਹਰੀ ਸਿੰਘ ਤਰਕ ਦੇ ਜੀਵਨ ਸਬੰਧੀ ਜਾਣਕਾਰੀ ਸਾਂਝੀ ਕੀਤੀ।

# 10 ਤੋਲੇ ਸੋਨਾ ਤੇ 30 ਤੋਲੇ ਚਾਂਦੀ ਹੋਈ ਚੋਰੀ, ਇੱਕ ਗ੍ਰਿਫ਼ਤਾਰ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਵੱਲੋਂ ਪਿੰਡ ਕੱਟੀਆਂਵਾਲਾ ਉਰਫ਼ ਚੱਕ ਅਰਨੀਵਾਲਾ ਵਿਖੇ ਇੱਕ ਘਰ 'ਚੋਂ 30 ਤੋਲੇ ਚਾਂਦੀ ਤੇ 10 ਤੋਲੇ ਸੋਨਾ ਚੋਰੀ ਕਰਨ ਵਾਲੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਸ਼ਿਕਾਇਤਕਰਤਾ ਬਲਦੇਵ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਚੱਕ ਅਰਨੀਵਾਲਾ ਉਰਫ਼ ਕੱਟੀਆਂਵਾਲਾ ਵੱਲੋਂ ਪੁਲਸ ਕੋਲ ਬਿਆਨ ਦਰਜ ਕਰਾਏ ਗਏ ਹਨ ਕਿ ਉਹ ਹਰ ਰੋਜ਼ ਆਪਣੀ ਵਰਕਸ਼ਾਪ 'ਤੇ ਚਲਾ ਜਾਂਦੀ ਸੀ।ਕੁੱਝ ਦਿਨ ਪਹਿਲਾਂ ਉਸਦੇ ਘਰ 'ਚੋਂ ਕਰੀਬ 10 ਤੋਲੇ ਸੋਨੀ ਚੋਰੀ ਹੋ ਗਿਆ ਸੀ, ਜਿਸ ਤੋਂ ਬਾਅਦ ਉਸਨੇ ਆਪਣੇ ਘਰ ਦੀ ਨਿਗਰਾਨੀ ਰੱਖਣੀ ਸ਼ੁਰੂ ਕਰ ਦਿੱਤੀ।ਇੱਕ ਦਿਨ ਉਹ ਆਪਣੇ ਕੰਮ ਤੋਂ ਆਪਣੇ ਘਰ ਆਇਆ ਤਾਂ ਉਸਦੇ ਲੜਕੇ ਨੇ ਦੱਸਿਆ ਕਿ ਮੰਗਾ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਚੱਕ ਅਰਨੀਵਾਲਾ ਉਰਫ਼ ਕੱਟੀਆਂਵਾਲਾ ਘਰ ਵਿੱਚੋਂ ਕੋਈ ਚੀਜ਼ ਚੁੱਕ ਕੇ ਲੈ ਗਿਆ ਹੈ।ਜਿਸ 'ਤੇ ਉਸ ਨੇ ਆਪਣੇ ਘਰ ਦੀ ਛਾਣਬੀਣ ਕੀਤੀ ਤਾਂ ਉਸ ਨੂੰ ਪਤਾ ਲੱਗਾ ਕਿ ਘਰ ਅੰਦਰ ਪਈ 30 ਤੋਲੇ ਚਾਂਦੀ ਚੋਰੀ ਹੋ ਗਈ ਹੈ।ਉਸ ਵੱਲੋਂ ਆਪਣੇ ਪੱਧਰ 'ਤੇ ਪੜਤਾਲ ਕਰਨ 'ਤੇ ਯਕੀਨ ਹੋ ਗਿਆ ਕਿ ਉਸਦੇ ਘਰ ਵਿਚੋਂ 10 ਤੋਲੇ ਸੋਨਾ ਤੇ 30 ਤੋਲੇ ਚਾਂਦੀ ਮੰਗਾ ਸਿੰਘ ਚੋਰੀ ਕੀਤਾ ਹੈ, ਜਿਸਦੇ ਉਸਦਾ ਕਰੀਬ 25 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ। ਜਾਂਚ ਅਧਿਕਾਰੀ ਐਚ.ਸੀ. ਕਾਰਜ ਸਿੰਘ ਨੇ ਦੱਸਿਆ ਕਿ ਮੁਦੱਈ ਬਲਦੇਵ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਮੰਗਾ ਸਿੰਘ ਦੇ ਖਿਲਾਫ ਥਾਣਾ ਵੈਰੋਕੇ ਵਿਖੇ ਮੁਕੱਦਮਾ ਨੰਬਰ 125 ਮਿਤੀ 6 ਅਗਸਤ ਨੂੰ ਧਾਰਾ 331(3) ਅਤੇ 305 ਬੀ.ਐਨ.ਐਸ.ਅਧੀਨ ਦਰਜ ਕੀਤਾ ਗਿਆ ਹੈ। ਪੁਲਸ ਵੱਲੋਂ ਨਾਮਜਦ ਵਿਅਕਤੀ ਮੰਗਾ ਸਿੰਘ ਨੂੰ ਹਿਰਾਸਤ ਵਿੱਚ ਲੈ ਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਆਸਰਾ ਕਾਲਜ ਦੇ ਬੀ ਐੱਡ ਵਿਦਿਆਰਥੀਆਂ ਦਾ ਸ਼ਾਨਦਾਰ ਨਤੀਜਾ



**ਭਵਾਨੀਗੜ੍ਹ (ਰਾਜ ਖੁਰਮੀ)**

ਪਟਿਆਲਾ-ਸੰਗਰੂਰ ਨੈਸ਼ਨਲ ਹਾਈਵੇ 'ਤੇ ਸਥਿਤ ਆਸਰਾ ਕਾਲਜ ਆਫ਼ ਐਜੂਕੇਸ਼ਨ ਤੇ ਰਾਮ ਆਸਰਾ ਕਾਲਜ ਆਫ ਐਜੂਕੇਸ਼ਨ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਐਲਾਨੇ ਗਏ ਬੀ.ਐਡ. ਚੌਥੇ ਸਮੈਸਟਰ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 100 ਫੀਸਦੀ ਨਤੀਜਾ ਹਾਸਲ ਕੀਤਾ ਹੈ।ਵਿਦਿਆਰਥੀਆਂ ਦੀ ਇਸ ਕਾਮਯਾਬੀ ਨਾਲ ਕਾਲਜ ਕੈਂਪਸ ਵਿੱਚ ਖ਼ੁਸ਼ੀ ਦਾ ਮਾਹੌਲ ਹੈ।ਆਸਰਾ ਕਾਲਜ ਆਫ ਐਜੂਕੇਸ਼ਨ ਵਿੱਚ ਮਨਜੋਤ ਕੌਰ ਨੇ 81 ਫ਼ੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਸੰਜੀਵਨੀ ਠਾਕੁਰ ਤੇ ਗੁਰਪ੍ਰੀਤ ਸਿੰਘ ਨੇ 80 ਫੀਸਦੀ ਅੰਕਾਂ ਨਾਲ ਸਾਂਝੇ ਤੌਰ 'ਤੇ ਦੂਜਾ ਸਥਾਨ ਪ੍ਰਾਪਤ ਕੀਤਾ, ਜਦਕਿ ਮਾਨਿਆ ਨੇ 79 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ।ਰਾਮ ਆਸਰਾ ਕਾਲਜ ਆਫ਼ ਐਜੂਕੇਸ਼ਨ ਵਿੱਚ ਜੋਤੀ ਨੇ 83 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਆਯੁਸ਼ੀ ਤੇ ਭੂਮਿਕਾ ਜਿੰਦਲ ਨੇ 79 ਫ਼ੀਸਦੀ ਅੰਕਾਂ ਨਾਲ ਸਾਂਝੇ ਤੌਰ 'ਤੇ ਦੂਜਾ ਸਥਾਨ ਹਾਸਲ ਕੀਤਾ, ਜਦਕਿ ਸੁਖਪ੍ਰੀਤ ਕੌਰ ਨੇ 78 ਫ਼ੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਤੋਂ ਇਲਾਵਾ ਸਾਰੇ ਵਿਦਿਆਰਥੀਆਂ ਨੇ ਪਹਿਲੇ ਦਰਜੇ ਵਿੱਚ ਪਾਸ ਹੋ ਕੇ ਕਾਲਜ ਦਾ ਨਤੀਜਾ 100 ਫੀਸਦੀ ਬਣਾਇਆ।ਪ੍ਰਿੰਸੀਪਲ ਡਾ. ਰਿਤੂ ਚੋਪੜਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸ਼ਾਨਦਾਰ ਨਤੀਜਾ ਵਿਦਿਆਰਥੀਆਂ ਦੀ ਲਗਨ, ਅਧਿਆਪਕਾਂ ਦੀ ਮਿਹਨਤ ਤੇ ਮਾਪਿਆਂ ਦੇ ਸਹਿਯੋਗ ਦਾ ਨਤੀਜਾ ਹੈ।ਉਨ੍ਹਾਂ ਕਿਹਾ ਕਿ ਕਾਲਜ ਪ੍ਰਬੰਧਨ ਵਿਦਿਆਰਥੀਆਂ ਨੂੰ ਗੁਣਵੱਤਾ ਭਰਪੂਰ ਸਿੱਖਿਆ ਤੇ ਬਿਹਤਰ ਅਕਾਦਮਿਕ ਮਾਹੌਲ ਪ੍ਰਦਾਨ ਕਰਨ ਲਈ ਹਮੇਸ਼ਾ ਵਚਨਬੱਧ ਰਹੇਗਾ।ਚੇਅਰਮੈਨ ਡਾ. ਆਰ. ਕੇ. ਗੋਇਲ, ਐਮ.ਡੀ. ਡਾ. ਕੇਸ਼ਵ ਗੋਇਲ ਤੇ ਕੈਂਪਸ ਡਾਇਰੈਕਟਰ ਐਡਵੋਕੇਟ ਅਰਪਿਤ ਗੋਇਲ ਨੇ ਵਿਦਿਆਰਥੀਆਂ ਦੀ ਇਸ ਉਪਲਬਧੀ 'ਤੇ ਖ਼ੁਸ਼ੀ ਪ੍ਰਗਟ ਕਰਦਿਆਂ ਸਮੂਹ ਸਟਾਫ ਤੇ ਪ੍ਰਿੰਸੀਪਲ ਨੂੰ ਵਧਾਈ ਦਿੱਤੀ।ਉਨ੍ਹਾਂ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਿਆਂ ਕਿਹਾ ਕਿ ਸਖ਼ਤ ਮਿਹਨਤ ਤੇ ਅਨੁਸ਼ਾਸਨ ਨਾਲ ਉਹ ਜੀਵਨ ਵਿੱਚ ਹੋਰ ਵੱਡੀਆਂ ਉਪਲਬਧੀਆਂ ਹਾਸਲ ਕਰਨਗੇ।

# ਰੈੱਡ ਕਾਰਪੇਟ ਚੈਰੀਟੇਬਲ ਸੋਸਾਇਟੀ ਦਾ ਹਰਿਆਲੀ ਤੀਜ ਸਮਾਗਮ

## ਗੁਰਪ੍ਰੀਤ ਕੌਰ ਦੇ ਸਿਰ ਸਜਿਆ ਮਿਸਿਜ਼ ਤੀਜ ਦਾ ਤਾਜ, ਹਰਪ੍ਰੀਤ ਕੌਰ ਨੂੰ ਮਿਲਿਆ ਮਿਸਿਜ਼ ਪੰਜਾਬਣ ਦਾ ਖਿਤਾਬ



**ਮੋਗਾ (ਇਕਬਾਲ ਸਿੰਘ ਖਹਿਰਾ)**-ਰੈੱਡ ਕਾਰਪੇਟ ਚੈਰੀਟੇਬਲ ਸੋਸਾਇਟੀ ਵੱਲੋਂ ਤੀਜ ਦੇ ਤਿਉਹਾਰ ਮੌਕੇ ਕਰਵਾਏ ਗਏ ਸਮਾਗਮ ਦੌਰਾਨ 22 ਸਾਲਾਂ ਬਾਅਦ ਮਲੇਸ਼ੀਆ ਤੋਂ ਮੋਗਾ ਪਰਤੀ ਗੁਰਪ੍ਰੀਤ ਕੌਰ ਦੇ ਸਿਰ ਮਿਸਿਜ਼ ਤੀਜ ਦਾ ਤਾਜ ਸਜਿਆ, ਜਦਕਿ ਮਿਸਿਜ਼ ਪੰਜਾਬਣ ਦਾ ਖਿਤਾਬ ਹਰਪ੍ਰੀਤ ਕੌਰ ਗਿੱਲ ਨੇ ਜਿੱਤਿਆ।ਚੋਖਾ ਐਂਪਾਇਰ ਵਿਖੇ ਕਰਵਾਇਆ ਗਿਆ ਤੀਜ ਦਾ ਸਮਾਗਮ ਵੱਡੇ ਉਤਸ਼ਾਹ ਤੇ ਰਵਾਇਤੀ ਪੰਜਾਬੀ ਰੰਗ ਵਿੱਚ ਰੰਗਿਆ ਨਜ਼ਰ ਆਇਆ।ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਨੇ ਸ਼ਮੂਲੀਅਤ ਕਰਦਿਆਂ ਪੰਜਾਬੀ ਸੱਭਿਆਚਾਰ ਤੇ ਵਿਰਾਸਤ ਦੀ ਸ਼ਾਨਦਾਰ ਝਲਕ ਪੇਸ਼ ਕੀਤੀ।ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਡਾ. ਰਾਜਿੰਦਰ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਉਨ੍ਹਾਂ ਆਪਣੇ ਹੱਥਾਂ ਨਾਲ ਮਿਸਿਜ਼ ਤੀਜ ਕੁਈਨ ਦੇ ਸਿਰ ਤਾਜ ਸਜਾਇਆ।ਇਸ ਮੌਕੇ ਡਾ. ਰਾਜਿੰਦਰ ਕੌਰ ਨੇ ਕਿਹਾ ਕਿ ਆਪਣੀਆਂ ਪੁਰਾਣੀਆਂ ਪ੍ਰੰਪਰਾਵਾਂ ਤੇ ਵਿਰਾਸਤ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਲਈ ਹਰਿਆਲੀ ਤੀਜ ਦਾ ਆਯੋਜਨ ਇੱਕ ਸਸ਼ਕਤ ਮੰਚ ਹੈ।ਇਸ ਮੌਕੇ ਗਗਨਦੀਪ ਕੌਰ ਗਿੱਲ, ਪੱਲਵੀ ਮੱਡੀਆ (ਮਹਿਲਾ ਮੋਰਚਾ, ਭਾਜਪਾ ਸ਼ਹਿਰੀ ਇਕਾਈ), ਗੁਰਚਰਨ ਕੌਰ ਤੇ ਸਿਮਰਜੀਤ ਕੌਰ ਗਿੱਲ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਪ੍ਰੋਗਰਾਮ ਦੌਰਾਨ ਪੰਜਾਬੀ ਲੋਕ ਸੱਭਿਆਚਾਰ ਦੀ ਸ਼ਾਨਦਾਰ ਝਲਕ ਦੇਖਣ ਨੂੰ ਮਿਲੀ।ਔਰਤਾਂ ਨੇ ਲੋਕ ਗੀਤ, ਗਿੱਧਾ, ਭੰਗੜਾ, ਬੋਲੀਆਂ, ਡਾਂਸ, ਮਨੋਰੰਜਕ ਖੇਡਾਂ ਤੇ ਹੋਰ ਸੱਭਿਆਚਾਰਕ ਗਤੀਵਿਧੀਆਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ।ਇਸ ਤੋਂ ਇਲਾਵਾ ਪ੍ਰਤੀਭਾਗੀਆਂ ਲਈ ਸਰਪ੍ਰਾਈਜ਼ ਗਿਫ਼ਟ ਸਮੇਤ ਕਈ ਦਿਲਚਸਪ ਮੁਕਾਬਲੇ ਕਰਵਾਏ ਗਏ।ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੀਆਂ ਔਰਤਾਂ ਨੂੰ ਸਨਮਾਨਤ ਕੀਤਾ ਗਿਆ।ਸਮਾਗਮ ਦੌਰਾਨ ਹਾਜ਼ਰ ਸਾਰੇ ਮਹਿਮਾਨਾਂ ਤੇ ਸਹਿਯੋਗੀਆਂ ਨੂੰ ਯਾਦਗਾਰੀ ਚਿੰਨ੍ਹ (ਸ਼ੀਲਡ) ਦੇ ਕੇ ਸਨਮਾਨਤ ਕੀਤਾ ਗਿਆ, ਉੱਥੇ ਹੀ ਪ੍ਰੋਗਰਾਮ ਵਿੱਚ ਸ਼ਾਮਲ ਹਰ ਮਹਿਲਾ ਨੂੰ ਜੱਜ ਜਵੈਲਰਜ਼ ਵੱਲੋਂ ਚਾਂਦੀ ਦੀ ਅੰਗੂਠੀ ਭੇਟ ਕੀਤੀ ਗਈ, ਜਿਸ ਨਾਲ ਔਰਤਾਂ ਵਿੱਚ ਵਿਸ਼ੇਸ਼ ਉਤਸ਼ਾਹ ਦੇਖਣ ਨੂੰ ਮਿਲਿਆ।ਪੂਰੇ ਸਮਾਗਮ ਦੌਰਾਨ ਰਵਾਇਤੀ ਪੰਜਾਬੀ ਸਜਾਵਟ, ਚਰਖਾ, ਮੜ੍ਹਾਣੀਆਂ ਤੇ ਹੋਰ ਸੱਭਿਆਚਾਰਕ ਪ੍ਰਾਪਸ ਖਿੱਚ ਦਾ ਕੇਂਦਰ ਬਣੇ ਰਹੇ।

ਸਮਾਗਮ ਦਾ ਉਦੇਸ਼ ਔਰਤਾਂ ਨੂੰ ਇੱਕ ਮੰਚ 'ਤੇ ਇਕੱਠਾ ਕਰਕੇ ਪੰਜਾਬੀ ਸੱਭਿਆਚਾਰ, ਪ੍ਰੰਪਰਾਵਾਂ ਤੇ ਆਪਸੀ ਭਾਈਚਾਰੇ ਨੂੰ ਉਤਸ਼ਾਹਤ ਕਰਨਾ ਸੀ।ਹਾਜ਼ਰ ਔਰਤਾਂ ਨੇ ਇਸ ਸ਼ਾਨਦਾਰ ਸਮਾਗਮ ਦੀ ਭਰਪੂਰ ਸ਼ਲਾਘਾ ਕਰਦਿਆਂ ਰੈੱਡ ਕਾਰਪੇਟ ਚੈਰੀਟੇਬਲ ਸੋਸਾਇਟੀ ਦਾ ਧੰਨਵਾਦ ਕੀਤਾ।

# ਸੜਕ ਹਾਦਸੇ 'ਚ ਮੋਟਰਸਾਈਕਲ ਸਵਾਰ ਭੈਣ-ਭਰਾ ਜ਼ਖ਼ਮੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬੀਤੇ ਦਿਨੀਂ ਲੁਧਿਆਣਾ-ਮੋਰਿੰਡਾ ਹਾਈਵੇ 'ਤੇ ਪਿੰਡ ਮੰਡੇਰਾਂ ਨਜ਼ਦੀਕ ਵਾਪਰੇ ਇੱਕ ਸੜਕ ਹਾਦਸੇ ਵਿੱਚ ਗੰਭੀਰ ਜ਼ਖ਼ਮੀ ਹੋਏ ਮੋਟਰਸਾਈਕਲ ਸਵਾਰ ਭੈਣ-ਭਰਾ ਦੇ ਮਾਮਲੇ ਵਿੱਚ ਖਮਾਣੋਂ ਪੁਲਸ ਵੱਲੋਂ ਇੱਕ ਨਿੱਜੀ ਕੰਪਨੀ ਦੀ ਬੱਸ ਦੇ ਡਰਾਈਵਰ ਵਿਰੁੱਧ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਵੇਰਵਿਆਂ ਅਨੁਸਾਰ ਕੰਚਨ ਬਾਲਾ ਵਾਸੀ ਸਮਰਾਲਾ ਘਰੇਲੂ ਕੰਮਕਾਰ ਲਈ ਆਪਣੇ ਭਰਾ ਜਤਿੰਦਰ ਕੁਮਾਰ ਦੇ ਨਾਲ ਮੋਟਰਸਾਈਕਲ 'ਤੇ ਸਵਾਰ ਹੋ ਕੇ ਖਮਾਣੋਂ ਵੱਲ ਨੂੰ ਜਾ ਰਹੇ ਸੀ।ਉਹ ਜਦੋਂ ਜੀ. ਟੀ. ਰੋਡ 'ਤੇ ਮੰਡੇਰਾਂ ਨਜ਼ਦੀਕ ਪੁੱਜੇ ਤਾਂ ਪਿੱਛੋਂ ਤੇਜ਼ ਰਫ਼ਤਾਰ ਨਾਲ ਆ ਰਹੀ ਇੱਕ ਨਿੱਜੀ ਕੰਪਨੀ ਦੀ ਬੱਸ ਦੇ ਡਰਾਈਵਰ ਨੇ ਅਣਗਹਿਲੀ ਨਾਲ ਓਵਰਟੇਕ ਕਰਦੇ ਹੋਏ ਉਨ੍ਹਾਂ ਦੇ ਮੋਟਰਸਾਈਕਲ ਨੂੰ ਫੇਟ ਮਾਰ ਦਿੱਤੀ ਤੇ ਉਹ ਦੋਵੇਂ ਭੈਣ ਭਰਾ ਡਿੱਗ ਕੇ ਗੰਭੀਰ ਜ਼ਖ਼ਮੀ ਹੋ ਗਏ।ਇਸ ਹਾਦਸੇ ਕਾਰਨ ਜਤਿੰਦਰ ਕੁਮਾਰ ਦੇ ਕਾਫ਼ੀ ਸੱਟਾਂ ਲੱਗੀਆਂ, ਜਦੋਂ ਕਿ ਉਸ ਦੀ ਭੈਣ ਕੰਚਨ ਬਾਲਾ ਦੀ ਰੀੜ੍ਹ ਦੀ ਹੱਡੀ ਟੁੱਟ ਗਈ।ਬੱਸ ਦੇ ਨਾਮਾਲੂਮ ਡਰਾਈਵਰ ਵਿਰੁੱਧ ਕੇਸ ਦਰਜ ਕਰਕੇ ਥਾਣਾ ਖਮਾਣੋਂ ਦੀ ਪੁਲਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

# ਪਾਵਰਕਾਮ ਹਰ ਵਰਗ ਨੂੰ ਨਿਰਵਿਘਨ ਬਿਜਲੀ ਸਪਲਾਈ ਦੇਣ ਲਈ ਵਚਨਬੱਧ : ਡਾ. ਗਰਗ



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਸਰਕਾਰ ਦੁਆਰਾ ਪਾਵਰਕਾਮ ਦੇ ਡਾਇਰੈਕਟਰ ਤੇ ਸੀ ਐੱਮ ਡੀ ਨੂੰ ਆਪਣੇ ਦਫਤਰ ਛੱਡ ਫੀਲਡ ਵਿੱਚ ਜਾ ਕੇ ਲੋਕਾਂ ਨਾਲ ਸਿੱਧਾ ਰਾਬਤਾ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ, ਜਿਸ ਦੇ ਸਿਲਸਲੇ ਵਿੱਚ ਪਾਵਰਕਾਮ ਦੇ ਸੀਐੱਮਡੀ ਡਾ. ਬਸੰਤ ਗਰਗ ਨੇ ਲੁਧਿਆਣਾ ਵਿਖੇ ਉਦਯੋਗਿਕ ਤੇ ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਵੱਖ-ਵੱਖ ਮੀਟਿੰਗਾਂ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ, ਸੁਝਾਵਾਂ ਤੇ ਮੰਗਾਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ।ਉਨ੍ਹਾਂ ਜਨਤਕ ਨੁਮਾਇੰਦਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਦਯੋਗਿਕ ਤੇ ਖੇਤੀਬਾੜੀ ਖਪਤਕਾਰਾਂ ਨੂੰ ਨਿਰਵਿਘਨ ਤੇ ਭਰੋਸੇਯੋਗ ਬਿਜਲੀ ਸਪਲਾਈ ਮੁਹੱਈਆ ਕਰਵਾਉਣ ਲਈ ਹਰ ਸੰਭਵ ਯਤਨ ਕਰਨ ਦੇ ਨਿਰਦੇਸ਼ਾਂ ਨੂੰ ਅਮਲੀ ਜਾਮਾ ਪਹਿਨਾਉਣ ਦੇ ਮੰਤਵ ਨਾਲ ਇਹ ਮੀਟਿੰਗਾਂ ਕੀਤੀਆਂ ਗਈਆਂ ਹਨ।

ਮੀਟਿੰਗ ਦੌਰਾਨ ਐਸੋਸੀਏਸ਼ਨ ਆਫ਼ ਟਰੇਡ ਐਂਡ ਇੰਡਸਟਰੀਅਲ ਅੰਡਰਟੇਕਿੰਗਜ਼ ਦੇ ਪ੍ਰਧਾਨ ਪੰਕਜ ਸ਼ਰਮਾ ਨੇ ਡਾ. ਬਸੰਤ ਗਰਗ ਨੂੰ ਪਾਵਰਕਾਮ ਦੇ ਸੀ.ਐੱਮ.ਡੀ. ਨੂੰ ਇੱਕ ਮੰਗ ਪੱਤਰ ਰਾਹੀਂ ਉਦਯੋਗਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਉਣ, ਤਕਨੀਕੀ ਸਟਾਫ਼ ਦੀ ਘਾਟ ਦੂਰ ਕਰਨ, ਗਰਮੀਆਂ ਦੇ ਮੌਸਮ ਵਿੱਚ ਬਿਜਲੀ ਪ੍ਰਣਾਲੀ ਦੀ ਸਾਂਭ-ਸੰਭਾਲ ਕਰਨ, ਭਵਿੱਖ ਦੀ ਬਿਜਲੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਲੰਬੀ ਮਿਆਦ ਦੀ ਯੋਜਨਾਬੰਦੀ ਕਰਨ, ਨਵੇਂ ਸਬ-ਸਟੇਸ਼ਨ ਸਥਾਪਤ ਕਰਨ, ਲੰਬੀਆਂ ਕੇਬਲ ਲਾਈਨਾਂ ਦੀ ਮੁੜ ਵਿਵਸਥਾ ਕਰਨ ਤੇ ਪੁਰਾਣੇ ਟਰਾਂਸਫਾਰਮਰਾਂ ਦੀ ਸਮੇਂ ਸਿਰ ਸਾਂਭ-ਸੰਭਾਲ ਕਰਨ ਵਰਗੇ ਸੁਝਾਅ ਦਿੱਤੇ ਗਏ।ਇਸ ਤੋਂ ਇਲਾਵਾ ਉਦਯੋਗਿਕ ਇਲਾਕਿਆਂ ਵਿੱਚ ਸਟਰੀਟ ਲਾਈਟਾਂ ਦੀ ਸਾਂਭ-ਸੰਭਾਲ ਦਾ ਮੁੱਦਾ ਵੀ ਉਠਾਇਆ ਗਿਆ।ਡਾ. ਬਸੰਤ ਗਰਗ ਨੇ ਉਦਯੋਗਿਕ ਨੁਮਾਇੰਦਿਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਵੱਲੋਂ ਦਿੱਤੇ ਗਏ ਸਾਰੇ ਸੁਝਾਵਾਂ ਤੇ ਮੰਗਾਂ 'ਤੇ ਪਾਵਰਕਾਮ ਵੱਲੋਂ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਉਦਯੋਗਿਕ ਇਕਾਈਆਂ ਨੂੰ ਬਿਨਾਂ ਰੁਕਾਵਟ ਬਿਜਲੀ ਸਪਲਾਈ ਯਕੀਨੀ ਬਣਾਉਣਾ ਪਾਵਰਕਾਮ ਦੀ ਪ੍ਰਮੁੱਖ ਪਹਿਲ ਹੈ।

ਉਨ੍ਹਾਂ ਉਦਯੋਗਪਤੀਆਂ ਨੂੰ ਕਿਹਾ ਕਿ ਲੋਡ ਵਧਾਉਣ, ਟਰਾਂਸਫਾਰਮਰ ਦੇ ਓਵਰਲੋਡ ਹੋਣ ਜਾਂ ਕਿਸੇ ਹੋਰ ਤਕਨੀਕੀ ਸਮੱਸਿਆ ਦੀ ਸੂਰਤ ਵਿੱਚ ਉਹ ਸਿੱਧੇ ਉਨ੍ਹਾਂ ਜਾਂ ਸਬੰਧਤ ਅਧਿਕਾਰੀਆਂ ਨਾਲ ਸੰਪਰਕ ਕਰਨ, ਤਾਂ ਜੋ ਸਮੱਸਿਆ ਦਾ ਸਮੇਂ ਸਿਰ ਹੱਲ ਕੀਤਾ ਜਾ ਸਕੇ।ਕਿਸਾਨ ਨੁਮਾਇੰਦਿਆਂ ਨਾਲ ਗੱਲਬਾਤ ਕਰਦਿਆਂ ਡਾ. ਗਰਗ ਨੇ ਕਿਹਾ ਕਿ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਵੀ ਪਹਿਲ ਦੇ ਆਧਾਰ 'ਤੇ ਨਿਪਟਾਰਾ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਪੱਧਰ 'ਤੇ ਕੋਈ ਅਧਿਕਾਰੀ ਉਨ੍ਹਾਂ ਦੀ ਸਮੱਸਿਆ ਨਹੀਂ ਸੁਣਦਾ ਤਾਂ ਉਹ ਸਿੱਧੇ ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹਨ।ਸੀ.ਐੱਮ.ਡੀ. ਨੇ ਦੱਸਿਆ ਕਿ ਪਾਵਰਕਾਮ ਬਿਜਲੀ ਵੰਡ ਪ੍ਰਣਾਲੀ ਨੂੰ ਹੋਰ ਮਜ਼ਬੂਤ ਤੇ ਆਧੁਨਿਕ ਬਣਾਉਣ ਲਈ ਰੀਵੈਂਪਡ ਡਿਸਟ੍ਰੀਬਿਊਸ਼ਨ ਸੈਕਟਰ ਸਕੀਮ ਤਹਿਤ ਵੱਡੇ ਪੱਧਰ 'ਤੇ ਕੰਮ ਕਰ ਰਿਹਾ ਹੈ। ਇਸ ਸਕੀਮ ਅਧੀਨ ਬਿਜਲੀ ਢਾਂਚੇ ਦੀ ਸਾਂਭ-ਸੰਭਾਲ, ਸਿਸਟਮ ਨੂੰ ਮਜ਼ਬੂਤ ਕਰਨ ਤੇ ਸ਼ਹਿਰੀ ਖੇਤਰਾਂ ਵਿੱਚ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅਮਲ ਵਿੱਚ ਲਿਆਂਦਾ ਜਾ ਰਿਹਾ ਹੈ।ਮੀਟਿੰਗ ਵਿੱਚ ਉਦਯੋਗ ਤੇ ਕਿਸਾਨ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਹੋਏ।

# ਹੋਲੀ ਹਾਰਟ ਸਕੂਲ 'ਚ ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

**ਅਜੀਤਵਾਲ (ਨਛੱਤਰ ਸੰਧੂ)**-ਅਜੀਤਵਾਲ ਦੇ ਪ੍ਰਮੁੱਖ ਵਿੱਦਿਅਕ ਅਦਾਰੇ ਹੋਲੀ ਹਾਰਟ ਸਕੂਲ ਵਿਖੇ ਅੱਠਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਗੁਰਪੁਰਬ ਬੜੀ ਸ਼ਰਧਾ, ਭਾਵਨਾ ਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਰੂਹਾਨੀ ਸਮਾਗਮ ਦੀ ਸ਼ੁਰੂਆਤ ਸਕੂਲ ਦੇ ਪ੍ਰਾਰਥਨਾ ਸਭਾ (ਅਸੈਂਬਲੀ) ਵਿੱਚ ਸ੍ਰੀ ਜਪੁਜੀ ਸਾਹਿਬ ਦੇ ਪਾਠ ਤੇ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਹੋਈ।ਉਪਰੰਤ ਸਕੂਲ ਦੇ ਵਿਦਿਆਰਥੀਆਂ ਵੱਲੋਂ ਗੁਰਬਾਣੀ ਦੇ ਮਨੋਹਰ ਕੀਰਤਨ ਦੁਆਰਾ ਸਮੁੱਚੇ ਵਾਤਾਵਰਨ ਨੂੰ ਸੰਗਤਮਈ ਤੇ ਅਧਿਆਤਮਿਕ ਰੰਗ ਵਿੱਚ ਰੰਗ ਦਿੱਤਾ ਗਿਆ।ਸਮਾਗਮ ਦੌਰਾਨ ਵਿਦਿਆਰਥੀਆਂ ਨੇ ਗੁਰੂ ਸਾਹਿਬ ਦੇ ਜੀਵਨ, ਉਨ੍ਹਾਂ ਦੀਆਂ ਸਿੱਖਿਆਵਾਂ ਤੇ ਮਾਨਵਤਾ ਦੀ ਸੇਵਾ ਨਾਲ ਸਬੰਧਤ ਕਵਿਤਾਵਾਂ, ਢਾਡੀ ਵਾਰਾਂ ਤੇ ਵਿਚਾਰ ਪੇਸ਼ ਕੀਤੇ।ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਆਪਣੇ ਪ੍ਰੇਰਨਾਦਾਇਕ ਭਾਸ਼ਣ ਵਿੱਚ ਗੁਰੂ ਜੀ ਦੀ ਮਹਾਨ ਸ਼ਖ਼ਸੀਅਤ, ਉਨ੍ਹਾਂ ਦੀ ਨਿਮਰਤਾ, ਦਇਆ ਤੇ ਨਿਸ਼ਕਾਮ ਸੇਵਾ ਭਾਵਨਾ ਉੱਤੇ ਚਾਨਣਾ ਪਾਇਆ।ਇਸ ਮੌਕੇ ਸਿੱਖ ਇਤਿਹਾਸ ਨਾਲ ਸੰਬੰਧਤ ਪ੍ਰਸ਼ਨੋਤਰੀ (ਕੁਇੱਜ਼) ਮੁਕਾਬਲੇ ਵੀ ਕਰਵਾਏ ਗਏ, ਜਿਸ ਵਿੱਚ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।ਸਕੂਲ ਦੇ ਚੇਅਰਮੈਨ ਸ਼ੁਭਾਸ਼ ਪਲਤਾ ਤੇ ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ, ਸ਼ਿਵਾਨੀ ਅਰੋੜਾ ਤੇ ਰਮਨ ਅਰੋੜਾ ਨੇ ਭਵਿੱਖ ਵਿੱਚ ਵੀ ਅਜਿਹੇ ਧਾਰਮਿਕ ਤੇ ਸੱਭਿਆਚਾਰਕ ਸਮਾਗਮ ਕਰਵਾਉਂਦੇ ਰਹਿਣ ਦਾ ਅਹਿਦ ਲਿਆ।

## ਸਫਾ 1 ਦੇ ਬਾਕੀ...

### 866 ਨੌਜਵਾਨਾਂ ਨੂੰ ...

ਮੈਨੇਜਰ ਵੀ ਨਿਯੁਕਤ ਕੀਤੇ ਗਏ ਹਨ। ਪੰਜਾਬ ਦੀ ਸਕੂਲ ਸਿੱਖਿਆ ਦਰਜਾਬੰਦੀ ਵਿੱਚ ਆਏ ਬਦਲਾਅ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ, 'ਜਦੋਂ ਮੈਂ ਅਹੁਦਾ ਸੰਭਾਲਿਆ ਸੀ, ਉਦੋਂ ਸਕੂਲ ਸਿੱਖਿਆ ਵਿੱਚ ਸੂਬਾ 27ਵੇਂ ਸਥਾਨ 'ਤੇ ਸੀ। ਇਹ ਸਾਡੇ ਲਈ ਬਹੁਤ ਮਾਣਮੱਤੀ ਅਤੇ ਤਸੱਲੀ ਗੱਲ ਹੈ ਕਿ ਅੱਜ ਪੰਜਾਬ ਇਸ ਖੇਤਰ ਵਿੱਚ ਮੋਹਰੀ ਹੈ।' ਆਮ ਪਰਵਾਰਾਂ ਦੇ ਬੱਚਿਆਂ ਲਈ ਬਰਾਬਰ ਮੌਕਿਆਂ ਬਾਰੇ ਬੋਲਦਿਆਂ ਉਨ੍ਹਾ ਕਿਹਾ ਕਿ ਸੂਬਾ ਸਰਕਾਰ ਸਿੱਖਿਆ ਖੇਤਰ ਨੂੰ ਹੁਲਾਰਾ ਦੇਣ ਲਈ ਠੋਸ ਯਤਨ ਕਰ ਰਹੀ ਹੈ। ਸਰਕਾਰ ਦੀਆਂ ਪਹਿਲਕਦਮੀਆਂ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਆਮ ਪਰਿਵਾਰਾਂ ਦੇ ਬੱਚਿਆਂ ਨੂੰ ਹੋਰਨਾਂ ਦੇ ਬਰਾਬਰ ਉਤਮਤਾ ਪ੍ਰਾਪਤ ਕਰਨ ਦੇ ਮੌਕੇ ਮਿਲਣ। ਵਿਦਿਆਰਥਣਾਂ ਦੀਆਂ ਪ੍ਰਾਪਤੀਆਂ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਧੀਆਂ ਸਿੱਖਿਆ ਅਤੇ ਮੁਕਾਬਲਾ ਪ੍ਰੀਖਿਆਵਾਂ ਦੇ ਹਰ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੀਆਂ ਹਨ।

ਨਵ-ਨਿਯੁਕਤ ਨੌਜਵਾਨਾਂ ਨੂੰ ਨਿਮਰ ਰਹਿਣ ਦੀ ਤਾਕੀਦ ਕਰਦਿਆਂ ਮੁੱਖ ਮੰਤਰੀ ਨੇ ਕਿਹਾ—ਤੁਸੀਂ ਇਨ੍ਹਾਂ ਅਹੁਦਿਆਂ ਨੂੰ ਪ੍ਰਾਪਤ ਕਰਨ ਲਈ ਅੱਧੀ-ਅੱਧੀ ਰਾਤ ਤੱਕ ਜਾਗ ਕੇ ਸਖ਼ਤ ਮਿਹਨਤ ਕੀਤੀ ਹੈ, ਉਸੇ ਤਰ੍ਹਾਂ ਹੁਣ ਨੌਕਰੀ ਵਿੱਚ ਕਾਰਗੁਜ਼ਾਰੀ ਦਿਖਾਉਣ ਦਾ ਸਮਾਂ ਹੈ। ਉਚੀਆਂ ਨੌਕਰੀਆਂ ਅਤੇ ਵੱਡੀ ਸਫਲਤਾ ਲਈ ਯਤਨਸ਼ੀਲ ਰਹੋ, ਪਰ ਆਪਣੀ ਪ੍ਰਾਪਤੀ 'ਤੇ ਮਾਣ ਨਾ ਕਰੋ। ਨਿਮਰ ਰਹੋ, ਜ਼ਮੀਨ ਨਾਲ ਜੁੜੇ ਰਹੋ ਅਤੇ ਸਖ਼ਤ ਮਿਹਨਤ ਕਰਦੇ ਰਹੋ।

### ਅਜੇ ਰੋਕਾ ਨਹੀਂ...


ਹਨ। ਗੁਜਰਾਲ ਨੇ ਕਿਹਾ ਕਿ ਦੋਵਾਂ ਚੋਟੀ ਦੇ ਆਗੂਆਂ ਵਿਚਾਲੇ ਹੋਈ ਇਹ ਗੱਲਬਾਤ ਦਰਸਾਉਂਦੀ ਹੈ ਕਿ ਉਹ ਪੰਜਾਬ ਦੇ ਹਿੱਤਾਂ ਨੂੰ ਸਭ ਤੋਂ ਉਪਰ ਰੱਖਦੇ ਹਨ ਅਤੇ ਚੋਣਾਂ ਤੋਂ ਪਹਿਲਾਂ ਇੱਕ-ਦੂਜੇ ਦੇ ਸਿਆਸੀ ਸਮੀਕਰਨਾਂ ਦਾ ਜਾਇਜ਼ਾ ਲੈਣ ਲਈ ਤਿਆਰ ਹਨ। ਜ਼ਿਕਰਯੋਗ ਹੈ ਕਿ ਭਾਜਪਾ ਭਾਵੇਂ ਸਾਰੀਆਂ ਸੀਟਾਂ 'ਤੇ ਇਕੱਲੇ ਚੋਣ ਲੜਨ ਦਾ ਦਾਅਵਾ ਕਰ ਰਹੀ ਹੈ, ਪਰ ਅੰਦਰੂਨੀ ਤੌਰ 'ਤੇ ਪਾਰਟੀ 'ਚ ਚਿੰਤਾਵਾਂ ਵਧ ਰਹੀਆਂ ਹਨ। ਹਾਲ ਹੀ ਵਿੱਚ ਹੋਏ ਵਿਰੋਧ ਪ੍ਰਦਰਸ਼ਨਾਂ ਅਤੇ ਧਰਮਿੰਦਰ ਪ੍ਰਧਾਨ ਵੱਲੋਂ ਸਿੱਖਿਆ ਮੰਤਰੀ ਦੇ ਅਹੁਦੇ ਤੋਂ ਦਿੱਤੇ ਅਸਤੀਫ਼ੇ ਤੋਂ ਬਾਅਦ ਪਾਰਟੀ ਦਾ ਸਿਆਸੀ ਭਵਿੱਖ ਕਮਜ਼ੋਰ ਪੈਂਦਾ ਦਿਖਾਈ ਦੇ ਰਿਹਾ ਹੈ। ਇਸ ਤੋਂ ਇਲਾਵਾ, ਪੰਜਾਬ ਵਿੱਚ ਸੰਗਠਨਾਤਮਕ ਫੇਰਬਦਲ ਖ਼ਿਲਾਫ਼ ਪਾਰਟੀ ਅੰਦਰ ਭਾਰੀ ਰੋਸ ਦੇਖਣ ਨੂੰ ਮਿਲ ਰਿਹਾ ਹੈ।

# ਜਗਜੀਤ ਕਾਲੜਾ ਨੂੰ ਸੇਵਾ ਮੁਕਤੀ ਵੇਲੇ ਨਿੱਘੀ ਵਿਦਾਇਗੀ



**ਮੱਖੂ (ਰਛਪਾਲ ਸਿੰਘ ਸੰਧੂ)**-ਗੁਰਦੁਆਰਾ ਸਿੰਘ ਸਭਾ ਮੱਖੂ ਦੇ ਪ੍ਰਧਾਨ ਜਗਜੀਤ ਸਿੰਘ ਕਾਲੜਾ ਦੀ ਸੇਵਾ ਮੁਕਤੀ ਮੌਕੇ ਗੁਰਦੁਆਰਾ ਸਾਹਿਬ ਵਿਖੇ ਹੋਏ ਸਮਾਗਮ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਮੀਤ ਸਿੰਘ ਬੂਹ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਹਰਪ੍ਰੀਤ ਸਿੰਘ ਹੀਰੋ ਤੇ ਸੁਖਮਨੀ ਸੇਵਾ ਸੁਸਾਇਟੀ ਮੱਖੂ ਬੀਬੀਆਂ ਦੀ ਪ੍ਰਧਾਨ ਬੀਬੀ ਸ਼ਰਨਜੀਤ ਕੌਰ ਦੀ ਅਗਵਾਈ ਵਿੱਚ ਸੰਗਤਾਂ ਵੱਲੋਂ ਸੇਵਾ ਮੁਕਤ ਹੋਏ ਪ੍ਰਧਾਨ ਜਗਜੀਤ ਸਿੰਘ ਕਾਲੜਾ ਤੇ ਉਨ੍ਹਾਂ ਦੀ ਧਰਮਪਤਨੀ ਬੀਬੀ ਸਵਰਨ ਕੌਰ ਨੂੰ ਸਿਰਪਾਉ ਭੇਟ ਕਰਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਗੁਰਮੀਤ ਸਿੰਘ ਬੂਹ, ਹਰਪ੍ਰੀਤ ਸਿੰਘ ਹੀਰੋ, ਸੁਖਮਨੀ ਸੇਵਾ ਸੁਸਾਇਟੀ ਮੱਖੂ ਬੀਬੀਆਂ ਦੀ ਪ੍ਰਧਾਨ ਬੀਬੀ ਸ਼ਰਨਜੀਤ ਕੌਰ ਨੇ ਜਗਜੀਤ ਸਿੰਘ ਕਾਲੜਾ ਵੱਲੋਂ ਆਪਣੇ ਕਾਰਜਕਾਲ ਦੌਰਾਨ ਕੀਤੇ ਕੰਮਾਂ ਲਈ ਸਰਾਹਣਾ ਕੀਤੀ।ਇਸ ਮੌਕੇ ਜਗਜੀਤ ਸਿੰਘ ਕਾਲੜਾ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਸਮਾਗਮ ਕਰਵਾਉਣ ਤੇ ਗੁਰਦੁਆਰਾ ਸਾਹਿਬ ਨੂੰ ਨਵਾਂ ਰੂਪ ਦੇਣ ਲਈ ਸੰਗਤ ਸਾਥ ਦਿੰਦੀ ਰਹੀ, ਉਸ ਲਈ ਸੰਗਤ ਦਾ ਧੰਨਵਾਦ ਕਰਦਾ ਹਾਂ।ਉਨ੍ਹਾ ਕਿਹਾ ਕਿ ਜਿੰਨਾ ਸਮਾਂ ਸਿਹਤ ਸਾਥ ਦੇਵੇਗੀ, ਉਨਾ ਸਮਾਂ ਨਿਮਾਣਾ ਜਿਹਾ ਸੇਵਾਦਾਰ ਬਣ ਕੇ ਉਹ ਗੁਰਦੁਆਰਾ ਸਾਹਿਬ ਦੀ ਸੇਵਾ ਕਰਦੇ ਰਹਿਣਗੇ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਬਾਬਾ ਬਲਜੀਤ ਸਿੰਘ, ਤੇਗਾ ਸਿੰਘ ਪ੍ਰਧਾਨ, ਅਜੀਤ ਸਿੰਘ ਮੀਤ ਪ੍ਰਧਾਨ, ਬੂਟਾ ਸਿੰਘ ਠੱਠਾ ਮੈਨੇਜਰ, ਗੁਰਸੇਵਕ ਸਿੰਘ ਇੰਚਾਰਜ, ਜੁਗਰਾਜ ਸਿੰਘ ਸਹਾਇਕ ਇੰਚਾਰਜ, ਦਰਸ਼ਨ ਸਿੰਘ ਕਟਾਰੀਆ, ਪਰਮਜੀਤ ਕੌਰ ਬਬਲੀ, ਕਰਮਜੀਤ ਕੌਰ, ਸਰਬਜੀਤ ਕੌਰ, ਰਣਜੀਤ ਕੌਰ ਆਦਿ ਹਾਜ਼ਰ ਸਨ।

# ਜ਼ਿਲ੍ਹਾ ਖੰਨਾ ਦਾ ਲਾਇਆ ਨਵਾਂ ਪ੍ਰਧਾਨ ਸਾਨੂੰ ਮਨਜ਼ੂਰ ਨਹੀਂ : ਪ੍ਰਿੰਸੀਪਲ ਜਤਿੰਦਰ



**ਦੋਰਾਹਾ (ਹਰਮਿੰਦਰ ਸੇਠ)**-ਭਾਰਤੀ ਜਨਤਾ ਪਾਰਟੀ ਪੁਲਸ ਜ਼ਿਲ੍ਹਾ ਖੰਨਾ ਦੇ ਜਨਰਲ ਸਕੱਤਰ ਪ੍ਰਿੰਸੀਪਲ ਜਤਿੰਦਰ ਸ਼ਰਮਾ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਵੱਲੋਂ ਪੁਲਸ ਜ਼ਿਲ੍ਹਾ ਖੰਨਾ ਦਾ ਨਵਾਂ ਪ੍ਰਧਾਨ ਲਗਾਇਆ ਗਿਆ ਤੇ ਪੁਰਾਣੇ ਆਗੂਆਂ ਦੇ ਵਰਕਰਾਂ ਨੂੰ ਅੱਖੋਂ ਪਰੋਖੇ ਕੀਤਾ ਗਿਆ ਅਤੇ ਕਿਸੇ ਦੀ ਰਾਇ ਤੱਕ ਨਹੀਂ ਲਈ ਗਈ, ਜਿਸ ਕਰਕੇ ਨਵਾਂ ਪ੍ਰਧਾਨ ਸਾਨੂੰ ਕਿਸੇ ਵੀ ਕੀਮਤ 'ਤੇ ਮਨਜ਼ੂਰ ਨਹੀਂ ਹੈ।ਪ੍ਰਿੰਸੀਪਲ ਸ਼ਰਮਾ ਨੇ ਕਿਹਾ ਕਿ ਨਵਾਂ ਲਾਇਆ ਪ੍ਰਧਾਨ ਇੱਕ ਵਾਰ ਜ਼ਿਲ੍ਹੇ ਦਾ ਸਕੱਤਰ ਰਿਹਾ ਤੇ ਇੱਕ ਵਾਰ ਮੰਡਲ ਪ੍ਰਧਾਨ ਰਿਹਾ, ਜਦਕਿ ਇਸ ਤੋਂ ਜ਼ਿਆਦਾ ਪੁਰਾਣੇ ਕੰਮ ਕਰਨ ਵਾਲੇ ਵਰਕਰ ਪਾਰਟੀ ਵਿੱਚ ਹਨ, ਜਿਨ੍ਹਾਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਪਹਿਲਾਂ ਵੀ ਆਪਣੇ ਪੁਰਾਣੇ ਆਗੂਆਂ ਤੇ ਵਰਕਰਾਂ ਨੂੰ ਨਜ਼ਰ ਅੰਦਾਜ਼ ਕਰਕੇ ਦੂਸਰੀਆਂ ਪਾਰਟੀਆਂ ਵਿੱਚੋਂ ਆਏ ਆਗੂਆਂ ਨੂੰ ਜ਼ਿਲ੍ਹਾ ਪ੍ਰਧਾਨ ਬਣਾਇਆ ਗਿਆ, ਜਿਸ ਨਾਲ ਪੁਰਾਣੇ ਪਾਰਟੀ ਵਿੱਚ ਕੰਮ ਕਰਨ ਵਾਲੇ ਆਗੂਆਂ ਨੂੰ ਨਾਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ ਅਤੇ ਅੱਜ ਬਿਨਾਂ ਤਜਰਬੇਕਾਰ ਵਿਅਕਤੀ ਨੂੰ ਜ਼ਿਲ੍ਹਾ ਪ੍ਰਧਾਨ ਲਾਇਆ ਗਿਆ, ਜਿਸ ਨਾਲ ਜਿੱਥੇ ਪਾਰਟੀ ਨੂੰ ਨੁਕਸਾਨ ਹੋਵੇਗਾ, ਉਥੇ ਪੁਰਾਣੇ ਆਗੂਆਂ ਤੇ ਵਰਕਰਾਂ ਨੂੰ ਵੀ ਕੰਮ ਕਰਨਾ ਔਖਾ ਹੋਵੇਗਾ।ਉਨ੍ਹਾਂ ਭਾਰਤੀ ਜਨਤਾ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੂੰ ਅਪੀਲ ਕੀਤੀ ਕਿ ਇਸ ਫੈਸਲੇ ਨੂੰ ਬਦਲਿਆ ਜਾਵੇ ਅਤੇ ਸਮੂਹ ਆਗੂਆਂ ਤੇ ਵਰਕਰਾਂ ਦੀ ਰਾਇ ਅਨੁਸਾਰ ਹੀ ਨਵਾਂ ਜ਼ਿਲ੍ਹਾ ਪ੍ਰਧਾਨ ਲਾਇਆ ਜਾਵੇ।

# ਬਸਪਾ ਆਗੂ ਰਣਜੀਤ ਸਿੰਘ ਨੋਨਾ ਵੱਲੋਂ ਰਾਬਤਾ ਮੁਹਿੰਮ ਸ਼ੁਰੂ




**ਦੋਰਾਹਾ (ਹਰਮਿੰਦਰ ਸੇਠ)**-ਬਹੁਜਨ ਸਮਾਜ ਪਾਰਟੀ (ਬਸਪਾ) ਵੱਲੋਂ ਵਿਧਾਨ ਸਭਾ ਹਲਕਾ ਪਾਇਲ ਵਿੱਚ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਲਈ ਚੋਣੀ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ।ਇਸ ਤਹਿਤ ਪਾਰਟੀ ਦੇ ਆਗੂ ਰਣਜੀਤ ਸਿੰਘ ਨੋਨਾ ਬਰਮਾਲੀਪੁਰ ਨੇ ਹਲਕੇ ਦੇ ਵੱਖ-ਵੱਖ ਵਰਗਾਂ ਦੇ ਲੋਕਾਂ ਨਾਲ ਰਾਬਤਾ ਕਾਇਮ ਕਰਨ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ।ਰਣਜੀਤ ਸਿੰਘ ਨੋਨਾ ਨੇ ਦੱਸਿਆ ਕਿ ਬਸਪਾ ਦੀ ਕੇਂਦਰੀ ਤੇ ਸੂਬਾ ਲੀਡਰਸ਼ਿਪ ਵੱਲੋਂ ਉਨ੍ਹਾਂ ਨੂੰ ਵਿਧਾਨ ਸਭਾ ਹਲਕਾ ਪਾਇਲ ਲਈ ਸੈਕਟਰ ਇੰਚਾਰਜ ਤੇ ਮੀਡੀਆ ਇੰਚਾਰਜ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਦਿੱਤੀ ਗਈ ਇਸ ਜ਼ਿੰਮੇਵਾਰੀ ਨੂੰ ਉਹ ਪੂਰੀ ਲਗਨ ਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਜ਼ਮੀਨੀ ਪੱਧਰ 'ਤੇ ਬਸਪਾ ਨੂੰ ਹੋਰ ਮਜ਼ਬੂਤ ਬਣਾਉਣ ਲਈ ਲਗਾਤਾਰ ਕੰਮ ਕਰਨਗੇ।ਉਨ੍ਹਾਂ ਦੱਸਿਆ ਕਿ ਇਸ ਸਬੰਧੀ ਪੰਜਾਬ ਬਸਪਾ ਦੇ ਸਕੱਤਰ ਬਲਜੀਤ ਸਿੰਘ ਸਲਾਣਾ ਤੇ ਲੁਧਿਆਣਾ ਦਿਹਾਤੀ ਦੇ ਪ੍ਰਧਾਨ ਹਰਭਜਨ ਸਿੰਘ ਦੁਲਮਾ ਨਾਲ ਵੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ ਹੈ।ਰਣਜੀਤ ਸਿੰਘ ਨੋਨਾ ਨੇ ਕਿਹਾ ਕਿ ਹਲਕਾ ਪਾਇਲ ਦੇ ਲੋਕ ਹੁਣ ਰਵਾਇਤੀ ਸਿਆਸੀ ਪਾਰਟੀਆਂ ਦੀ ਕਾਰਗੁਜ਼ਾਰੀ ਨੂੰ ਨੇੜਿਓਂ ਦੇਖ ਚੁੱਕੇ ਹਨ ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਬਦਲਾਅ ਲਈ ਆਪਣਾ ਫੈਸਲਾ ਸੁਣਾਉਣ ਲਈ ਤਿਆਰ ਹਨ।

# ਅਲਪਾਈਨ ਪਬਲਿਕ ਸਕੂਲ ਦੇ ਵਿਹੜੇ 'ਚ ਲੱਗੀਆਂ ਤੀਆਂ, ਗਿੱਧੇ-ਬੋਲੀਆਂ ਨਾਲ ਗੂੰਜਿਆ ਮਾਹੌਲ





**ਭਵਾਨੀਗੜ੍ਹ (ਰਾਜ ਖੁਰਮੀ)**-ਸਾਉਣ ਮਹੀਨੇ ਦੀਆਂ ਰੌਣਕਾਂ ਨੂੰ ਸਮਰਪਤ ਅਲਪਾਈਨ ਪਬਲਿਕ ਸਕੂਲ ਵਿਖੇ ਤੀਆਂ ਦਾ ਤਿਉਹਾਰ ਰਵਾਇਤੀ ਢੰਗ ਨਾਲ ਬੜੇ ਉਤਸ਼ਾਹ, ਜੋਸ਼ ਤੇ ਖ਼ੁਸ਼ੀ ਨਾਲ ਮਨਾਇਆ ਗਿਆ।ਸਕੂਲ ਦਾ ਮਾਹੌਲ ਪੰਜਾਬੀ ਸੱਭਿਆਚਾਰ ਦੇ ਰੰਗਾਂ ਨਾਲ ਸਰਾਬੋਰ ਨਜ਼ਰ ਆਇਆ।ਸਮਾਗਮ ਦੌਰਾਨ ਸਕੂਲ ਦੀਆਂ ਵਿਦਿਆਰਥਣਾਂ ਨੇ ਪੰਜਾਬੀ ਬੋਲੀਆਂ, ਗਿੱਧਾ ਤੇ ਹੋਰ ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ ਦਰਸ਼ਕਾਂ ਦਾ ਮਨ ਮੋਹ ਲਿਆ।ਵਿਦਿਆਰਥੀਆਂ ਨੇ ਪੰਜਾਬੀ ਵਿਰਸੇ ਨਾਲ ਸਬੰਧਿਤ ਮਨਮੋਹਕ ਪ੍ਰੋਗਰਾਮ ਪੇਸ਼ ਕਰਦਿਆਂ ਨਵੀਂ ਪੀੜ੍ਹੀ ਨੂੰ ਆਪਣੀਆਂ ਸੱਭਿਆਚਾਰਕ ਜੜ੍ਹਾਂ ਨਾਲ ਜੋੜਨ ਦਾ ਪ੍ਰਭਾਵਸ਼ਾਲੀ ਸੰਦੇਸ਼ ਦਿੱਤਾ।ਤੀਆਂ ਦੇ ਇਸ ਰੰਗਾਰੰਗ ਸਮਾਗਮ ਵਿੱਚ ਵਿਦਿਆਰਥਣਾਂ ਨੇ ਪੀਂਘਾਂ ਦਾ ਵੀ ਭਰਪੂਰ ਆਨੰਦ ਮਾਣਿਆ।ਸਮਾਗਮ ਦੌਰਾਨ ਸਾਉਣ ਮਹੀਨੇ ਦੇ ਰਵਾਇਤੀ ਪਕਵਾਨ ਖੀਰ-ਪੂੜਿਆਂ ਦਾ ਵੀ ਪ੍ਰਬੰਧ ਕੀਤਾ ਗਿਆ, ਜਿਸ ਦਾ ਸਕੂਲ ਦੇ ਸਟਾਫ਼ ਅਤੇ ਵਿਦਿਆਰਥੀਆਂ ਨੇ ਖ਼ੂਬ ਲੁਤਫ਼ ਉਠਾਇਆ।ਸਕੂਲ ਦੇ ਮੈਨੇਜਰ ਹਰਮੀਤ ਸਿੰਘ ਗਰੇਵਾਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਧੁਨਿਕ ਯੁੱਗ ਵਿੱਚ ਅਲੋਪ ਹੋ ਰਹੇ ਪੰਜਾਬੀ ਵਿਰਸੇ ਤੇ ਸੱਭਿਆਚਾਰ ਨੂੰ ਸੰਭਾਲਣ ਲਈ ਅਜਿਹੇ ਸੱਭਿਆਚਾਰਕ ਪ੍ਰੋਗਰਾਮ ਸਮੇਂ ਦੀ ਮੁੱਖ ਲੋੜ ਹਨ।ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਆਪਣੇ ਸੱਭਿਆਚਾਰ ਤੇ ਪ੍ਰੰਪਰਾਵਾਂ ਨਾਲ ਜੋੜਨਾ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ।ਸਕੂਲ ਦੀ ਪ੍ਰਿੰਸੀਪਲ ਰੋਮਾ ਅਰੋੜਾ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤੀਆਂ ਵਰਗੇ ਰਵਾਇਤੀ ਤਿਉਹਾਰਾਂ ਦਾ ਆਯੋਜਨ ਵਿਦਿਆਰਥੀਆਂ ਵਿੱਚ ਆਪਣੀ ਮਿੱਟੀ ਅਤੇ ਵਿਰਸੇ ਪ੍ਰਤੀ ਪਿਆਰ ਪੈਦਾ ਕਰਨ ਦਾ ਸ਼ਲਾਘਾਯੋਗ ਉਪਰਾਲਾ ਹੈ।

# ਕੈਬਨਿਟ ਮੰਤਰੀ ਦੇ ਗੋਲਮੋਲ ਜਵਾਬ ਤੋਂ ਗੈਸਟ ਫੈਕਲਟੀ ਖ਼ਫ਼ਾ




**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੰਜਾਬ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਦੌਰਾਨ ਪੰਜਾਬ ਦੀ ਉਚੇਰੀ ਸਿੱਖਿਆ ਨੂੰ ਹੁਣ ਤੱਕ ਬਚਾਉਣ ਵਾਲੇ ਗੈਸਟ ਫੈਕਲਟੀ ਪ੍ਰੋਫ਼ੈਸਰਾਂ ਨੂੰ ਪੱਕਾ ਕਰਨ ਸਬੰਧੀ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਵੱਲੋਂ ਕੀਤੇ ਗਏ ਸਵਾਲ ਦਾ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਦਿੱਤੇ ਗਏ ਗੋਲਮੋਲ ਜਵਾਬ ਤੋਂ ਸੂਬੇ ਦੇ ਕਾਲਜਾਂ ਵਿੱਚ ਬਤੌਰ ਗੈਸਟ ਫੈਕਲਟੀ ਪ੍ਰੋਫੈਸਰ ਖ਼ਫ਼ਾ ਹਨ।ਗੈਸਟ ਫੈਕਲਟੀ ਆਗੂ ਪ੍ਰੋ. ਗੁਰਜੀਤ ਸਿੰਘ ਨੇ ਦੱਸਿਆ ਕਿ ਕਾਂਗਰਸ ਸਰਕਾਰ ਸਮੇਂ ਮੌਜੂਦਾ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਵੀ ਇਹ ਸਵਾਲ ਕੀਤਾ ਗਿਆ ਸੀ, ਪ੍ਰੰਤੂ ਹਰਜੋਤ ਸਿੰਘ ਬੈਂਸ ਵੱਲੋਂ ਇਸ ਸਵਾਲ ਦੇ ਜਵਾਬ ਵਿੱਚ ਕੀਤੀ ਕੋਰੀ ਨਾਂਹ ਤੋਂ ਗੈਸਟ ਫੈਕਲਟੀ ਦੇ ਮਨਾਂ ਵਿੱਚ ਰੋਸ ਦੀ ਲਹਿਰ ਹੈ, ਕਿਉਂਕਿ ਸੱਤਾ 'ਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੀ ਦਿੱਲੀ ਤੱਕ ਦੀ ਲੀਡਰਸ਼ਿਪ ਇਹਨਾਂ ਗੈਸਟ ਪ੍ਰੋਫੈਸਰਾਂ ਨੂੰ ਪੱਕਾ ਕਰਨ ਦਾ ਪ੍ਰਚਾਰ ਕਰਦੀ ਰਹੀ ਹੈ।ਉਨ੍ਹਾਂ ਕਿਹਾ ਕਿ ਸੱਤਾ ਵਿੱਚ ਆ ਕੇ ਇਸ ਪ੍ਰਕਾਰ ਨਾਂਹ ਕਰਨਾ ਸਰਕਾਰ ਦੇ ਦੋਗਲੇ ਚਿਹਰੇ ਨੂੰ ਬੇਨਕਾਬ ਕਰਦਾ ਹੈ।ਦੋ ਦਹਾਕੇ ਤੋਂ ਉਨ੍ਹਾਂ ਦਾ ਕੇਡਰ ਸੇਵਾਵਾਂ ਨਿਭਾਅ ਰਿਹਾ ਹੈ, ਪਰ ਫੇਰ ਵੀ ਉਨ੍ਹਾਂ ਨੂੰ ਬੇਸਿੱਕ ਤਨਖਾਹ ਵੀ ਨਸੀਬ ਨਹੀਂ ਹੋਈ, ਪਰ ਦੂਜੇ ਪਾਸੇ ਦੋ ਸਾਲ ਤੋਂ ਸੇਵਾਵਾਂ ਨਿਭਾਉਣ ਵਾਲੇ ਕੇਡਰ ਲਈ ਸਰਕਾਰ ਪੱਬਾਂ ਭਾਰ ਹੋ ਕੇ ਪੱਕਾ ਕਰਨ ਲਈ ਯਤਨਸ਼ੀਲ ਹੋ ਰਹੀ ਹੈ।ਫੈਕਲਟੀ ਦਾ ਕਹਿਣਾ ਹੈ ਕਿ ਇਸ ਪ੍ਰਕਾਰ ਉਨ੍ਹਾਂ ਦੇ ਕੇਡਰ ਪ੍ਰਤੀ ਸਰਕਾਰ ਦਾ ਮਤਰੇਈ ਮਾਂ ਵਾਲਾ ਵਤੀਰਾ ਸਹਿਣਯੋਗ ਨਹੀਂ ਹੈ।ਪ੍ਰੋ. ਪਰਦੀਪ ਸਿੰਘ ਨੇ ਕਿਹਾ ਕਿ ਸਰਕਾਰੀ ਕਾਲਜਾਂ ਦੇ ਅੰਕੜਿਆਂ ਨੂੰ ਅਧੂਰਾ ਪੇਸ਼ ਕੀਤਾ ਜਾਂਦਾ ਰਿਹਾ ਹੈ ਕਿ ਸਰਕਾਰੀ ਕਾਲਜ ਖਾਲੀ ਹਨ, ਜਦੋਂ ਕਿ ਇਨ੍ਹਾਂ ਸਰਕਾਰੀ ਕਾਲਜਾਂ ਵਿੱਚ ਪ੍ਰੋਫ਼ੈਸਰਾਂ ਦੀ ਕੋਈ ਘਾਟ ਨਹੀਂ ਹੈ, ਸਗੋਂ ਸਰਕਾਰੀ ਕਾਲਜਾਂ ਵਿੱਚ ਪ੍ਰੋਫ਼ੈਸਰ ਸਰਪੱਲਸ ਹਨ।ਇਸ ਤਰ੍ਹਾਂ ਦੇ ਗ਼ਲਤ ਪ੍ਰਚਾਰ ਨਾਲ ਕਾਲਜਾਂ ਦੇ ਦਾਖਲਿਆਂ 'ਤੇ ਬਹੁਤ ਬੁਰਾ ਪ੍ਰਭਾਵ ਪਿਆ ਹੈ।

# ਵਿਦਿਆਰਥੀਆਂ ਨੇ ਸਿੱਖੇ ਵਿਗਿਆਨ ਤੇ ਵਾਤਾਵਰਣ ਸੰਭਾਲ ਦੇ ਅਨਮੋਲ ਸਬਕ




**ਜਗਰਾਉਂ (ਅਮਿਤ ਖੰਨਾ)**-ਸ਼੍ਰੀਮਤੀ ਸਤੀਸ਼ ਗੁਪਤਾ ਸਰਵਹਿਤਕਾਰੀ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਵਿੱਚ 25 ਜੁਲਾਈ ਤੋਂ 2 ਅਗਸਤ ਤੱਕ ਭਾਰਤੀ ਰਸਾਇਣ ਵਿਗਿਆਨ ਦੇ ਜਨਕ ਡਾ. ਪ੍ਰਫੁੱਲ ਚੰਦਰ ਰੇ ਨੂੰ ਸਮਰਪਤ ਵਿਗਿਆਨ ਹਫ਼ਤਾ ਬੜੇ ਉਤਸ਼ਾਹ ਅਤੇ ਸਫਲਤਾ ਨਾਲ ਮਨਾਇਆ ਗਿਆ।ਇਸ ਹਫ਼ਤੇ ਦਾ ਉਦੇਸ਼ ਵਿਦਿਆਰਥੀਆਂ ਵਿੱਚ ਵਿਗਿਆਨਕ ਸੋਚ, ਵਾਤਾਵਰਣ ਪ੍ਰਤੀ ਜਾਗਰੂਕਤਾ ਅਤੇ ਵਿਗਿਆਨ ਵਿਸ਼ੇ ਵਿੱਚ ਰੁਚੀ ਪੈਦਾ ਕਰਨਾ ਸੀ।ਵਿਗਿਆਨ ਹਫ਼ਤੇ ਦੇ ਪਹਿਲੇ ਦਿਨ ਵਿਗਿਆਨ ਅਧਿਆਪਕ ਸਾਹਿਲ ਨੇ ਐਲੂਮੀਨੀਅਮ ਫੋਇਲ ਵਿੱਚ ਭੋਜਨ ਲਪੇਟਣ ਤੇ ਪਲਾਸਟਿਕ ਦੇ ਟਿਫ਼ਿਨ ਵਿੱਚ ਗਰਮ ਭੋਜਨ ਰੱਖਣ ਨਾਲ ਹੋਣ ਵਾਲੇ ਨੁਕਸਾਨਾਂ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਟੇਨਲੈੱਸ ਸਟੀਲ ਜਾਂ ਕੱਚ ਦੇ ਟਿਫ਼ਿਨ ਵਰਤਣ ਅਤੇ ਇੱਕ-ਵਾਰ ਵਰਤੇ ਜਾਣ ਵਾਲੇ ਪਲਾਸਟਿਕ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ।ਦੂਜੇ ਦਿਨ ਵਿਗਿਆਨ ਵਾਰਤਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਜਲ ਸੰਭਾਲ, ਵਾਤਾਵਰਣ ਸੁਰੱਖਿਆ, ਰੋਜ਼ਾਨਾ ਜੀਵਨ ਵਿੱਚ ਵਿਗਿਆਨ ਦੀ ਭੂਮਿਕਾ ਅਤੇ ਕੁਦਰਤੀ ਸਰੋਤਾਂ ਦੇ ਸਹੀ ਉਪਯੋਗ ਵਰਗੇ ਵਿਸ਼ਿਆਂ 'ਤੇ ਆਪਣੇ ਵਿਚਾਰ ਸਾਂਝੇ ਕੀਤੇ।ਪ੍ਰਸ਼ਨ-ਉੱਤਰ ਅਤੇ ਸਮੂਹ ਚਰਚਾ ਰਾਹੀਂ ਉਨ੍ਹਾਂ ਦੇ ਆਤਮ-ਵਿਸ਼ਵਾਸ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਵਿੱਚ ਵਾਧਾ ਹੋਇਆ।ਸਮੂਹ ਗਤੀਵਿਧੀਆਂ ਦਾ ਸੰਚਾਲਨ ਵਿਗਿਆਨ ਅਧਿਆਪਕ ਸਾਹਿਲ ਨੇ ਕੀਤਾ।ਅੰਤ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਨੀਲੂ ਨਰੂਲਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਗਿਆਸਾ, ਮਿਹਨਤ ਤੇ ਵਿਗਿਆਨਕ ਸੋਚ ਹੀ ਸਫਲਤਾ ਦੀ ਕੁੰਜੀ ਹੈ।

# ਯੂਨੀਵਰਸਿਟੀ ਕਾਲਜ ਬੇਨੜਾ ਦੀ ਕੰਚਨ ਨੂੰ ਚਾਂਸਲਰ ਮੈਡਲ



**ਧੂਰੀ (ਬਿੰਨੀ ਗਰਗ)**-ਯੂਨੀਵਰਸਿਟੀ ਕਾਲਜ ਬੇਨੜਾ ਦੀ ਕੰਚਨ ਰਾਣੀ ਨੂੰ 'ਮਾਸਟਰ ਆਫ਼ ਕਾਮਰਸ' ਵਿੱਚ ਪਹਿਲਾ ਸਥਾਨ ਹਾਸਲ ਕਰਨ 'ਤੇ ਪੰਜਾਬੀ ਯੂਨੀਵਰਸਿਟੀ ਵੱਲੋਂ ਚਾਂਸਲਰ ਮੈਡਲ ਪ੍ਰਦਾਨ ਕਰਨ ਲਈ ਸੱਦਾ ਪੱਤਰ ਪ੍ਰਾਪਤ ਹੋਇਆ ਹੈ।ਕਾਲਜ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਕਿਹਾ ਕਿ ਮਿਸ ਕੰਚਨ ਰਾਣੀ ਨੇ ਸੈਸ਼ਨ 2023-25 ਦੀਆਂ ਪ੍ਰੀਖਿਆਵਾਂ ਦੌਰਾਨ 10 ਵਿੱਚੋਂ 8.95 ਤੇ ਫਾਈਨਲ ਸਮੈਸਟਰ ਵਿੱਚ 9.26 ਸੀ.ਜੀ.ਪੀ.ਏ. ਦੀ ਸ਼ਾਨਦਾਰ ਉਪਲਬਧੀ ਹਾਸਲ ਕੀਤੀ ਹੈ।ਕਾਲਜ ਵਿਖੇ ਵਿਦਿਆਰਥਣ ਨੂੰ ਮੈਰਿਟ ਸਰਟੀਫਿਕੇਟ ਨਾਲ ਸਨਮਾਨਤ ਕਰਦੇ ਸਮੇਂ ਕਾਲਜ ਪ੍ਰਿੰਸੀਪਲ ਨੇ ਕਿਹਾ ਕਿ ਕੰਚਨ ਨੇ ਲਗਨ ਤੇ ਵਿੱਦਿਅਕ ਉੱਤਮਤਾ ਦਾ ਪ੍ਰਦਰਸ਼ਨ ਕੀਤਾ ਹੈ।ਉਸ ਦੀ ਪ੍ਰਾਪਤੀ ਸਾਡੀ ਸੰਸਥਾ ਤੇ ਇਲਾਕੇ ਦਾ ਮਾਣ ਵਧਾਉਂਦੀ ਹੈ।ਜਲਦ ਹੀ ਕੰਚਨ ਰਾਣੀ ਆਪਣਾ ਚਾਂਸਲਰ ਮੈਡਲ ਪੰਜਾਬ ਦੇ ਰਾਜਪਾਲ ਤੇ ਪੰਜਾਬੀ ਯੂਨੀਵਰਸਿਟੀ ਦੇ ਚਾਂਸਲਰ ਸ੍ਰੀ ਗੁਲਾਬ ਚੰਦ ਕਟਾਰੀਆ ਤੋਂ ਪ੍ਰਾਪਤ ਕਰੇਗੀ।ਕਾਮਰਸ ਵਿਭਾਗ ਦੇ ਕੋਆਰਡੀਨੇਟਰ ਡਾ. ਅਮਿਤਾ ਜੈਨ ਨੇ ਵੀ ਕੰਚਨ ਰਾਣੀ ਨੂੰ ਮੁਬਾਰਕਬਾਦ ਦਿੱਤੀ ਤੇ ਉਸ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।ਇਸ ਮੌਕੇ ਕਾਮਰਸ ਵਿਭਾਗ ਦੇ ਪ੍ਰੋ: ਪ੍ਰਭਜੋਤ ਕੌਰ, ਪ੍ਰੋ: ਰੁਪਾਲੀ ਗਰਗ ਤੇ ਪ੍ਰੋ: ਰਾਮਫਲ ਸ਼ਰਮਾ ਵੀ ਮੌਜੂਦ ਸਨ।ਕੰਚਨ ਰਾਣੀ ਨੇ ਆਪਣੇ ਅਧਿਆਪਕਾਂ ਤੇ ਪਰਿਵਾਰ ਦਾ ਇਸ ਪ੍ਰਾਪਤੀ ਲਈ ਧੰਨਵਾਦ ਕੀਤਾ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਲੈ ਕੇ ਸਰਕਾਰ ਪੂਰੀ ਤਰ੍ਹਾਂ ਚੌਕਸ : ਧਾਲੀਵਾਲ




**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਨਸ਼ਾ ਮੁਕਤੀ ਮੋਰਚਾ ਦੇ ਸਮੂਹ ਅਹੁਦੇਦਾਰਾਂ ਦੀ ਇੱਕ ਅਹਿਮ ਮੀਟਿੰਗ ਨਗਰ ਸੁਧਾਰ ਟਰੱਸਟ ਫਰੀਦਕੋਟ ਦੇ ਚੇਅਰਮੈਨ ਤੇ ਨਸ਼ਾ ਮੁਕਤੀ ਮੋਰਚਾ ਦੇ ਮਾਲਵਾ ਸੈਂਟਰਲ ਜ਼ੋਨ ਇੰਚਾਰਜ ਗਗਨਦੀਪ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਅਤੇ ਜ਼ਿਲ੍ਹਾ ਇੰਚਾਰਜ ਨਸ਼ਾ ਮੁਕਤੀ ਮੋਰਚਾ ਪ੍ਰੋ. ਗੁਰਸੇਵਕ ਸਿੰਘ ਦੀ ਪ੍ਰਧਾਨਗੀ ਵਿੱਚ ਅਸ਼ੋਕ ਚੱਕਰ ਹਾਲ ਵਿਖੇ ਹੋਈ।ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਤੇ ਐੱਸ.ਐੱਸ.ਪੀ. ਗੁਰਬੰਸ ਸਿੰਘ ਬੈਂਸ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਮੀਟਿੰਗ ਦੌਰਾਨ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਪ੍ਰਸ਼ਾਸਨ ਤੇ ਨਸ਼ਾ ਮੁਕਤੀ ਮੋਰਚਾ ਦੇ ਅਹੁਦੇਦਾਰਾਂ ਵਿਚਾਲੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਚੇਅਰਮੈਨ ਸ੍ਰ. ਗਗਨਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨਸ਼ਿਆਂ ਖ਼ਿਲਾਫ਼ ਜ਼ੀਰੋ ਟੋਲਰੈਂਸ ਦੀ ਨੀਤੀ 'ਤੇ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਸਮਾਜ ਨੂੰ ਨਸ਼ਾ-ਮੁਕਤ ਬਣਾਉਣ ਲਈ ਨਸ਼ਾ ਮੁਕਤੀ ਮੋਰਚਾ ਦੇ ਅਹੁਦੇਦਾਰਾਂ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ 15 ਅਗਸਤ ਨੂੰ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਗਮ ਦੌਰਾਨ ਸਨਮਾਨਤ ਕੀਤਾ ਜਾਵੇਗਾ।ਅੰਤ ਵਿੱਚ ਜ਼ਿਲ੍ਹਾ ਇੰਚਾਰਜ ਨਸ਼ਾ ਮੁਕਤੀ ਮੋਰਚਾ ਪ੍ਰੋ. ਗੁਰਸੇਵਕ ਸਿੰਘ ਨੇ ਸਮੂਹ ਹਾਜ਼ਰ ਅਧਿਕਾਰੀਆਂ ਤੇ ਅਹੁਦੇਦਾਰਾਂ ਦਾ ਧੰਨਵਾਦ ਕੀਤਾ ਤੇ ਸਾਰਿਆਂ ਨੂੰ ਇਸ ਲੋਕ-ਹਿੱਤ ਮੁਹਿੰਮ ਵਿੱਚ ਡੱਟ ਕੇ ਸਹਿਯੋਗ ਦੇਣ ਦੀ ਅਪੀਲ ਕੀਤੀ।ਇਸ ਮੌਕੇ ਹੋਰ ਪ੍ਰਸ਼ਾਸਨਕ ਅਧਿਕਾਰੀ ਤੇ ਨਸ਼ਾ ਮੁਕਤੀ ਮੋਰਚਾ ਦੇ ਸਮੂਹ ਕੋਆਰਡੀਨੇਟਰ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਡਾ. ਅਜੇ ਗੁਪਤਾ ਨੇ ਵਿਧਾਨ ਸਭਾ 'ਚ ਸੀਵਰੇਜ ਤੇ ਪਾਰਕਿੰਗ ਸਟੈਂਡ ਪ੍ਰੋਜੈਕਟ ਸਬੰਧੀ ਮੁੱਦੇ ਉਠਾਏ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਪੰਜਾਬ ਵਿਧਾਨ ਸਭਾ ਦੇ ਚੱਲ ਰਹੇ ਸੈਸ਼ਨ ਦੌਰਾਨ, ਕੇਂਦਰੀ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਡਾ. ਅਜੇ ਗੁਪਤਾ ਨੇ ਸੀਵਰੇਜ ਸਮੱਸਿਆ ਅਤੇ ਪਾਰਕਿੰਗ ਸਟੈਂਡ ਪ੍ਰੋਜੈਕਟ ਸਬੰਧੀ ਮੁੱਦੇ ਉਠਾਏ। ਵਿਧਾਇਕ ਡਾ. ਗੁਪਤਾ ਨੇ ਦੱਸਿਆ ਕਿ ਉਨ੍ਹਾਂ ਦੇ ਹਲਕੇ ਦੇ ਇੱਕ ਖੇਤਰ ਕਿਸ਼ਨਕੋਟ ਦੇ ਵਸਨੀਕਾਂ ਨੂੰ ਸੀਵਰੇਜ ਸਮੱਸਿਆ ਕਾਰਨ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਨਿੱਜੀ ਤੌਰ 'ਤੇ ਨਗਰ ਨਿਗਮ ਕਮਿਸ਼ਨਰ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਨਾਲ ਇਸ ਮੁੱਦੇ ਨੂੰ ਹੱਲ ਕਰਨ ਲਈ ਮੌਕੇ 'ਤੇ ਗਏ ਸਨ, ਪਰ ਕੋਈ ਸਥਾਈ ਹੱਲ ਨਹੀਂ ਲੱਭਿਆ ਗਿਆ। ਇਸ ਸਮੱਸਿਆ ਦਾ ਸਥਾਈ ਹੱਲ ਲੱਭਣ ਦੀ ਲੋੜ ਹੈ। ਵਿਧਾਇਕ ਡਾ. ਅਜੇ ਗੁਪਤਾ ਨੇ ਕੇਂਦਰੀ ਹਲਕੇ ਦੇ ਬਹੁਤ ਹੀ ਵਿਅਸਤ ਮਾਰਕੀਟ ਮਲਟੀ-ਸਟੋਰੀ ਆਟੋਮੈਟਿਡ ਮਾਡਰਨ ਕਾਰ ਪਾਰਕਿੰਗ ਸਟੈਂਡ ਪ੍ਰੋਜੈਕਟ ਦਾ ਮੁੱਦਾ ਵੀ ਉਠਾਇਆ। ਵਿਧਾਇਕ ਡਾ. ਗੁਪਤਾ ਨੇ ਦੱਸਿਆ ਕਿ ਕੇਂਦਰ ਮਾਰਕੀਟ ਪਾਰਕਿੰਗ ਸਟੈਂਡ (ਇੱਕ ਪੰਜ ਮੰਜ਼ਿਲਾ ਅਤੇ ਚਾਰ ਮੰਜ਼ਿਲਾ) ਕਾਰ ਪਾਰਕਿੰਗ ਹੈ ਜਿਸਦੀ ਸਮਰੱਥਾ 325 ਕਾਰਾਂ ਅਤੇ 70 ਦੋਪਹੀਆ ਵਾਹਨਾਂ ਲਈ ਹੈ। ਇਸ ਪਾਰਕਿੰਗ ਸਟੈਂਡ ਦੀ ਉਸਾਰੀ ਦਾ ਕੰਮ ਅਪ੍ਰੈਲ 2023 ਵਿੱਚ ਸ਼ੁਰੂ ਹੋਇਆ ਸੀ। ਇਹ ਪ੍ਰੋਜੈਕਟ 21 ਮਹੀਨਿਆਂ ਦੇ ਅੰਦਰ ਪੂਰਾ ਹੋਣਾ ਸੀ, ਪਰ ਇਸਦਾ ਨਿਰਮਾਣ ਅਜੇ ਵੀ ਅਧੂਰਾ ਹੈ। ਉਨ੍ਹਾਂ ਸਦਨ ਵਿੱਚ ਮੰਗ ਕੀਤੀ ਕਿ ਇਸ ਪ੍ਰੋਜੈਕਟ ਨੂੰ ਜਲਦੀ ਤੋਂ ਜਲਦੀ ਪੂਰਾ ਕਰਕੇ ਚਾਲੂ ਕੀਤਾ ਜਾਵੇ। ਇਸ ਪਾਰਕਿੰਗ ਸਟੈਂਡ ਦੇ ਖੁੱਲ੍ਹਣ ਨਾਲ ਹਾਲ ਬਾਜ਼ਾਰ, ਕਟੜਾ ਭਾਈਆਂ, ਰਾਮਬਾਗ, ਕਟੜਾ ਸ਼ੇਰ ਸਿੰਘ ਅਤੇ ਆਲੇ ਦੁਆਲੇ ਦੇ ਬਾਜ਼ਾਰਾਂ ਦੇ ਵਸਨੀਕਾਂ ਨੂੰ ਸੁਵਿਧਾ ਮਿਲੇਗੀ ਅਤੇ ਟ੍ਰੈਫਿਕ ਸਮੱਸਿਆ ਵੀ ਹੱਲ ਹੋਵੇਗੀ।

# 'ਕਾਰਪੋਰੇਟੋ ਭਾਰਤ ਛੱਡੋ' ਅੰਦੋਲਨ ਤਹਿਤ ਡੀ ਸੀ ਦਫ਼ਤਰ ਸਾਹਮਣੇ ਪ੍ਰਦਰਸ਼ਨ ਭਲਕੇ : ਕਾਮਰੇਡ ਸਹਿਗਲ





**ਪਠਾਨਕੋਟ (ਦਵਿੰਦਰ ਸਿੰਘ)**- ਦੇਸ਼ ਵਿਆਪੀ ਕਾਰਪੋਰੇਟੋ ਭਾਰਤ ਛੱਡੋ ਅੰਦੋਲਨ ਤਹਿਤ 10 ਅਗਸਤ ਨੂੰ ਸਾਰੇ ਦੇਸ਼ ਵਿੱਚ ਕਿਸਾਨਾਂ ਅਤੇ ਮਜ਼ਦੂਰਾਂ ਵੱਲੋਂ ਪ੍ਰਦਰਸ਼ਨ ਕਰਕੇ ਵੱਲੋਂ ਸੁਧਾ ਰਾਣੀ ਸ਼ਾਮਲ ਹੋਏ। ਮੀਟਿੰਗ ਦੇ ਫੈਸਲੇ ਪ੍ਰੈੱਸ ਨੂੰ ਜਾਰੀ ਕਰਦਿਆਂ ਕਾ. ਸਹਿਗਲ ਨੇ ਕਿਹਾ ਕਿ 10 ਅਗਸਤ ਨੂੰ ਮਲਕਪੁਰ ਸਰਕਾਰ ਦੇ ਪੁਲ ਕੋਲ 10:30 ਵਜੇ ਇਕੱਠੇ ਹੋ ਕੇ ਡੀ ਸੀ ਗ੍ਰਿਫਤਾਰੀਆਂ ਦਿੱਤੀਆਂ ਜਾ ਰਹੀਆਂ ਹਨ। ਪਠਾਨਕੋਟ ਵਿੱਚ 10 ਅਗਸਤ ਨੂੰ ਹੋ ਰਹੇ ਪ੍ਰਦਰਸ਼ਨ ਦੀ ਤਿਆਰੀ ਦੇ ਸਬੰਧ ਵਿੱਚ ਸੀ ਪੀ ਆਈ (ਐੱਮ) ਦਫਤਰ ਗਾਂਧੀ ਚੌਕ ਪਠਾਨਕੋਟ ਵਿਖੇ ਕਾ. ਸੁਰਿੰਦਰ ਸਹਿਗਲ ਦੀ ਪ੍ਰਧਾਨਗੀ ਹੇਠ ਸਨਤਕ ਜਥੇਬੰਦੀਆਂ ਦੀ ਮੀਟਿੰਗ ਹੋਈ ਜਿਸ ਵਿੱਚ ਸੀਟੂ ਵੱਲੋਂ ਕਾ ਸੁਰਿੰਦਰ ਸਹਿਗਲ, ਰਵਿੰਦਰ ਪਾਲ, ਕਿਸਾਨ ਸਭਾ ਵੱਲੋਂ ਕੇਵਲ ਕਾਲੀਆ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦਫਤਰ ਵੱਲ ਮਾਰਚ ਕਰਾਂਗੇ ਜਿਸ ਵਿੱਚ ਸਾਰੀਆਂ ਜਥੇਬੰਦੀਆਂ ਨੂੰ ਸਾਥੀ ਲਿਆਉਣ ਲਈ ਕੋਟੇ ਲਗਾ ਦਿੱਤੇ ਗਏ ਹਨ। ਸਾਰੀਆਂ ਜੱਥੇਬੰਦੀਆਂ ਨੂੰ ਵੱਧ ਤੋਂ ਵੱਧ ਸਾਥੀਆਂ ਨੂੰ ਅੰਦੋਲਨ ਵਿੱਚ ਸ਼ਾਮਲ ਕਰਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਟ੍ਰੇਡ ਯੂਨੀਅਨਾਂ, ਕਿਸਾਨ ਜਥੇਬੰਦੀਆਂ, ਖੇਤ ਮਜ਼ਦੂਰ ਜੱਥੇਬੰਦੀਆਂ ਨੇ ਦਿੱਲੀ ਵਿੱਚ ਮੀਟਿੰਗ ਕਰਕੇ ਫੈਸਲਾ ਕੀਤਾ ਕਿ ਕਾਰਪੋਰੇਟ ਭਾਰਤ ਛੱਡੋ ਅੰਦੋਲਨ ਦੀ ਵਰ੍ਹੇਗੰਢ ਮਨਾਉਂਦਿਆਂ ਦਸ ਅਗਸਤ ਨੂੰ ਕਾਰਪੋਰੇਟੋ ਭਾਰਤ ਛੱਡੋ ਅੰਦੋਲਨ ਸ਼ੁਰੂ ਕੀਤਾ ਜਾਵੇਗਾ। ਮੰਗਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਮੁਕਤ ਵਪਾਰ ਸਮਝੌਤਾ ਅਮਰੀਕਾ ਦੇ ਹਿੱਤਾਂ ਮੁਤਾਬਕ ਹੈ ਅਤੇ ਭਾਰਤ ਦੇ ਹਿੱਤਾਂ ਦੇ ਵਿਰੁੱਧ ਹੈ। ਇਹ ਸਮਝੌਤਾ ਭਾਰਤ ਦੀ ਕਿਸਾਨੀ ਨੂੰ, ਮਜ਼ਦੂਰਾਂ, ਵਪਾਰ, ਤੇ ਦੁਕਾਨਦਾਰੀ ਨੂੰ ਤਬਾਹ ਕਰ ਦੇਵੇਗਾ। ਇਸ ਸਮਝੌਤੇ ਨੂੰ ਤੁਰੰਤ ਰੱਦ ਕੀਤਾ ਜਾਵੇ। ਲੇਬਰ ਕੋਡ ਮਜ਼ਦੂਰ ਵਿਰੋਧੀ ਹਨ। ਇਨ੍ਹਾਂ ਦੇ ਰਾਹੀਂ ਮਜ਼ਦੂਰ ਪੱਖੀ ਲੇਬਰ ਕਾਨੂੰਨ ਲਾਗੂ ਕੀਤੇ ਜਾਣ। ਕੇਂਦਰ ਸਰਕਾਰ ਨੇ ਮਜ਼ਦੂਰਾਂ ਦੀ ਦਿਹਾੜੀ ਕਰ ਦਿੱਤੀ ਹੈ। ਮਜ਼ਦੂਰ ਦੇ ਕੰਮ ਦੇ ਘੰਟੇ 8 ਕੀਤੇ ਜਾਣ ਕੇਂਦਰ ਸਰਕਾਰ ਵੱਲੋਂ 12 ਘੰਟੇ ਕੰਮ ਕਰਨ ਦੀ ਸ਼ਰਤ ਦਿੱਤਾ ਕੀਤੀ। ਮਨਰੇਗਾ ਨੂੰ ਬਹਾਲ ਕੀਤਾ ਜਾਵੇ।

# ਮੰਦਰ 'ਚੋਂ ਹਾਰ ਚੋਰੀ ਕਰਨ ਵਾਲਾ ਚੜ੍ਹਿਆ ਪੁਲਸ ਅੜਿੱਕੇ

**ਗੁਰਦਾਸਪੁਰ, (ਜਨਕ ਮਹਾਜਨ)**- ਪੁਲਸ ਸਟੇਸ਼ਨ ਪੁਰਾਣਾ ਸ਼ਾਲਾ ਅੰਦਰ ਪੈਂਦੇ ਪਿੰਡ ਜੱਟੂਵਾਲ ਵਿਖੇ ਇਕ ਮੰਦਰ ਵਿੱਚ ਕੁਝ ਅਣਪਛਾਤੇ ਚੋਰਾਂ ਨੇ ਗੋਲਕ ਤੋੜ ਕੇ ਨਕਦੀ ਚੋਰੀ ਕਰ ਲਈ ਗਈ। ਪੁਰਾਣਾ ਸ਼ਾਲਾ ਪੁਲਸ ਨੇ ਜਾਂਚ ਪੜਤਾਲ ਤੋਂ ਬਾਅਦ ਕਥਿਤ ਚੋਰ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਸੁਰਿੰਦਰ ਮੋਹਨ ਪੁੱਤਰ ਦੇਵ ਰਾਜ ਵਾਸੀ ਜੱਟੂਵਾਲ ਜੋ ਮੰਦਿਰ ਬਾਬਾ ਸਿੱਧ ਗੋਰੀਆ ਨਾਥ ਜੀ ਵਿਖੇ ਸੇਵਾਦਾਰ ਹੈ, ਨੇ ਦੱਸਿਆ ਕਿ 7 ਅਗਸਤ ਨੂੰ ਸਵੇਰੇ 5 ਵਜੇ ਉਹ ਮੰਦਰ ਗਿਆ ਤਾਂ ਦੇਖਿਆ ਕਿ ਬਾਬਾ ਜੀ ਦੇ ਗਲੇ ਵਿਚ ਪਿਆ 2100 ਰੁਪਏ ਦਾ ਹਾਰ ਗਾਇਬ ਸੀ। ਸੁਰਿੰਦਰ ਸਿੰਘ ਨੂੰ ਪਤਾ ਲੱਗਾ ਕਿ ਇਹ ਚੋਰੀ ਕਰਨ ਵਾਲਾ ਕੁਮਾਰ ਉਰਫ ਪ੍ਰਿੰਸ ਪੁੱਤਰ ਰਵੀ ਕੁਮਾਰ ਵਾਸੀ ਜੱਟੂਵਾਲ ਨੇ ਕੀਤੀ ਹੈ। ਪੁਲਸ ਨੇ ਪ੍ਰਿੰਸ ਕੁਮਾਰ ਨੂੰ ਕਾਬੂ ਕਰਕੇ ਉਸ ਪਾਸੋਂ ਚੋਰੀ ਕੀਤੇ 700 ਰੁਪਏ ਬਰਾਮਦ ਕੀਤੇ ਹਨ। ਥਾਣਾ ਪੁਰਾਣਾ ਸ਼ਾਲਾ ਪੁਲਿਸ ਨੇ ਉਕਤ ਚੋਰ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਸਿਹਤ ਵਿਭਾਗ ਦੇ ਮੁਲਾਜ਼ਮਾਂ ਵੱਲੋਂ ਪੰਜਾਬ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ



**ਚੋਹਲਾ ਸਾਹਿਬ (ਰਮਨ ਚੱਢਾ)**- ਮੁਲਾਜ਼ਮ ਮੰਚ ਪੰਜਾਬ ਅਤੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਫਰੰਟ ਦੇ ਸਾਂਝੇ ਸੰਘਰਸ਼ ਦੁਆਰਾ ਅੱਜ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਰਾਜ ਸਰਕਾਰ ਨੂੰ ਚੰਡੀਗੜ੍ਹ ਵਿਖੇ 7 ਅਗਸਤ ਨੂੰ ਮਹਾਂ-ਰੈਲੀ ਕੀਤੀ ਗਈ ਸੀ ਜਿਸ ਵਿੱਚ ਸਿਹਤ ਵਿਭਾਗ ਦੇ ਮੁਲਾਜ਼ਮਾਂ ਵੱਲੋਂ ਵੀ ਵੱਧ ਚੜ੍ਹ ਕੇ ਹਿੱਸਾ ਲਿਆ ਗਿਆ। ਉਨ੍ਹਾਂ ਦੱਸਿਆ ਕਿ ਸੰਘਰਸ਼ੀ ਜਥੇਬੰਦੀਆਂ ਵੱਲੋਂ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਖ਼ਿਲਾਫ਼ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਹਾਜ਼ਰ ਕਰਮਚਾਰੀਆਂ ਨੇ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਜੇਕਰ ਪੰਜਾਬ ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਇਸ ਸਮੇਂ ਡਾਕਟਰ ਕਵਲਪ੍ਰੀਤ ਸਿੰਘ ਮੈਡੀਕਲ ਅਫਸਰ, ਮਨਦੀਪ ਕੌਰ ਫਾਰਮੇਸੀ ਅਫਸਰ, ਪਰਮਜੀਤ ਕੌਰ ਅਤੇ ਹੋਰ ਕਰਮਚਾਰੀ ਹਾਜ਼ਰ ਸਨ।

# ਸੁਤੰਤਰਤਾ ਦਿਹਾੜੇ ਦੇ ਮੱਦੇਨਜ਼ਰ ਪੁਲਸ ਪ੍ਰਸ਼ਾਸਨ ਨੇ ਚੌਕਸੀ ਵਧਾਈ



**ਅੰਮ੍ਰਿਤਸਰ (ਅਫੜਾ)**- ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ ਦੇ ਸਖ਼ਤ ਨਿਰਦੇਸ਼ਾਂ ਤੇ ਚੱਲਦੇ ਗੁਰੂ ਦੀ ਨਗਰੀ ਦੇ ਸਮੂਹ ਪੁਲਸ ਥਾਣਿਆਂ ਅਤੇ ਪੁਲਸ ਚੌਕੀਆਂ ਨੂੰ ਆਪਣੇ-ਆਪਣੇ ਖੇਤਰ ਵਿੱਚ ਨਿਗਰਾਨੀ ਅਤੇ ਚੌਕਸੀ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਦੇ ਚੱਲਦੇ ਕਿਸੀ ਵੀ ਅਣਸੁਖਾਵੀਂ ਘਟਨਾ ਦੀ ਰੋਕਥਾਮ ਲਈ ਪੁਲਿਸ ਪ੍ਰਸ਼ਾਸਨ ਦੇ ਨਿਰਦੇਸ਼ ਦੇ ਤਹਿਤ ਪੀ.ਸੀ.ਆਰ ਅਤੇ 112 ਦੇ ਮੁੱਖੀ ਐਸ.ਆਈ ਪਵਨ ਕੁਮਾਰ ਦੀ ਦੇਖ ਰੇਖ ਹੇਠਾਂ ਪੁਲਿਸ ਥਾਣਾ ਛੇਹਰਟਾ ਦੇ ਅਧੀਨ ਪੈਂਦੇ ਖੰਡਵਾਲਾ ਚੌਕ ਵਿੱਚ ਨਾਕਾ ਲਗਾਇਆ ਗਿਆ। ਜਿਸ ਵਿੱਚ ਆਉਣ ਜਾਣ ਵਾਲੇ ਵਾਹਨਾਂ ਦੀ ਤਲਾਸ਼ੀ ਵੀ ਲਈ ਗਈ। ਐਸ.ਆਈ ਪਵਨ ਕੁਮਾਰ ਨੇ ਖੇਤਰ ਦੇ ਦੁਕਾਨਦਾਰਾਂ ਅਤੇ ਨਾਗਰਿਕਾਂ ਨੂੰ ਕਿਹਾ ਕਿ ਕਿਸੀ ਵੀ ਅਣਸੁਖਾਵੀਂ ਘਟਨਾ ਦੀ ਰੋਕਥਾਮ ਲਈ ਆਪਣੇ ਵਾਹਨਾਂ ਅਤੇ ਦੁਕਾਨਾਂ ਦੇ ਆਸ ਪਾਸ ਪੂਰੀ ਚੌਕਸੀ ਰੱਖਣ। ਕੋਈ ਵੀ ਅਣਪਛਾਤੀ ਵਿਅਕਤੀ ਦਿਖਾਈ ਦੇਣ ਤੇ ਉਸਦੀ ਨਿਗਰਾਨੀ ਕਰੋ ਅਤੇ ਇਸ ਸਬੰਧੀ ਤੁਰੰਤ 112 ਨੰਬਰ ਤੇ ਪੁਲਿਸ ਨੂੰ ਸੂਚਿਤ ਕਰਨ। ਇਸ ਮੌਕੇ ਤੇ ਐਸ.ਆਈ ਪਵਨ ਕੁਮਾਰ ਦੇ ਨਾਲ ਏ.ਐਸ. ਆਈ ਲਖਵਿੰਦਰ ਸਿੰਘ, ਏ.ਐਸ.ਆਈ ਰਾਕੇਸ਼ ਕੁਮਾਰ, ਏ.ਐਸ.ਆਈ ਜਸਪਾਲ ਸਿੰਘ ਅਤੇ ਹੋਰ ਪੁਲਿਸ ਅਧਿਕਾਰੀ ਵੀ ਮੌਜੂਦ ਸਨ।

# ਸਮਾਜਿਕ ਮਹਾਂ-ਗਠਜੋੜ ਆਵੇਗਾ ਹੋਂਦ 'ਚ : ਸੁਖਜੀਤ ਨਾਥ



**ਬਿਆਸ, (ਪਰਮਜੀਤ ਸਿੰਘ ਰੱਖੜਾ)**- ਰਾਸ਼ਟਰੀ ਹਿੰਦੂ ਯੁਵਾ ਵਾਹਿਨੀ ਦੇ ਮੁਖ ਪ੍ਰਧਾਨ ਬਾਬਾ ਸੁਖਜੀਤ ਨਾਥ ਨੇ ਦੱਸਿਆ ਕਿ ਅਸੀਂ ਪੰਜਾਬ ਦੇ ਧਾਰਮਿਕ, ਪ੍ਰਸ਼ਾਸਨਿਕ ਅਤੇ ਸਮਾਜਿਕ ਹਲਕਿਆਂ 'ਚ ਵਿਚਰਨ ਵਾਲੀਆਂ ਜਥੇਬੰਦੀਆਂ, ਸੰਸਥਾਵਾਂ ਅਤੇ ਯੂਨੀਅਨਾਂ ਦੇ ਪ੍ਰਤੀਨਿਧਾਂ ਨੂੰ ਇੱਕ ਮੰਚ 'ਤੇ ਲਿਆ ਕੇ ਸਮਾਜਿਕ ਜਥੇਬੰਦੀਆਂ ਅਧਾਰਤ ਮਹਾਂ-ਗਠਜੋੜ ਪੰਜਾਬ 'ਚ ਸਥਾਪਤ ਕਰ ਰਹੇ ਹਾਂ। ਬਾਬਾ ਸੁਖਜੀਤ ਨਾਥ ਨੇ ਦੱਸਿਆ ਕਿ ਮਾਝਾ, ਮਾਲਵਾ ਅਤੇ ਦੁਆਬੇ 'ਚ ਜਥੇਬੰਦੀਆਂ ਆਪਣੇ ਬਲਬੂਤੇ ਅਤੇ ਨਿੱਜੀ ਪ੍ਰਯਾਸ ਨਾਲ ਰਾਜਸੀ ਹਲਕਿਆਂ ਨੂੰ ਨਵੀਂ ਦਿਸ਼ਾ ਦੇਣਗੀਆਂ। ਉਨ੍ਹਾਂ ਕਿਹਾ ਕਿ ਵਾਲਮੀਕਿ ਜਥੇਬੰਦੀਆਂ ਦੇ ਲੀਡਰਾਂ ਨਾਲ ਵੀ ਅੰਦਰਖਾਤੇ ਤਾਲਮੇਲ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਮਾਜ ਨੂੰ ਸੰਗਠਿਤ ਕਰਨ ਦੇ ਮਕਸਦ ਦੀ ਪੂਰਤੀ ਨੂੰ ਲੈ ਕੇ ਅਸੀਂ ਗੁਰੂ ਗਿਆਨ ਨਾਥ ਆਸ਼ਰਮ ਅੰਮ੍ਰਿਤਸਰ ਵੀ ਹਾਜ਼ਰੀ ਭਰ ਆਏ ਹਾਂ। ਉਨ੍ਹਾ ਕਿਹਾ ਕਿ ਹੁਣ ਜਲੰਧਰ ਸਥਿਤ ਡੇਰਿਆਂ ਤੱਕ ਪਹੁੰਚ ਕੀਤੀ ਜਾ ਰਹੀ ਹੈ। ਉਨ੍ਹਾ ਦੱਸਿਆ ਕਿ ਮਾਝੇ 'ਚ ਸਮਾਜਿਕ ਜਥੇਬੰਦੀਆਂ ਰਾਜਨੀਤਕ ਸਮੀਕਰਨ ਬਦਲਣ ਜਾ ਰਹੀਆਂ ਹਨ। ਇੱਕ ਸਵਾਲ ਦੇ ਜਵਾਬ 'ਚ ਉਨ੍ਹਾ ਦੱਸਿਆ ਕਿ ਅਸੀਂ ਮੁਸਲਿਮ, ਈਸਾਈ ਅਤੇ ਹੋਰਨਾਂ ਸਮੁਦਾਇਆਂ ਦੇ ਲੋਕਾਂ ਨਾਲ ਵੀ ਤਾਲਮੇਲ ਕਰਕੇ ਵੱਡੇ ਪੱਧਰ 'ਤੇ ਪੰਜਾਬ 'ਚ ਸਮਾਜਿਕ ਜਥੇਬੰਦੀਆਂ ਦਾ ਮਜ਼ਬੂਤ ਗਠਜੋੜ ਹੋਂਦ 'ਚ ਲਿਆ ਰਹੇ ਹਾਂ।

# ਪੀ. ਐੱਮ. ਰਾਹਤ ਸਕੀਮ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਰਿਤੇਸ਼ ਵੀਰ ਗੁਪਤਾ ਖੇਤਰੀ ਟਰਾਂਸਪੋਰਟ ਅਫਸਰ (ਆਰਟੀਓ) ਅੰਮ੍ਰਿਤਸਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਸੜਕ ਹਾਦਸਿਆਂ ਦੇ ਪੀੜਤਾਂ ਨੂੰ ਸਮੇਂ ਸਿਰ ਇਲਾਜ ਮੁਹੱਈਆ ਕਰਵਾਉਣ ਲਈ ਕੇਂਦਰ ਸਰਕਾਰ ਦੀ ਪ੍ਰਧਾਨ ਮੰਤਰੀ ਸੜਕ ਹਾਦਸਾ ਪੀੜਤ ਹਸਪਤਾਲਾਇਜੇਸ਼ਨ ਅਤੇ ਭਰੋਸੇਯੋਗ ਇਲਾਜ (ਪੀ. ਐੱਮ.-ਰਾਹਤ) ਸਕੀਮ ਦਾ ਵੱਧ ਤੋਂ ਵੱਧ ਲਾਭ ਉਠਾਇਆ ਜਾਵੇ। ਇਸ ਸਕੀਮ ਤਹਿਤ ਯੋਗ ਸੜਕ ਹਾਦਸਾ ਪੀੜਤਾਂ ਨੂੰ ਸੂਚੀਬੱਧ ਹਸਪਤਾਲਾਂ ਵਿੱਚ 1.50 ਲੱਖ ਤੱਕ ਦਾ ਸੱਤ ਦਿਨਾਂ ਲਈ ਕੈਸ਼ਲੈੱਸ ਇਲਾਜ ਉਪਲਬਧ ਕਰਵਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸੜਕ ਹਾਦਸੇ ਤੋਂ ਬਾਅਦ ਦੇ ਪਹਿਲੇ ਕੁਝ ਮਿੰਟ ਬਹੁਤ ਮਹੱਤਵਪੂਰਨ ਹੁੰਦੇ ਹਨ। ਜੇਕਰ ਜ਼ਖਮੀ ਵਿਅਕਤੀ ਨੂੰ ਸਮੇਂ ਸਿਰ ਹਸਪਤਾਲ ਪਹੁੰਚਾਇਆ ਜਾਵੇ ਤਾਂ ਉਸਦੀ ਜਾਨ ਬਚਣ ਦੀ ਸੰਭਾਵਨਾ ਕਾਫ਼ੀ ਵੱਧ ਜਾਂਦੀ ਹੈ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਹਾਦਸਾ ਦੇਖਣ ਦੀ ਸੂਰਤ ਵਿੱਚ ਜ਼ਖਮੀ ਦੀ ਤੁਰੰਤ ਮਦਦ ਕਰਦੇ ਹੋਏ ਉਸ ਨੂੰ ਨਜ਼ਦੀਕੀ ਸੂਚੀਬੱਧ ਹਸਪਤਾਲ ਪਹੁੰਚਾਇਆ ਜਾਵੇ। ਉਨ੍ਹਾਂ ਕਿਹਾ ਕਿ ਪੀ.ਐੱਮ.-ਰਾਹਤ ਅਤੇ ਰਾਹ-ਵੀਰ ਸਕੀਮਾਂ ਇਕ-ਦੂਜੇ ਦੀਆਂ ਪੂਰਕ ਹਨ। ਜਿੱਥੇ ਪੀ.ਐੱਮ.-ਰਾਹਤ ਹਾਦਸਾ ਪੀੜਤਾਂ ਨੂੰ ਸਮੇਂ ਸਿਰ ਕੈਸ਼ਲੈੱਸ ਇਲਾਜ ਯਕੀਨੀ ਬਣਾਉਂਦੀ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਸੜਕ ਹਾਦਸੇ ਦੀ ਸਥਿਤੀ ਵਿੱਚ ਤੁਰੰਤ ਮਦਦ ਕਰਕੇ ਜ਼ਖਮੀ ਨੂੰ ਹਸਪਤਾਲ ਪਹੁੰਚਾਉਣ ਵਿੱਚ ਆਪਣਾ ਯੋਗਦਾਨ ਪਾਉਣ ਅਤੇ ਕੀਮਤੀ ਮਨੁੱਖੀ ਜਾਨਾਂ ਬਚਾਉਣ ਵਿੱਚ ਸਹਿਯੋਗ ਦੇਣ।

# ਕੈਬਨਿਟ ਮੰਤਰੀ ਕਟਾਰੂਚੱਕ ਨੇ ਸੈਲਫ ਹੈਲਪ ਗਰੁੱਪਾਂ ਨੂੰ ਅਜੀਵਿਕਾ ਮਿਸ਼ਨ ਤਹਿਤ ਸੌਂਪੀਆਂ ਈ-ਕਾਰਟ ਦੀਆਂ ਚਾਬੀਆਂ



● ਸੈਲਫ ਹੈਲਪ ਗਰੁੱਪਾਂ ਨੂੰ ਵਿਆਜ ਮੁਕਤ 10 ਈ-ਰਿਕਸ਼ੇ ਵੰਡੇ ਜਾਣਗੇ

**ਪਠਾਨਕੋਟ, (ਰਵਿੰਦਰ ਸਿੰਘ)**- ਪੰਜਾਬ ਰਾਜ ਅਜੀਵਿਕਾ ਮਿਸ਼ਨ ਤਹਿਤ ਸੈਲਫ ਹੈਲਪ ਗਰੁੱਪਾਂ ਨੂੰ ਆਤਮ-ਨਿਰਭਰ ਬਣਾਉਣ ਅਤੇ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਕਰਨ ਦੇ ਉਦੇਸ਼ ਨਾਲ ਜ਼ਿਲ੍ਹਾ ਪਠਾਨਕੋਟ ਵਿੱਚ ਵਿਆਜ ਮੁਕਤ 10 ਈ-ਰਿਕਸ਼ਾ (ਈ-ਕਾਰਟ) ਮੁਹੱਈਆ ਕਰਵਾਏ ਜਾ ਰਹੇ ਹਨ। ਇਸ ਲੜੀ ਤਹਿਤ ਏ. ਡੀ. ਸੀ. (ਡਿਵੈਲਪਮੈਂਟ) ਦਫ਼ਤਰ, ਪਠਾਨਕੋਟ ਵਿਖੇ ਸੈਲਫ ਹੈਲਪ ਗਰੁੱਪਾਂ ਨੂੰ ਈ-ਰਿਕਸ਼ਾ ਦੀਆਂ ਚਾਬੀਆਂ ਸੌਂਪਣ ਸਬੰਧੀ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਲਾਭਪਾਤਰੀਆਂ ਨੂੰ ਈ-ਰਿਕਸ਼ਿਆਂ ਦੀਆਂ ਚਾਬੀਆਂ ਸੌਂਪੀਆਂ। ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਦੱਸਿਆ ਕਿ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਨਰੋਟ ਜੈਮਲ ਸਿੰਘ, ਬਲਾਕ ਘਰੋਟਾ, ਬਲਾਕ ਸੁਜਾਨਪੁਰ, ਬਲਾਕ ਧਾਰ ਅਤੇ ਬਲਾਕ ਪਠਾਨਕੋਟ ਨਾਲ ਸਬੰਧਤ ਸੈਲਫ ਹੈਲਪ ਗਰੁੱਪਾਂ ਨੂੰ ਕੁੱਲ 10 ਈ-ਰਿਕਸ਼ੇ ਦਿੱਤੇ ਜਾ ਰਹੇ ਹਨ। ਇਨ੍ਹਾਂ ਵਿੱਚ ਖੁਸ਼ੀਨਗਰ, ਹੈਬੋ, ਤਾਜਪੁਰ ਅਤੇ ਸਤਵਾਲ ਸਮੇਤ ਵੱਖ-ਵੱਖ ਪਿੰਡਾਂ ਦੇ ਸੈਲਫ ਹੈਲਪ ਗਰੁੱਪ ਸ਼ਾਮਲ ਹਨ। ਕੁੱਲ 10 ਈ-ਰਿਕਸ਼ਿਆਂ ਵਿੱਚੋਂ 5 ਈ-ਰਿਕਸ਼ੇ ਐੱਸ ਅਤੇ ਬਾਕੀ 5 ਈ-ਰਿਕਸ਼ੇ ਸਿਮਰਨ ਨੂੰ ਲਾਭਪਾਤਰੀਆਂ ਨੂੰ ਮੁਹੱਈਆ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਹਰੇਕ ਈ-ਰਿਕਸ਼ੇ ਦੀ ਕੀਮਤ ਕਰੀਬ 1 ਲੱਖ 62 ਹਜ਼ਾਰ ਰੁਪਏ ਹੈ ਅਤੇ ਇਸ ਤਰ੍ਹਾਂ ਇਨ੍ਹਾਂ 10 ਈ-ਰਿਕਸ਼ਿਆਂ ਦੀ ਕੁੱਲ ਕੀਮਤ ਲਗਭਗ 16 ਲੱਖ ਰੁਪਏ ਬਣਦੀ ਹੈ। ਇਸ ਯੋਜਨਾ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਲਾਭਪਾਤਰੀਆਂ ਨੂੰ ਇਹ ਸਹੂਲਤ ਵਿਆਜ ਮੁਕਤ ਆਧਾਰ ਤੇ ਦਿੱਤੀ ਜਾ ਰਹੀ ਹੈ। ਇਸ ਸਕੀਮ ਅਧੀਨ ਲਾਭਪਾਤਰੀਆਂ ਨੂੰ ਪਹਿਲੇ ਦੋ ਸਾਲ ਤੱਕ ਕਿਸੇ ਵੀ ਤਰ੍ਹਾਂ ਦੀ ਕਿਸ਼ਤ ਅਦਾ ਨਹੀਂ ਕਰਨੀ ਪਵੇਗੀ। ਦੋ ਸਾਲ ਪੂਰੇ ਹੋਣ ਤੋਂ ਬਾਅਦ ਕਿਸ਼ਤਾਂ ਦੀ ਅਦਾਇਗੀ ਸ਼ੁਰੂ ਹੋਵੇਗੀ ਅਤੇ ਇਨ੍ਹਾਂ ਕਿਸ਼ਤਾਂ ਉਤੇ ਕਿਸੇ ਵੀ ਤਰ੍ਹਾਂ ਦਾ ਵਿਆਜ ਨਹੀਂ ਲੱਗੇਗਾ। ਇਸ ਨਾਲ ਸੈਲਫ ਹੈਲਪ ਗਰੁੱਪਾਂ ਨਾਲ ਜੁੜੀਆਂ ਮਹਿਲਾਵਾਂ ਅਤੇ ਹੋਰ ਲਾਭਪਾਤਰੀਆਂ ਨੂੰ ਆਪਣਾ ਕੰਮ ਸ਼ੁਰੂ ਕਰਨ ਅਤੇ ਆਮਦਨ ਪੈਦਾ ਕਰਨ ਲਈ ਵੱਡਾ ਸਹਾਰਾ ਮਿਲੇਗਾ। ਇਨ੍ਹਾਂ ਈ-ਰਿਕਸ਼ਿਆਂ ਦੀ ਵਰਤੋਂ ਮੁੱਖ ਤੌਰ ਤੇ ਵੇਰਕਾ ਦੇ ਉਤਪਾਦਾਂ ਦੀ ਵਿਕਰੀ ਲਈ ਕੀਤੀ ਜਾਵੇਗੀ। ਈ-ਕਾਰਟ ਰਾਹੀਂ ਆਈਸਕ੍ਰੀਮ, ਖੀਰ, ਲੱਸੀ, ਦੁੱਧ ਅਤੇ ਹੋਰ ਖਾਣ-ਪੀਣ ਵਾਲੇ ਉਤਪਾਦ ਲੋਕਾਂ ਤੱਕ ਪਹੁੰਚਾਏ ਜਾਣਗੇ। ਇਸ ਨਾਲ ਜਿੱਥੇ ਵੇਰਕਾ ਦੇ ਉਤਪਾਦਾਂ ਨੂੰ ਲੋਕਾਂ ਤੱਕ ਆਸਾਨੀ ਨਾਲ ਪਹੁੰਚਾਉਣ ਵਿੱਚ ਮਦਦ ਮਿਲੇਗੀ, ਉੱਥੇ ਹੀ ਸੈਲਫ ਹੈਲਪ ਗਰੁੱਪਾਂ ਦੇ ਮੈਂਬਰਾਂ ਲਈ ਰੋਜ਼ਗਾਰ ਅਤੇ ਆਮਦਨ ਦਾ ਇੱਕ ਨਵਾਂ ਸਾਧਨ ਵੀ ਤਿਆਰ ਹੋਵੇਗਾ। ਇਸ ਮੌਕੇ ਵਾਰਡ ਨੰਬਰ 43 ਤੋਂ ਕੌਂਸਲਰ ਹਰੀਸ਼ ਕੁਮਾਰ ਗੋਰਖਾ, ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਚਾਂਦ ਠਾਕੁਰ, ਡੀਐਫਐਮ ਸੌਰਵ ਮਹਾਜਨ, ਰਜੇਸ਼ ਕੁਮਾਰ, ਬੀਪੀਐਮ ਮਨਜੀਤ ਸਿੰਘ, ਬੀਪੀਐਮ ਰਜਿੰਦਰ ਕੁਮਾਰ, ਬੀਪੀਐੱਮ ਨਿਤੇਸ਼ ਸ਼ਰਮਾ, ਬੀਪੀਐੱਮ ਸੁਰਿੰਦਰ ਵਰਮਾ, ਬੀਪੀਐੱਮ ਗੀਤੂ ਅਤੇ ਇਸ ਤੋਂ ਇਲਾਵਾ ਪੰਜਾਬ ਰਾਜ ਆਜੀਵਿਕਾ ਮਿਸ਼ਨ ਦਾ ਸਮੁੱਚਾ ਸਟਾਫ਼ ਅਤੇ ਸੈਲਫ ਹੈਲਪ ਗਰੁੱਪਾਂ ਨਾਲ ਸਬੰਧਤ ਮੈਂਬਰ ਮੌਜੂਦ ਸਨ।

# ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ



**ਬਟਾਲਾ, (ਡਾ. ਮਲਵਿੰਦਰ ਸਿੰਘ)**- ਬੀਤੇ ਦਿਨੀਂ ਦੇਸ਼ ਰਾਜ ਭੋਲੋਵਾਲੀ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਵਿਖੇ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ ਗਿਆ। ਇਸ ਮੌਕੇ ਸਕੂਲ ਦੀ ਮੈਨੇਜਰ ਹਰਪ੍ਰੀਤ ਕੌਰ, ਪ੍ਰਿੰਸੀਪਲ ਸਵਿਤਾ ਭਾਸਕਰ ਸਮੂਹ ਅਧਿਆਪਕ ਅਤੇ ਵਿਦਿਆਰਥੀ ਸ਼ਾਮਿਲ ਸਨ। ਇਸ ਮੌਕੇ ਝਾਕੀ ਮਨਾਏ ਗਏ ਵਿਦਿਆਰਥਣ ਗੁਰਪ੍ਰੀਤ ਕੌਰ ਨੇ ਸ਼ਹੀਦ ਊਧਮ ਸਿੰਘ ਦੀ ਬਹਾਦਰੀ ਨੂੰ ਸਮਰਪਿਤ ਗੀਤ ਭਾਵਪੂਰਤ ਪੇਸ਼ ਕੀਤਾ। ਇਸ ਮੌਕੇ 'ਤੇ ਵਿਦਿਆਰਥੀਆਂ ਵੱਲੋਂ ਪੋਸਟਰ ਮੇਕਿੰਗ ਅਤੇ ਸਲੋਗਨ ਰਾਈਟਿੰਗ ਕਰਵਾਈ ਗਈ ਅਤੇ ਵਿਦਿਆਰਥੀਆਂ ਨੇ ਦੇਸ਼ ਭਗਤੀ ਦੇ ਗੀਤ ਤੇ ਕਵਿਤਾਵਾਂ ਪੇਸ਼ ਕੀਤੀਆਂ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸਵਿਤਾ ਭਾਸਕਰ ਨੇ ਵਿਦਿਆਰਥੀਆਂ ਨੂੰ ਸ਼ਹੀਦ ਊਧਮ ਸਿੰਘ ਦੀ ਅਦੁੱਤੀ ਦੇਸ਼ ਭਗਤੀ ਅਤੇ ਕੁਰਬਾਨੀ ਨੂੰ ਨਮਨ ਕਰਦਿਆਂ ਉਨ੍ਹਾਂ ਦੇ ਆਦਰਸ਼ਾਂ ਤੇ ਚੱਲਣ ਦੀ ਪ੍ਰੇਰਨਾ ਦਿੱਤੀ।

# ਵਦਾਦਪੁਰ 'ਚ ਲੈਬਾਰਟਰੀ ਚੈੱਕਅੱਪ ਕੈਂਪ ਅੱਜ

**ਬਿਆਸ (ਪਰਮਜੀਤ ਸਿੰਘ ਰੱਖੜਾ)** ਪਿੰਡ ਵਦਾਦਪੁਰ ਦੇ ਸਰਕਾਰੀ ਮਿਡਲ ਸਕੂਲ ਨਜ਼ਦੀਕ ਬੱਸ ਸਟਾਪ ਵਿਖੇ 'ਮਿਸ਼ਨ ਸਿਹਤਮੰਦ ਪੰਜਾਬ' ਲਾਈਫ ਕੇਅਰ ਫਾਊਂਡੇਸ਼ਨ ਵੱਲੋਂ 9 ਅਗਸਤ (ਐਤਵਾਰ) ਨੂੰ ਚੈਰੀਟੇਬਲ ਲੈਬਾਰਟਰੀ ਕੈਂਪ ਲਗਾਇਆ ਜਾ ਰਿਹਾ ਹੈ। ਲਾਈਫ ਕੇਅਰ ਫਾਊਂਡੇਸ਼ਨ ਦੇ ਮੈਨੇਜਰ ਰਜਿੰਦਰ ਸਿੰਘ ਨੇ ਦੱਸਿਆ ਕਿ ਇਹ ਕੈਂਪ ਸਵੇਰੇ 7 ਵਜੇ ਤੋਂ ਦੁਪਹਿਰ 12 ਵਜੇ ਤੱਕ ਲਗੇਗਾ ਇਸ ਕੈਂਪ ਵਿੱਚ ਕਿਡਨੀ ਦੇ 6 ਟੈਸਟ, ਜਿਵੇਂ ਕਿ ਬਲੱਡ ਯੂਰੀਆ, ਬਲੱਡ ਯੂਰੀਆ ਨਾਈਟ੍ਰੋਜਨ, ਕ੍ਰਿਏਟੀਨਿਨ, ਬਲੱਡ ਯੂਰੀਆ ਕ੍ਰਿਏਟੀਨਿਨ ਰੇਸ਼ੋ, ਗੁਰਦਿਆਂ ਦੇ ਟੈਸਟ, ਯੂਰਿਕ ਐਸਿਡ ਦਾ ਇੱਕ ਟੈਸਟ, ਬਲੱਡ ਗਲੂਕੋਜ਼/ ਸ਼ੂਗਰ ਦਾ ਇੱਕ ਟੈਸਟ ਬਿਲਕੁਲ ਮੁਫ਼ਤ ਕੀਤੇ ਜਾਣਗੇ। ਬਾਕੀ ਟੈਸਟਾਂ ਵੀ 75 ਪ੍ਰਤੀਸ਼ਤ ਘੱਟ ਰੇਟ 'ਤੇ ਕੀਤੇ ਜਾਣਗੇ। ਰਜਿੰਦਰ ਸਿੰਘ ਨੇ ਅਪੀਲ ਕੀਤੀ ਕਿ ਟੈਸਟ ਕਰਾਉਣ ਲਈ ਖ਼ਾਲੀ ਪੇਟ ਹੀ ਆਇਆ ਜਾਵੇ।

# ਏਆਈ ਨੇ 'ਪ੍ਰੋਜੈਕਟ ਟਰੱਸਟ' ਕੀਤਾ ਲਾਂਚ

**ਲੁਧਿਆਣਾ:** ਏਆਈ+ ਸਮਾਰਟਫੋਨ ਨੇ ਭਾਰਤ ਵਿੱਚ 'ਪ੍ਰੋਜੈਕਟ ਟਰੱਸਟ' ਦੀ ਸ਼ੁਰੂਆਤ ਕੀਤੀ ਹੈ, ਜਿਸ ਦਾ ਮਕਸਦ ਟੈੱਕ ਕਮਿਊਨਿਟੀ ਦੇ ਸਹਿਯੋਗ ਨਾਲ ਦੇਸ਼ ਦਾ ਸਭ ਤੋਂ ਭਰੋਸੇਯੋਗ ਅਤੇ ਸੁਰੱਖਿਅਤ ਸਮਾਰਟਫੋਨ ਈਕੋਸਿਸਟਮ ਤਿਆਰ ਕਰਨਾ ਹੈ। ਕੰਪਨੀ ਅਗਲੇ ਪੰਜ ਸਾਲਾਂ ਦੌਰਾਨ ਹਰ ਸਾਲ 20 ਕਰੋੜ ਰੁਪਏ, ਯਾਨੀ ਕੁੱਲ 100 ਕਰੋੜ ਰੁਪਏ ਨਿਵੇਸ਼ ਕਰੇਗੀ। ਇਸ ਪਹਿਲਕਦਮੀ ਤਹਿਤ ਸੁਰੱਖਿਆ ਖੋਜਕਰਤਾਵਾਂ ਅਤੇ ਡਿਵੈਲਪਰਾਂ ਨੂੰ ਸਿਸਟਮ ਦੀ ਜਾਂਚ ਕਰਕੇ ਕਮਜ਼ੋਰੀਆਂ ਦੀ ਪਛਾਣ ਕਰਨ ਲਈ ਸੱਦਾ ਦਿੱਤਾ ਗਿਆ ਹੈ। ਏਆਈ+ ਦੇ ਸੀਈਓ ਮਾਧਵ ਸ਼ੇਠ ਨੇ ਕਿਹਾ ਕਿ ਸੁਰੱਖਿਆ ਇੱਕ ਨਿਰੰਤਰ ਪ੍ਰਕਿਰਿਆ ਹੈ ਅਤੇ ਖੁੱਲ੍ਹੇ ਸਹਿਯੋਗ ਨਾਲ ਹੀ ਸਭ ਤੋਂ ਸੁਰੱਖਿਅਤ ਉਤਪਾਦ ਤਿਆਰ ਕੀਤੇ ਜਾ ਸਕਦੇ ਹਨ।


# ਰਾਮਰਾਜ ਕਾਟਨ ਨੇ 'ਪੰਚਾ' ਨੂੰ ਲਾਂਚ ਕਰਕੇ ਸੰਥਾਲੀ ਬੁਣਾਈ ਨੂੰ ਕੀਤਾ ਮਹਿਫੂਜ਼

**ਲੁਧਿਆਣਾ:** ਰਾਮਰਾਜ ਕਾਟਨ ਨੇ 'ਪੰਚਾ' ਨਾਮ ਨਾਲ ਨਵੀਂ ਹੈਂਡਲੂਮ ਪੇਸ਼ਕਸ਼ ਲਾਂਚ ਕਰਕੇ ਓਡੀਸ਼ਾ ਦੇ ਮਯੂਰਭੰਜ ਦੀ ਰਵਾਇਤੀ ਸੰਥਾਲੀ ਬੁਣਾਈ ਨੂੰ ਆਧੁਨਿਕ ਧੋਤੀ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਇਸ ਪਹਿਲ ਦਾ ਉਦੇਸ਼ ਘੱਟ ਜਾਣੀਆਂ ਜਾਂਦੀਆਂ ਭਾਰਤੀ ਬੁਣਾਈ ਪਰੰਪਰਾਵਾਂ ਨੂੰ ਸੰਭਾਲਣ ਦੇ ਨਾਲ ਆਦਿਵਾਸੀ ਮਹਿਲਾ ਬੁਣਕਰਾਂ ਨੂੰ ਰੋਜ਼ਗਾਰ ਅਤੇ ਪਛਾਣ ਦੇ ਨਵੇਂ ਮੌਕੇ ਪ੍ਰਦਾਨ ਕਰਨਾ ਹੈ। ਰਾਮਰਾਜ ਕਾਟਨ ਦੇ ਸੰਸਥਾਪਕ ਕੇ.ਆਰ. ਨਾਗਰਾਜਨ ਨੇ ਕਿਹਾ ਕਿ 'ਪੰਚਾ' ਰਾਹੀਂ ਰਵਾਇਤੀ ਕਲਾ ਨੂੰ ਆਧੁਨਿਕ ਰੂਪ ਦੇ ਕੇ ਇਸ ਦੀ ਵਿਰਾਸਤ ਨੂੰ ਸੁਰੱਖਿਅਤ ਰੱਖਣ ਅਤੇ ਮਹਿਲਾ ਬੁਣਕਰਾਂ ਦੀ ਆਰਥਿਕ ਸਥਿਤੀ ਮਜ਼ਬੂਤ ਕਰਨ ਦਾ ਯਤਨ ਕੀਤਾ ਗਿਆ ਹੈ।

# ਲੋਕ ਅਦਾਲਤ 12 ਸਤੰਬਰ ਨੂੰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਕਾਰਜਕਾਰੀ ਚੇਅਰਮੈਨ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਿਟੀ, ਐੱਸ. ਏ. ਐੱਸ. ਨਗਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਕੌਮੀ ਲੋਕ ਅਦਾਲਤ 12 ਸਤੰਬਰ, 2026 ਨੂੰ ਲਗਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਕੌਮੀ ਲੋਕ ਅਦਾਲਤ ਵਿੱਚ 138 ਐੱਨ. ਆਈ. ਐਕਟ, ਬੈਂਕ ਰਿਕਵਰੀ ਕੇਸ, ਲੇਬਰ ਕੇਸ, ਬਿਜਲੀ, ਪਾਣੀ ਅਤੇ ਨਗਰ ਨਿਗਮ/ਕਮੇਟੀ ਘਰ ਨਾਲ ਸਬੰਧਤ ਮਾਮਲੇ, ਸੀਵਰੇਜ, ਵਾਟਰ ਸਪਲਾਈ, ਹਾਊਸ ਟੈਕਸ, ਸਾਈਟ ਪਲਾਨ, ਹਰ ਤਰ੍ਹਾਂ ਦੇ ਸਿਵਲ ਕੇਸ, ਘੱਟ ਗੰਭੀਰਤਾ ਵਾਲੇ ਅਪਰਾਧਿਕ ਮਾਮਲੇ, ਵਿਆਹੁਤਾ ਝਗੜੇ, ਮੋਟਰ ਐਕਸੀਡੈਂਟ ਕਲੇਮ ਟ੍ਰਿਬਿਊਨਲ (ਐੱਮ.ਏ.ਸੀ.ਟੀ.) ਕੇਸ ਅਤੇ ਇੰਸ਼ੋਰੈਂਸ ਕਲੇਮ ਆਦਿ ਮਾਮਲਿਆਂ ਦਾ ਨਿਪਟਾਰਾ ਕੀਤਾ ਜਾਵੇਗਾ।

# ਸਲੀਮਪੁਰ ਅਫਗਾਨਾ ਤੇ ਖੋਖਰ 'ਚ ਗੁਰੂ ਰਵਿਦਾਸ ਜੀ ਦੀ ਵਿਸ਼ੇਸ਼ ਦਸਤਾਵੇਜ਼ੀ ਦਿਖਾਈ



**ਗੁਰਦਾਸਪੁਰ, (ਜਨਕ ਮਹਾਜਨ)**- ਪੰਜਾਬ ਸਰਕਾਰ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚਲਾਈ ਜਾ ਰਹੀ ਵਿਸ਼ੇਸ਼ ਡਾਕੂਮੈਂਟਰੀ ਮੁਹਿੰਮ ਤਹਿਤ ਗੁਰਦਾਸਪੁਰ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਐੱਲ. ਈ. ਡੀ. ਸਕਰੀਨਾਂ ਰਾਹੀਂ 30 ਮਿੰਟ ਦੀ ਦਸਤਾਵੇਜ਼ੀ ਦਿਖਾਈ ਗਈ। ਗੁਰਦਾਸਪੁਰ ਹਲਕੇ ਦੇ ਪਿੰਡ ਸਲੀਮਪੁਰ ਅਫਗਾਨਾ ਅਤੇ ਖੋਖਰ ਵਿਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਇਸ ਦਾ ਲਾਹਾ ਲਿਆ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਤਿਆਰ ਕੀਤੀ ਗਈ ਇਹ ਦਸਤਾਵੇਜ਼ੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ, ਫਲਸਫ਼ੇ ਅਤੇ ਸਮਾਨਤਾ, ਸਮਾਜਿਕ ਨਿਆਂ, ਪ੍ਰਭੂ ਭਗਤੀ ਅਤੇ ਸਰਬ ਸਾਂਝੀਵਾਲਤਾ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਮਹੱਤਵਪੂਰਨ ਉਪਰਾਲਾ ਹੈ। ਇਸ ਮੁਹਿੰਮ ਤਹਿਤ ਜ਼ਿਲ੍ਹੇ ਦੇ ਹਰੇਕ ਪਿੰਡ ਵਿਚ ਇਹ ਦਸਤਾਵੇਜ਼ੀ ਦਿਖਾਈ ਜਾ ਰਹੀ ਹੈ ਤਾਂ ਜੋ ਖ਼ਾਸ ਕਰਕੇ ਨੌਜਵਾਨ ਪੀੜ੍ਹੀ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਤੋਂ ਜਾਣੂ ਹੋ ਸਕੇ। ਦਸਤਾਵੇਜ਼ੀ ਦੇਖਣ ਉਪਰੰਤ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੂੰ ਸੱਚੀ ਸ਼ਰਧਾਂਜਲੀ ਹੈ। ਪਿੰਡ ਵਾਸੀਆਂ ਨੇ ਕਿਹਾ ਕਿ ਗੁਰੂ ਸਾਹਿਬ ਦਾ ਸਮਾਨਤਾ, ਭਾਈਚਾਰੇ ਅਤੇ ਭੇਦਭਾਵ ਰਹਿਤ ਸਮਾਜ ਦਾ ਸੰਦੇਸ਼ ਅੱਜ ਵੀ ਉਤਨਾ ਹੀ ਪ੍ਰਸੰਗਿਕ ਹੈ ਅਤੇ ਅਜਿਹੀਆਂ ਪਹਿਲਕਦਮੀਆਂ ਨਵੀਂ ਪੀੜ੍ਹੀ ਨੂੰ ਉਨ੍ਹਾਂ ਦੇ ਆਦਰਸ਼ਾਂ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਉਣਗੀਆਂ।

# ਬਾਰਿਸ਼ ਨਾਲ ਪ੍ਰਭਾਵਿਤ ਕਿਸਾਨਾਂ ਨੂੰ ਤੁਰੰਤ ਗਿਰਦਾਵਰੀ ਕਰਵਾ ਕੇ ਯੋਗ ਮੁਆਵਜ਼ਾ ਦਿੱਤਾ ਜਾਵੇ : ਔਜਲਾ



**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਵਿਧਾਨ ਸਭਾ ਹਲਕਾ ਅਜਨਾਲਾ ਤੋਂ ਕਾਂਗਰਸ ਪਾਰਟੀ ਦੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਦਾਅਵੇਦਾਰ ਅਤੇ ਸਾਂਸਦ ਗੁਰਜੀਤ ਸਿੰਘ ਔਜਲਾ ਦੇ ਭਰਾ ਸੁਖਜਿੰਦਰ ਸਿੰਘ ਔਜਲਾ ਨੇ ਅੰਮ੍ਰਿਤਸਰ ਦੇ ਸਰਹੱਦੀ ਇਲਾਕਿਆਂ ਵਿੱਚ ਭਾਰੀ ਬਾਰਿਸ਼ ਕਾਰਨ ਫਸਲਾਂ ਅਤੇ ਬਾਗਬਾਨੀ ਨੂੰ ਹੋਏ ਵੱਡੇ ਨੁਕਸਾਨ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਇਸ ਸਬੰਧ ਵਿੱਚ ਉਹਨਾਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਸੁਰਿੰਦਰ ਸਿੰਘ ਨੂੰ ਮਿਲਕੇ ਲਿਖਤੀ ਬੇਨਤੀ ਕੀਤੀ ਹੈ ਕਿ ਭਾਰੀ ਬਾਰਿਸ਼ ਨਾਲ ਸਰਹੱਦੀ ਖੇਤਰ ਅਜਨਾਲਾ ਲੋਪੋਕੇ ਚੁਗਾਵਾਂ ਅਤੇ ਅਟਾਰੀ ਦੇ ਕਿਸਾਨਾਂ ਦੀਆਂ ਖਰਾਬ ਹੋਈਆਂ ਫਸਲਾਂ ਦੀ ਜਲਦ ਤੋਂ ਜਲਦ ਗਿਰਦਾਵਰੀ ਕਰਵਾਕੇ ਕਿਸਾਨਾਂ ਨੂੰ ਬਣਦਾ ਮੁਆਵਜਾ ਦਿੱਤਾ ਜਾਵੇ। ਉਨਾਂ ਨੇ ਸਾਂਸਦ ਗੁਰਜੀਤ ਸਿੰਘ ਔਜਲਾ ਵੱਲੋਂ ਲਿਖੇ ਪੱਤਰ ਨੂੰ ਏਡੀਸੀ ਨੂੰ ਸੌਂਪਕੇ ਜਲਦ ਤੋਂ ਜਲਦ ਕਾਰੀਵਾਈ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਬਾਰਿਸ਼ ਨਾਲ ਅਜਨਾਲਾ, ਰਾਜਾਸਾਂਸੀ, ਰਾਮਦਾਸ, ਲੋਪੋਕੇ ਅਤੇ ਚੁਗਾਵਾਂ ਸਮੇਤ ਕਈ ਪਿੰਡਾਂ ਵਿੱਚ ਕਿਸਾਨਾਂ ਦੀਆਂ ਫਸਲਾਂ ਅਤੇ ਬਾਗ਼ਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ, ਜਿਸ ਕਾਰਨ ਕਿਸਾਨ ਵੱਡੇ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਹਨ। ਔਜਲਾ ਨੇ ਕਿਹਾ ਕਿ ਇਸ ਮੁਸ਼ਕਲ ਘੜੀ ਵਿੱਚ ਸਰਕਾਰ ਨੂੰ ਪ੍ਰਭਾਵਿਤ ਇਲਾਕਿਆਂ ਵਿੱਚ ਤੁਰੰਤ ਵਿਸ਼ੇਸ਼ ਗਿਰਦਾਵਰੀ ਕਰਵਾ ਕੇ ਕਿਸਾਨਾਂ ਦੇ ਨੁਕਸਾਨ ਦਾ ਸਹੀ ਮੁਲਾਂਕਣ ਕਰਨਾ ਚਾਹੀਦਾ ਹੈ ਅਤੇ ਬਿਨਾਂ ਕਿਸੇ ਦੇਰੀ ਦੇ ਯੋਗ ਮੁਆਵਜ਼ਾ ਜਾਰੀ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਹੀ ਆਰਥਿਕ ਤੰਗੀ ਨਾਲ ਜੂਝ ਰਹੇ ਕਿਸਾਨਾਂ ਲਈ ਇਹ ਕੁਦਰਤੀ ਆਫ਼ਤ ਹੋਰ ਵੀ ਵੱਡੀ ਮਾਰ ਸਾਬਤ ਹੋਈ ਹੈ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਪ੍ਰਭਾਵਿਤ ਕਿਸਾਨਾਂ ਦੀ ਹਰ ਸੰਭਵ ਮਦਦ ਯਕੀਨੀ ਬਣਾਈ ਜਾਵੇ ਅਤੇ ਸਰਵੇਖਣ ਦੀ ਪ੍ਰਕਿਰਿਆ ਜੰਗੀ ਪੱਧਰ 'ਤੇ ਪੂਰੀ ਕੀਤੀ ਜਾਵੇ, ਤਾਂ ਜੋ ਰਾਹਤ ਰਕਮ ਸਮੇਂ ਸਿਰ ਕਿਸਾਨਾਂ ਤੱਕ ਪਹੁੰਚ ਸਕੇ। ਉਨ੍ਹਾਂ ਕਿਹਾ ਕਿ ਇਸ ਮੁਸ਼ਕਿਲ ਘੜੀ ਵਿੱਚ ਕਾਂਗਰਸ ਪਾਰਟੀ ਕਿਸਾਨਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਦੇ ਹੱਕਾਂ ਦੀ ਆਵਾਜ਼ ਹਰ ਪੱਧਰ 'ਤੇ ਬੁਲੰਦ ਕਰਦੀ ਰਹੇਗੀ।

# ਬੇਕਾਬੂ ਥਾਰ ਆਵਾਰਾ ਪਸ਼ੂਆਂ ਤੇ ਬਿਜਲੀ ਪੋਲ ਨਾਲ ਟਕਰਾਈ; ਚਾਲਕ ਵਾਲ-ਵਾਲ ਬਚਿਆ




**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਸ਼ੁੱਕਰਵਾਰ ਰਾਤ ਕਰੀਬ 11 ਵਜੇ ਦੇ ਲਗਭਗ ਬਟਾਲਾ ਕਾਦੀਆਂ ਰੋਡ ਨੇੜੇ ਆਈਟੀਆਈ ਕਾਦੀਆਂ ਵਿਖੇ ਇੱਕ ਬੇਕਾਬੂ ਥਾਰ ਗੱਡੀ ਦੇ ਆਵਾਰਾ ਪਸ਼ੂਆਂ ਅਤੇ ਬਿਜਲੀ ਪੋਲ ਦੇ ਨਾਲ ਟਕਰਾਉਣ ਦਾ ਸਮਾਚਾਰ ਮਿਲਿਆ ਹੈ। ਥਾਰ ਗੱਡੀ ਦਾ ਚਾਲਕ ਵਾਲ ਵਾਲ ਬਚ ਗਿਆ ਹੈ ਪਰ ਪੋਲ ਟੁੱਟਣ ਦੇ ਕਾਰਨ ਰਾਤ ਭਰ ਇਲਾਕੇ ਦੀ ਬਿਜਲੀ ਬੰਦ ਰਹੀ। ਜਾਣਕਾਰੀ ਅਨੁਸਾਰ ਥਾਰ ਗੱਡੀ ਦੇ ਚਾਲਕ ਦੀ ਗੱਡੀ ਅਚਾਨਕ ਚਲਦਿਆਂ ਬੇਕਾਬੂ ਹੋ ਕੇ ਪਹਿਲਾਂ ਅਵਾਰਾ ਪਸ਼ੂਆਂ ਦੇ ਨਾਲ ਟਕਰਾਈ ਅਤੇ ਬਾਅਦ ਵਿੱਚ ਇੱਕ ਕੁਲਚਿਆਂ ਵਾਲੀ ਰੇਹੜੀ ਵਿੱਚ ਟਕਰਾਈ ਅਤੇ ਬਾਅਦ ਵਿੱਚ ਬੇਕਾਬੂ ਹੋ ਕੇ ਬਿਜਲੀ ਪੋਲ ਦੇ ਨਾਲ ਜਾ ਟਕਰਾਈ। ਇਸ ਘਟਨਾ ਵਿੱਚ ਚਾਲਕ ਵਾਲ ਵਾਲ ਬਚ ਗਿਆ ਪਰ ਬਿਜਲੀ ਵਿਭਾਗ ਅਤੇ ਰੇਹੜੀ ਲਗਾਉਣ ਵਾਲੇ ਵਿਅਕਤੀ ਦਾ ਭਾਰੀ ਨੁਕਸਾਨ ਹੋ ਗਿਆ ਅਤੇ ਆਵਾਰਾ ਗਾਈਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਧਰ ਦੂਜੇ ਪਾਸੇ ਇਸ ਮਾਮਲੇ ਸੰਬੰਧੀ ਜਦੋਂ ਪੁਲਸ ਥਾਣਾ ਕਾਦੀਆਂ ਦੇ ਨਾਲ ਸੰਪਰਕ ਕੀਤਾ ਗਿਆ ਤਾਂ ਕਾਦੀਆਂ ਥਾਣੇ ਦੇ ਮੁੱਖ ਮੁੰਸ਼ੀ ਲਵਪ੍ਰੀਤ ਸਿੰਘ ਦੇ ਵੱਲੋਂ ਦੱਸਿਆ ਗਿਆ ਕਿ ਸਾਡੇ ਕੋਲ ਕੋਈ ਵੀ ਸ਼ਿਕਾਇਤ ਅਜੇ ਤੱਕ ਨਹੀਂ ਆਈ ਹੈ, ਜੇਕਰ ਕਿਸੇ ਦਾ ਕੋਈ ਇਸ ਘਟਨਾ ਦੇ ਵਿੱਚ ਨੁਕਸਾਨ ਹੋਇਆ ਹੈ ਤਾਂ ਉਹ ਸਾਡੇ ਕੋਲ ਆ ਕੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ। ਇਸ ਘਟਨਾ ਵਿੱਚ ਬਿਜਲੀ ਵਿਭਾਗ ਦੇ ਹੋਏ ਨੁਕਸਾਨ ਸਬੰਧੀ ਜੇਈ ਸੁਨੀਲ ਕੁਮਾਰ ਨੇ ਦੱਸਿਆ ਕਿ ਉਨਾਂ ਦੇ ਵੱਲੋਂ ਅਤੇ ਉਨ੍ਹਾਂ ਦੇ ਕਰਮਚਾਰੀਆਂ ਦੇ ਵੱਲੋਂ ਬਿਜਲੀ ਨੂੰ ਬਹਾਲ ਕੀਤਾ ਜਾ ਰਿਹਾ ਅਤੇ ਲਾਈਨਾਂ ਨੂੰ ਚਲਾਇਆ ਜਾ ਰਿਹਾ। ਬਿਜਲੀ ਵਿਭਾਗ ਦੇ ਹੋਏ ਨੁਕਸਾਨ ਦੀ ਅਜੇ ਜਾਂਚ ਕੀਤੀ ਜਾ ਰਹੀ ਹੈ। ਇਸ ਸਬੰਧੀ ਬਿਜਲੀ ਵਿਭਾਗ ਦੇ ਐੱਸਡੀਓ ਅਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਹੈ ਅਤੇ ਵਿਭਾਗ ਦੇ ਹੋਏ ਨੁਕਸਾਨ ਦੀ ਥਾਰ ਗੱਡੀ ਚਾਲਕ ਮਹਿਕਮੇ ਨੂੰ ਹੋਏ ਨੁਕਸਾਨ ਦੀ ਭਰਪਾਈ ਕਰੇਗਾ। ਜੇਕਰ ਭਰਪਾਈ ਨਹੀਂ ਕਰਦੇ ਤਾਂ ਉਹਨਾਂ ਦੇ ਖਿਲਾਫ ਪੁਲਿਸ ਕਾਰਵਾਈ ਕਰਵਾਈ ਜਾਵੇਗੀ। ਥਾਰ ਗੱਡੀ ਚਾਲਕ ਕਾਦੀਆਂ ਦਾ ਦੱਸਿਆ ਜਾ ਰਿਹਾ ਹੈ।

# ਰੇਡੀਓਗ੍ਰਾਫਰ ਯੂਨੀਅਨ ਚੰਡੀਗੜ੍ਹ ਵਿਖੇ ਹੋਈ ਮਹਾਂ-ਰੈਲੀ 'ਚ ਪਹੁੰਚੀ




**ਚੋਹਲਾ ਸਾਹਿਬ (ਰਮਨ ਚੱਢਾ)**- ਸਾਂਝਾ ਮੁਲਾਜ਼ਮ ਮੰਚ ਪੰਜਾਬ ਅਤੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਫਰੰਟ ਦੇ ਸਾਂਝੇ ਸੰਘਰਸ਼ ਦੁਆਰਾ 7 ਅਗਸਤ ਨੂੰ ਚੰਡੀਗੜ੍ਹ ਵਿਖੇ ਹੋਈ ਮਹਾਂ-ਰੈਲੀ ਵਿੱਚ ਰੇਡੀਓਗ੍ਰਾਫਰ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਸੰਦੀਪ ਸਿੰਘ ਸਿੱਧੂ ਅਤੇ ਸੂਬਾ ਜਨਰਲ ਸਕੱਤਰ ਗੁਰਜਿੰਦਰ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਭਰਵੀਂ ਹਾਜ਼ਰੀ ਲਗਵਾਈ ਗਈ। ਮੁਲਾਜ਼ਮਾਂ ਵਿਰੁੱਧ ਕੀਤੀ ਗਈ ਕਾਰਵਾਈ ਦੀ ਵੀ ਨਿਖੇਧੀ ਕੀਤੀ ਗਈ ਅਤੇ ਨਾਲ ਹੀ ਇਹ ਵੀ ਦੱਸਿਆ ਗਿਆ ਕਿ ਜੇਕਰ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਨ੍ਹਾਂ ਵੱਲੋਂ ਸਰਕਾਰ ਦੇ ਖਿਲਾਫ਼ ਜ਼ੋਰਦਾਰ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਪ੍ਰਧਾਨ ਮਨਜੀਤ ਸਿੰਘ ਤਰਨ ਤਾਰਨ, ਸੋਢੀ ਸਿੰਘ, ਨਵਦੀਪ ਸਿੰਘ, ਵਿਕਰਮ, ਹੀਰਾ ਸਿੰਘ, ਰਾਜ ਰਾਣੀ, ਸਪਿੰਦਰ ਕੌਰ, ਪਰਮਜੀਤ ਕੌਰ, ਜੁਗਰਾਜ ਸਿੰਘ, ਬਲਵਿੰਦਰ ਸਿੰਘ, ਹਰਮਨਪ੍ਰੀਤ ਸਿੰਘ, ਸੁਖਜਿੰਦਰ ਸਿੰਘ, ਅਮਨਦੀਪ ਸਿੰਘ, ਪਿੰਦਰ ਕੁਮਾਰ, ਰਾਜਵਿੰਦਰ ਸਿੰਘ, ਅਭੀਜੀਤ ਸਿੰਘ, ਧਰਮਿੰਦਰ ਸਿੰਘ, ਸਰਬਜੀਤ ਸਿੰਘ, ਜਸਵਿੰਦਰ ਸਿੰਘ, ਗੁਰਲਾਲ ਸਿੰਘ, ਰਵੀ ਸੰਕਰ, ਹਰਬੰਸ ਸਿੰਘ, ਨਿਰਦੋਸ਼ ਸਿੰਘ, ਅਮਨ ਵਾਲੀਆ, ਹਰਪ੍ਰੀਤ ਸਿੰਘ, ਵਿਕਾਸ ਮੁਕਤਸਰ ਆਦਿ ਹਾਜ਼ਰ ਸਨ।

# ਸੇਂਟ ਸੋਵਰੇਨ ਕਾਨਵੈਂਟ ਸਕੂਲ ਚਵਿੰਡਾ ਦੇਵੀ 'ਚ ਲੱਗੀਆਂ ਤੀਆਂ ਦੀਆਂ ਰੌਣਕਾਂ



**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**- ਸੇਂਟ ਸੋਵਰੇਨ ਕਾਨਵੈਂਟ ਸਕੂਲ ਚਵਿੰਡਾ ਦੇਵੀ ਵਿੱਚ ਤੀਆਂ ਦਾ ਰਵਾਇਤੀ ਤਿਉਹਾਰ ਬੜੇ ਹੀ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ। ਇਸ ਤਿਉਹਾਰ ਨੂੰ ਮਨਾਉਂਦੇ ਸਮੇਂ ਅਧਿਆਪਕਾਂ ਨੇ ਰੰਗ-ਬਿਰੰਗੇ ਪੰਜਾਬੀ ਪਹਿਰਾਵੇ ਪਾ ਕੇ ਗਿੱਧਾ ਪਾਇਆ, ਲੋਕ-ਗੀਤ ਗਾਏ ਅਤੇ ਝੂਲਿਆਂ ਦਾ ਆਨੰਦ ਮਾਣਿਆ। ਅਧਿਆਪਕਾਵਾਂ ਦੇ ਨਾਲ- ਨਾਲ ਗਿਆਰ੍ਹਵੀਂ ਅਤੇ ਬਾਰ੍ਹਵੀਂ ਦੀਆਂ ਵਿਦਿਆਰਥਣਾਂ ਨੇ ਵੀ ਇਸ ਪ੍ਰੋਗਰਾਮ ਨੂੰ ਚਾਰ ਚੰਨ ਲਾਏ। ਇਸ ਮੌਕੇ ਸਕੂਲ ਦੇ ਚੇਅਰਮੈਨ ਅਸ਼ਵਨੀ ਕਪੂਰ, ਐੱਮ .ਡੀ. ਕੋਮਲ ਕਪੂਰ, ਡਾਇਰੈਕਟਰ ਸ਼ਵੀ ਕਪੂਰ ਅਤੇ ਪ੍ਰਿੰਸੀਪਲ ਨਿਤਿਕਾ ਸੇਠੀ ਨੇ ਗੱਲਬਾਤ ਕਰਦਿਆਂ ਕਿਹਾ ਕਿ ਤੀਆਂ ਦਾ ਤਿਉਹਾਰ ਪੰਜਾਬੀ ਸੱਭਿਆਚਾਰ, ਲੋਕ-ਵਿਰਸੇ ਅਤੇ ਆਪਸੀ ਸਾਂਝ ਦਾ ਪ੍ਰਤੀਕ ਹੈ। ਉਨ੍ਹਾਂ ਨੇ ਨੌਜਵਾਨ ਪੀੜ੍ਹੀ ਨੂੰ ਆਪਣੇ ਸੱਭਿਆਚਾਰ ਅਤੇ ਰਿਵਾਜਾਂ ਨਾਲ ਜੁੜੇ ਰਹਿਣ ਦਾ ਸੱਦਾ ਦਿੱਤਾ। ਸਮਾਗਮ ਦੇ ਅੰਤ ਵਿੱਚ ਸਭ ਨੇ ਪੰਜਾਬੀ ਵਿਰਸੇ ਨੂੰ ਸੰਭਾਲਣ ਅਤੇ ਅਜਿਹੇ ਸੱਭਿਆਚਾਰਕ ਤਿਉਹਾਰਾਂ ਨੂੰ ਹੋਰ ਉਤਸ਼ਾਹ ਨਾਲ ਮਨਾਉਣ ਦਾ ਸੰਕਲਪ ਲਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਨਿਤਿਕਾ ਸੇਠੀ, ਕੋਆਰਡੀਨੇਟਰ ਪਾਰੁਲ ਸੁੰਦਰ, ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

# ਜੇ ਆਰ ਐੱਸ ਡੀਏਵੀ ਪਬਲਿਕ ਸਕੂਲ ਝਬਾਲ ਵਿਖੇ ਤੀਜ ਦਾ ਤਿਉਹਾਰ ਮਨਾਇਆ



**ਝਬਾਲ-(ਹਰਜਿੰਦਰ ਸਿੰਘ ਸੋਨੀ)**- ਤੀਜ ਦਾ ਤਿਉਹਾਰ ਪੰਜਾਬੀ ਮੁਟਿਆਰਾਂ ਦਾ ਹਰਮਨ-ਪਿਆਰਾ ਤਿਉਹਾਰ ਹੈ। ਸਾਉਣ ਦੇ ਮਹੀਨੇ ਨਵ-ਵਿਆਹੀਆਂ ਮੁਟਿਆਰਾਂ ਆਪਣੇ ਪੇਕੇ ਘਰ ਆਉਂਦੀਆਂ ਹਨ ਤੇ ਆਪਣੀਆਂ ਸਹੇਲੀਆਂ ਨਾਲ ਪਿੱਪਲਾਂ ਤੇ ਪੀਂਘਾਂ ਪਾਉਂਦੀਆਂ, ਨੱਚਦੀਆਂ-ਟੱਪਦੀਆਂ ਗਿੱਧਾ ਪਾਉਂਦੀਆਂ ਤੇ ਆਪਣੇ ਦਿਲ ਦੇ ਵਲਵਲੇ ਇੱਕ-ਦੂਜੀਆਂ ਨਾਲ ਸਾਂਝੇ ਕਰਦੀਆਂ ਹਨ। ਜੇ. ਆਰ. ਐੱਸ ਡੀ. ਏ. ਵੀ. ਪਬਲਿਕ ਸਕੂਲ, ਝਬਾਲ ਦੇ ਵਿਹੜੇ ਵਿੱਚ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੀ ਝਲਕ ਪੇਸ਼ ਕਰਦਾ ਤੀਜ ਦਾ ਤਿਉਹਾਰ ਬੜੇ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਪੰਜਾਬੀ ਲੋਕ-ਰੰਗ, ਪਹਿਰਾਵੇ, ਗਿੱਧੇ ਅਤੇ ਲੋਕ-ਗੀਤਾਂ ਰਾਹੀਂ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਸਤ ਨੂੰ ਜੀਵੰਤ ਕੀਤਾ। ਸਮਾਗਮ ਦੀ ਸ਼ੁਰੂਆਤ ਸ਼ਬਦ ਗਾਇਨ ਨਾਲ ਕੀਤੀ ਗਈ। ਵਿਦਿਆਰਥਣਾਂ ਨੇ ਪੰਜਾਬੀ ਪਹਿਰਾਵਿਆਂ ਵਿੱਚ ਸਜ ਕੇ ਗਿੱਧਾ, ਬੋਲੀਆਂ ਅਤੇ ਲੋਕ-ਨਾਚ ਪੇਸ਼ ਕੀਤੇ। ਇਸ ਤੋਂ ਇਲਾਵਾ ਮਹਿੰਦੀ, ਫੁਲਕਾਰੀ, ਪੰਜਾਬੀ ਪਕਵਾਨਾਂ ਅਤੇ ਰਵਾਇਤੀ ਸਜਾਵਟ ਨੇ ਸਮਾਗਮ ਦੀ ਰੌਣਕ ਨੂੰ ਹੋਰ ਵਧਾ ਦਿੱਤੀ। ਵਿਦਿਆਰਥੀਆਂ ਨੇ ਤੀਆਂ ਨਾਲ ਜੁੜੀਆਂ ਪੰਜਾਬ ਦੀਆਂ ਪੁਰਾਤਨ ਪਰੰਪਰਾਵਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਸਕੂਲ ਦੇ ਪ੍ਰਿੰਸੀਪਲ ਸ਼੍ਰੀ ਅਸ਼ਵਨੀ ਕੁਮਾਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਜਿਹੇ ਤਿਉਹਾਰ ਸਾਨੂੰ ਆਪਣੀਆਂ ਜੜ੍ਹਾਂ, ਸੱਭਿਆਚਾਰ ਅਤੇ ਵਿਰਸੇ ਨਾਲ ਜੋੜਦੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੰਜਾਬੀ ਵਿਰਸੇ ਨੂੰ ਸੰਭਾਲਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਲਈ ਪ੍ਰੇਰਿਤ ਕੀਤਾ। ਸਮਾਗਮ ਦੇ ਅੰਤ ਵਿੱਚ ਸ਼ਾਨਦਾਰ ਪੇਸ਼ਕਾਰੀ ਕਰਨ ਵਾਲੇ ਵਿਦਿਆਰਥੀਆਂ ਦੀ ਹੌਸਲਾ-ਅਫ਼ਜ਼ਾਈ ਕੀਤੀ ਗਈ। ਪੂਰਾ ਸਮਾਗਮ ਖੁਸ਼ੀਆਂ, ਉਤਸ਼ਾਹ ਅਤੇ ਪੰਜਾਬੀ ਸੱਭਿਆਚਾਰ ਦੇ ਰੰਗਾਂ ਨਾਲ ਭਰਪੂਰ ਰਿਹਾ।

# ਹਲਕਾ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਨੇ ਹਲਕਾ ਕਾਦੀਆਂ ਦੇ ਪਿੰਡਾਂ 'ਚ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ




**ਧਾਰੀਵਾਲ, (ਮਨਦੀਪ ਵਿੱਕੀ)**- ਆਮ ਆਦਮੀ ਪਾਰਟੀ ਦੇ ਵਿਧਾਨ ਸਭਾ ਹਲਕਾ ਕਾਦੀਆਂ ਦੇ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਵਲੋਂ ਲੋਕ ਮਿਲਣੀ ਪ੍ਰੋਗਰਾਮ ਤਹਿਤ ਹਲਕੇ ਦੇ ਵੱਖ ਵੱਖ ਪਿੰਡਾਂ ਵਿੱਚ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਜਲਦ ਹੱਲ ਕਰਨ ਦਾ ਭਰੋਸ਼ਾ ਦਿੱਤਾ। ਇਸ ਦੌਰਾਨ ਸ਼੍ਰੀ ਮਾਹਲ ਨੇ ਹਲਕੇ ਦੇ ਪਿੰਡ ਪਸਨਾਵਾਲ, ਦੁੱਲੂਆਣਾ, ਖਾਨ ਮੱਲਕ, ਧਾਰੀਵਾਲ ਕਲਾਂ, ਗਿੱਲ ਮੰਜ ਆਦਿ ਪਿੰਡਾਂ ਵਿੱਚ ਲੋਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕੀਤਾ। ਪਿੰਡ ਪਸਨਾਵਾਲ ਵਿਖੇ ਆਪ ਆਗੂ ਗੁਰਬੇਜ ਸਿੰਘ, ਸਾਬਕਾ ਫੌਜੀ ਦੀਪਕ ਸਿੰਘ ਅਤੇ ਸੰਦੀਪ ਸਿੰਘ ਪੰਚ ਨਵਾਂ ਪਸਨਾਵਾਲ ਦੇ ਪ੍ਰਬੰਧਾਂ ਹੇਠ ਲੋਕਾਂ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਨੇ ਕਿਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕ ਭਲਾਈ ਨੂੰ ਪੂਰੀ ਤਰ੍ਹਾਂ ਸਮਰਪਿਤ ਹੈ ਅਤੇ ਹਰ ਵਰਗ ਦੀ ਭਲਾਈ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਮਾਨ ਸਰਕਾਰ ਵਲੋਂ ਹਰ ਵਰਗ ਦੇ ਲੋਕਾਂ ਦੇ ਹਿੱਤਾਂ ਵਿੱਚ ਨਿਵੇਕਲੇ ਫੈਸਲੇ ਲਏ ਅਤੇ ਲੋਕ ਭਲਾਈ ਨੀਤੀਆਂ ਲਾਗੂ ਕੀਤੀਆਂ ਹਨ ਅਤੇ ਪਿਛਲੇ ਚਾਰ ਸਾਲਾਂ ਦੌਰਾਨ ਲੋਕਾਂ ਨਾਲ ਕੀਤੀਆਂ ਗਾਰੰਟੀਆਂ ਪੂਰੀਆਂ ਕੀਤੀਆਂ ਹਨ। ਮਾਹਲ ਨੇ ਕਿਹਾ ਉਹ ਹਲਕੇ ਦੇ ਲੋਕਾਂ ਦੀ ਸੇਵਾ ਵਿੱਚ ਉਹ ਦਿਨ-ਰਾਤ ਹਾਜ਼ਰ ਹਨ ਅਤੇ ਲੋਕਾਂ ਦੀਆਂ ਮੁਸ਼ਕਿਲਾਂ/ਮੰਗਾਂ ਹੱਲ ਕਰਨਾ ਅਤੇ ਹਲਕੇ ਦਾ ਸਰਬਪੱਖੀ ਵਿਕਾਸ ਕਾਰਜ ਕਰਵਾਉਣਾ ਦੀ ਉਨ੍ਹਾਂ ਦੀ ਪਹਿਲੀ ਤਰਜੀਹ ਹੈ। ਉਨ੍ਹਾਂ ਕਿਹਾ ਹਲਕੇ ਅੰਦਰ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ। ਗੁਰਇਕਬਾਲ ਸਿੰਘ ਮਾਹਲ ਨੇ ਕਿਹਾ ਕਾਦੀਆਂ ਹਲਕੇ ਵਿੱਚ ਲੰਮੇ ਅਰਸੇ ਤੋਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਪਰਿਵਾਰ ਦਾ ਕਬਜਾ ਰਿਹਾ ਹੈ ਪਰ ਬਾਜਵਾ ਪਰਿਵਾਰ ਨੇ ਹਲਕੇ ਦੀਆਂ ਮੰਗਾਂ ਅਤੇ ਸਮੱਸਿਆਵਾਂ ਹੱਲ ਕਰਨ ਦੀ ਬਜਾਏ ਪਿੰਡਾਂ ਵਿੱਚ ਧੜੇਬੰਦੀਆਂ ਪੈਦਾ ਕਰਕੇ ਲੋਕਾਂ ਨੂੰ ਉਲਝਾਈ ਰੱਖਿਆ ਹੈ। ਉਨ੍ਹਾਂ ਕਿਹਾ ਕਾਂਗਰਸ ਪਾਰਟੀ ਮੁੱਦਾਹੀਨ ਪਾਰਟੀ ਬਣ ਕੇ ਰਹਿ ਚੁੱਕੀ ਹੈ ਅਤੇ ਪੰਜਾਬ ਦੇ ਲੋਕ ਹੁਣ ਕਾਂਗਰਸ ਨੂੰ ਮੂੰਹ ਨਹੀਂ ਲਾਉਣਗੇ। ਇੰਚਾਰਜ ਮਾਹਲ ਨੇ ਕਿਹਾ ਪੰਜਾਬ ਸਰਕਾਰ ਵਲੋਂ ਕਰਵਾਏ ਜਾ ਰਹੇ ਸਰਬਪੱਖੀ ਵਿਕਾਸ ਕਾਰਜਾਂ ਤੋਂ ਲੋਕ ਸੰਤੁਸ਼ਟ ਹਨ ਅਤੇ 2027 ਵਿੱਚ ਮੁੜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਬਣੇਗੀ। ਇਸ ਮੌਕੇ ਮਾਰਕੀਟ ਕਮੇਟੀ ਕਾਦੀਆਂ ਦੇ ਚੇਅਰਮੈਨ ਮੁੱਖਦੇਵ ਸਿੰਘ, ਐਸ ਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਜੋਗੋਵਾਲ, ਮਨਮੋਹਨ ਸਿੰਘ, ਸੁਖਵਿੰਦਰ ਸਿੰਘ, ਮੇਜਰ ਸਿੰਘ ਬਾਬਾ, ਸੁਖਜਿੰਦਰ ਸਿੰਘ,ਹਰਵਿੰਦਰ ਕੌਰ, ਮਿਥੁਨ ਮਸੀਹ, ਗੁਰਪਿੰਦਰ ਸਿੰਘ, ਸਾਬਕਾ ਪੰਚ ਨਰਿੰਦਰ ਸਿੰਘ ਫੌਜੀ,ਦਲਵਿੰਦਰ ਸਿੰਘ ਸ਼ਾਹ, ਸਿਮਰਨਪਾਲ ਸਿੰਘ ਜਫਰਵਾਲ, ਸਲਵਿੰਦਰ ਸਿੰਘ ਆਦਿ ਤੋਂ ਇਲਾਵਾ ਵੀ ਆਪ ਪਾਰਟੀ ਵਰਕਰ ਅਤੇ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਹਾਜਰ ਸਨ।

# ਸਰਕਾਰੀ ਪ੍ਰਾਇਮਰੀ ਸਕੂਲ ਸਰੂਪਵਾਲੀ ਕਲਾਂ ਵਿਖੇ ਲੱਗੀ ਮਦਰ ਵਰਕਸ਼ਾਪ



**ਬਟਾਲਾ, (ਡਾ. ਮਲਵਿੰਦਰ ਸਿੰਘ)**- ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਜਾਰੀ ਹਦਾਇਤਾਂ ਤੇ ਅਮਲ ਕਰਦਿਆਂ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਪਰਮਜੀਤ ਦੀ ਅਗਵਾਈ ਹੇਠ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਬਟਾਲਾ-1 ਜਸਵਿੰਦਰ ਸਿੰਘ ਦੇ ਸਹਿਯੋਗ ਨਾਲ ਸਰਕਾਰੀ ਪ੍ਰਾਇਮਰੀ ਸਕੂਲ ਸਰੂਪਵਾਲੀ ਕਲਾਂ ਵਿਖੇ ਮਦਰ ਵਰਕਸ਼ਾਪ ਲਗਾਈ ਗਈ, ਜਿਸ ਵਿੱਚ ਪ੍ਰਥਮ ਕੋਆਰਡੀਨੇਟਰ ਮੈਡਮ ਪੂਜਾ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਹਾਜ਼ਰ ਬੱਚਿਆਂ ਦੀ ਮਾਵਾਂ ਨਾਲ ਸਿੱਖਣ ਸਿਖਾਉਣ ਸਮੱਗਰੀ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਮੈਡਮ ਪੂਜਾ ਨੇ ਕਿਹਾ ਕਿ ਇਹ ਵਰਕਸ਼ਾਪ ਰਾਹੀ ਪ੍ਰੀ ਪ੍ਰਾਇਮਰੀ ਵਿੱਚ ਪੜ੍ਹਦੇ ਵਿਦਿਆਰਥੀਆਂ ਦੀਆਂ ਮਾਵਾਂ ਨੂੰ ਸਿੱਖਣ ਮਟੀਰੀਅਲ ਅਤੇ ਹੈਂਡਮੇਡ ਮਟੀਰੀਅਲ ਨਾਲ ਬੱਚਿਆਂ ਨੂੰ ਖੇਡ ਵਿਧੀ ਨਾਲ ਪੜ੍ਹਾਉਣ ਵਾਲੇ ਤਰੀਕੇ ਸਾਂਝੇ ਕੀਤੇ ਗਏ। ਇਸ ਦੌਰਾਨ ਹਾਜ਼ਰ ਵਿਦਿਆਰਥੀਆਂ ਦੀਆਂ ਮਾਵਾਂ ਕੋਲੋਂ ਗਤੀਵਿਧੀਆਂ ਵੀ ਕਰਵਾਈਆਂ ਗਈਆਂ ਜਿਸ ਵਿੱਚ ਉਨ੍ਹਾਂ ਨੇ ਉਤਸ਼ਾਹ ਨਾਲ ਭਾਗ ਲਿਆ। ਜ਼ਿਕਰਯੋਗ ਹੈ ਕਿ ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਦੀ ਨੀਂਹ ਮਜ਼ਬੂਤ ਕਰਨ ਲਈ ਪੰਜਾਬ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਪ੍ਰੀ ਪ੍ਰਾਇਮਰੀ ਜਮਾਤਾਂ ਚੱਲ ਰਹੀਆਂ ਹਨ, ਜਿਸ ਵਿੱਚ ਖੇਡ ਵਿਧੀ ਨਾਲ ਬੱਚਿਆਂ ਨੂੰ ਪੜ੍ਹਾਈ ਕਰਵਾਈ ਜਾਂਦੀ ਹੈ। ਇਸ ਮੌਕੇ ਸਕੂਲ ਸਟਾਫ਼ ਲਖਬੀਰ ਸਿੰਘ, ਸ਼ਰਨਜੀਤ ਕੌਰ, ਅਮਰਜੀਤ ਕੌਰ ਸਮੇਤ ਆਂਗਣਵਾੜੀ ਵਰਕਰ ਹਾਜ਼ਰ ਸਨ।

# ਪ੍ਰਕਾਸ਼ ਗੁਰਪੁਰਬ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੱਜ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕਰਮਜੀਤ ਸਿੰਘ ਦੇ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ। ਅਰਦਾਸ ਭਾਈ ਗੁਰਸੇਵਕ ਸਿੰਘ ਨੇ ਕੀਤੀ ਅਤੇ ਸੰਗਤ ਨੂੰ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਨੇ ਸਰਵਣ ਕਰਵਾਇਆ। ਇਸ ਮੌਕੇ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੀਵਨ ਇਤਿਹਾਸ ਬਾਰੇ ਵਿਚਾਰਾਂ ਕੀਤੀਆਂ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਜਿਥੇ ਕੀਰਤਪੁਰ ਸਾਹਿਬ ਵਿਖੇ ਦੁਖੀਆਂ ਦੇ ਦੁਖ ਦੂਰ ਕੀਤੇ, ਉਥੇ ਹੀ ਜਦੋਂ ਦਿੱਲੀ ਵਿਖੇ ਮਹਾਂਮਾਰੀ ਫੈਲੀ ਹੋਈ ਸੀ ਅਤੇ ਕੋਈ ਵੀ ਸਹਾਰਾ ਨਹੀਂ ਸੀ, ਉਸ ਵੇਲੇ ਰੋਗੀਆਂ ਨੂੰ ਧਰਵਾਸ ਦਿੱਤਾ ਅਤੇ ਆਪ ਰੋਗੀਆਂ ਦੀ ਸੇਵਾ ਕੀਤੀ। ਗੁਰੂ ਜੀ ਦੀ ਰਹਿਮਤ ਭਰੀ ਨਜ਼ਰ ਜਿਸ 'ਤੇ ਪਈ, ਉਸ ਦਾ ਜੀਵਨ ਸਫ਼ਲ ਹੋਇਆ। ਉਨ੍ਹਾਂ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਅਪੀਲ ਕੀਤੀ। ਸਮਾਗਮ 'ਚ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ, ਸ਼੍ਰੋਮਣੀ ਕਮੇਟੀ ਦੇ ਮੈਂਬਰ ਬਾਬਾ ਚਰਨਜੀਤ ਸਿੰਘ ਜੱਸੋਵਾਲ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਮੇਜਰ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਸੁਪ੍ਰਿੰਟੈਂਡੈਂਟ ਸ. ਮਲਕੀਤ ਸਿੰਘ ਬਹਿੜਵਾਲ, ਵਧੀਕ ਮੈਨੇਜਰ ਸ. ਬਿਕਰਮਜੀਤ ਸਿੰਘ ਝੰਗੀ, ਸ. ਜਸਬੀਰ ਸਿੰਘ, ਸ. ਯੁਵਰਾਜ ਸਿੰਘ ਅਤੇ ਸੰਗਤਾਂ ਮੌਜੂਦ ਸਨ।

# ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਚਾਰ ਮਹਾਂਪੁਰਸ਼ਾਂ ਦੀ ਬਰਸੀ ਮਨਾਈ

● ਅੰਮ੍ਰਿਤ ਸੰਚਾਰ ਅਤੇ ਸੇਵਾ-ਸਿਮਰਨ ਦਾ ਦਿੱਤਾ ਸੰਦੇਸ਼



**ਨੰਦੇੜ (ਮਹਾਰਾਸ਼ਟਰ) (ਰਮਨ ਚੱਢਾ)**— ਕਲਗੀਧਰ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਾਵਨ ਅਸਥਾਨ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ ਵਿਖੇ ਚਾਰ ਮਹਾਂਪੁਰਸ਼ਾਂ ਦੀ ਬਰਸੀ ਦੇ ਸਮਾਗਮ ਸ਼ਰਧਾ ਅਤੇ ਧਾਰਮਿਕ ਉਤਸ਼ਾਹ ਨਾਲ ਮਨਾਏ ਗਏ। ਸਮਾਗਮ ਦੌਰਾਨ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਕੁਲਵੰਤ ਸਿੰਘ ਦੇ ਵਿਸ਼ੇਸ਼ ਸੱਦੇ ਤੇ ਬਾਬਾ ਨਰਿੰਦਰ ਸਿੰਘ ਅਤੇ ਬਾਬਾ ਬਲਵਿੰਦਰ ਸਿੰਘ ਨੇ ਹਾਜ਼ਰੀ ਭਰ ਕੇ ਸੰਗਤਾਂ ਦੇ ਦਰਸ਼ਨ ਕੀਤੇ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਸਮਾਗਮ ਦੀ ਸ਼ੁਰੂਆਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਪ੍ਰਾਪਤ ਹੋਏ ਹੁਕਮਨਾਮੇ ਦੇ ਨਾਲ ਹੋਈ। ਇਸ ਉਪਰੰਤ ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲਿਆਂ ਨੇ ਰਸਭਿੰਨੇ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜਿਆ, ਜਦਕਿ ਪ੍ਰਸਿੱਧ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਨੇ ਗੁਰੂ ਘਰ ਦੀਆਂ ਪਰੰਪਰਾਵਾਂ, ਸੇਵਾ-ਸਿਮਰਨ ਅਤੇ ਸੰਤ ਮਹਾਂਪੁਰਸ਼ਾਂ ਵੱਲੋਂ ਨਿਭਾਈਆਂ ਜਾ ਰਹੀਆਂ ਧਾਰਮਿਕ ਸੇਵਾਵਾਂ ਬਾਰੇ ਵਿਸਥਾਰਪੂਰਵਕ ਵਿਚਾਰ ਸਾਂਝੇ ਕੀਤੇ। ਇਸ ਮੌਕੇ ਸੰਤ ਬਾਬਾ ਕੁਲਵੰਤ ਸਿੰਘ ਨੇ ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ਸ਼ਬਦ ਦੀ ਵਿਆਖਿਆ ਕਰਦਿਆਂ ਸੰਗਤ ਨੂੰ ਗੁਰੂ ਘਰ ਨਾਲ ਜੁੜਨ, ਸੇਵਾ-ਸਿਮਰਨ ਕਰਨ ਅਤੇ ਖਾਲਸਾ ਪੰਥ ਦੀ ਅੰਮ੍ਰਿਤ ਪਰੰਪਰਾ ਨਾਲ ਜੁੜਨ ਦਾ ਸੱਦਾ ਦਿੱਤਾ। ਉਨ੍ਹਾਂ ਦੱਸਿਆ ਕਿ ਅਗਲੇ ਦਿਨ ਤਖ਼ਤ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਹੋਵੇਗਾ ਅਤੇ ਜਿਨ੍ਹਾਂ ਨੇ ਅਜੇ ਤੱਕ ਅੰਮ੍ਰਿਤ ਪਾਨ ਨਹੀਂ ਕੀਤਾ, ਉਹ ਇਸ ਮੌਕੇ ਦਾ ਲਾਹਾ ਲੈ ਕੇ ਗੁਰੂ ਸਾਹਿਬ ਦੀਆਂ ਬਖ਼ਸ਼ਿਸ਼ਾਂ ਦੇ ਹੱਕਦਾਰ ਬਣਨ। ਉਨ੍ਹਾਂ ਇਹ ਵੀ ਕਿਹਾ ਕਿ ਵਿੱਦਿਆ ਦਾ ਪ੍ਰਚਾਰ-ਪ੍ਰਸਾਰ ਸਮੇਂ ਦੀ ਮੁੱਖ ਲੋੜ ਹੈ ਤਾਂ ਜੋ ਗੁਰਸਿੱਖ ਸਮਾਜ ਦੇ ਹਰ ਖੇਤਰ ਵਿੱਚ ਉੱਚੀਆਂ ਪ੍ਰਾਪਤੀਆਂ ਕਰਦਿਆਂ ਪੰਥ ਅਤੇ ਸਮਾਜ ਦੀ ਸੇਵਾ ਕਰ ਸਕਣ। ਸਮਾਗਮ ਦੌਰਾਨ ਤਖ਼ਤ ਸਾਹਿਬ ਦੇ ਪੰਜ ਪਿਆਰੇ, ਮੀਤ ਜਥੇਦਾਰ ਭਾਈ ਰਾਮ ਸਿੰਘ ਜੀ, ਬਾਬਾ ਬਲਬੀਰ ਸਿੰਘ ਜੀ 96 ਕਰੋੜੀ, ਜੋਹਲਾਂ ਵਾਲੇ ਬਾਬਾ ਜੀ, ਬਾਬਾ ਗੁਰਮੀਤ ਸਿੰਘ ਸੇਖੋਂ ਸਮੇਤ ਅਨੇਕਾਂ ਸੰਤ-ਮਹਾਂਪੁਰਸ਼, ਧਾਰਮਿਕ ਸ਼ਖਸੀਅਤਾਂ, ਪ੍ਰਸ਼ਾਸਨਿਕ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਦੇਸ਼-ਵਿਦੇਸ਼ ਤੋਂ ਪੁੱਜੀਆਂ ਸੰਗਤਾਂ ਹਾਜ਼ਰ ਰਹੀਆਂ। ਇਸ ਮੌਕੇ ਸ੍ਰੀ ਗੁਰੂ ਨਾਨਕ ਨਿਵਾਸ ਸਰਾਂ ਦੇ ਨਵੇਂ ਪ੍ਰਾਜੈਕਟ ਦਾ ਨੀਂਹ ਪੱਥਰ ਵੀ ਰੱਖਿਆ ਗਿਆ। ਜਾਣਕਾਰੀ ਅਨੁਸਾਰ ਇਸ ਸਰਾਂ ਵਿੱਚ ਆਧੁਨਿਕ ਸਹੂਲਤਾਂ ਨਾਲ ਲੈਸ ਕਰੀਬ ਪੰਜ ਹਜ਼ਾਰ ਕਮਰਿਆਂ ਦੀ ਵਿਵਸਥਾ ਕੀਤੀ ਜਾਵੇਗੀ। ਬਾਬਾ ਨਰਿੰਦਰ ਸਿੰਘ ਜੀ ਅਤੇ ਬਾਬਾ ਬਲਵਿੰਦਰ ਸਿੰਘ ਜੀ ਦੀ ਅਗਵਾਈ ਹੇਠ ਬਣਨ ਵਾਲੀ ਇਸ ਸਰਾਂ ਲਈ ਕਈ ਸੰਤ-ਮਹਾਂਪੁਰਸ਼ਾਂ ਅਤੇ ਸ਼ਰਧਾਲੂਆਂ ਨੇ ਕਮਰਿਆਂ ਦੀ ਸੇਵਾ ਲਈ ਆਪਣੇ ਨਾਮ ਦਰਜ ਕਰਵਾਏ।

ਸਮਾਗਮ ਦੇ ਅੰਤ ਵਿੱਚ ਬਾਬਾ ਨਰਿੰਦਰ ਸਿੰਘ ਅਤੇ ਬਾਬਾ ਬਲਵਿੰਦਰ ਸਿੰਘ ਨੇ ਹਾਜ਼ਰ ਸੰਤ-ਮਹਾਂਪੁਰਸ਼ਾਂ, ਧਾਰਮਿਕ ਸ਼ਖਸੀਅਤਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਇਸ ਮੌਕੇ ਪ੍ਰਮੁੱਖ ਸ਼ਖਸੀਅਤਾਂ ਨੂੰ ਸਿਰੋਪਾਓ ਦੀ ਬਖ਼ਸ਼ਿਸ਼ ਕਰਕੇ ਸਨਮਾਨਿਤ ਵੀ ਕੀਤਾ ਗਿਆ।

# ਧੰਨ-ਧੰਨ ਪੀਰ ਬਾਬਾ ਨਾਨਕ ਸ਼ਾਹ ਤਖੀਆ ਜੀ ਬੋਹੜੂ ਵਿਖੇ ਲੱਗਾ ਸਾਲਾਨਾ ਜੋੜ ਮੇਲਾ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਪਿੰਡ ਬੋਹੜੂ ਵਿਖੇ ਸ਼ੁਕਰਵਾਰ ਨੂੰ ਧੰਨ ਧੰਨ ਪੀਰ ਬਾਬਾ ਨਾਨਕ ਸ਼ਾਹ ਤਖੀਆ ਜੀ ਦੇ ਸਾਲਾਨਾ ਜੋੜ ਮੇਲੇ ਦੇ ਮੌਕੇ ਪਿੰਡ 'ਚ ਮੇਲੇ ਵਰਗਾ ਮਾਹੌਲ ਬਣਿਆ ਰਿਹਾ। ਮੇਲੇ ਦੌਰਾਨ ਪੇਂਡੂ ਖੇਡਾਂ ਦੇ ਵੱਡੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਲੜਕੀਆਂ ਦੀ ਕਬੱਡੀ ਦੇ ਸ਼ੋਅ ਮੈਚ ਕਰਵਾਏ ਗਏ ਮੇਲੇ ਦੀ ਮੁੱਖ ਖਿੱਚ ਅੰਤਰਾਸ਼ਟਰੀ ਪੱਧਰ ਦੇ ਕਬੱਡੀ ਖਿਡਾਰੀਆਂ ਦਾ ਮੈਚ ਰਿਹਾ। ਇਹ ਰੋਮਾਂਚਕ ਮੈਚ ਟੀਮ ਬਾਬਾ ਬਿਧੀ ਚੰਦ ਕਬੱਡੀ ਕਲੱਬ ਫਤਿਹਪੁਰ ਅਤੇ ਬਾਬਾ ਦਇਆ ਸਿੰਘ ਕਬੱਡੀ ਕਲੱਬ ਬੈਕਾ ਦੀਆਂ ਟੀਮਾਂ ਵਿਚਕਾਰ ਹੋਇਆ। ਇਸ ਤੋਂ ਇਲਾਵਾ ਮੇਲੇ ਤੇ ਭਲਵਾਨਾਂ ਦੇ ਕੁਸ਼ਤੀ ਦੇ ਮੁਕਾਬਲੇ ਵੀ ਕਰਵਾਏ ਗਏ। ਵੱਖ-ਵੱਖ ਅਖਾੜਿਆਂ ਤੋਂ ਆਏ ਭਲਵਾਨਾਂ ਨੇ ਦੰਗਲ 'ਚ ਜ਼ੋਰ ਅਜ਼ਮਾਇਸ਼ ਕੀਤੀ ਅਤੇ ਦਰਸ਼ਕਾਂ ਨੂੰ ਖੂਬ ਰਿਝਾਇਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਹਲਕਾ ਵਿਧਾਇਕ ਜਸਵਿੰਦਰ ਸਿੰਘ ਰਮਦਾਸ ਜੀ ਦੇ ਸਪੁੱਤਰ ਸੇਪੀ ਡੀ. ਐੱਸ. ਪੀ. ਲਖਵਿੰਦਰ ਸਿੰਘ ਕਲੇਰ, ਅਤੇ ਸਰਪੰਚ ਦਲਜੀਤ ਸਿੰਘ ਕੈਪਟਨ ਪੁਹੰਚੇ। ਮਹਿਮਾਨਾਂ ਨੇ ਜੇਤੂ ਖਿਡਾਰੀਆਂ ਅਤੇ ਭਲਵਾਨਾਂ ਨੂੰ ਸਨਮਾਨਿਤ ਕਰਕੇ ਨਕਦ ਇਨਾਮ ਵੰਡੇ। ਪ੍ਰਬੰਧਕਾਂ ਨੇ ਕਿਹਾ ਕਿ ਅਜਿਹੇ ਮੇਲੇ ਪੰਜਾਬ ਦੀ ਪੁਰਾਤਨ ਖੇਡਾਂ ਨੂੰ ਜਿੰਦਾ ਰੱਖਣ ਅਤੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਬਹੁਤ ਜ਼ਰੂਰੀ ਹਨ। ਇਸ ਮੌਕ ਦਲਬੀਰ ਸਿੰਘ ਜੱਜ ਮੈਂਬਰ ਪੰਚਾਇਤ, ਛਿੰਦਾ ਯੂ ਕੇ, ਸੋਨੀ ਸਪੇਨ, ਜੱਗੂ ਦੁਬਈ, ਜਗਦੀਪ ਸਿੰਘ ਜੱਜ ਮੈਂਬਰ ਪੰਚਾਇਤ ਗੁਰਨਾਮ ਸਿੰਘ ਮੈਂਬਰ, ਸਾਬਕਾ ਸਰਪੰਚ ਸ਼ਮਸ਼ੇਰ ਸਿੰਘ, ਮੈਂਬਰ ਤਰਸੇਮ ਸਿੰਘ, ਰਾਜ ਸਿੰਘ ਮੈਂਬਰ, ਰਿੰਕੂ ਮੈਂਬਰ,ਗੇਜਾ ਮੈਂਬਰ, ਸੁਖਰਾਜ ਸਿੰਘ ਸੰਧੂ, ਅਸਮੀਤ ਆਸਟ੍ਰੇਲੀਆ, ਅਰਸ਼ ਆਸਟ੍ਰੇਲੀਆ, ਮੋਹਿਤ ਆਸਟ੍ਰੇਲੀਆ, ਕਸ਼ਮੀਰ ਸਿੰਘ ਖੈਰਦੀਨਕੇ ਤੋਂ ਇਲਾਵਾ ਹੋਰ ਵੀ ਬਹੁਤ ਪ੍ਰਮੁੱਖ ਸਖਸ਼ੀਅਤਾਂ ਹਾਜ਼ਰ ਸਨ।

## ਐੱਮ ਏ ਐੱਮ ਪਬਲਿਕ ਸਕੂਲ 'ਚ ਤੀਆਂ ਦਾ ਤਿਉਹਾਰ ਮਨਾਇਆ



**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਮੈਕਸ ਆਰਥਰ ਮੈਕਾਲਿਫ਼ ਪਬਲਿਕ ਸਕੂਲ ਵਿਖੇ ਵਿਦਿਆਰਥੀਆਂ ਵੱਲੋਂ ਤੀਆਂ ਦਾ ਤਿਉਹਾਰ ਰਵਾਇਤੀ ਢੰਗ ਨਾਲ ਮਨਾਇਆ ਗਿਆ।ਇਸ ਮੌਕੇ ਨੰਨ੍ਹੇ-ਮੁੰਨੇ ਬੱਚੇ ਰੰਗ-ਬਰੰਗੇ ਪੰਜਾਬੀ ਪਹਿਰਾਵਿਆਂ ਵਿੱਚ ਸਜੇ ਹੋਏ ਸਨ ਤੇ ਉਨ੍ਹਾਂ ਆਪਣੀਆਂ ਮਨਮੋਹਕ ਪੇਸ਼ਕਾਰੀਆਂ ਨਾਲ ਸਮਾਗਮ ਨੂੰ ਯਾਦਗਾਰ ਬਣਾ ਦਿੱਤਾ।ਵਿਦਿਆਰਥੀਆਂ ਨੇ ਲੋਕ-ਗੀਤਾਂ, ਗਿੱਧੇ, ਬੋਲੀਆਂ ਤੇ ਹੋਰ ਸੱਭਿਆਚਾਰਕ ਪ੍ਰੋਗਰਾਮਾਂ ਰਾਹੀਂ ਪੰਜਾਬੀ ਸੱਭਿਆਚਾਰ ਦੀ ਖੂਬਸੂਰਤੀ ਨੂੰ ਜੀਵੰਤ ਕੀਤਾ। ਬੱਚਿਆਂ ਨੇ ਤੀਆਂ ਨਾਲ ਸੰਬੰਧਤ ਰਵਾਇਤੀ ਪਕਵਾਨਾਂ ਦਾ ਵੀ ਆਨੰਦ ਮਾਣਿਆ।ਸਮਾਗਮ ਦੌਰਾਨ ਕਰਵਾਏ ਗਏ 'ਮਿਸ ਤੀਜ' ਮੁਕਾਬਲੇ ਵਿੱਚ ਨਰਸਰੀ ਜਮਾਤ ਦੀ ਵਿਦਿਆਰਥਣ ਖੁਸ਼ਪ੍ਰੀਤ ਕੌਰ ਤੇ ਦੂਜੀ ਜਮਾਤ ਦੀ ਜਪਨੀਤ ਕੌਰ ਨੇ ਖਿਤਾਬ ਹਾਸਲ ਕੀਤਾ।ਰਨਰ-ਅਪ ਵਜੋਂ ਲਵਪ੍ਰੀਤ ਕੌਰ, ਮਨਰੀਤ ਕੌਰ ਉਟਾਲ, ਮਨਸੀਰਤ ਕੌਰ ਤੇ ਹਰਨਾਜ਼ ਕੌਰ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਸਕੂਲ ਦੀ ਚੇਅਰਪਰਸਨ ਕੁਲਵਿੰਦਰ ਕੌਰ ਬੈਨੀਪਾਲ, ਪ੍ਰਿੰਸੀਪਲ ਦੀਪਤੀ ਚੋਪੜਾ ਤੇ ਮੈਡਮ ਚਰਨ ਸੌਂਦ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਬੱਚਿਆਂ ਨੂੰ ਤੀਆਂ ਦੇ ਤਿਉਹਾਰ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਪੰਜਾਬੀ ਸੱਭਿਆਚਾਰ ਤੇ ਵਿਰਸੇ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ।

## ਨਗਰ ਕੌਂਸਲ ਵੱਲੋਂ 16.88 ਕਰੋੜ ਦੇ ਵਿਕਾਸ ਕੰਮਾਂ ਨੂੰ ਹਰੀ ਝੰਡੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਨਗਰ ਕੌਂਸਲ ਸ੍ਰੀ ਮੁਕਤਸਰ ਸਾਹਿਬ ਦੀ ਅਹਿਮ ਮੀਟਿੰਗ ਵੀਰਵਾਰ ਨੂੰ ਕੌਂਸਲ ਦਫ਼ਤਰ ਵਿਖੇ ਹੋਈ।ਮੀਟਿੰਗ ਵਿੱਚ ਸ਼ਹਿਰ ਦੇ ਵਿਕਾਸ, ਸਫ਼ਾਈ, ਪੀਣ ਵਾਲੇ ਪਾਣੀ, ਸਟ੍ਰੀਟ ਲਾਈਟਾਂ ਤੇ ਹੋਰ ਬੁਨਿਆਦੀ ਸਹੂਲਤਾਂ ਨਾਲ ਜੁੜੇ ਕਈ ਮਹੱਤਵਪੂਰਨ ਫੈਸਲੇ ਲਏ ਗਏ।ਸਭ ਤੋਂ ਵੱਡਾ ਫੈਸਲਾ ਸ਼ਹਿਰ ਵਿੱਚ ਕਰਵਾਏ ਜਾਣ ਵਾਲੇ 72 ਵਿਕਾਸ ਕਾਰਜਾਂ ਲਈ ਲਗਭਗ 16.88 ਕਰੋੜ ਰੁਪਏ ਦੇ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇਣ ਦਾ ਰਿਹਾ।ਮੀਟਿੰਗ ਵਿੱਚ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਸੜਕਾਂ ਬਣਾਉਣ, ਗਲੀਆਂ ਵਿੱਚ ਇੰਟਰਲਾਕਿੰਗ ਟਾਈਲਾਂ ਲਗਾਉਣ ਤੇ ਟੁੱਟੀਆਂ ਸੜਕਾਂ ਦੀ ਮੁਰੰਮਤ ਦੇ ਕੰਮਾਂ ਨੂੰ ਹਰੀ ਝੰਡੀ ਦਿੱਤੀ ਗਈ।ਇਸ ਨਾਲ ਸ਼ਹਿਰ ਦੇ ਕਈ ਇਲਾਕਿਆਂ ਵਿੱਚ ਲੰਬੇ ਸਮੇਂ ਤੋਂ ਚੱਲ ਰਹੀਆਂ ਸਮੱਸਿਆਵਾਂ ਦਾ ਹੱਲ ਹੋਣ ਦੀ ਉਮੀਦ ਹੈ।ਸਫ਼ਾਈ ਪ੍ਰਬੰਧ ਨੂੰ ਹੋਰ ਮਜ਼ਬੂਤ ਕਰਨ ਲਈ ਸਵੱਛ ਭਾਰਤ ਮਿਸ਼ਨ ਤਹਿਤ ਕੂੜਾ ਚੁੱਕਣ ਲਈ ਟਰੈਕਟਰ-ਟਰਾਲੀਆਂ ਤੇ ਹੋਰ ਮਸ਼ੀਨਰੀ ਦੀ ਖਰੀਦ ਤੇ ਮੁਰੰਮਤ ਦੇ ਪ੍ਰਸਤਾਵ ਵੀ ਪਾਸ ਕੀਤੇ ਗਏ।ਮੱਛਰਾਂ ਦੇ ਵੱਧ ਰਹੇ ਪ੍ਰਕੋਪ ਨੂੰ ਦੇਖਦੇ ਹੋਏ ਫੌਗਿੰਗ ਮਸ਼ੀਨਾਂ ਦੀ ਜਲਦੀ ਮੁਰੰਮਤ ਕਰਵਾਉਣ ਦਾ ਵੀ ਫੈਸਲਾ ਲਿਆ ਗਿਆ।ਸ਼ਹਿਰ ਵਿੱਚ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਧਿਆਨ ਵਿੱਚ ਰੱਖਦਿਆਂ ਟਿੱਬੀ ਸਾਹਿਬ ਵਾਟਰ ਵਰਕਸ ਵਿੱਚ ਤਿੰਨ ਨਵੇਂ ਟਿਊਬਵੈੱਲ ਲਗਾਉਣ ਦਾ ਪ੍ਰਸਤਾਵ ਵੀ ਮਨਜ਼ੂਰ ਕੀਤਾ ਗਿਆ।ਮੀਟਿੰਗ ਦੌਰਾਨ ਇੱਕ ਸਾਲ ਲਈ ਆਊਟਸੋਰਸਿੰਗ ਰਾਹੀਂ ਟਰੈਕਟਰ ਚਾਲਕ, ਕੰਪਿਊਟਰ ਆਪ੍ਰੇਟਰ, ਮਾਲੀ, ਬੇਲਦਾਰ ਤੇ ਹੋਰ ਲੋੜੀਂਦੇ ਕਰਮਚਾਰੀ ਰੱਖਣ ਦੀ ਮਨਜ਼ੂਰੀ ਵੀ ਦਿੱਤੀ ਗਈ।ਇਸ ਤੋਂ ਇਲਾਵਾ ਸ਼ਹਿਰ ਦੀਆਂ ਸਟ੍ਰੀਟ ਲਾਈਟਾਂ ਦੀ ਇੱਕ ਸਾਲ ਤੱਕ ਸਾਂਭ-ਸੰਭਾਲ ਲਈ 44.25 ਲੱਖ ਰੁਪਏ ਖਰਚ ਕਰਨ ਦੀ ਮਨਜ਼ੂਰੀ ਵੀ ਮਿਲੀ।ਮੀਟਿੰਗ ਵਿੱਚ ਸਰਕਾਰੀ ਕੰਮਾਂ ਲਈ ਨਵੀਂ ਮਹਿੰਦਰਾ ਬੋਲੇਰੋ ਗੱਡੀ ਖ਼ਰੀਦਣ, ਲੋੜ ਅਨੁਸਾਰ ਬਿਜਲੀ ਦੇ ਖੰਭੇ ਸ਼ਿਫਟ ਕਰਨ ਤੇ ਨਵੇਂ ਖੰਭੇ ਲਗਾਉਣ ਦੇ ਪ੍ਰਸਤਾਵ ਵੀ ਪਾਸ ਕੀਤੇ ਗਏ।ਨਾਲ ਹੀ 31 ਅਕਤੂਬਰ 2025 ਨੂੰ ਹੋਈ ਪਿਛਲੀ ਮੀਟਿੰਗ ਦੀ ਕਾਰਵਾਈ ਦੀ ਵੀ ਪੁਸ਼ਟੀ ਕੀਤੀ ਗਈ।

## ਸਿੱਖਿਆ ਖੇਤਰ ਲਈ ਪੈਸੇ ਦੀ ਕੋਈ ਕਮੀ ਨਹੀਂ : ਚੇਅਰਮੈਨ ਕਾਉਣੀ



**ਦੋਦਾ/ਗਿੱਦੜਬਾਹਾ (ਜਸਵੰਤ ਗਿੱਲ ਛੱਤੇਆਣਾ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਛੱਤੇਆਣਾ ਵਿਖੇ ਜ਼ਿਲ੍ਹਾ ਯੋਜਨਾ ਕਮੇਟੀ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਸੁਖਜਿੰਦਰ ਸਿੰਘ ਕਾਉਣੀ ਨੇ ਆਰ ਓ ਪਲਾਂਟ ਦਾ ਉਦਘਾਟਨ ਕਰਦਿਆਂ ਦੱਸਿਆ ਕਿ ਇਹ ਆਰ ਓ ਪਲਾਂਟ 2.33 ਲੱਖ ਦੀ ਲਾਗਤ ਨਾਲ ਸਕੂਲੀ ਬੱਚਿਆਂ ਦੀ ਸਹੂਲਤ ਲਈ ਲਗਾਇਆ ਗਿਆ ਹੈ ਤਾਂ ਜੋ ਉਨ੍ਹਾਂ ਨੂੰ ਪੀਣ ਲਈ ਸਾਫ ਸੁਥਰਾ ਪਾਣੀ ਮਿਲ ਸਕੇ।ਇਸ ਮੌਕੇ ਉਨ੍ਹਾਂ ਦੱਸਿਆ ਕਿ ਸਿੱਖਿਆ ਦੇ ਖੇਤਰ ਵਿੱਚ ਪੈਸੇ ਦੀ ਕੋਈ ਕਮੀ ਨਹੀਂ ਹੈ ਤੇ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਸੁਧਾਰ ਲਿਆਉਣ ਲਈ ਅਹਿਮ ਕਦਮ ਚੁੱਕ ਰਹੀ ਹੈ।ਇਸ ਮੌਕੇ ਪ੍ਰਿੰਸੀਪਲ ਗੁਰਦੀਪ ਸਿੰਘ, ਸਰਪੰਚ ਰਣਧੀਰ ਸਿੰਘ, ਚਮਕੌਰ ਸਿੰਘ, ਆਸ਼ੂ, ਸੁਖਜੀਵਨ ਸਿੰਘ, ਕਿੰਦਾ, ਮਾਸਟਰ ਜਗਸੀਰ ਸਿੰਘ, ਡਾ. ਜਸਪਾਲ ਸਿੰਘ, ਜਗਸੀਰ ਸਿੰਘ, ਬਖਸ਼ੀਸ਼ ਸੰਧੂ, ਰੈਪੀ ਮੈਂਬਰ, ਮਾਸਟਰ ਚਰਨਜੀਤ ਸਿੰਘ, ਮਾਸਟਰ ਮਨਦੀਪ ਸਿੰਘ ਆਦਿ ਹਾਜ਼ਰ ਸਨ।

## ਸੂਬੇ 'ਚ ਤਬਦੀਲੀ ਦਾ ਮਾਹੌਲ ਬਣ ਰਿਹੈ : ਗਿਆਨ ਸਿੰਘ ਮਾਨ



**ਭਵਾਨੀਗੜ੍ਹ (ਰਾਜ ਖੁਰਮੀ)**-ਮੁੱਖ ਮੰਤਰੀ ਭਗਵੰਤ ਮਾਨ ਦੇ ਚਚੇਰੇ ਭਰਾ ਤੇ ਭਾਜਪਾ ਆਗੂ ਗਿਆਨ ਸਿੰਘ ਮਾਨ ਨੇ ਦਾਅਵਾ ਕੀਤਾ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਨਿਰਾਸ਼ ਹੋ ਚੁੱਕੇ ਹਨ ਤੇ ਸੂਬੇ ਵਿੱਚ ਤਬਦੀਲੀ ਦੀ ਉਮੀਦ ਕਰ ਰਹੇ ਹਨ।ਭਾਜਪਾ ਦੇ ਪੰਜਾਬ ਪ੍ਰਦੇਸ਼ ਜਨਰਲ ਸਕੱਤਰ ਜੀਵਨ ਗਰਗ ਦੇ ਗ੍ਰਹਿ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗਿਆਨ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਵੱਡੀ ਉਮੀਦ ਨਾਲ ਸੱਤਾ ਸੌਂਪੀ ਸੀ, ਪਰ ਸਰਕਾਰ ਦੀਆਂ ਨੀਤੀਆਂ ਕਾਰਨ ਸੂਬਾ ਲਗਾਤਾਰ ਕਰਜ਼ੇ ਦੇ ਬੋਝ ਹੇਠ ਦੱਬਦਾ ਜਾ ਰਿਹਾ ਹੈ।ਉਨ੍ਹਾਂ ਦੋਸ਼ ਲਾਇਆ ਕਿ ਨੌਜਵਾਨ, ਵਪਾਰੀ ਤੇ ਸਮਾਜ ਦੇ ਹੋਰ ਵਰਗ ਸਰਕਾਰ ਦੀ ਕਾਰਗੁਜ਼ਾਰੀ ਤੋਂ ਨਾਖੁਸ਼ ਹਨ।ਉਨ੍ਹਾਂ ਕਿਹਾ ਕਿ ਭਾਜਪਾ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਵਿੱਚ ਡਬਲ ਇੰਜਣ ਦੀ ਸਰਕਾਰ ਬਣਾਉਣ ਲਈ ਲੋਕਾਂ ਦਾ ਸਮਰਥਨ ਹਾਸਲ ਕਰੇਗੀ ਤੇ ਲੋਕ-ਪੱਖੀ ਨੀਤੀਆਂ ਲਾਗੂ ਕਰਨ ਦਾ ਯਤਨ ਕਰੇਗੀ।ਕਾਂਗਰਸ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਗਿਆਨ ਸਿੰਘ ਮਾਨ ਨੇ ਕਿਹਾ ਕਿ ਕਾਂਗਰਸ ਦੀ ਅੰਦਰੂਨੀ ਕਲੇਸ਼ ਹੁਣ ਕਿਸੇ ਤੋਂ ਲੁਕਿਆ ਨਹੀਂ ਹੈ ਤੇ ਇਸ ਦਾ ਸਿੱਧਾ ਨੁਕਸਾਨ ਕਾਂਗਰਸ ਨੂੰ ਹੀ ਹੋ ਰਿਹਾ ਹੈ।ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਪਾਰਟੀ ਅੰਦਰੂਨੀ ਖਿੱਚੋਤਾਣ ਨਾਲ ਜੂਝ ਰਹੀ ਹੈ, ਜਿਸ ਦਾ ਸਭ ਤੋਂ ਵੱਧ ਅਸਰ ਜ਼ਮੀਨੀ ਪੱਧਰ ਦੇ ਵਰਕਰਾਂ 'ਤੇ ਪੈ ਰਿਹਾ ਹੈ।ਗਿਆਨ ਸਿੰਘ ਮਾਨ ਨੇ ਦਾਅਵਾ ਕੀਤਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਲੋਕਾਂ ਦੇ ਰੋਸ ਦਾ ਸਾਹਮਣਾ ਕਰਨਾ ਪਵੇਗਾ।ਇਸ ਮੌਕੇ ਉਨ੍ਹਾਂ ਜੀਵਨ ਗਰਗ ਨੂੰ ਭਾਜਪਾ ਪੰਜਾਬ ਦਾ ਪ੍ਰਦੇਸ਼ ਜਨਰਲ ਸਕੱਤਰ ਨਿਯੁਕਤ ਹੋਣ 'ਤੇ ਵਧਾਈ ਵੀ ਦਿੱਤੀ।

## ਫਿਰੋਜ਼ਪੁਰ ਮੰਡਲ ਵੱਲੋਂ ਯਾਤਰੀਆਂ ਦੀ ਸੁਰੱਖਿਆ ਲਈ ਜਾਗਰੂਕਤਾ ਮੁਹਿੰਮ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਮੰਡਲ ਵੱਲੋਂ ਯਾਤਰੀਆਂ ਤੇ ਆਮ ਲੋਕਾਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਰੇਲਵੇ ਫਾਟਕਾਂ ਤੇ ਰੇਲ ਪਟੜੀਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਪਾਰ ਨਾ ਕਰਨ ਬਾਰੇ ਇੱਕ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਇਸ ਦਾ ਮਕਸਦ ਲੋਕਾਂ ਨੂੰ ਰੇਲਵੇ ਦੇ ਨਿਯਮਾਂ ਪ੍ਰਤੀ ਜਾਗਰੂਕ ਕਰਨਾ ਤੇ ਹਾਦਸਿਆਂ ਤੋਂ ਬਚਾਉਣਾ ਹੈ। ਰੇਲਵੇ ਪ੍ਰਸ਼ਾਸਨ ਮੁਤਾਬਕ ਰੇਲ ਪਟੜੀ ਪਾਰ ਕਰਨ ਲਈ ਹਮੇਸ਼ਾ ਫੁੱਟ ਓਵਰ ਬ੍ਰਿਜ (ਪੈਦਲ ਪੁਲ), ਸਬ-ਵੇਅ ਜਾਂ ਅਧਿਕਾਰਤ ਰਸਤੇ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ। ਜਦੋਂ ਰੇਲਵੇ ਫਾਟਕ ਬੰਦ ਹੋਵੇ, ਤਾਂ ਉਸ ਦੇ ਹੇਠਾਂ ਤੋਂ ਲੰਘਣ ਦੀ ਕੋਸ਼ਿਸ਼ ਬਿਲਕੁਲ ਨਾ ਕਰੋ ਤੇ ਫਾਟਕ ਖੁੱਲ੍ਹਣ ਤੱਕ ਸਬਰ ਨਾਲ ਇੰਤਜ਼ਾਰ ਕਰੋ। ਫਾਟਕ ਪਾਰ ਕਰਦੇ ਸਮੇਂ ਮੋਬਾਈਲ ਫੋਨ ਦੀ ਵਰਤੋਂ ਕਰਨਾ ਜਾਂ ਈਅਰਫੋਨ ਲਗਾਉਣਾ ਬਹੁਤ ਖਤਰਨਾਕ ਹੋ ਸਕਦਾ ਹੈ। ਆਲੇ-ਦੁਆਲੇ ਤੋਂ ਲੰਘਦੀਆਂ ਰੇਲਗੱਡੀਆਂ ਪ੍ਰਤੀ ਸੁਚੇਤ ਰਹੋ, ਕਿਉਂਕਿ ਇੱਕ ਛੋਟੀ ਜਿਹੀ ਲਾਪਰਵਾਹੀ ਵੀ ਜਾਨਲੇਵਾ ਸਾਬਿਤ ਹੋ ਸਕਦੀ ਹੈ। ਰੇਲਵੇ ਸੁਰੱਖਿਆ ਬਲ ਤੇ ਹੋਰ ਵਿਭਾਗਾਂ ਵੱਲੋਂ ਫਾਟਕਾਂ ਤੇ ਸਟੇਸ਼ਨਾਂ 'ਤੇ ਖਾਸ ਨਿਗਰਾਨੀ ਰੱਖੀ ਜਾ ਰਹੀ ਹੈ। ਲੋਕਾਂ ਤੱਕ ਸੰਦੇਸ਼ ਪਹੁੰਚਾਉਣ ਲਈ ਲਗਾਤਾਰ ਅਨਾਊਂਸਮੈਂਟ, ਪੋਸਟਰ ਤੇ ਸੋਸ਼ਲ ਮੀਡੀਆ ਦੀ ਵਰਤੋਂ ਕੀਤੀ ਜਾ ਰਹੀ ਹੈ। ਫਿਰੋਜ਼ਪੁਰ ਮੰਡਲ ਸਾਰੇ ਯਾਤਰੀਆਂ ਤੇ ਆਮ ਲੋਕਾਂ ਨੂੰ ਅਪੀਲ ਕਰਦਾ ਹੈ ਕਿ ਉਹ ਸੁਰੱਖਿਅਤ ਰਹਿਣ, ਚੌਕਸ ਰਹਿਣ ਤੇ ਰੇਲਵੇ ਨਿਯਮਾਂ ਦੀ ਇੰਨ-ਬਿਨ ਪਾਲਣਾ ਕਰਨ। ਤੁਹਾਡੀ ਸੁਰੱਖਿਆ ਹੀ ਰੇਲਵੇ ਦੀ ਸਭ ਤੋਂ ਵੱਡੀ ਪਹਿਲ ਹੈ।

## ਖਾਦ ਸੰਬੰਧੀ ਕਥਿਤ ਬੇਨਿਯਮੀਆਂ ਦੀ ਜਾਂਚ ਲਈ ਅਰਸ਼ ਸੱਚਰ ਵੱਲੋਂ ਮੁੱਖ ਮੰਤਰੀ ਦਾ ਧੰਨਵਾਦ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਸਮਾਜ ਸੇਵੀ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਰਸ਼ ਸੱਚਰ ਨੇ ਫਰੀਦਕੋਟ ਜ਼ਿਲ੍ਹੇ ਵਿੱਚ ਸਬਸਿਡੀ ਵਾਲੀ ਡੀਏਪੀ ਤੇ ਯੂਰੀਆ ਖਾਦ ਦੀ ਵਿਕਰੀ ਦੌਰਾਨ ਕਥਿਤ ਬੇਨਿਯਮੀਆਂ ਸਬੰਧੀ ਉਠਾਏ ਗਏ ਮੁੱਦੇ ਨੂੰ ਗੰਭੀਰਤਾ ਨਾਲ ਲੈਂਦਿਆਂ ਪੰਜਾਬ ਸਰਕਾਰ ਵੱਲੋਂ ਖੇਤੀਬਾੜੀ ਵਿਭਾਗ ਨੂੰ ਜਾਂਚ ਦੇ ਹੁਕਮ ਜਾਰੀ ਕਰਨ 'ਤੇ ਮਾਣਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਦਿਲੋਂ ਧੰਨਵਾਦ ਕੀਤਾ ਹੈ।ਅਰਸ਼ ਸੱਚਰ ਨੇ ਕਿਹਾ ਕਿ ਕਿਸਾਨ ਪੰਜਾਬ ਦੀ ਰੀੜ੍ਹ ਦੀ ਹੱਡੀ ਹਨ ਤੇ ਉਨ੍ਹਾਂ ਨੂੰ ਸਬਸਿਡੀ ਵਾਲੀ ਖਾਦ ਲੈਣ ਸਮੇਂ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ, ਗਲਤ ਵਸੂਲੀ ਜਾਂ ਬੇਨਿਯਮੀਆਂ ਦਾ ਸਾਹਮਣਾ ਨਹੀਂ ਕਰਨਾ ਚਾਹੀਦਾ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਇਸ ਮਾਮਲੇ ਨੂੰ ਤੁਰੰਤ ਗੰਭੀਰਤਾ ਨਾਲ ਲੈਣਾ ਇਹ ਦਰਸਾਉਂਦਾ ਹੈ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਹੱਕਾਂ ਦੀ ਰੱਖਿਆ ਤੇ ਪਾਰਦਰਸ਼ੀ ਪ੍ਰਸ਼ਾਸਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਉਨ੍ਹਾਂ ਫਰੀਦਕੋਟ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਵੀ ਪਿੰਡ ਵਿੱਚ ਡੀਏਪੀ ਜਾਂ ਯੂਰੀਆ ਖਾਦ ਦੀ ਵਿਕਰੀ ਦੌਰਾਨ ਕਿਸੇ ਕਿਸਮ ਦੀ ਗੜਬੜ, ਟੈਗਿੰਗ, ਗਲਤ ਵਸੂਲੀ ਜਾਂ ਕਿਸੇ ਡੀਲਰ ਵੱਲੋਂ ਕਿਸਾਨਾਂ ਨਾਲ ਧੱਕੇਸ਼ਾਹੀ ਕੀਤੀ ਜਾਂਦੀ ਹੈ ਤਾਂ ਉਹ ਪਿੰਡ ਦਾ ਨਾਮ, ਡੀਲਰ ਦਾ ਨਾਮ ਤੇ ਪੂਰੀ ਜਾਣਕਾਰੀ ਉਨ੍ਹਾਂ ਨਾਲ ਸਾਂਝੀ ਕਰਨ।

## ਬੀ ਕੇ ਯੂ (ਕਾਦੀਆਂ) ਤਹਿਸੀਲ 'ਚ 11 ਤੋਂ ਲਾਵੇਗੀ ਭ੍ਰਿਸ਼ਟਾਚਾਰ ਖਿਲਾਫ ਧਰਨਾ



**ਸਮਰਾਲਾ (ਸੁਰਜੀਤ ਸਿੰਘ)**-ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਦੇ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਹਰਦੀਪ ਸਿੰਘ ਗਿਆਸਪੁਰਾ ਨੇ ਕਿਹਾ ਕਿ ਸਮਰਾਲਾ ਵਿੱਚ ਸਰਕਾਰੀ ਭ੍ਰਿਸ਼ਟਾਚਾਰ ਸਿਖਰਾਂ 'ਤੇ ਹੈ। ਪਿੰਡਾਂ ਦੇ ਆਮ ਲੋਕਾਂ ਤੇ ਕਿਸਾਨਾਂ ਨੂੰ ਛੋਟੇ ਛੋਟੇ ਕੰਮਾਂ ਲਈ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਲੋਕ ਆਪਣੇ ਜ਼ਰੂਰੀ ਕੰਮ ਕਾਜ ਛੱਡ ਕੇ ਤਹਿਸੀਲ ਦਫਤਰ ਦੇ ਚੱਕਰ ਕੱਟਣ ਲਈ ਮਜਬੂਰ ਹਨ।ਉਨ੍ਹਾਂ ਦੋਸ਼ ਲਾਇਆ ਕਿ ਸਭ ਤੋਂ ਵੱਧ ਭ੍ਰਿਸ਼ਟਾਚਾਰ ਮਾਲ ਮਹਿਕਮੇ ਦੇ ਅਧਿਕਾਰੀ ਤੇ ਕਰਮਚਾਰੀ ਕਰ ਰਹੇ ਹਨ, ਜੋ ਆਪਸ ਵਿੱਚ ਮਿਲੇ ਹੋਏ ਹਨ।ਕਿਸਾਨ ਆਗੂ ਨੇ ਕਿਹਾ ਕਿ ਵੱਡੇ ਪੱਧਰ 'ਤੇ ਕਥਿਤ ਤੌਰ 'ਤੇ ਜਾਲ੍ਹੀ ਰਜਿਸਟਰੀਆਂ ਕੀਤੀਆਂ ਜਾ ਰਹੀਆਂ ਹਨ, ਜਿਸ ਦੇ ਜਥੇਬੰਦੀ ਕੋਲ ਪੁਖਤਾ ਸਬੂਤ ਵੀ ਹਨ।ਉਨ੍ਹਾਂ ਕਿਹਾ ਕਿ ਇਸ ਸਬੰਧੀ ਉਨ੍ਹਾਂ ਕਈ ਵਾਰ ਮਾਲ ਮਹਿਕਮੇ ਦੇ ਅਧਿਕਾਰੀਆਂ ਨਾਲ ਮਿਲ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ, ਪਰ ਕੋਈ ਕਾਰਵਾਈ ਨਹੀਂ ਹੋਈ।ਉਨ੍ਹਾਂ ਕਿਹਾ ਕਿ ਸਥਾਨਕ ਐੱਸ ਡੀ ਐੱਮ ਨੂੰ ਵੀ ਇਸ ਸਬੰਧ 'ਚ ਲਿਖਤੀ ਤੇ ਨਿੱਜੀ ਤੌਰ 'ਤੇ ਮਿਲ ਕੇ ਉਨ੍ਹਾਂ ਨੂੰ ਲੋਕਾਂ ਦੀ ਪ੍ਰੇਸ਼ਾਨੀ ਬਾਰੇ ਜਾਣੂ ਕਰਵਾਇਆ ਗਿਆ, ਪਰ ਪ੍ਰਸ਼ਾਸਨ ਟੱਸ ਤੋਂ ਮੱਸ ਨਹੀਂ ਹੋਇਆ।ਕਿਸਾਨ ਆਗੂ ਨੇ ਕਿਹਾ ਕਿ ਜਦੋਂ ਗੱਲ ਬਾਤ ਦੇ ਸਾਰੇ ਹੀਲੇ ਵਸੀਲੇ ਅਸਫਲ ਸਾਬਿਤ ਹੋਏ ਤਾਂ ਅੰਤ ਨੂੰ ਜਥੇਬੰਦੀ ਨੂੰ ਸੰਘਰਸ਼ ਦਾ ਰਾਹ ਅਖਤਿਆਰ ਕਰਨਾ ਪਿਆ।ਜਥੇਬੰਦੀ ਨੇ ਫੈਸਲਾ ਕੀਤਾ ਹੈ ਕਿ ਪ੍ਰਸ਼ਾਸਨ ਦੀਆਂ ਅੱਖਾਂ ਖੋਲ੍ਹਣ ਲਈ ਬੀ ਕੇ ਯੂ (ਕਾਦੀਆਂ) 11 ਅਗਸਤ ਤੋਂ ਤਹਿਸੀਲ ਕੰਪਲੈਕਸ ਵਿਖੇ ਪੱਕਾ ਧਰਨਾ ਲਗਾਉਣ ਜਾ ਰਹੀ ਹੈ ਤਾਂ ਜੋ ਮਾਲ ਮਹਿਕਮੇ ਦੇ ਭ੍ਰਿਸ਼ਟ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਅਸਲੀਅਤ ਲੋਕਾਂ ਸਾਹਮਣੇ ਲਿਆਂਦੀ ਜਾ ਸਕੇ।ਇਸੇ ਦੌਰਾਨ ਯੂਨੀਅਨ ਦੇ ਜ਼ਿਲ੍ਹਾ ਜਨਰਲ ਸਕੱਤਰ ਮਨਪ੍ਰੀਤ ਸਿੰਘ ਘੁਲਾਲ ਨੇ ਸਮਰਾਲਾ ਇਲਾਕੇ ਦੇ ਆਮ ਲੋਕਾਂ ਤੇ ਯੂਨੀਅਨ ਦੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ 11 ਅਗਸਤ ਨੂੰ ਆਪੋ ਆਪਣੀਆਂ ਟਰੈਕਟਰ ਟਰਾਲੀਆਂ ਤੇ ਹੋਰ ਵਾਹਨ ਲੈ ਕੇ ਸਮਰਾਲਾ ਦੇ ਤਹਿਸੀਲ ਕੰਪਲੈਕਸ ਵਿਖੇ ਪੁੱਜਣ।ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਮੋਹਨ ਸਿੰਘ ਬਾਲਿਓਂ, ਬਹਾਦਰ ਸਿੰਘ ਰੋਹਲੇ ਬਲਾਕ ਪ੍ਰਧਾਨ, ਸਵਰਨ ਸਿੰਘ ਹੇੜੀਆਂ, ਕੁਲਵੀਰ ਸਿੰਘ ਘੁਲਾਲ, ਰਮਨ ਘੁਲਾਲ, ਜੀਤ ਸਿੰਘ ਸਹਿਜੋਮਾਜਰਾ, ਕਰਨ ਉੱਪਲ, ਮੇਜਰ ਸਿੰਘ ਘੁਲਾਲ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਯੂਨੀਅਨ ਦੇ ਵਰਕਰ ਹਾਜ਼ਰ ਸਨ।

## ਵਾਈ ਆਰ ਐੱਸ ਏ ਨੈਸ਼ਨਲ ਫੈਡਰੇਸ਼ਨ ਕ੍ਰਿਕਟ ਕੱਪ 'ਚ ਮਾਤਾ ਗੁਜਰੀ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ

**ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**-ਫਤਿਹਗੜ੍ਹ ਸਾਹਿਬ (ਪੰਜਾਬ) ਵਿਖੇ ਯੂਥ ਐਂਡ ਰੂਰਲ ਸਪੋਰਟਸ ਐਸੋਸੀਏਸ਼ਨ (ਇੰਡੀਆ) ਵੱਲੋਂ ਕਰਵਾਏ ਗਏ ਵਾਈ ਆਰ ਐੱਸ ਏ ਨੈਸ਼ਨਲ ਫੈਡਰੇਸ਼ਨ ਕ੍ਰਿਕਟ ਕੱਪ-2026 ਵਿੱਚ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇਵੀਗੜ੍ਹ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਮ ਰੌਸ਼ਨ ਕੀਤਾ।ਮੁਕਾਬਲੇ ਵਿੱਚ ਸਕੂਲ ਦੀ ਅੰਡਰ-14 ਕ੍ਰਿਕਟ ਟੀਮ ਨੇ ਪਹਿਲਾ ਸਥਾਨ ਹਾਸਲ ਕਰਕੇ ਚੈਂਪੀਅਨ ਟਰਾਫੀ ਆਪਣੇ ਨਾਮ ਕੀਤੀ, ਜਦਕਿ ਅੰਡਰ-17 ਕ੍ਰਿਕਟ ਟੀਮ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਕਾਂਸੀ ਦੀ ਟਰਾਫੀ ਜਿੱਤੀ।ਇਸ ਮੌਕੇ ਸਕੂਲ ਦੇ ਡਾਇਰੈਕਟਰ ਸ੍ਰ. ਭੁਪਿੰਦਰ ਸਿੰਘ, ਪ੍ਰਧਾਨ ਸ੍ਰੀਮਤੀ ਰਵਿੰਦਰ ਕੌਰ, ਪ੍ਰਿੰਸੀਪਲ ਸ੍ਰੀਮਤੀ ਪੂਨਮ ਧੀਮਾਨ ਤੇ ਕ੍ਰਿਕਟ ਕੋਚ ਸ੍ਰੀ ਕੇਸ਼ਵ ਕਾਂਤ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਖੇਡਾਂ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਟੀਮ ਭਾਵਨਾ, ਲੀਡਰਸ਼ਿਪ ਤੇ ਆਤਮ-ਵਿਸ਼ਵਾਸ ਦਾ ਵਿਕਾਸ ਕਰਦੀਆਂ ਹਨ।ਉਨ੍ਹਾਂ ਵਿਦਿਆਰਥੀਆਂ ਦੀ ਮਿਹਨਤ ਤੇ ਕੋਚ ਦੀ ਲਗਨ ਦੀ ਸ਼ਲਾਘਾ ਕਰਦਿਆਂ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਸਫ਼ਲਤਾਵਾਂ ਹਾਸਲ ਕਰਨ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।



## ਸਾਬਕਾ ਕਮਿਸ਼ਨਰ ਅਮਰਜੀਤ ਸਿੰਘ ਘੱਗਾ ਨੇ ਦਫ਼ਤਰ ਖੋਲ੍ਹਿਆ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਹਲਕਾ ਸ਼ੁਤਰਾਣਾ ਵਿੱਚ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਠਾਉਣ ਲਈ ਸਾਬਕਾ ਕਮਿਸ਼ਨਰ ਅਮਰਜੀਤ ਸਿੰਘ ਘੱਗਾ ਵੱਲੋਂ ਪਾਤੜਾਂ ਵਿਖੇ ਆਪਣਾ ਦਫ਼ਤਰ ਖੋਲ੍ਹਿਆ ਗਿਆ ਹੈ।ਦਫ਼ਤਰ ਦੀ ਰਸਮੀ ਸ਼ੁਰੂਆਤ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿੱਚ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ।ਪਾਠ ਦੇ ਭੋਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੇਵਾਮੁਕਤ ਐਕਸਾਇਜ਼ ਕਮਿਸ਼ਨਰ ਅਮਰਜੀਤ ਸਿੰਘ ਘੱਗਾ ਨੇ ਕਿਹਾ ਕਿ ਦਫ਼ਤਰ ਖੋਲ੍ਹਣ ਦਾ ਮੁੱਖ ਮਕਸਦ ਹਲਕਾ ਸ਼ੁਤਰਾਣਾ ਵਿੱਚ ਕਾਂਗਰਸ ਪਾਰਟੀ ਨੂੰ ਜਥੇਬੰਦਕ ਤੌਰ 'ਤੇ ਮਜ਼ਬੂਤ ਕਰਨਾ ਤੇ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਨਾ ਹੈ।ਉਨ੍ਹਾਂ ਕਿਹਾ ਕਿ ਉਹ ਆਉਣ ਵਾਲੇ ਦਿਨਾਂ ਵਿੱਚ ਹਲਕੇ ਦੇ ਪਿੰਡ-ਪਿੰਡ ਜਾ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣਨਗੇ ਤੇ ਉਨ੍ਹਾਂ ਦੇ ਹੱਲ ਲਈ ਆਵਾਜ਼ ਬੁਲੰਦ ਕਰਨਗੇ। ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸ ਪਾਰਟੀ ਵੱਲੋਂ ਹਲਕਾ ਸ਼ਤਰਾਣਾ ਦੇ ਹਰ ਪਿੰਡ ਵਿੱਚ ਜਾ ਕੇ ਪਾਰਟੀ ਦੀਆਂ ਨੀਤੀਆਂ ਤੇ ਲੋਕ ਪੱਖੀ ਸੋਚ ਨੂੰ ਲੋਕਾਂ ਤੱਕ ਪਹੁੰਚਾਇਆ ਜਾਵੇਗਾ।ਇਸ ਦੇ ਨਾਲ ਹੀ ਹਲਕੇ ਦੀਆਂ ਸਮਾਜਿਕ ਤੇ ਆਰਥਿਕ ਸਮੱਸਿਆਵਾਂ ਨੂੰ ਵੀ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।

## ਪਾਥਵੇਜ਼ 'ਚ 'ਗੁਰਬਾਣੀ ਦੀ ਲੋਅ 'ਚ ਸ਼ਖਸੀਅਤ ਉਸਾਰੀ' ਸੈਸ਼ਨ ਕਰਾਇਆ



**ਕੋਟ ਈਸੇ ਖਾਂ (ਅਰੋੜਾ)**-ਪਾਥਵੇਜ਼ ਗਲੋਬਲ ਸਕੂਲ ਕੋਟ ਈਸੇ ਖਾਂ ਵਿਖੇ ਇੱਕ ਵਿਸ਼ੇਸ਼ ਪਰਸਨੈਲਿਟੀ ਡਿਵੈਲਪਮੈਂਟ ਪ੍ਰੋਗਰਾਮ ਕਰਵਾਇਆ ਗਿਆ।ਇਸ ਪ੍ਰੋਗਰਾਮ ਦਾ ਮੇਨ ਟੌਪਿਕ 'ਗੁਰਬਾਣੀ ਦੀ ਲੋਅ ਵਿੱਚ ਸ਼ਖਸੀਅਤ ਉਸਾਰੀ' ਦਰਸਾਇਆ ਗਿਆ।ਇਸ ਪ੍ਰੋਗਰਾਮ ਦੇ ਰਿਸੋਰਸ ਪਰਸਨ ਸਤਨਾਮ ਸਿੰਘ ਸੋਲਪੁਰੀ ਸਨ।ਉਨ੍ਹਾਂ ਨਾਲ ਉਨ੍ਹਾਂ ਦੇ ਏਰੀਆ ਕੋਆਰਡੀਨੇਟਰ ਬਲਵਿੰਦਰ ਸਿੰਘ ਤੇ ਡਿਵਾਇਨ ਵਰਕਰ ਗੁਰਜੀਤ ਸਿੰਘ ਨੇ ਵੀ ਭਾਗ ਲਿਆ।ਸਤਨਾਮ ਸਿੰਘ ਨੇ ਬੜੇ ਹੀ ਸੁਚੱਜੇ ਢੰਗ ਨਾਲ ਵਿਦਿਆਰਥੀਆਂ ਨੂੰ ਪੜ੍ਹਾਈ ਕਰਨ ਦੇ ਮਕਸਦ ਬਾਰੇ ਜਾਣਕਾਰੀ ਸਾਂਝੀ ਕੀਤੀ।ਉਨ੍ਹਾਂ ਗੁਰਬਾਣੀ ਦੇ ਤੱਥਾਂ ਤੋਂ ਸੇਧ ਦਿੰਦੀਆਂ ਹੋਈਆਂ ਬਹੁਤ ਸਾਰੀਆਂ ਉਦਾਹਰਣਾਂ ਰਾਹੀਂ ਵਿਦਿਆਰਥੀਆਂ ਨੂੰ ਸਮਾਜ ਵਿੱਚ ਪਸਰ ਰਹੇ ਨਸ਼ੇ, ਮੋਬਾਈਲ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਤੇ ਇਨ੍ਹਾਂ ਬੁਰਾਈਆਂ ਤੋਂ ਦੂਰ ਰਹਿ ਕੇ ਆਪਣੇ ਮਾਤਾ-ਪਿਤਾ ਦੇ ਆਗਿਆਕਾਰੀ ਬਣਨ, ਆਪਣਾ ਵਿਅਕਤੀਤਵ ਉਭਾਰਨ ਤੇ ਉੱਚ ਵਿੱਦਿਆ ਹਾਸਲ ਕਰਨ ਲਈ ਅਣਥੱਕ ਮਿਹਨਤ ਕਰਨ ਲਈ ਪ੍ਰੇਰਿਆ।ਇਸ ਮੌਕੇ ਸਕੂਲ ਦੇ ਕਮੇਟੀ ਮੈਂਬਰ ਮਾਨਯੋਗ ਚੇਅਰਮੈਨ ਸੁਰਜੀਤ ਸਿੰਘ ਸਿੱਧੂ, ਪ੍ਰਧਾਨ ਡਾ. ਅਨਿਲਜੀਤ ਕੰਬੋਜ, ਵਾਈਸ ਚੇਅਰਮੈਨ ਅਵਤਾਰ ਸਿੰਘ ਸੰਧੂ, ਚਾਹਤ ਕੰਬੋਜ, ਸਤਨਾਮ ਸਿੰਘ ਸੰਧੂ, ਗੁਰਪ੍ਰੀਤ ਸਿੰਘ ਸਿੱਧੂ ਕੰਬੋਜ, ਜੋਗਿੰਦਰ ਸਿੰਘ ਸਰਪੰਚ, ਜਸਵਿੰਦਰ ਸਿੰਘ ਸਿੱਧੂ, ਸਿਮਰਨਜੀਤ ਸਿੰਘ ਸਿੱਧੂ, ਪ੍ਰਿੰਸੀਪਲ ਅਸ਼ੀਸ਼ ਡੋਗਰਾ, ਵਾਈਸ ਪ੍ਰਿੰਸੀਪਲ ਸ੍ਰੀਮਤੀ ਮਾਲਵਿਕਾ ਡੋਗਰਾ ਨੇ ਸਤਨਾਮ ਸਿੰਘ ਸੋਲਪੁਰੀ ਦੁਆਰਾ ਲਗਾਏ ਗਏ ਸੈਸ਼ਨ ਦੀ ਸ਼ਲਾਘਾ ਕੀਤੀ ਤੇ ਬੱਚਿਆਂ ਨੂੰ ਇਸ ਸੈਸ਼ਨ ਤੋਂ ਸੇਧ ਲੈ ਕੇ ਜੀਵਨ ਵਿੱਚ ਤਰੱਕੀ ਕਰਨ ਲਈ ਪ੍ਰੇਰਿਆ।

## ਕਤਲ ਦੇ ਦੋਸ਼ 'ਚ ਮੁਕੱਦਮਾ ਦਰਜ

**ਜਲਾਲਾਬਾਦ (ਜੀਤ ਕੁਮਾਰ)**

ਪੁਲਸ ਵੱਲੋਂ ਇਕ ਵਿਅਕਤੀ ਦਾ ਕਤਲ ਕਰਨ ਦੇ ਦੋਸ਼ ਵਿੱਚ ਇਕ ਵਿਅਕਤੀ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ।ਜਾਂਚ ਅਧਿਕਾਰੀ ਐਸ.ਆਈ. ਸ਼ਮੀਨਾ ਕੰਬੋਜ ਨੇ ਦੱਸਿਆ ਕਿ ਸ਼ਿਕਾਇਤਕਰਤਾ ਅਮਨਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਜੰਮੂ ਬਸਤੀ ਜਲਾਲਾਬਾਦ ਵੱਲੋਂ ਪੁਲਸ ਕੋਲ ਬਿਆਨ ਕਰਾਏ ਗਏ ਹਨ ਕਿ ਸਾਜਨ ਸਿੰਘ ਉਰਫ ਬੂੰਦੀ ਪੁਤਰ ਬਿੰਦਰ ਸਿੰਘ ਵਾਸੀ ਆਰਿਆ ਵਾਲੀ ਗਲੀ ਵਾਰਡ ਨੰ.4 ਨੇ ਉਸਦੇ ਭਰਾ ਲਵਪ੍ਰੀਤ ਸਿੰਘ (23) ਨੂੰ ਜਾਨੋਂ ਮਾਰ ਦਿੱਤਾ ਹੈ।

ਮ੍ਰਿਤਕ ਲਵਪ੍ਰੀਤ ਸਿੰਘ ਦੀ ਦੀ ਲਾਸ਼ ਜਲਾਲਾਬਾਦ ਵਿਖੇ ਰੇਲਵੇ ਫਲਾਈ ਓਵਰ ਦੇ ਥੱਲੇ ਟਰੈਕ ਤੇ ਸੇਮਨਾਲੇ ਦੇ ਵਿਚਕਾਰ ਤੋਂ ਬਰਾਮਦ ਹੋਈ ਹੈ, ਜਿਸ 'ਤੇ ਥਾਣਾ ਸਿਟੀ ਜਲਾਲਾਬਾਦ ਵਿਖੇ ਮੁਦੱਈ ਅਮਨਪ੍ਰੀਤ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਕਥਿਤ ਦੋਸ਼ੀ ਸਾਜਨ ਉਰਫ ਬੂੰਦੀ ਦੇ ਵਿਰੁੱਧ ਮੁਕੱਦਮਾ ਨੰਬਰ 139 ਮਿਤੀ 6 ਅਗਸਤ 2026 ਨੂੰ ਧਾਰਾ 103 ਬੀ.ਐਨ.ਐਸ. ਅਧੀਨ ਦਰਜ ਕੀਤਾ ਗਿਆ ਹੈ ਤੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਵਾਰਡ ਨੰਬਰ 6 'ਚ ਨਵੀਂ ਬਣੀ ਸੜਕ ਕੁਝ ਹੀ ਦਿਨਾਂ 'ਚ ਟੁੱਟਣ ਲੱਗੀ

**ਵਸਨੀਕਾਂ ਵੱਲੋਂ ਠੇਕੇਦਾਰ 'ਤੇ ਘਟੀਆ ਮਟੀਰੀਅਲ ਵਰਤਣ ਦੇ ਦੋਸ਼, ਡੀ ਸੀ ਨੂੰ ਭੇਜਿਆ ਮੰਗ ਪੱਤਰ**



**ਸਮਾਣਾ (ਇਕਬਾਲ ਸਿੰਘ ਬੱਲ)**

ਸਮਾਣਾ ਸ਼ਹਿਰ ਦੇ ਵਾਰਡ ਨੰਬਰ 6 ਵਿੱਚ ਹਾਲ ਹੀ ਵਿੱਚ ਬਣੀ ਸੜਕ ਦੀ ਗੁਣਵੱਤਾ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਹੈ।ਸੜਕ ਦੇ ਨਿਰਮਾਣ ਤੋਂ ਕੁਝ ਹੀ ਦਿਨਾਂ ਬਾਅਦ ਇਸ ਦੇ ਕਈ ਥਾਵਾਂ ਤੋਂ ਟੁੱਟਣ ਕਾਰਨ ਇਲਾਕਾ ਵਾਸੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਵਾਰਡ ਦੇ ਵਸਨੀਕਾਂ ਨੇ ਸੜਕ ਦੇ ਨਿਰਮਾਣ ਵਿੱਚ ਘਟੀਆ ਮਟੀਰੀਅਲ ਵਰਤਣ ਦੇ ਦੋਸ਼ ਲਗਾਉਂਦੇ ਹੋਏ ਡਿਪਟੀ ਕਮਿਸ਼ਨਰ ਪਟਿਆਲਾ ਨੂੰ ਮੰਗ ਪੱਤਰ ਭੇਜ ਕੇ ਮਾਮਲੇ ਦੀ ਉੱਚ ਪੱਧਰੀ ਤੇ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ।ਵਸਨੀਕਾਂ ਵੱਲੋਂ ਭੇਜੇ ਮੰਗ ਪੱਤਰ ਵਿੱਚ ਦੱਸਿਆ ਗਿਆ ਹੈ ਕਿ 27 ਜੁਲਾਈ 2026 ਨੂੰ ਉਕਤ ਸੜਕ ਦਾ ਉਦਘਾਟਨ ਕੀਤਾ ਗਿਆ ਸੀ, ਪਰ ਸੜਕ ਬਣਨ ਦੇ ਕੁਝ ਹੀ ਦਿਨਾਂ ਬਾਅਦ ਇਸ ਦੀ ਪਰਤ ਉਖੜਣੀ ਸ਼ੁਰੂ ਹੋ ਗਈ।ਲੋਕਾਂ ਦਾ ਦੋਸ਼ ਹੈ ਕਿ ਨਿਰਮਾਣ ਦੌਰਾਨ ਮਿਆਰੀ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਗਈ ਤੇ ਸੜਕ ਵਿੱਚ ਘਟੀਆ ਮਟੀਰੀਅਲ ਦੀ ਵਰਤੋਂ ਕੀਤੀ ਗਈ, ਜਿਸ ਕਾਰਨ ਇਹ ਇੰਨੀ ਜਲਦੀ ਖਰਾਬ ਹੋਣ ਲੱਗੀ।ਵਸਨੀਕਾਂ ਨੇ ਮੰਗ ਕੀਤੀ ਹੈ ਕਿ ਸੜਕ ਦੇ ਨਿਰਮਾਣ ਵਿੱਚ ਵਰਤੇ ਗਏ ਮਟੀਰੀਅਲ ਦੇ ਨਮੂਨੇ ਕਿਸੇ ਸੁਤੰਤਰ ਤੇ ਮਾਨਤਾ ਪ੍ਰਾਪਤ ਏਜੰਸੀ ਤੋਂ ਜਾਂਚੇ ਜਾਣ।ਜੇਕਰ ਜਾਂਚ ਦੌਰਾਨ ਕਿਸੇ ਵੀ ਤਰ੍ਹਾਂ ਦੀ ਬੇਨਿਯਮੀ ਜਾਂ ਘਟੀਆ ਸਮੱਗਰੀ ਦੀ ਵਰਤੋਂ ਸਾਹਮਣੇ ਆਉਂਦੀ ਹੈ ਤਾਂ ਸੰਬੰਧਤ ਅਧਿਕਾਰੀਆਂ ਤੇ ਠੇਕੇਦਾਰ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।ਮੰਗ ਪੱਤਰ 'ਤੇ ਵਾਰਡ ਦੇ ਕਈ ਵਸਨੀਕਾਂ ਦੇ ਦਸਤਖ਼ਤ ਹਨ।ਉਨ੍ਹਾਂ ਦਾ ਕਹਿਣਾ ਹੈ ਕਿ ਲੋਕਾਂ ਦੇ ਟੈਕਸ ਦੇ ਪੈਸੇ ਨਾਲ ਕਰਵਾਏ ਜਾਂਦੇ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।ਉਨ੍ਹਾਂ ਪ੍ਰਸ਼ਾਸਨ ਤੋਂ ਮਾਮਲੇ ਦੀ ਨਿਰਪੱਖ ਜਾਂਚ ਕਰਕੇ ਦੋਸ਼ੀਆਂ ਨੂੰ ਜਵਾਬਦੇਹ ਬਣਾਉਣ ਤੇ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਕਦਮ ਚੁੱਕਣ ਦੀ ਅਪੀਲ ਕੀਤੀ ਹੈ।ਇਸ ਸਬੰਧੀ ਜਦੋਂ ਠੇਕੇਦਾਰ ਨਾਲ ਉਨ੍ਹਾਂ ਦਾ ਪੱਖ ਜਾਣਨ ਲਈ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਨੇ ਫ਼ੋਨ ਨਹੀਂ ਚੁੱਕਿਆ।

## ਰੱਜੀਵਾਲਾ 'ਚ ਤੀਆਂ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ



**ਫਿਰੋਜ਼ਪੁਰ (ਗੁਰਬਚਨ ਸਿੰਘ)**-ਪਿੰਡ ਰੱਜੀ ਵਾਲਾ ਵਿਖੇ ਆਮ ਆਦਮੀ ਪਾਰਟੀ ਦੀ ਸੀਨੀਅਰ ਆਗੂ ਸ਼ਾਲੂ ਭੱਟੀ ਦੀ ਅਗਵਾਈ ਹੇਠ ਤੀਆਂ ਦਾ ਤਿਉਹਾਰ ਉਤਸ਼ਾਹ ਤੇ ਖੁਸ਼ੀ ਭਰੇ ਮਾਹੌਲ ਵਿੱਚ ਮਨਾਇਆ ਗਿਆ।ਇਸ ਮੌਕੇ ਪਿੰਡ ਦੀਆਂ ਔਰਤਾਂ ਤੇ ਮੁਟਿਆਰਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਦਿਆਂ ਪੰਜਾਬੀ ਸੱਭਿਆਚਾਰ ਨਾਲ ਜੁੜੀਆਂ ਰੀਤਾਂ ਦੀਆਂ ਰਵਾਇਤੀ ਰਸਮਾਂ ਨੂੰ ਉਤਸ਼ਾਹ ਨਾਲ ਨਿਭਾਇਆ।ਸਮਾਗਮ ਦੌਰਾਨ ਗਿੱਧਾ, ਬੋਲੀਆਂ ਤੇ ਹੋਰ ਸੱਭਿਆਚਾਰਕ ਗਤੀਵਿਧੀਆਂ ਰਾਹੀਂ ਪੰਜਾਬੀ ਵਿਰਸੇ ਦੀ ਖੂਬਸੂਰਤ ਝਲਕ ਦੇਖਣ ਨੂੰ ਮਿਲੀ।ਹਾਜ਼ਰੀਨ ਨੇ ਤੀਆਂ ਦੇ ਤਿਉਹਾਰ ਦੀਆਂ ਪੁਰਾਤਨ ਰਵਾਇਤਾਂ ਨੂੰ ਅੱਗੇ ਵਧਾਉਣ ਤੇ ਨਵੀਂ ਪੀੜ੍ਹੀ ਨੂੰ ਆਪਣੇ ਅਮੀਰ ਸੱਭਿਆਚਾਰ ਨਾਲ ਜੋੜਨ ਦਾ ਸੰਦੇਸ਼ ਦਿੱਤਾ।ਇਸ ਮੌਕੇ ਸਰਪੰਚ ਨਿਰਮਲ ਸਿੰਘ ਰੱਜੀ ਵਾਲਾ, ਮਾਨਕ ਭੱਟੀ, ਪਾਲਾ ਭੱਟੀ, ਕਰਨ ਭੱਟੀ, ਅਮਨ ਘਾਰੂ, ਕ੍ਰਿਸ਼ਨਾ, ਮਨਪ੍ਰੀਤ ਕੌਰ, ਤਮੰਨਾ ਭੱਟੀ, ਕਰੀਨਾ, ਜਸਵੀਰ ਕੌਰ, ਮੰਨਿਕਾ, ਵੀਰਪਾਲ, ਜਗਵਿੰਦਰ, ਸੁਖਮੀਤ ਕੌਰ, ਮਨੀਸ਼ਾ ਤੇ ਪੂਜਾ ਤੋਂ ਇਲਾਵਾ ਪਿੰਡ ਦੀਆਂ ਹੋਰ ਵੀ ਕਈ ਔਰਤਾਂ ਤੇ ਪਤਵੰਤੇ ਹਾਜ਼ਰ ਸਨ।ਸਮਾਗਮ ਦੇ ਅੰਤ ਵਿੱਚ ਸ਼ਾਲੂ ਭੱਟੀ ਨੇ ਸਮੂਹ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਸੱਭਿਆਚਾਰਕ ਸਮਾਗਮ ਪੰਜਾਬੀ ਵਿਰਸੇ ਨੂੰ ਸੰਭਾਲਣ ਤੇ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

## ਮੁੱਖ ਮੰਤਰੀ ਵਿਕਾਸ ਦੇ ਫੋਕੇ ਦਾਅਵੇ ਕਰਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ : ਪ੍ਰਨੀਤ ਕੌਰ

**■ ਪ੍ਰਨੀਤ ਕੌਰ ਵੱਲੋਂ ਹਲਕਾ ਸ਼ੁਤਰਾਣਾ ਦਾ ਦੌਰਾ**



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸਾਬਕਾ ਕੇਂਦਰੀ ਵਿਦੇਸ਼ ਰਾਜ ਮੰਤਰੀ ਸ੍ਰੀਮਤੀ ਪ੍ਰਨੀਤ ਕੌਰ ਵੱਲੋਂ ਵਿਧਾਨ ਸਭਾ ਹਲਕਾ ਸ਼ੁਤਰਾਣਾ ਦਾ ਦੌਰਾ ਕੀਤਾ ਗਿਆ।ਇਸ ਦੌਰਾਨ ਉਨ੍ਹਾਂ ਪਿੰਡ ਬਾਦਸ਼ਾਹਪੁਰ, ਸ਼ੁਤਰਾਣਾ, ਗੁਲਾਹੜ ਤੇ ਲਾਲਵਾ ਸਮੇਤ ਸ਼ਹਿਰ ਵਿੱਚ ਕਈ ਥਾਵਾਂ ਉੱਤੇ ਵਰਕਰਾਂ ਨਾਲ ਮੀਟਿੰਗਾਂ ਕੀਤੀਆਂ।ਦੌਰੇ ਮਗਰੋਂ ਭਾਜਪਾ ਆਗੂ ਕੀਮਤ ਰਾਏ ਸਿੰਗਲਾ ਦੇ ਦਫ਼ਤਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਮੈਂਬਰ ਪਾਰਲੀਮੈਂਟ ਸ੍ਰੀਮਤੀ ਪ੍ਰਨੀਤ ਕੌਰ ਨੇ ਕਿਹਾ ਕਿ ਹਲਕਾ ਸ਼ੁਤਰਾਣਾ ਨਾਲ ਉਨ੍ਹਾਂ ਦੇ ਪਰਿਵਾਰ ਦਾ ਦਿਲੀ ਮੋਹ ਹੈ ਤੇ ਇਥੋਂ ਦੇ ਵਰਕਰ ਉਨ੍ਹਾਂ ਦਾ ਆਪਣਾ ਪਰਿਵਾਰ ਹਨ। ਵਰਕਰਾਂ ਦੇ ਦੁੱਖ ਸੁੱਖ ਵਿੱਚ ਸ਼ਰੀਕ ਹੋਣ ਨੂੰ ਉਹ ਆਪਣਾ ਫਰਜ਼ ਸਮਝਦੇ ਹਨ।ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਹਰ ਫਰੰਟ ਉਤੇ ਫੇਲ੍ਹ ਦੱਸਦੇ ਹੋਏ ਉਨ੍ਹਾਂ ਕਿਹਾ ਕਿ ਸੂਬੇ ਵਿੱਚ ਅਮਨ ਕਾਨੂੰਨ ਦੀ ਸਥਿਤੀ ਬੇਹੱਦ ਮਾੜੀ ਹੈ, ਲੁੱਟਾਂ-ਖੋਹਾਂ ਤੇ ਚੋਰੀਆਂ ਲਗਾਤਾਰ ਵਧ ਰਹੀਆਂ ਹਨ।ਦਿਨ ਦਿਹਾੜੇ ਕਤਲਾਂ ਵਰਗੀਆਂ ਘਟਨਾਵਾਂ ਦਾ ਵਾਪਰਨਾ ਸਰਕਾਰ ਦੇ ਫੇਲ੍ਹ ਹੋਣ ਦਾ ਸਭ ਤੋਂ ਵੱਡਾ ਸਬੂਤ ਹਨ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਿਕਾਸ ਦੇ ਫੋਕੇ ਦਾਅਵੇ ਕਰਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ, ਜਦਕਿ ਕਰਜ਼ੇ ਦੀ ਪੰਡ ਸੂਬੇ ਉਤੇ ਇੰਨੀ ਵਧ ਚੁੱਕੀ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਕਦੇ ਮੁਆਫ਼ ਨਹੀਂ ਕਰਨਗੀਆਂ।ਇਸ ਦੌਰਾਨ ਹਲਕਾ ਇੰਚਾਰਜ ਨਰਾਇਣ ਸਿੰਘ ਨਰਸੋਤ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨ ਹਰਮੇਸ਼ ਗੋਇਲ ਡਕਾਲਾ, ਕੀਮਤ ਚੰਦ ਸਿੰਗਲਾ, ਤਰਸੇਮ ਚੰਦ ਬਾਂਸਲ, ਸਤੀਸ਼ ਗਰਗ, ਲਾਲ ਚੰਦ ਲਾਲੀ, ਬਗੀਚਾ ਸਿੰਘ ਦਤਾਲ, ਰਾਜ ਕੁਮਾਰ ਤੇ ਹੋਰ ਹਾਜ਼ਰ ਸਨ।

## ਮਾਂ ਦੇ ਦੁੱਧ ਦੀ ਮਹੱਤਤਾ ਸੰਬੰਧੀ ਜਾਗਰੂਕਤਾ ਹਫ਼ਤਾ ਮਨਾਇਆ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪੀ.ਏ.ਯੂ. ਕ੍ਰਿਸ਼ੀ ਵਿਗਿਆਨ ਕੇਂਦਰ ਸੰਗਰੂਰ ਵੱਲੋਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਤੇ ਆਈ.ਸੀ.ਏ.ਆਰ-ਅਟਾਰੀ, ਜ਼ੋਨ-1, ਲੁਧਿਆਣਾ ਦੀ ਅਗਵਾਈ ਹੇਠ ਛੋਟੇ ਬੱਚਿਆਂ ਲਈ ਮਾਂ ਦੇ ਦੁੱਧ ਦੀ ਮਹੱਤਤਾ ਸਬੰਧੀ, ਪਿੰਡ ਚੀਮਾ, ਬਲਾਕ ਸੁਨਾਮ ਦੇ ਆਂਗਣਵਾੜੀ ਕੇਂਦਰ ਵਿਖੇ ਇੱਕ-ਰੋਜ਼ਾ ਜਾਗਰੂਕਤਾ ਕੈਂਪ ਲਾਇਆ ਗਿਆ। ਇਹ ਜਾਗਰੂਕਤਾ ਕੈਂਪ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਦੇ ਇੰਚਾਰਜ ਡਾ. ਮਨਦੀਪ ਸਿੰਘ ਦੀ ਯੋਗ ਅਗਵਾਈ ਹੇਠ ਆਯੋਜਿਤ ਕੀਤਾ ਗਿਆ ਸੀ।ਕੈਂਪ ਦੌਰਾਨ ਡਾ. ਵਿਤਸਤਾ, ਸਹਾਇਕ ਪ੍ਰੋਫੈਸਰ (ਗ੍ਰਹਿ ਵਿਗਿਆਨ), ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਨੇ ਆਂਗਣਵਾੜੀ ਵਰਕਰਾਂ ਤੇ ਕਿਸਾਨ ਬੀਬੀਆਂ ਨੂੰ ਨਵਜੰਮੇ ਬੱਚਿਆਂ ਲਈ ਪਹਿਲੇ ਇੱਕ ਹਜ਼ਾਰ ਦਿਨਾਂ ਦੀ ਪੌਸ਼ਟਿਕ ਖੁਰਾਕ ਬਾਰੇ ਜਾਣਕਾਰੀ ਮੁਹੱਈਆ ਕਰਾਈ ਅਤੇ ਸੰਤੁਲਤ ਪੋਸ਼ਣ ਸਬੰਧੀ ਜ਼ਰੂਰੀ ਨੁਕਤੇ ਸਾਂਝੇ ਕੀਤੇ।ਡਾ. ਵਿਤਸਤਾ ਨੇ ਮੌਜੂਦਾ ਲੋਕ ਧਾਰਾਵਾਂ ਦਾ ਮੁਲਾਂਕਣ ਕਰਦੇ ਹੋਏ ਗ਼ਲਤ ਧਾਰਨਾਵਾਂ ਨੂੰ ਦੂਰ ਕੀਤਾ।ਉਨ੍ਹਾਂ ਗਰਭਵਤੀ ਤੇ ਦੁੱਧ ਚੁੰਘਾਉਣ ਵਾਲੀਆਂ ਔਰਤਾਂ, ਦੋਵਾਂ ਲਈ ਪੌਸ਼ਟਿਕ ਖੁਰਾਕੀ ਸਿਫਾਰਸ਼ਾਂ ਬਾਰੇ ਦੱਸਿਆ ਤੇ ਨਵਜੰਮੇ ਬੱਚਿਆਂ ਦੀ ਤੰਦਰੁਸਤੀ ਲਈ ਪੌਸ਼ਟਿਕ ਤੱਤਾਂ ਨਾਲ ਭਰਪੂਰ ਸੰਤੁਲਤ ਖੁਰਾਕ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਪ੍ਰੋਗਰਾਮ ਦੇ ਅਖੀਰ ਵਿੱਚ ਪੀ.ਏ.ਯੂ. ਦੁਆਰਾ ਪ੍ਰਕਾਸ਼ਤ ਸਾਹਿਤ ਤਕਸੀਮ ਕੀਤਾ ਗਿਆ।

## ਭਾਈ ਗੁਰਦਾਸ ਸੰਸਥਾ 'ਚ ਵਿਦਿਆਰਥੀਆਂ ਨੇ ਪੌਦੇ ਲਗਾਏ



**ਭਵਾਨੀਗੜ੍ਹ (ਰਾਜ ਖੁਰਮੀ)**-ਜਗਤ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਤ ਭਾਈ ਗੁਰਦਾਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਸੰਗਰੂਰ ਵਿਖੇ ਵਣ ਮਹਾਂਉਤਸਵ ਮੌਕੇ ਵਿਸ਼ਾਲ ਪੌਦਾ ਲਗਾਓ ਤੇ ਵਾਤਾਵਰਣ ਜਾਗਰੂਕਤਾ ਅਭਿਆਨ ਕਰਵਾਇਆ ਗਿਆ।ਸਮਾਗਮ ਦੌਰਾਨ ਵਿਦਿਆਰਥੀਆਂ ਤੇ ਸਟਾਫ਼ ਨੇ ਵੱਡੀ ਗਿਣਤੀ ਵਿੱਚ ਪੌਦੇ ਲਗਾ ਕੇ ਵਾਤਾਵਰਣ ਸੰਭਾਲ ਦਾ ਸੰਦੇਸ਼ ਦਿੱਤਾ।ਵਣ ਮੰਡਲ ਅਫ਼ਸਰ ਕੌਸ਼ਲ ਕਿਸ਼ੋਰ (ਆਈ.ਐੱਫ.ਐੱਸ.) ਦੇ ਦਿਸ਼ਾ-ਨਿਰਦੇਸ਼ਾਂ ਹੇਠ ਕਰਵਾਏ ਗਏ ਇਸ ਉਪਰਾਲੇ ਦੀ ਸ਼ੁਰੂਆਤ ਸੰਸਥਾ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਜਵੰਧਾ ਨੇ ਕੈਂਪਸ ਵਿੱਚ ਪੌਦਾ ਲਗਾ ਕੇ ਕੀਤੀ।ਇਸ ਮੌਕੇ ਵਣ ਵਿਭਾਗ ਦੇ ਰੇਂਜ ਅਫ਼ਸਰ ਸੁਖਵੀਰ ਸਿੰਘ ਨੇ ਵਾਤਾਵਰਣ ਸੰਭਾਲ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਸਿਰਫ਼ ਪੌਦੇ ਲਗਾਉਣਾ ਹੀ ਨਹੀਂ, ਸਗੋਂ ਉਨ੍ਹਾਂ ਦੀ ਨਿਯਮਤ ਦੇਖਭਾਲ ਵੀ ਬਹੁਤ ਜ਼ਰੂਰੀ ਹੈ।ਉਨ੍ਹਾਂ ਭਾਈ ਗੁਰਦਾਸ ਗਰੁੱਪ ਦੇ ਹਰੇ-ਭਰੇ ਕੈਂਪਸ ਦੀ ਸ਼ਲਾਘਾ ਕਰਦਿਆਂ ਇਸ ਨੂੰ ਵਾਤਾਵਰਣ ਪ੍ਰੇਮੀਆਂ ਲਈ ਪ੍ਰੇਰਨਾਦਾਇਕ ਦੱਸਿਆ।ਇਸ ਦੌਰਾਨ ਵਣ ਵਿਭਾਗ ਦੀ ਟੀਮ ਦੇ ਦਵਿੰਦਰ ਸਿੰਘ, ਸਰਬਜੀਤ ਕੌਰ, ਸੁਖਚੈਨ ਸਿੰਘ ਅਤੇ ਮਨਪ੍ਰੀਤ ਸਿੰਘ ਵੀ ਹਾਜ਼ਰ ਰਹੇ।ਸਮਾਗਮ ਦੌਰਾਨ ਕੈਂਪਸ ਡਾਇਰੈਕਟਰ ਡਾ. ਤਨੂਜਾ ਸ੍ਰੀਵਾਸਤਵ, ਸਕੱਤਰ ਮੈਡਮ ਬਲਜਿੰਦਰ ਕੌਰ ਜਵੰਧਾ, ਐੱਮ.ਡੀ. ਡਾ. ਸੁਵਰੀਤ ਕੌਰ ਜਵੰਧਾ, ਅਧਿਆਪਕਾਂ, ਸਟਾਫ਼ ਤੇ ਵਿਦਿਆਰਥੀਆਂ ਨੇ ਵੀ ਉਤਸ਼ਾਹ ਨਾਲ ਭਾਗ ਲਿਆ ਅਤੇ ਵਾਤਾਵਰਣ ਦੀ ਸੁਰੱਖਿਆ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਦਾ ਸੰਕਲਪ ਲਿਆ।

## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਕ ਸੈਦੋਕੇ ਦਾ ਸ਼ਾਨਦਾਰ ਪ੍ਰਦਰਸ਼ਨ



**ਜਲਾਲਾਬਾਦ (ਜੀਤ ਕੁਮਾਰ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਕ ਸੈਦੋਕੇ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।ਪ੍ਰਿੰਸੀਪਲ ਅਨੀਤਾ ਰਾਣੀ ਨੇ ਦੱਸਿਆ ਕਿ ਲਖਵਿੰਦਰ ਸਿੰਘ ਡੀਪੀ ਦੀ ਮਿਹਨਤ ਸਦਕਾ ਕੁੜੀਆਂ ਨੇ ਜਿਲੇ ਵਿੱਚ ਪਹਿਲਾਂ ਸਥਾਨ ਹਾਸਿਲ ਕੀਤਾ ਤੇ ਮੁੰਡਿਆਂ ਨੇ ਰਗਬੀ ਮੁਕਾਬਲੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।ਸਵੇਰ ਦੀ ਸਭਾ ਵਿੱਚ ਇਨ੍ਹਾਂ ਵਿਦਿਆਰਥੀਆਂ ਨੂੰ ਸਮੂਹ ਸਟਾਫ ਦੁਆਰਾ ਸਨਮਾਨਤ ਕੀਤਾ ਗਿਆ ਅਤੇ ਹੌਸਲਾ ਅਫਜਾਈ ਕੀਤੀ ਗਈ।ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਚੰਗਾ ਪ੍ਰਦਰਸ਼ਨ ਕਰਨ ਦੀ ਪ੍ਰੇਰਨਾ ਦਿੱਤੀ।ਦੱਸਣਯੋਗ ਇਹ ਹੈ ਕਿ ਪਹਿਲਾਂ ਵੀ ਖੇਡਾਂ ਵਿੱਚ ਜ਼ੋਨਲ, ਜ਼ਿਲ੍ਹਾ ਤੇ ਨੈਸ਼ਨਲ ਲੈਵਲ ਤੱਕ ਆਪਣਾ ਪ੍ਰਦਰਸ਼ਨ ਕੀਤਾ ਤੇ ਕਈ ਇਨਾਮ ਵੀ ਜਿੱਤੇ ਗਏ ਹਨ।

## ਪੰਜਾਬ ਵਕਫ਼ ਬੋਰਡ ਦੇ ਚੇਅਰਮੈਨ ਵਿਰੁੱਧ ਪਾਸ ਮਤਾ ਗ਼ੈਰ-ਸੰਵਿਧਾਨਕ ਤੇ ਗ਼ੈਰ-ਕਾਨੂੰਨੀ : ਮੁਹੰਮਦ ਉਵੈਸ


**■ ਚੇਅਰਮੈਨ ਨੇ ਪ੍ਰੈੱਸ ਕਾਨਫ਼ਰੰਸ ਕਰਕੇ ਵਿਰੋਧੀਆਂ ਨੂੰ ਦਿੱਤਾ ਠੋਕਵਾਂ ਜਵਾਬ**

**ਮਾਲੇਰਕੋਟਲਾ (ਅਸਗਰ ਪਰਿਹਾਰ)**

ਪੰਜਾਬ ਵਕਫ਼ ਬੋਰਡ ਦੀ ਪਿਛਲੇ ਦਿਨੀਂ ਹੋਈ ਮੀਟਿੰਗ ਦੌਰਾਨ ਕੁਝ ਮੈਂਬਰਾਂ ਵੱਲੋਂ ਚੇਅਰਮੈਨ ਵਿਰੁੱਧ ਪਾਸ ਕੀਤੇ ਗਏ ਮਤੇ ਨੂੰ ਸਿਰੇ ਤੋਂ ਖਾਰਜ ਕਰਦਿਆਂ ਬੋਰਡ ਦੇ ਚੇਅਰਮੈਨ ਜਨਾਬ ਮੁਹੰਮਦ ਉਵੈਸ ਨੇ ਇਸ ਨੂੰ ਗ਼ੈਰ-ਸੰਵਿਧਾਨਕ, ਅਨੈਤਿਕ ਤੇ ਵਕਫ਼ ਕਾਨੂੰਨ ਦੀ ਸ਼ਰੇਆਮ ਉਲੰਘਣਾ ਕਰਾਰ ਦਿੱਤਾ ਹੈ।ਇਥੇ ਬੁਲਾਈ ਇੱਕ ਵਿਸ਼ੇਸ਼ ਪ੍ਰੈੱਸ ਕਾਨਫ਼ਰੰਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਨਾਬ ਉਵੈਸ ਨੇ ਸਪੱਸ਼ਟ ਕੀਤਾ ਕਿ ਬੋਰਡ ਦੀ ਮੀਟਿੰਗ ਦਾ ਏਜੰਡਾ ਹਮੇਸ਼ਾ ਚੇਅਰਮੈਨ ਦੀ ਪ੍ਰਵਾਨਗੀ ਨਾਲ ਤਿਆਰ ਹੁੰਦਾ ਹੈ, ਪਰ ਕੁਝ ਨਾਰਾਜ਼ ਮੈਂਬਰਾਂ ਨੇ ਨਿਯਮਾਂ ਨੂੰ ਛਿੱਕੇ ਟੰਗ ਕੇ ਚੇਅਰਮੈਨ ਵਿਰੁੱਧ ਜ਼ਬਰਦਸਤੀ ਮਤਾ ਪਾਸ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਸ ਦੀ ਕਾਨੂੰਨੀ ਨਜ਼ਰ ਵਿੱਚ ਕੋਈ ਮਾਨਤਾ ਨਹੀਂ ਹੈ।ਉਨ੍ਹਾਂ ਕਿਹਾ ਕਿ ਵਕਫ਼ ਐਕਟ ਦੁਆਰਾ ਚੇਅਰਮੈਨ ਦੇ ਅਹੁਦੇ ਨੂੰ ਦਿੱਤੇ ਗਏ ਅਧਿਕਾਰਾਂ ਨੂੰ ਕੋਈ ਖੋਹ ਨਹੀਂ ਸਕਦਾ।ਜੇਕਰ ਮੈਂਬਰਾਂ ਨੂੰ ਕੋਈ ਸ਼ਿਕਾਇਤ ਸੀ, ਤਾਂ ਉਨ੍ਹਾਂ ਨੂੰ ਨਿਯਮਾਂ ਅਨੁਸਾਰ ਇਸ ਨੂੰ ਮੀਟਿੰਗ ਦੇ ਏਜੰਡੇ ਵਿੱਚ ਸ਼ਾਮਲ ਕਰਵਾਉਣਾ ਚਾਹੀਦਾ ਸੀ।ਉਨ੍ਹਾਂ ਕਿਹਾ ਕਿ ਉਨ੍ਹਾਂ ਲਈ ਅਹੁਦੇ ਨਾਲੋਂ ਜ਼ਿਆਦਾ ਕੌਮ/ਮਿੱਲਤ ਦੀ ਸਰਬਪੱਖੀ ਤਰੱਕੀ ਤੇ ਸਾਫ਼-ਸੁਥਰਾ ਪ੍ਰਸ਼ਾਸਨ ਮਹੱਤਵਪੂਰਨ ਹੈ।ਪ੍ਰੈੱਸ ਕਾਨਫ਼ਰੰਸ ਦੌਰਾਨ ਚੇਅਰਮੈਨ ਨੇ ਬੋਰਡ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ ਦਾ ਵੇਰਵਾ ਸਾਂਝਾ ਕਰਦਿਆਂ ਦੱਸਿਆ ਕਿ ਚਾਲੂ ਸਾਲ ਦੌਰਾਨ ਲੋਕ-ਭਲਾਈ ਕਾਰਜਾਂ ਲਈ ਕਰੋੜਾਂ ਰੁਪਏ ਦੀ ਰਾਸ਼ੀ ਖ਼ਰਚ ਕੀਤੀ ਗਈ ਹੈ।ਉਨ੍ਹਾਂ ਸਪੱਸ਼ਟ ਸ਼ਬਦਾਂ 'ਚ ਕਿਹਾ ਮੈਂ ਮੈਂਬਰਾਂ ਦੀਆਂ ਸਿਰਫ਼ ਵਾਜਬ ਤੇ ਜਾਇਜ਼ ਮੰਗਾਂ ਹੀ ਪ੍ਰਵਾਨ ਕਰ ਸਕਦਾ ਹਾਂ।ਮੈਂ ਅਹੁਦੇ 'ਤੇ ਰਹਾਂ ਜਾਂ ਨਾ ਰਹਾਂ, ਪਰ ਭ੍ਰਿਸ਼ਟਾਚਾਰ ਬਰਦਾਸ਼ਤ ਨਹੀਂ ਕਰਾਂਗਾ। ਉਨ੍ਹਾਂ ਕਿਹਾ ਕਿ ਉਹ ਸਾਰੇ ਮੈਂਬਰਾਂ ਦਾ ਸਤਿਕਾਰ ਕਰਦੇ ਹਨ ਤੇ ਕੌਮ ਦੀ ਭਲਾਈ ਲਈ ਉਨ੍ਹਾਂ ਦੇ ਹਰ ਚੰਗੇ ਸੁਝਾਅ ਦਾ ਸਵਾਗਤ ਕਰਦੇ ਹਨ।



## ਆਇਸ਼ਾ ਨੇ ਅੰਤਰ-ਸਕੂਲ ਸੋਲੋ ਲੋਕ ਗੀਤ ਮੁਕਾਬਲੇ 'ਚ ਮਾਰੀਆਂ ਮੱਲਾਂ



**ਦੋਰਾਹਾ (ਹਰਮਿੰਦਰ ਸੇਠ)**-ਸਹੋਦਿਆ ਸਕੂਲ ਕੰਪਲੈਕਸ ਲੁਧਿਆਣਾ ਈਸਟ-ਖੰਨਾ ਨੇ ਸਵਾਮੀ ਛੱਗਣ ਲਾਲ ਹੰਸਰਾਜ ਜੈਨ ਪਬਲਿਕ ਸਕੂਲ ਖੰਨਾ ਵਿਖੇ ਇੱਕ ਅੰਤਰ-ਸਕੂਲ ਸੋਲੋ ਲੋਕ ਗੀਤ ਮੁਕਾਬਲਾ ਕਰਵਾਇਆ।ਇਸ ਮੁਕਾਬਲੇ ਵਿੱਚ 23 ਸਕੂਲਾਂ ਦੇ ਭਾਗੀਦਾਰਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਦੀ ਪੰਜਵੀਂ ਜਮਾਤ ਦੀ ਵਿਦਿਆਰਥਣ ਆਇਸ਼ਾ ਨੇ ਆਪਣੇ ਸ਼ਾਨਦਾਰ ਲੋਕ ਗੀਤ ਪ੍ਰਦਰਸ਼ਨ ਨਾਲ ਜੱਜਾਂ ਨੂੰ ਪ੍ਰਭਾਵਿਤ ਕੀਤਾ ਤੇ ਪਹਿਲਾ ਸਥਾਨ ਜਿੱਤਿਆ।ਸਕੂਲ ਪ੍ਰਬੰਧਕ ਬੋਰਡ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ, ਡਾਇਰੈਕਟਰ ਰੁਪਿੰਦਰ ਕੌਰ ਬਰਾੜ ਤੇ ਸਕੂਲ ਪ੍ਰਿੰਸੀਪਲ ਡਾ. ਡੀ. ਪੀ. ਠਾਕੁਰ ਨੇ ਆਇਸ਼ਾ ਦੀ ਸ਼ਾਨਦਾਰ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਉਸ ਨੂੰ ਦਿਲੋਂ ਵਧਾਈ ਦਿੱਤੀ ਤੇ ਉਸ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਬਰਸਾਤ ਨੇ ਵਿਕਾਸ ਦੇ ਦਾਅਵਿਆਂ ਦੀ ਪੋਲ ਖੋਲ੍ਹੀ : ਦਲਬੀਰ ਗੋਲਡੀ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਧੂਰੀ ਦੇ ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਨੇ ਬਰਸਾਤ ਤੋਂ ਬਾਅਦ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦਾ ਦੌਰਾ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਦਾ ਜਾਇਜ਼ਾ ਲਿਆ।ਉਨ੍ਹਾਂ ਗੁਰਦੁਆਰਾ ਸਾਹਿਬ ਸੁੱਖਾ ਸਿੰਘ ਵਾਲੀ ਗਲੀ, ਜੋ ਵਾਰਡ ਨੰਬਰ 15, 18 ਤੇ 19 ਦਾ ਸਾਂਝਾ ਰਸਤਾ ਹੈ, ਵਿੱਚ ਪਾਣੀ ਭਰਨ ਕਾਰਨ ਲੋਕਾਂ ਨੂੰ ਆ ਰਹੀਆਂ ਦਿੱਕਤਾਂ ਦਾ ਨਿਰੀਖਣ ਕੀਤਾ। ਗੋਲਡੀ ਨੇ ਕਿਹਾ ਕਿ ਸਾਢੇ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਧੂਰੀ ਨੂੰ ਐੱਸਟੀਪੀ (ਸੀਵਰੇਜ ਟਰੀਟਮੈਂਟ ਪਲਾਂਟ) ਨਹੀਂ ਮਿਲਿਆ।ਉਨ੍ਹਾਂ ਦੋਸ਼ ਲਾਇਆ ਕਿ ਸੀਵਰੇਜ ਤੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਢੁੱਕਵੇਂ ਪ੍ਰਬੰਧ ਨਾ ਹੋਣ ਕਾਰਨ ਹਰ ਬਰਸਾਤ ਦੌਰਾਨ ਸ਼ਹਿਰ ਦੇ ਕਈ ਇਲਾਕਿਆਂ ਵਿੱਚ ਪਾਣੀ ਖੜ੍ਹ ਜਾਂਦਾ ਹੈ, ਜਿਸ ਨਾਲ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਝੱਲਣੀ ਪੈਂਦੀ ਹੈ।ਉਨ੍ਹਾਂ ਕਿਹਾ ਕਿ ਬਰਸਾਤ ਨੇ ਸਰਕਾਰ ਦੇ ਵਿਕਾਸ ਦੇ ਦਾਅਵਿਆਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ।ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਧੂਰੀ ਵਿੱਚ ਐੱਸਟੀਪੀ ਪਲਾਂਟ ਦਾ ਕੰਮ ਤੁਰੰਤ ਸ਼ੁਰੂ ਕਰਕੇ ਸ਼ਹਿਰ ਦੀ ਨਿਕਾਸੀ ਪ੍ਰਣਾਲੀ ਨੂੰ ਆਧੁਨਿਕ ਬਣਾਇਆ ਜਾਵੇ, ਤਾਂ ਜੋ ਲੋਕਾਂ ਨੂੰ ਇਸ ਸਮੱਸਿਆ ਤੋਂ ਸਥਾਈ ਰਾਹਤ ਮਿਲ ਸਕੇ।

## ਮਾਲਵਿਕਾ ਸੂਦ ਨੂੰ ਮਿਲਿਆ ਨੌਜਵਾਨਾਂ ਦਾ ਵੱਡਾ ਸਮਰਥਨ, ਫੜਿਆ ਕਾਂਗਰਸ ਦਾ ਪੱਲਾ

**ਕਾਂਗਰਸ ਹਮੇਸ਼ਾ ਨੌਜਵਾਨਾਂ ਦੀਆਂ ਆਸਾਂ ਤੇ ਉਮੀਦਾਂ 'ਤੇ ਖਰਾ ਉਤਰਨ ਲਈ ਵਚਨਬੱਧ ਰਹੀ : ਮਾਲਵਿਕਾ ਸੂਦ**



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਵਿਧਾਨ ਸਭਾ ਚੋਣਾਂ 2027 ਨੂੰ ਧਿਆਨ ਵਿਚ ਰੱਖਦਿਆਂ ਕਾਂਗਰਸ ਪਾਰਟੀ ਮੋਗਾ ਦੀ ਹਲਕਾ ਇੰਚਾਰਜ ਮਾਲਵਿਕਾ ਸੂਦ ਨੂੰ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਮਿਲੇ ਥਾਪੜੇ ਦੇ ਬਾਅਦ ਹਲਕਾ ਮੋਗਾ ਵਿੱਚ ਆਪਣੀਆਂ ਸਰਗਰਮੀਆਂ ਨੂੰ ਮੁੜ ਤੋਂ ਹੋਰ ਤੇਜ਼ ਕਰ ਦਿੱਤਾ ਹੈ।ਇਸੇ ਕੜੀ ਤਹਿਤ ਹਲਕਾ ਇੰਚਾਰਜ ਮਾਲਵਿਕਾ ਸੂਦ ਵੱਲੋਂ ਅੱਜ ਆਪਣੇ ਗ੍ਰਹਿ ਵਿਖੇ ਹਲਕੇ ਦੇ ਵੱਖ-ਵੱਖ ਪਿੰਡਾਂ ਤੋਂ ਪਹੁੰਚੇ ਨੌਜਵਾਨ ਵਲੰਟੀਅਰਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ, ਪੰਜਾਬ ਦੇ ਭਵਿੱਖ ਤੇ ਸੰਗਠਨ ਨੂੰ ਮਜ਼ਬੂਤ ਕਰਨ ਸਬੰਧੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਵੱਖ-ਵੱਖ ਪਿੰਡਾਂ ਤੋਂ ਆਏ ਕਈ ਨੌਜਵਾਨ ਕਾਂਗਰਸ ਪਾਰਟੀ ਦੀਆਂ ਲੋਕ-ਹਿਤੈਸ਼ੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਲ ਹੋਏ।ਮਾਲਵਿਕਾ ਸੂਦ ਨੇ ਨਵੇਂ ਸ਼ਾਮਲ ਹੋਏ ਨੌਜਵਾਨਾਂ ਦਾ ਨਿੱਘਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਕਾਂਗਰਸ ਪਾਰਟੀ ਵਿਚ ਹਰ ਵਰਕਰ ਨੂੰ ਪੂਰਾ ਮਾਣ-ਸਤਿਕਾਰ ਤੇ ਬਣਦਾ ਸਨਮਾਨ ਦਿੱਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਪਾਰਟੀ ਦੀ ਸਭ ਤੋਂ ਵੱਡੀ ਤਾਕਤ ਇਸ ਦੇ ਸਮਰਪਤ ਵਰਕਰ ਹਨ ਤੇ ਹਰ ਕਾਰਕੁੰਨ ਦੀ ਭੂਮਿਕਾ ਪਾਰਟੀ ਲਈ ਅਹਿਮ ਹੈ।ਮਾਲਵਿਕਾ ਸੂਦ ਨੇ ਕਿਹਾ ਕਿ ਪੰਜਾਬ ਦਾ ਭਵਿੱਖ ਨੌਜਵਾਨਾਂ ਦੇ ਹੱਥਾਂ ਵਿੱਚ ਹੈ ਤੇ ਜੇਕਰ ਨੌਜਵਾਨ ਸਹੀ ਦਿਸ਼ਾ ਵਿਚ ਅੱਗੇ ਵਧਣ ਤਾਂ ਸੂਬੇ ਨੂੰ ਮੁੜ ਵਿਕਾਸ ਤੇ ਖੁਸ਼ਹਾਲੀ ਦੇ ਰਾਹ 'ਤੇ ਲਿਆਂਦਾ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਨੌਜਵਾਨਾਂ ਦੀਆਂ ਆਸਾਂ ਤੇ ਉਮੀਦਾਂ 'ਤੇ ਖਰਾ ਉਤਰਣ ਲਈ ਵਚਨਬੱਧ ਰਹੀ ਹੈ ਤੇ ਭਵਿੱਖ ਵਿਚ ਵੀ ਨੌਜਵਾਨਾਂ ਦੇ ਹਿੱਤਾਂ ਦੀ ਰੱਖਿਆ ਲਈ ਹਰ ਸੰਭਵ ਯਤਨ ਕਰੇਗੀ।ਮੀਟਿੰਗ ਦੌਰਾਨ ਨੌਜਵਾਨਾਂ ਨੇ ਵੀ ਪਾਰਟੀ ਪ੍ਰਤੀ ਆਪਣਾ ਵਿਸ਼ਵਾਸ ਪ੍ਰਗਟ ਕਰਦਿਆਂ ਮਿਸ਼ਨ 2027 ਨੂੰ ਸਫਲ ਬਣਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰਨ ਦਾ ਭਰੋਸਾ ਦਿੱਤਾ।

## ਸੜਕ ਹਾਦਸੇ ਦੇ ਸੰਬੰਧ 'ਚ ਕਾਰ ਚਾਲਕ ਲੇਡੀ ਡਾਕਟਰ ਵਿਰੁੱਧ ਮੁਕੱਦਮਾ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਪੁਲਸ ਵੱਲੋਂ ਵਾਪਰੇ ਹਾਦਸੇ ਸਬੰਧੀ ਕਾਰ ਚਾਲਕ ਲੇਡੀ ਡਾਕਟਰ ਦੇ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ।ਜਾਂਚ ਅਧਿਕਾਰੀ ਏ.ਐਸ.ਆਈ. ਲਖਮੀਰ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਸੁਖਚੈਨ ਸਿੰਘ ਪੁੱਤਰ ਇਕਬਾਲ ਸਿੰਘ ਵਾਸੀ ਜੋੜੇ ਜੰਡ ਚਿਮਨੇਵਾਲਾ ਹਾਲ ਅਬਾਦ ਗਰਲਜ ਕਾਲਜ ਜਲਾਲਾਬਾਦ ਵੱਲੋਂ ਪੁਲਸ ਕੋਲ ਬਿਆਨ ਦਰਜ ਕਰਾਏ ਗਏ ਹਨ ਕਿ ਬੀਤੇ ਦਿਨ ਤਹਿਸੀਲ ਕੰਪਲੈਕਸ ਦੇ ਕੋਲ ਡਾਕਟਰ ਕਲਪਨਾ ਚੌਹਾਨ ਪਤਨੀ ਰਜਿੰਦਰ ਰਾਜਨ ਵਾਸੀ ਰਾਮ ਸ਼ਰਨਮ ਨਗਰ ਜਲਾਲਾਬਾਦ ਨੇ ਤੇਜ਼ ਰਫ਼ਤਾਰ ਅਤੇ ਲਾਪ੍ਰਵਾਹੀ ਨਾਲ ਆਪਣੀ ਕਾਰ ਆਈ-20 ਨੰਬਰ ਪੀਬੀ-61-ਸੀ-5000 ਉਸ ਵਿੱਚ ਟੱਕਰ ਮਾਰੀ ਹੈ, ਜਿਸ 'ਤੇ ਪੁਲਸ ਵੱਲੋਂ ਮੁਦੱਈ ਸੁਖਚੈਨ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਡਾਕਟਰ ਕਲਪਨਾ ਚੌਹਾਨ ਦੇ ਵਿਰੁੱਧ 6 ਅਗਸਤ ਨੂੰ ਧਾਰਾ 281, 125 (ਏ), 125 (ਬੀ) ਬੀ.ਐਨ.ਐਸ. ਅਧੀਨ ਥਾਣਾ ਸਿਟੀ ਜਲਾਲਾਬਾਦ ਵਿਖੇ ਮੁਕੱਦਮਾ ਨੰਬਰ 140 ਦਰਜ ਕੀਤਾ ਗਿਆ ਹੈ।

## ਤੇਜ਼ ਰਫ਼ਤਾਰ ਟਿੱਪਰ ਨੇ ਮੋਟਰਸਾਈਕਲ ਸਵਾਰਾਂ ਨੂੰ ਮਾਰੀ ਟੱਕਰ

**ਦਿੜ੍ਹਬਾ (ਜਸਵੀਰ ਲਾਡੀ)**-ਪਿੰਡ ਛਾਜਲੀ ਦੇ ਸਟੇਸ਼ਨ ਰੋਡ 'ਤੇ ਦੇਰ ਸ਼ਾਮ ਇੱਕ ਮਿੱਟੀ ਨਾਲ ਭਰੇ ਤੇਜ਼ ਰਫ਼ਤਾਰ ਟਿੱਪਰ ਨੇ ਮੋਟਰਸਾਈਕਲ ਸਵਾਰ ਤਿੰਨ ਨੌਜਵਾਨਾਂ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਤਿੰਨੇ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ।ਜਾਣਕਾਰੀ ਅਨੁਸਾਰ ਹਾਦਸੇ ਤੋਂ ਬਾਅਦ ਟਿੱਪਰ ਚਾਲਕ ਮੌਕੇ ਤੋਂ ਫਰਾਰ ਹੋ ਗਿਆ।ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚ ਗਈ ਤੇ ਜਾਂਚ ਸ਼ੁਰੂ ਕਰ ਦਿੱਤੀ।ਰਾਹਗੀਰਾਂ ਤੇ ਸਥਾਨਕ ਲੋਕਾਂ ਦੀ ਮੱਦਦ ਨਾਲ ਛਾਜਲੀ ਪਿੰਡ ਨੂੰ ਜੋ ਐਂਬੂਲੈਂਸ ਦੀ ਸਹੂਲਤ ਮਿਲੀ ਹੋਈ ਹੈ, ਉਸ ਨੂੰ ਛਾਜਲੀ ਪਿੰਡ ਦਾ ਸਰਪੰਚ ਗੁਰਬਿਆਸ ਸਿੰਘ ਨੇ ਖੁਦ ਐਂਬੂਲੈਂਸ ਵੈਨ ਚਲਾ ਕੇ ਜ਼ਖ਼ਮੀਆਂ ਨੂੰ ਇਲਾਜ ਲਈ ਹਸਪਤਾਲ ਪੁਚਾਇਆ।ਪਤਾ ਲੱਗਾ ਹੈ ਕਿ ਜ਼ਖ਼ਮੀ ਹੋਣ ਵਾਲਿਆਂ ਵਿੱਚ ਇੱਕ ਜਖੇਪਲ ਅਤੇ ਦੋ ਭਾਈ ਕੀ ਪਿਸ਼ੌਰ ਦੇ ਦੱਸੇ ਜਾਂਦੇ ਹਨ ।ਘਟਨਾ ਤੋਂ ਬਾਅਦ ਇਲਾਕੇ ਦੇ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਲੋਕਾਂ ਦਾ ਦੋਸ਼ ਹੈ ਕਿ ਇਲਾਕੇ ਵਿੱਚ ਕਥਿਤ ਗੈਰ-ਕਾਨੂੰਨੀ ਮਾਈਨਿੰਗ ਕਾਰਨ ਮਿੱਟੀ ਨਾਲ ਭਰੇ ਟਿੱਪਰ ਦਿਨ-ਰਾਤ ਤੇਜ਼ ਰਫ਼ਤਾਰ ਨਾਲ ਸੜਕਾਂ 'ਤੇ ਦੌੜਦੇ ਹਨ, ਜਿਸ ਨਾਲ ਹਾਦਸਿਆਂ ਦਾ ਖਤਰਾ ਲਗਾਤਾਰ ਬਣਿਆ ਰਹਿੰਦਾ ਹੈ।ਲੋਕਾਂ ਦਾ ਕਹਿਣਾ ਹੈ ਕਿ ਇਸ ਸਬੰਧੀ ਪ੍ਰਸ਼ਾਸਨ ਵੱਲੋਂ ਲੋੜੀਂਦੀ ਸਖ਼ਤੀ ਨਹੀਂ ਕੀਤੀ ਜਾ ਰਹੀ।

# ਭਲਕ ਦੇ ਜੇਲ੍ਹ ਭਰੋ ਅੰਦੋਲਨ ਦੀਆਂ ਤਿਆਰੀਆਂ ਮੁਕੰਮਲ

## ਟਰੇਡ ਯੂਨੀਅਨਾਂ ਤੇ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਦੀ ਸਾਂਝੀ ਮੀਟਿੰਗ



**ਸੰਗਰੂਰ (ਪ੍ਰਵੀਨ ਸਿੰਘ)**

ਸੰਯੁਕਤ ਕਿਸਾਨ ਮੋਰਚਾ ਤੇ ਟਰੇਡ ਯੂਨੀਅਨਾਂ ਦੀ ਸਾਂਝੀ ਮੀਟਿੰਗ ਸੁਤੰਤਰ ਭਵਨ ਸੰਗਰੂਰ ਵਿਖੇ ਏਟਕ ਦੇ ਜ਼ਿਲ੍ਹਾ ਸਕੱਤਰ ਸੁਖਦੇਵ ਸ਼ਰਮਾ ਤੇ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਬਲਾਕ ਪ੍ਰਧਾਨ ਜਸਵੀਰ ਗੱਗੜਪੁਰ ਦੀ ਪ੍ਰਧਾਨਗੀ ਹੇਠ ਹੋਈ।ਇਸ ਮੌਕੇ 10 ਅਗਸਤ ਦੇ ਜੇਲ੍ਹ ਭਰੋ ਅੰਦੋਲਨ ਦੀ ਤਿਆਰੀ ਲਈ ਵਿਚਾਰ ਚਰਚਾ ਕੀਤੀ ਗਈ ਤੇ ਵੱਖ-ਵੱਖ ਕੰਮਾਂ ਲਈ ਵੱਖ ਵੱਖ ਸਾਥੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ।ਇਸ ਮੌਕੇ ਗੱਲਬਾਤ ਕਰਦਿਆਂ ਆਲ ਇੰਡੀਆ ਕਿਸਾਨ ਸਭਾ ਦੇ ਸੂਬਾ ਮੀਤ ਪ੍ਰਧਾਨ ਮੇਜਰ ਸਿੰਘ ਪੁੰਨਾਵਾਲ, ਬੀ ਕੇ ਯੂ (ਧਨੇਰ ਡਕੌਂਦਾ) ਦੇ ਪ੍ਰਧਾਨ ਜਗਤਾਰ ਸਿੰਘ, ਕਿਰਤੀ ਕਿਸਾਨ ਯੂਨੀਅਨ ਦੇ ਕੁਲਦੀਪ ਸਿੰਘ, ਸੀਟੂ ਦੇ ਜ਼ਿਲ੍ਹਾ ਸਕੱਤਰ ਇੰਦਰਪਾਲ ਪੁੰਨਾਵਾਲ, ਜਮਹੂਰੀ ਕਿਸਾਨ ਸਭਾ ਦੇ ਊਧਮ ਸਿੰਘ ਸੰਤੋਖਪੁਰਾ ਨੇ ਕਿਹਾ ਕਿ 10 ਅਗਸਤ ਨੂੰ ਦੇਸ਼ ਦੀਆਂ ਸਮੁਚੀਆਂ ਟਰੇਡ ਯੂਨੀਅਨਾਂ ਤੇ ਸੰਯੁਕਤ ਕਿਸਾਨ ਮੋਰਚੇ ਵਲੋਂ ਪੂਰੇ ਭਾਰਤ ਅੰਦਰ ਆਪਣੀਆਂ ਮੰਗਾਂ ਤੇ ਮਸਲਿਆਂ ਨੂੰ ਲੈ ਕੇ ਜੇਲ੍ਹ ਭਰੋ ਅੰਦੋਲਨ ਕੀਤਾ ਜਾ ਰਿਹਾ ਹੈ, ਸੰਗਰੂਰ ਜ਼ਿਲ੍ਹੇ ਨਾਲ ਸਬੰਧਤ ਜਥੇਬੰਦੀਆਂ ਦੇ ਸਾਥੀ ਵੱਡੀ ਗਿਣਤੀ ਵਿੱਚ 10 ਅਗਸਤ ਨੂੰ ਅਨਾਜ ਮੰਡੀ ਵਿਚ ਇਕੱਤਰ ਹੋਣਗੇ ਤੇ ਸ਼ਹਿਰ ਅੰਦਰ ਵਿਸ਼ਾਲ ਪ੍ਰਦਰਸ਼ਨ ਕਰਦੇ ਹੋਏ ਡਿਪਟੀ ਕਮਿਸ਼ਨਰ ਦਫਤਰ ਅੱਗੇ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕਰਨਗੇ।

ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਲਗਾਤਾਰ ਲੋਕਾਂ ਨੂੰ ਜੁਮਲੇ ਸੁਣਾ ਕੇ ਗੁੰਮਰਾਹ ਕਰ ਰਹੀਆਂ ਹਨ, ਜਦ ਕਿ ਦੇਸ਼ ਦਾ ਮਜ਼ਦੂਰ 'ਤੇ ਕਿਸਾਨ ਲੰਮੇ ਸਮੇਂ ਤੋਂ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਿਹਾ ਹੈ, ਦੇਸ਼ ਦਾ ਨੌਜਵਾਨ ਤੇ ਵਿਦਿਆਰਥੀ ਵਰਗ ਪਿਛਲੇ ਦਿਨੀਂ ਦਿੱਲੀ ਦੇ ਜੰਤਰ ਮੰਤਰ 'ਤੇ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਇਆ।ਆਗੂਆਂ ਨੇ ਕਿਹਾ ਕਿ ਸਰਕਾਰਾਂ ਦੇ ਲਾਰੇ ਸੁਣ ਸੁਣ ਕੇ ਹੁਣ ਦੇਸ਼ ਦਾ ਕਿਸਾਨ, ਮਜ਼ਦੂਰ ਤੇ ਨੌਜਵਾਨ ਅੱਕ ਚੁਕਿਆ ਹੈ, ਇਸ ਲਈ 10 ਅਗਸਤ ਨੂੰ ਭਾਰਤ ਛੱਡੋ ਅੰਦੋਲਨ ਦੀ ਵਰ੍ਹੇਗੰਢ ਮੌਕੇ ਸਰਕਾਰ ਨਾਲ ਆਰ-ਪਾਰ ਦੀ ਲੜਾਈ ਲਈ ਮਜ਼ਦੂਰ, ਕਿਸਾਨ ਤੇ ਨੌਜਵਾਨ ਇਕੱਠੇ ਸੜਕਾਂ 'ਤੇ ਉਤਰਨਗੇ।ਇਸ ਮੌਕੇ ਆਂਗਣਬਾੜੀ ਮੁਲਾਜ਼ਮ ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਕੌਰ, ਮਿਡ ਡੇ ਮੀਲ ਵਰਕਰਜ਼ ਯੂਨੀਅਨ ਦੀ ਪ੍ਰਧਾਨ ਨਿਰਮਲ ਕੌਰ ਸੁਨਾਮ, ਮਨਰੇਗਾ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਾਮ ਸਿੰਘ ਸੋਹੀਆਂ, ਭੱਠਾ ਮਜ਼ਦੂਰ ਯੂਨੀਅਨ ਦੇ ਸੂਬਾਈ ਮੀਤ ਪ੍ਰਧਾਨ ਮੱਖਣ ਜਖੇਪਲ, ਆਲ ਇੰਡੀਆ ਕਿਸਾਨ ਫੈਡਰੇਸ਼ਨ ਦੇ ਨਰੰਜਣ ਸਿੰਘ ਸਫੀਪੁਰ ਨੇ ਦੱਸਿਆ ਕਿ 10 ਅਗਸਤ ਦੇ ਜੇਲ੍ਹ ਭਰੋ ਅੰਦੋਲਨ ਦੇ ਐਕਸ਼ਨ ਦੀਆਂ ਤਿਆਰੀਆਂ ਜ਼ਿਲ੍ਹੇ ਭਰ 'ਚ ਮੁਕੰਮਲ ਹੋ ਚੁੱਕੀਆਂ ਹਨ ਤੇ ਹੇਠਾਂ ਮੀਟਿੰਗਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ।ਇਹ ਅੰਦੋਲਨ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਇਕ ਵੱਡਾ ਮੀਲ ਪੱਥਰ ਸਾਬਿਤ ਹੋਵੇਗਾ ਤੇ ਸਰਕਾਰਾਂ ਨੂੰ ਲੋਕ ਵਿਰੋਧੀ ਫੈਸਲੇ ਵਾਪਸ ਲੈਣ ਲਈ ਮਜਬੂਰ ਕਰੇਗਾ।ਇਸ ਮੌਕੇ ਸੀਟੂ ਆਗੂ ਸਤਵੀਰ ਸਿੰਘ ਤੁੰਗਾਂ, ਨੌਜਵਾਨ ਆਗੂ ਨਵਜੀਤ ਸਿੰਘ, ਮਨਰੇਗਾ ਆਗੂ ਕਰਮ ਸਿੰਘ ਉੱਪਲੀ, ਕਿਸਾਨ ਆਗੂ ਅਮਰੀਕ ਸਰਪੰਚ ਤੁੰਗਾਂ, ਆਂਗਣਬਾੜੀ ਆਗੂ ਹਰਪ੍ਰੀਤ ਕੌਰ ਛਾਜਲੀ, ਏਟਕ ਆਗੂ ਨਰੰਜਣ ਸਿੰਘ, ਰਘਵੀਰ ਸਿੰਘ ਘਰਾਚੋਂ ਬੀ ਕੇ ਯੂ (ਉਗਰਾਹਾਂ) ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

## ਟਰੇਡ ਯੂਨੀਅਨਾਂ ਤੇ ਐੱਸ ਕੇ ਐੱਮ ਵੱਲੋਂ ਸਾਂਝੇ ਤੌਰ 'ਤੇ 'ਭਾਰਤ ਛੱਡੋ ਅੰਦੋਲਨ' ਦੀ ਵਰ੍ਹੇਗੰਢ ਭਲਕੇ ਮਨਾਈ ਜਾਵੇਗੀ



**ਲੁਧਿਆਣਾ (ਐੱਮ ਐੱਸ ਭਾਟੀਆ)**-'ਭਾਰਤ ਛੱਡੋ ਅੰਦੋਲਨ' ਦੀ ਯਾਦ ਵਿੱਚ 10 ਅਗਸਤ 2026 ਨੂੰ ਦੇਸ਼ ਭਰ ਵਿੱਚ ਜ਼ਿਲ੍ਹਾ ਪੱਧਰ 'ਤੇ ਜੇਲ੍ਹ ਭਰੋ, ਧਰਨੇ, ਮੁਜ਼ਾਹਰੇ, ਰੇਲ ਰੋਕੋ, ਰਸਤਾ ਰੋਕੋ, ਕੰਮਕਾਜ ਵਾਲੀਆਂ ਥਾਵਾਂ 'ਤੇ ਵਿਰੋਧ ਪ੍ਰਦਰਸ਼ਨ, ਮਨੁੱਖੀ ਲੜੀਆਂ ਤੇ ਹੋਰ ਸ਼ਾਂਤਮਈ ਜਨ-ਸੰਘਰਸ਼ ਕਰਨ ਦੇ ਸੱਦੇ ਤਹਿਤ ਲੁਧਿਆਣਾ ਵਿਖੇ ਮਿੰਨੀ ਸਕੱਤਰੇਤ ਦੇ ਸਾਹਮਣੇ ਇਸ ਸਬੰਧ ਵਿੱਚ ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਬਣਾਈ ਗਈ ਆਰਗੇਨਾਈਜ਼ਿੰਗ ਕਮੇਟੀ ਦੀ ਮੀਟਿੰਗ ਕਾਮਰੇਡ ਅਮਰ ਨਾਥ ਕੂਮਕਲਾਂ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਖ-ਵੱਖ ਟਰੇਡ ਯੂਨੀਅਨਾਂ, ਜਿਨ੍ਹਾਂ ਵਿੱਚ ਏਟਕ, ਸੀਟੂ, ਇੰਟਕ, ਐਕਟੂ ਤੇ ਸੀਟੀਯੂ ਪੰਜਾਬ ਅਤੇ ਐੱਸਕੇਐੱਮ ਵੱਲੋਂ ਬੀਕੇਯੂ ਏਕਤਾ ਉਗਰਾਹਾਂ, ਕੁੱਲ ਹਿੰਦ ਕਿਸਾਨ ਸਭਾ 1936, ਜਮਹੂਰੀ ਕਿਸਾਨ ਸਭਾ ਤੇ ਕੁੱਲ ਹਿੰਦ ਕਿਸਾਨ ਸਭਾ (ਹਨਨਮੁੱਲਾ) ਸ਼ਾਮਲ ਸਨ।

ਆਗੂਆਂ ਨੇ ਕਿਹਾ ਕਿ ਮਜ਼ਦੂਰਾਂ ਤੇ ਕਿਸਾਨਾਂ ਦੀ ਸਾਂਝੀ ਲੜਾਈ ਹੀ ਕਾਰਪੋਰੇਟ ਪੱਖੀ ਤੇ ਲੋਕ ਵਿਰੋਧੀ ਨੀਤੀਆਂ ਦਾ ਪ੍ਰਭਾਵਸ਼ਾਲੀ ਜਵਾਬ ਹੈ।ਆਗੂਆਂ ਨੇ ਕਿਹਾ ਕਿ ਕੱਲ੍ਹ ਦੇ ਰੋਸ ਪ੍ਰਦਰਸ਼ਨ ਤੇ ਧਰਨੇ ਤੋਂ ਬਾਅਦ ਜੇਲ੍ਹ ਭਰੋ ਅੰਦੋਲਨ ਲਈ ਆਪਣੇ ਆਪ ਨੂੰ ਗ੍ਰਿਫਤਾਰੀ ਲਈ ਪੇਸ਼ ਕੀਤਾ ਜਾਵੇਗਾ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਐੱਮ ਐੱਸ ਭਾਟੀਆ, ਅਮਰ ਨਾਥ ਕੂਮਕਲਾਂ, ਚਮਕੌਰ ਸਿੰਘ, ਜਗਦੀਸ਼ ਚੰਦ, ਰਘਬੀਰ ਸਿੰਘ ਬੈਨੀਪਾਲ, ਯੁੱਧਵੀਰ ਸਿੰਘ, ਡਾਕਟਰ ਗੁਰਵਿੰਦਰ ਸਿੰਘ, ਹਰਪਾਲ ਸਿੰਘ, ਜੈ ਪ੍ਰਕਾਸ਼ ਨਰਾਇਣ, ਪਰਮਜੀਤ ਸਿੰਘ, ਟਾਈਗਰ ਸਿੰਘ ਸ਼ਾਮਲ ਸਨ।

# ਕੈਬਨਿਟ ਮੰਤਰੀ ਅਮਨ ਅਰੋੜਾ ਨੇ 40 ਪਿੰਡਾਂ ਨੂੰ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦੇ ਚੈੱਕ ਵੰਡੇ

## ਬਿਨਾਂ ਰਿਸ਼ਵਤ ਤੇ ਸਿਫ਼ਾਰਸ਼ ਦੇ ਮੁਹੱਈਆ ਕਰਵਾਏ ਜਾ ਰਹੇ ਨੇ ਰੋਜ਼ਗਾਰ ਦੇ ਮੌਕੇ : ਅਮਨ ਅਰੋੜਾ



**ਲੌਂਗੋਵਾਲ/ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**

ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਸਰਬਪੱਖੀ ਵਿਕਾਸ ਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ।ਇਸੇ ਲੜੀ ਤਹਿਤ ਸੁਨਾਮ ਵਿਧਾਨ ਸਭਾ ਹਲਕੇ ਦੇ 40 ਪਿੰਡਾਂ ਵਿੱਚ 59 ਵੱਖ-ਵੱਖ ਵਿਕਾਸ ਕਾਰਜਾਂ ਲਈ 02 ਕਰੋੜ 60 ਲੱਖ ਰੁਪਏ ਦੀਆਂ ਗ੍ਰਾਂਟਾਂ ਦੇ ਚੈੱਕ ਪੰਚਾਇਤਾਂ ਨੂੰ ਸੌਂਪੇ ਗਏ ਹਨ।ਲੌਂਗੋਵਾਲ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਪਿੰਡਾਂ ਤੇ ਸ਼ਹਿਰਾਂ ਦਾ ਬਰਾਬਰ ਵਿਕਾਸ ਕਰਨਾ ਤੇ ਲੋਕਾਂ ਦੀਆਂ ਜ਼ਰੂਰਤਾਂ ਅਨੁਸਾਰ ਵਿਕਾਸ ਕਾਰਜਾਂ ਨੂੰ ਤਰਜੀਹ ਦੇਣਾ ਹੈ। ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕਾਂ ਵੱਲੋਂ ਲੰਬੇ ਸਮੇਂ ਤੋਂ ਰੱਖੀਆਂ ਜਾ ਰਹੀਆਂ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾ ਰਿਹਾ ਹੈ ਤੇ ਵਿਕਾਸ ਕਾਰਜਾਂ ਲਈ ਲੋੜੀਂਦੇ ਫੰਡ ਮੁਹੱਈਆ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ।ਸ੍ਰੀ ਅਮਨ ਅਰੋੜਾ ਨੇ ਪੰਚਾਇਤੀ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਸਰਕਾਰ ਵੱਲੋਂ ਜਾਰੀ ਕੀਤੇ ਫੰਡਾਂ ਦੀ ਵਰਤੋਂ ਪੂਰੀ ਪਾਰਦਰਸ਼ਤਾ ਤੇ ਇਮਾਨਦਾਰੀ ਨਾਲ ਲੋਕ ਹਿੱਤ ਵਿੱਚ ਕੀਤੀ ਜਾਵੇ ਅਤੇ ਵਿਕਾਸ ਕਾਰਜਾਂ ਨੂੰ ਨਿਰਧਾਰਤ ਮਾਪਦੰਡਾਂ ਅਨੁਸਾਰ ਸਮੇਂ ਸਿਰ ਮੁਕੰਮਲ ਕੀਤਾ ਜਾਵੇ। ਰੋਜ਼ਗਾਰ ਦੇ ਮੁੱਦੇ 'ਤੇ ਗੱਲ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਦੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਤੇ ਯੋਗਤਾ ਨੂੰ ਪਹਿਲ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਬਿਨਾਂ ਕਿਸੇ ਰਿਸ਼ਵਤ ਤੇ ਸਿਫ਼ਾਰਸ਼ ਦੇ, ਸਿਰਫ਼ ਉਨ੍ਹਾਂ ਦੀ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕ ਵਿਰੋਧੀ ਪਾਰਟੀਆਂ ਦੀ ਕਾਰਗੁਜ਼ਾਰੀ ਤੇ ਉਨ੍ਹਾਂ ਦੀ ਰਾਜਨੀਤੀ ਨੂੰ ਚੰਗੀ ਤਰ੍ਹਾਂ ਸਮਝ ਚੁੱਕੇ ਹਨ।ਲੋਕਾਂ ਨੇ ਹੁਣ ਵਿਕਾਸ, ਸਿੱਖਿਆ, ਸਿਹਤ, ਰੋਜ਼ਗਾਰ ਤੇ ਬੁਨਿਆਦੀ ਸਹੂਲਤਾਂ ਨੂੰ ਤਰਜੀਹ ਦੇਣ ਵਾਲੀ ਸਿਆਸਤ ਨੂੰ ਅਪਣਾਇਆ ਹੈ।ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਸੁਣਨਾ, ਉਨ੍ਹਾਂ ਦਾ ਹੱਲ ਕਰਵਾਉਣਾ ਤੇ ਹਲਕੇ ਦੇ ਵਿਕਾਸ ਨੂੰ ਗਤੀ ਦੇਣਾ ਉਨ੍ਹਾਂ ਦੀ ਮੁੱਖ ਤਰਜੀਹ ਹੈ।ਉਨ੍ਹਾਂ ਕਿਹਾ ਕਿ ਉਹ ਹਲਕੇ ਦੇ ਵਿਕਾਸ ਤੇ ਲੋਕਾਂ ਦੀ ਸੇਵਾ ਲਈ ਦਿਨ-ਰਾਤ ਯਤਨਸ਼ੀਲ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਸੁਨਾਮ ਹਲਕੇ ਨੂੰ ਵਿਕਾਸ ਪੱਖੋਂ ਹੋਰ ਮਜ਼ਬੂਤ ਬਣਾਉਣ ਲਈ ਹਰ ਸੰਭਵ ਉਪਰਾਲਾ ਕੀਤਾ ਜਾਵੇਗਾ। ਇਸ ਮੌਕੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ, ਪਿੰਡਾਂ ਦੇ ਪੰਚ-ਸਰਪੰਚ ਤੇ ਵੱਡੀ ਗਿਣਤੀ ਪਿੰਡਾਂ ਦੇ ਵਸਨੀਕ ਹਾਜ਼ਰ ਸਨ।

## ਤਾਮਕੋਟ ਦੇ ਨੌਜਵਾਨ ਦੀ ਨਸ਼ੇ ਨਾਲ ਹੋਈ ਮੌਤ ਚਿੰਤਾਜਨਕ

**ਮਾਨਸਾ (ਆਤਮਾ ਸਿੰਘ ਪਮਾਰ)**-ਇੱਥੋਂ ਨੇੜਲੇ ਪਿੰਡ ਤਾਮਕੋਟ ਦੇ ਪੜ੍ਹੇ ਲਿਖੇ ਤੇ ਕਾਨੂੰਨ ਦੇ ਵਿਦਿਆਰਥੀ ਅਮਨਪ੍ਰੀਤ ਸਿੰਘ ਦੀ ਨਸ਼ੇ ਨਾਲ ਹੋਈ ਮੌਤ ਇੱਕ ਵੱਡੀ ਚਿੰਤਾਜਨਕ ਘਟਨਾ ਹੈ।ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਇਨਕਲਾਬੀ ਨੌਜਵਾਨ ਸਭਾ ਦੇ ਸੂਬਾਈ ਇੰਚਾਰਜ ਹੈਪੀ ਮਾਨ ਤੇ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਰਿੰਦਰਪਾਲ ਸ਼ਰਮਾ ਨੇ ਕਿਹਾ ਉਹ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਤੇ ਲਾਅ ਦਾ ਵਿਦਿਆਰਥੀ ਸੀ, ਜੋ ਪੇਪਰ ਦੇਣ ਲਈ ਗਿਆ ਸੀ।ਉਸ ਦਾ ਪਿਤਾ ਕੁਲਦੀਪ ਸਿੰਘ ਪੰਜਾਬ ਕਿਸਾਨ ਯੂਨੀਅਨ ਪਿੰਡ ਇਕਾਈ ਦਾ ਆਗੂ ਹੈ ਤੇ ਮਾਤਾ ਦਲਜੀਤ ਕੌਰ ਲਿਬਰੇਸ਼ਨ ਤੇ ਪ੍ਰਗਤੀਸ਼ੀਲ ਇਸਤਰੀ ਸਭਾ ਦੀ ਆਗੂ ਹੈ। ਪਰਵਾਰ ਨਾਲ ਦੁੱਖ ਸਾਂਝਾ ਕਰਨ ਗਏ ਲਿਬਰੇਸ਼ਨ ਪਾਰਟੀ ਦੇ ਆਗੂ ਕਾਮਰੇਡ ਰਾਜਵਿੰਦਰ ਰਾਣਾ ਪਾਰਟੀ ਦੇ ਕੇਂਦਰੀ ਆਗੂ ਪ੍ਰਸ਼ੋਤਮ ਸ਼ਰਮਾ, ਜ਼ਿਲ੍ਹਾ ਸਕੱਤਰ ਕਾਮਰੇਡ ਸੁਰਿੰਦਰ ਸ਼ਰਮਾ, ਪੰਜਾਬ ਕਿਸਾਨ ਯੂਨੀਅਨ ਦੇ ਆਗੂ ਰਣਜੀਤ ਸਿੰਘ ਤਾਮਕੋਟ, ਗੁਰਜੰਟ ਸਿੰਘ ਮਾਨਸਾ, ਇਨਕਲਾਬੀ ਨੌਜਵਾਨ ਸਭਾ ਦੇ ਆਗੂ ਹੈਪੀ ਮਾਨ, ਮਜ਼ਦੂਰ ਮੁਕਤੀ ਮੋਰਚਾ ਦੇ ਜ਼ਿਲ੍ਹਾ ਆਗੂ ਕਾਮਰੇਡ ਗੁਰਸੇਵਕ ਮਾਨ ਨੇ ਕਿਹਾ ਕਿ ਇਸ ਤਰ੍ਹਾਂ ਨੌਜਵਾਨ ਤਬਕੇ ਨੂੰ ਚਿੱਟੇ ਨਾਲ ਖ਼ਤਮ ਕਰਨ ਦੀ ਇਹ ਸਰਕਾਰ ਦੀ ਨੀਤੀ ਸਾਫ਼ ਤੇ ਸਪੱਸ਼ਟ ਤੌਰ 'ਤੇ ਦਿਸ ਰਹੀ ਹੈ।



## ਕਾਤਰਾਂ

### 25 ਗ੍ਰਾਮ ਹੈਰੋਇਨ ਸਮੇਤ 2 ਗ੍ਰਿਫ਼ਤਾਰ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਨੇ 25 ਗ੍ਰਾਮ ਹੈਰੋਇਨ ਸਮੇਤ 2 ਨੌਜਵਾਨਾਂ ਗੁਰਵੀਰ ਸਿੰਘ ਵਾਸੀ ਕੋਟਾਲਾ ਬੇਟ ਤੇ ਪਰਮਿੰਦਰ ਸਿੰਘ ਵਾਸੀ ਹੇੜੀਆਂ ਬੇਟ ਨੂੰ ਗ੍ਰਿਫ਼ਤਾਰ ਕੀਤਾ ਹੈ। ਥਾਣਾ ਮੁਖੀ ਚਰਨਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਹਾਇਕ ਥਾਣੇਦਾਰ ਪਰਮਜੀਤ ਸਿੰਘ ਦੀ ਅਗਵਾਈ ਹੇਠ ਪੁਲਸ ਪਾਰਟੀ ਸਮੇਤ ਗਸ਼ਤ ਕੀਤੀ ਜਾ ਰਹੀ ਸੀ ਤਾਂ ਮਾਛੀਵਾੜਾ ਦੇ ਸਟੇਡੀਅਮ ਨੇੜੇ ਅਧਿਆਣਾ ਰੋਡ ਤੋਂ 2 ਨੌਜਵਾਨ ਪੁਲਸ ਪਾਰਟੀ ਨੂੰ ਦੇਖ ਕੇ ਸ਼ੱਕੀ ਹਾਲਤ ਵਿੱਚ ਮੁੜਨ ਲੱਗੇ। ਪੁਲਸ ਵੱਲੋਂ ਜਦੋਂ ਉਨ੍ਹਾਂ ਨੂੰ ਜਾਂਚ ਲਈ ਰੋਕਿਆ ਤਾਂ ਇਨ੍ਹਾਂ ਦੀ ਪਹਿਚਾਣ ਗੁਰਵੀਰ ਸਿੰਘ ਤੇ ਪਰਮਿੰਦਰ ਸਿੰਘ ਵਜੋਂ ਹੋਈ, ਜਿਨ੍ਹਾਂ ਤੋਂ 25 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ।

### ਪਾਰਕਿੰਗ ਲਾਈਨਾਂ ਤੋਂ ਬਾਹਰ ਵਾਹਨ ਖੜ੍ਹੇ ਕਰਨ ਵਾਲਿਆਂ ਦੇ ਆਨਲਾਈਨ ਚਲਾਨ

**ਬਠਿੰਡਾ (ਪ੍ਰਵਿੰਦਰਜੀਤ ਸਿੰਘ)**-ਬਠਿੰਡਾ ਟ੍ਰੈਫਿਕ ਪੁਲਸ ਵੱਲੋਂ ਸ਼ਹਿਰ ਵਿੱਚ ਟ੍ਰੈਫਿਕ ਵਿਵਸਥਾ ਨੂੰ ਸੁਚਾਰੂ ਬਣਾਈ ਰੱਖਣ ਤੇ ਆਵਾਜਾਈ ਵਿੱਚ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਨੂੰ ਰੋਕਣ ਲਈ ਵਿਸ਼ੇਸ਼ ਕਾਰਵਾਈ ਕੀਤੀ ਜਾ ਰਹੀ ਹੈ।ਇਸੇ ਤਹਿਤ ਟ੍ਰੈਫਿਕ ਪੁਲਸ ਵੱਲੋਂ ਨਿਰਧਾਰਤ ਪੀਲੀਆਂ ਤੇ ਚਿੱਟੀਆਂ ਲਾਈਨਾਂ ਤੋਂ ਬਾਹਰ ਵਾਹਨ ਪਾਰਕ ਕਰਨ ਵਾਲੇ ਵਾਹਨ ਚਾਲਕਾਂ ਦੇ ਆਨਲਾਈਨ ਚਲਾਨ ਕੀਤੇ ਗਏ। ਗਲਤ ਢੰਗ ਨਾਲ ਪਾਰਕ ਕੀਤੇ ਵਾਹਨਾਂ ਕਾਰਨ ਆਮ ਆਵਾਜਾਈ ਵਿੱਚ ਵਿਘਨ ਪੈਂਦਾ ਹੈ ਤੇ ਸੜਕਾਂ 'ਤੇ ਟ੍ਰੈਫਿਕ ਜਾਮ ਦੀ ਸਥਿਤੀ ਪੈਦਾ ਹੋ ਸਕਦੀ ਹੈ।ਬਠਿੰਡਾ ਟ੍ਰੈਫਿਕ ਪੁਲਸ ਵੱਲੋਂ ਵਾਹਨ ਚਾਲਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਆਪਣੇ ਵਾਹਨ ਕੇਵਲ ਨਿਰਧਾਰਤ ਪਾਰਕਿੰਗ ਸਥਾਨਾਂ 'ਤੇ ਹੀ ਪਾਰਕ ਕਰਨ ਤੇ ਸੜਕ 'ਤੇ ਗਲਤ ਥਾਂ ਵਾਹਨ ਖੜ੍ਹਾ ਕਰਨ ਤੋਂ ਗੁਰੇਜ਼ ਕਰਨ।ਏਐੱਸਆਈ ਮੇਜਰ ਸਿੰਘ, ਇੰਚਾਰਜ ਟ੍ਰੈਫਿਕ ਪੁਲਸ ਬਠਿੰਡਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਨਿਯਮਾਂ ਅਨੁਸਾਰ ਕਾਰਵਾਈ ਜਾਰੀ ਰਹੇਗੀ।

### ਮਨਜਿੰਦਰ ਕੌਰ ਨੂੰ ਲਗਾਏ ਤਰੱਕੀ ਦੇ ਸਟਾਰ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਥਾਣਾ ਠੁੱਲੀਵਾਲ ਵਿਖੇ ਤਾਇਨਾਤ ਮਨਜਿੰਦਰ ਕੌਰ ਨੂੰ ਤਰੱਕੀ ਮਿਲਣ 'ਤੇ ਐੱਸ ਐੱਚ ਓ ਅਜੈਬ ਸਿੰਘ ਤੇ ਏ ਐੱਸ ਆਈ ਜਸਵਿੰਦਰ ਸਿੰਘ ਨੇ ਉਨ੍ਹਾਂ ਦੇ ਮੋਢਿਆਂ 'ਤੇ ਤਰੱਕੀ ਦੇ ਸਟਾਰ ਲਗਾਏ।ਇਸ ਮੌਕੇ ਥਾਣੇ ਦੇ ਸਮੂਹ ਸਟਾਫ਼ ਨੇ ਮਨਜਿੰਦਰ ਕੌਰ ਨੂੰ ਤਰੱਕੀ ਦੀ ਮੁਬਾਰਕਬਾਦ ਦਿੱਤੀ।ਐੱਸ ਐੱਚ ਓ ਅਜੈਬ ਸਿੰਘ ਨੇ ਕਿਹਾ ਕਿ ਤਰੱਕੀ ਮੁਲਾਜ਼ਮ ਦੀ ਮਿਹਨਤ, ਇਮਾਨਦਾਰੀ ਤੇ ਡਿਊਟੀ ਪ੍ਰਤੀ ਸਮਰਪਣ ਦਾ ਸਨਮਾਨ ਹੈ।ਉਨ੍ਹਾਂ ਮਨਜਿੰਦਰ ਕੌਰ ਨੂੰ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਏ ਐੱਸ ਆਈ ਮਨਜਿੰਦਰ ਕੌਰ ਨੇ ਉੱਚ ਅਧਿਕਾਰੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਡਿਊਟੀ ਹੋਰ ਵੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ।

# ਬਰੌਡਵੇ ਪਬਲਿਕ ਸਕੂਲ ਮਨਾਲ 'ਚ ਖ਼ੂਨ ਦਾਨ ਕੈਂਪ ਲਗਾਇਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਬਾਬਾ ਜਗਤ ਨਰਾਇਣ ਦੀ ਮਹਾਨ ਵਿਰਾਸਤ, ਬਲੀਦਾਨ ਤੇ ਮਨੁੱਖਤਾ ਦੀ ਸੇਵਾ ਦੇ ਸੰਦੇਸ਼ ਨੂੰ ਸਮਰਪਤ ਬਰੌਡਵੇ ਪਬਲਿਕ ਸਕੂਲ ਮਨਾਲ ਵੱਲੋਂ ਬਰਨਾਲਾ ਵੈੱਲਫ਼ੇਅਰ ਕਲੱਬ ਤੇ ਲਾਇਨਜ਼ ਕਲੱਬ ਬਰਨਾਲਾ ਦੇ ਸਹਿਯੋਗ ਨਾਲ ਵਿਸ਼ਾਲ ਖ਼ੂਨ ਦਾਨ ਕੈਂਪ ਲਗਾਇਆ ਗਿਆ।ਇਸ ਮੌਕੇ ਸਹਿਯੋਗੀ ਸੰਸਥਾਵਾਂ ਦੇ ਪ੍ਰਮੁੱਖ ਮੈਂਬਰਾਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਨ੍ਹਾਂ ਵਿੱਚ ਡਾ. ਵਿਵੇਕ ਸਿੰਧਵਾਨੀ ਚੇਅਰਮੈਨ ਬਰਨਾਲਾ ਵੈੱਲਫ਼ੇਅਰ ਕਲੱਬ, ਚਰਨਜੀਤ ਢੀਂਗਰਾ ਪ੍ਰਧਾਨ ਬਰਨਾਲਾ ਵੈੱਲਫ਼ੇਅਰ ਕਲੱਬ, ਪ੍ਰਮੋਦ ਅਰੋੜਾ ਸਾਬਕਾ ਪ੍ਰਧਾਨ ਬਰਨਾਲਾ ਵੈੱਲਫ਼ੇਅਰ ਕਲੱਬ, ਵਿਕਾਸ ਬਾਂਸਲ ਸਕੱਤਰ ਬਰਨਾਲਾ ਵੈੱਲਫ਼ੇਅਰ ਕਲੱਬ, ਉਮੇਸ਼ ਕੁਮਾਰ ਸਾਬਕਾ ਪ੍ਰਧਾਨ ਲਾਇਨਜ਼ ਕਲੱਬ, ਸੰਜੇ ਤਾਇਲ, ਅਸ਼ੋਕ ਤੇ ਸ੍ਰੀ ਸੰਜੀਵ ਕੁਮਾਰ ਸ਼ੈਲੀ ਸ਼ਾਮਲ ਸਨ।ਕੈਂਪ ਵਿੱਚ ਅਧਿਆਪਕਾਂ, ਸਹਾਇਕ ਸਟਾਫ਼ ਤੇ ਮਾਪਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲੈਂਦਿਆਂ ਇਸ ਮਹਾਨ ਸਮਾਜ ਸੇਵੀ ਕਾਰਜ ਵਿੱਚ ਆਪਣਾ ਯੋਗਦਾਨ ਪਾਇਆ।ਇਸ ਮੌਕੇ ਡਾ. ਪ੍ਰਿਯੰਕਾ ਸ਼ਰਮਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਕੇ ਸਮਾਗਮ ਦੀ ਸ਼ੋਭਾ ਵਧਾਈ।ਇਸ ਕੈਂਪ ਦਾ ਆਯੋਜਨ ਮੈਡੀਕਲ ਇੰਚਾਰਜ ਮੈਡਮ ਗੁਰਪ੍ਰੀਤ ਕੌਰ ਤੇ ਮੈਡਮ ਦਲਜੀਤ ਕੌਰ ਦੀ ਯੋਗ ਅਗਵਾਈ ਹੇਠ ਕੀਤਾ ਗਿਆ। ਸਕੂਲ ਕੋਆਰਡੀਨੇਟਰ ਮੈਡਮ ਪਰਮਜੀਤ ਕੌਰ, ਸਟਾਫ਼ ਕਲੱਬ ਪ੍ਰਤੀਨਿਧੀ ਮੈਡਮ ਲਵਪ੍ਰੀਤ ਸ਼ਰਮਾ ਤੇ ਆਰਿਫ ਹਸਨ, ਪ੍ਰੀਖਿਆ ਸੈੱਲ ਦੇ ਇੰਚਾਰਜ ਗੁਰਲਾਲ ਸਿੰਘ ਗਰੇਵਾਲ, ਪ੍ਰਿਤਪਾਲ ਸਿੰਘ ਸੋਹੀ, ਅਨੁਸ਼ਾਸਨ ਸੈੱਲ ਦੇ ਇੰਚਾਰਜ ਮਨਪ੍ਰੀਤ ਸਿੰਘ ਅਤੇ ਬਲਾਕ ਕੋਆਰਡੀਨੇਟਰਾਂ ਦੇ ਸਹਿਯੋਗ ਸਦਕਾ ਕੈਂਪ ਦਾ ਸਮੁੱਚਾ ਪ੍ਰਬੰਧ ਸੁਚੱਜੇ ਤੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਗਿਆ।ਇਸ ਮੌਕੇ ਸਕੂਲ ਚੇਅਰਮੈਨ ਰਣਜੀਤ ਸਿੰਘ ਚੀਮਾ, ਡਾਇਰੈਕਟਰ ਨਵਰੀਤ ਕੌਰ ਚੀਮਾ ਤੇ ਪ੍ਰਿੰਸੀਪਲ ਮੁਹੰਮਦ ਆਰਿਫ਼ ਸੈਫ਼ੀ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਵਿਦਿਆਰਥੀਆਂ, ਮਾਪਿਆਂ, ਅਧਿਆਪਕਾਂ, ਸਹਾਇਕ ਸਟਾਫ਼ ਤੇ ਸਮੂਹ ਸਹਿਯੋਗੀ ਸੰਸਥਾਵਾਂ ਦਾ ਧੰਨਵਾਦ ਕੀਤਾ।

# ਕੱਲਰ ਭੈਣੀ ਦਾ 'ਮਾਡਰਨ ਖੂਹ' ਸ਼ੁਰੂ ਹੋਣ ਤੋਂ ਪਹਿਲਾਂ ਹੀ ਧਸਿਆ

## 40 ਲੱਖ ਰੁਪਏ ਲਗਾ ਕੇ ਬਣਾਇਆ ਸੀ ਪੰਚਾਇਤੀ ਵਿਭਾਗ ਨੇ, ਅਧਿਕਾਰੀ ਸ਼ੱਕ ਦੇ ਘੇਰੇ 'ਚ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਇਥੋਂ ਨੇੜਲੇ ਪਿੰਡ ਕੱਲਰ ਭੈਣੀ ਵਿਖੇ ਪੰਚਾਇਤੀ ਵਿਭਾਗ ਵੱਲੋਂ ਪਿੰਡ ਦੇ ਗੰਦੇ ਪਾਣੀ ਨੂੰ ਸਾਫ ਕਰਕੇ ਟ੍ਰੀਟਮੈਂਟ ਪਲਾਂਟ ਤਹਿਤ ਬਣਾਏ ਖੂਹ ਸ਼ੁਰੂ ਹੋਣ ਤੋਂ ਪਹਿਲਾਂ ਹੀ ਧਸ ਗਏ ਹਨ, ਜਿਸ ਨੇ ਅਧਿਕਾਰੀ ਸ਼ੱਕ ਦੇ ਘੇਰੇ ਵਿੱਚ ਲਿਆਂਦੇ ਹਨ ਕਿ ਇਨ੍ਹਾਂ ਉੱਪਰ ਮਾੜਾ ਮਟੀਰੀਅਲ ਲੱਗਿਆ ਹੈ।ਰੰਗਲਾ ਪੰਜਾਬ ਸਕੀਮ ਤਹਿਤ ਕੱਲਰ ਭੈਣੀ ਪਿੰਡ ਦਾ ਪਾਣੀ ਟ੍ਰੀਟ ਕਰਕੇ ਅੱਗੇ ਭੇਜਣ ਲਈ ਵਿਸ਼ੇਸ਼ ਤੌਰ 'ਤੇ ਇਸ ਪ੍ਰੋਜੈਕਟ ਤਹਿਤ 40 ਲੱਖ ਲਗਾਏ ਗਏ ਸਨ, ਪਰ ਪਹਿਲੀ ਬਰਸਾਤ ਨੇ ਹੀ ਅਧਿਕਾਰੀਆਂ ਵੱਲੋਂ ਕੀਤੇ ਕੰਮ ਦੀ ਪੋਲ ਖੋਲ੍ਹ ਦਿੱਤੀ।ਘਟੀਆ ਮਿਕਦਾਰ ਦਾ ਇਹ ਪਲਾਂਟ ਥੋੜ੍ਹੀ ਜਿਹੀ ਬਾਰਸ਼ ਵਿੱਚ ਹੀ ਰੁੜ੍ਹ ਗਿਆ।ਇਸ ਸਬੰਧੀ ਕੋਈ ਵੀ ਸਹੀ ਢੰਗ ਨਾਲ ਬੋਲਣ ਲਈ ਤਿਆਰ ਨਹੀਂ।ਜਦ ਇਸ ਨੂੰ ਚੁੱਪ ਧਾਰਨ ਕਰ ਲਈ ਹੈ।ਉਧਰੋਂ ਪਿੰਡ ਦੇ ਲੋਕਾਂ ਦਾ ਕਹਿਣਾ ਹੈ ਕਿ ਉਦਘਾਟਨ ਕਰਨ ਤੋਂ ਪਹਿਲਾਂ ਹੀ ਧਸ ਰਹੇ ਇਸ ਪ੍ਰੋਜੈਕਟ ਦੇ ਖੂਹਾਂ ਦੀ ਵਿਜੀਲੈਂਸ ਜਾਂਚ ਹੋਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਵਿਭਾਗ ਦੇ ਅਧਿਕਾਰੀ ਇਹ ਦਾਅਵਾ ਕਰਦੇ ਸਨ ਕਿ ਇਹ ਬਹੁਤ ਜ਼ਿਆਦਾ ਮਜ਼ਬੂਤ ਹੈ, ਪਰ ਇਹ ਝਾੜੂ ਦੀ ਤਰ੍ਹਾਂ ਖਿੰਡ ਗਿਆ।ਲੋਕਾਂ ਦਾ ਕਹਿਣਾ ਹੈ ਕਿ ਮਾੜਾ ਮਟੀਰੀਅਲ ਲਗਾਉਣ ਵਾਲੇ ਅਧਿਕਾਰੀਆਂ ਦੀ ਜਾਂਚ ਹੋਣੀ ਬੇਹੱਦ ਜ਼ਰੂਰੀ ਹੈ, ਤਾਂ ਜੋ ਸੱਚ ਸਾਹਮਣੇ ਆ ਸਕੇ।ਇਸ ਸਬੰਧੀ ਠੇਕੇਦਾਰ, ਅਧਿਕਾਰੀ ਕੁੱਝ ਵੀ ਬੋਲਣ ਲਈ ਤਿਆਰ ਨਹੀਂ।

### ਸਰਕਾਰ ਦੇ ਵਿਕਾਸ ਕਾਰਜਾਂ ਦੀ ਪੋਲ ਖੁੱਲ੍ਹੀ : ਰਜਿੰਦਰ ਸਿੰਘ

ਕੱਲਰ ਭੈਣੀ ਪਿੰਡ ਵਿਖੇ ਰੰਗਲਾ ਪੰਜਾਬ ਸਕੀਮ ਤਹਿਤ ਬਣੇ ਮਾਡਰਨ ਖੂਹ ਦੇ ਉਦਘਾਟਨ ਤੋਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਧਰਤੀ 'ਚ ਧਸ ਜਾਣਾ ਸਰਕਾਰ ਦੇ ਵਿਕਾਸ ਕਾਰਜਾਂ ਦੀ ਪੋਲ ਖੋਲ੍ਹ ਰਿਹਾ ਹੈ। ਸਮਾਣਾ ਦੇ ਸਾਬਕਾ ਵਿਧਾਇਕ ਰਜਿੰਦਰ ਸਿੰਘ ਨੇ ਇਸ ਮਾਮਲੇ 'ਚ ਆਪਣਾ ਪ੍ਰਤੀਕਰਮ ਦਿੰਦੇ ਹੋਏ ਕਿਹਾ ਕਿ ਆਮ ਆਦਮੀ ਦੇ ਆਗੂ ਸਰਕਾਰੀ ਅਫਸਰਾਂ ਨਾਲ ਮਿਲ ਕੇ ਸੂਬੇ ਦੇ ਲੋਕਾਂ ਦੇ ਪੈਸੇ ਦੀ ਦੁਰਵਰਤੋਂ ਕਰ ਰਹੇ ਹਨ। ਪਿੰਡ ਕੱਲਰ ਭੈਣੀ ਵਿਖੇ ਪੰਚਾਇਤੀ ਵਿਭਾਗ ਵੱਲੋਂ ਪਿੰਡ ਦੇ ਗੰਦੇ ਪਾਣੀ ਨੂੰ ਸਾਫ ਕਰਨ ਵਾਲੇ ਟ੍ਰੀਟਮੈਂਟ ਪਲਾਂਟ ਤਹਿਤ ਬਣਾਏ ਟੈਂਕ ਦਾ ਧਸਣਾ ਦਰਸਾਉਂਦਾ ਹੈ ਕਿ ਇਨ੍ਹਾਂ ਉੱਪਰ ਮਾੜਾ ਮਟੀਰੀਅਲ ਲੱਗਿਆ ਹੈ।

# ਪ੍ਰੈੱਸ ਕਲੱਬ ਨਾਭਾ ਨੇ ਬੂਟੇ ਲਗਾ ਕੇ ਮਨਾਇਆ ਵਣ-ਮਹਾਂਉਤਸਵ



**ਨਾਭਾ (ਅਮਨ ਗਰਗ)**-ਵਾਤਾਵਰਣ ਨੂੰ ਹਰਿਆ-ਭਰਿਆ ਤੇ ਸਾਫ਼-ਸੁਥਰਾ ਰੱਖਣ ਦਾ ਸੰਦੇਸ਼ ਦਿੰਦਿਆਂ ਪ੍ਰੈੱਸ ਕਲੱਬ ਨਾਭਾ ਵੱਲੋਂ ਵਣ ਮਹਾਂਉਤਸਵ ਮਨਾਇਆ ਗਿਆ।ਇਸ ਮੌਕੇ ਕਲੱਬ ਦੇ ਅਹੁਦੇਦਾਰਾਂ ਤੇ ਮੈਂਬਰਾਂ ਵੱਲੋਂ ਫਲਦਾਰ ਤੇ ਛਾਂਦਾਰ ਬੂਟੇ ਲਗਾਏ ਗਏ ਅਤੇ ਲੋਕਾਂ ਨੂੰ ਵਾਤਾਵਰਣ ਦੀ ਸੰਭਾਲ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਪ੍ਰੈੱਸ ਕਲੱਬ ਰਜਿਸਟਰਡ ਨਾਭਾ ਦੇ ਪ੍ਰਧਾਨ ਹਰਮੀਤ ਸਿੰਘ ਮਾਨ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਬਚਾਉਣਾ ਸਾਡੇ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ।ਉਨ੍ਹਾਂ ਕਿਹਾ ਕਿ ਜੇਕਰ ਹਰ ਇਨਸਾਨ ਆਪਣੀ ਜ਼ਿੰਦਗੀ ਵਿੱਚ ਘੱਟੋ-ਘੱਟ ਦੋ ਤੋਂ ਚਾਰ ਬੂਟੇ ਲਗਾ ਕੇ ਉਨ੍ਹਾਂ ਦੀ ਸੰਭਾਲ ਕਰੇ ਤਾਂ ਵਾਤਾਵਰਣ ਨੂੰ ਸਾਫ਼-ਸੁਥਰਾ ਤੇ ਹਰਾ-ਭਰਾ ਬਣਾਉਣ ਵਿੱਚ ਵੱਡਾ ਯੋਗਦਾਨ ਪਾਇਆ ਜਾ ਸਕਦਾ ਹੈ।ਇਸ ਮੌਕੇ ਪ੍ਰੈੱਸ ਕਲੱਬ ਰਜਿਸਟਰਡ ਨਾਭਾ ਦੇ ਜਨਰਲ ਸਕੱਤਰ ਅਮਰਿੰਦਰ ਸਿੰਘ ਪੁਰੀ, ਚੇਅਰਮੈਨ ਕਰਮਜੀਤ ਸਿੰਘ ਮਹਿਰਮ, ਵਾਈਸ ਚੇਅਰਮੈਨ ਬਲਵੰਤ ਸਿੰਘ ਹਿਆਣਾ, ਚੀਫ ਪੈਟਰਨ ਗੁਰਚਰਨ ਸਿੰਘ ਚੌਹਰੀ ਮਾਜਰਾ, ਚੰਦਰ ਪ੍ਰਕਾਸ਼ ਬਾਂਗਾ ਤੇ ਐਡਵੋਕੇਟ ਤਰੁਣ ਕੁਮਾਰ ਸ਼ਰਮਾ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਸੁਖਚੈਨ ਸਿੰਘ ਲੁਬਾਣਾ, ਗੁਰਮੁਖ ਸਿੰਘ ਭੋਜੋਮਾਜਰੀ ਤੇ ਪ੍ਰਦੀਪ ਬਾਂਗਾ, ਮੀਤ ਪ੍ਰਧਾਨ ਸਿਕੰਦਰ ਸਿੰਘ, ਵਿਕਾਸ ਗੋਇਲ ਤੇ ਵਰਿੰਦਰ ਵਰਮਾ, ਪ੍ਰੈੱਸ ਸਕੱਤਰ ਸਤੀਸ਼ ਬਾਤਿਸ਼ ਤੇ ਸੀ. ਜੇ. ਸਿੰਘ, ਖ਼ਜ਼ਾਨਚੀ ਅਮਰਦੀਪ ਅਹੂਜਾ, ਜਾਇੰਟ ਸਕੱਤਰ ਤਰੁਣ ਮਹਿਤਾ, ਅਮਨ ਗਰਗ ਤੇ ਹੈਪੀ ਢੀਂਗੀ, ਜਥੇਬੰਦਕ ਸਕੱਤਰ ਦੀਪਕ ਬਾਂਗਾ ਤੇ ਅਸ਼ੋਕ ਸੋਫਤ ਸਮੇਤ ਗੌਰਵ ਢੀਂਗੀ ਤੇ ਹੋਰ ਮੈਂਬਰ ਹਾਜ਼ਰ ਸਨ।

# ਗੁਰੂ ਰਵਿਦਾਸ ਜਯੰਤੀ ਨੂੰ ਸਮਰਪਤ ਮੋਗਾ 'ਚ ਭਲਕੇ ਨਿਕਲੇਗੀ ਕਲਸ਼ ਯਾਤਰਾ

## ਸਮਾਜਿਕ ਏਕਤਾ ਦਾ ਦਿੱਤਾ ਜਾਵੇਗਾ ਸੰਦੇਸ਼ : ਡਾ. ਹਰਜੋਤ ਕਮਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਮੋਗਾ ਵਿੱਚ 10 ਅਗਸਤ ਨੂੰ ਵਿਸ਼ਾਲ ਸਮਰਸਤਾ ਕਲਸ਼ ਯਾਤਰਾ ਦਾ ਆਯੋਜਨ ਕੀਤਾ ਜਾਵੇਗਾ।ਭਾਰਤੀ ਜਨਤਾ ਪਾਰਟੀ ਵੱਲੋਂ ਆਯੋਜਿਤ ਕੀਤੀ ਜਾ ਰਹੀ ਇਸ ਯਾਤਰਾ ਦਾ ਉਦੇਸ਼ ਗੁਰੂ ਰਵਿਦਾਸ ਜੀ ਦੇ ਸਮਾਨਤਾ, ਸਮਾਜਿਕ ਸਮਰਸਤਾ, ਭਾਈਚਾਰੇ ਤੇ ਮਨੁੱਖਤਾ ਦੇ ਸੰਦੇਸ਼ ਨੂੰ ਜਨ-ਜਨ ਤੱਕ ਪਹੁੰਚਾਉਣਾ ਹੈ।

ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਦੀ ਅਗਵਾਈ ਵਿੱਚ ਹੋਈ ਮੀਟਿੰਗ ਦੌਰਾਨ ਵਿਚਾਰ-ਵਟਾਂਦਰਾ ਕਰਦਿਆਂ ਅਹੁਦੇਦਾਰਾਂ ਨੇ ਦੱਸਿਆ ਕਿ ਸ਼ੋਭਾ ਯਾਤਰਾ ਦਾ ਸ਼ੁਭ ਆਰੰਭ ਮੇਨ ਚੌਕ ਦੇ ਨੇੜੇ ਥਾਣਾ ਸਿਟੀ ਦੇ ਨਜ਼ਦੀਕ ਤੋਂ ਕੀਤਾ ਜਾਵੇਗਾ।ਇਸ ਤੋਂ ਬਾਅਦ ਕਲਸ਼ ਯਾਤਰਾ ਸ਼ਹਿਰ ਦੇ ਵੱਖ-ਵੱਖ ਪ੍ਰਮੁੱਖ ਬਾਜ਼ਾਰਾਂ ਤੇ ਮਾਰਗਾਂ ਤੋਂ ਹੁੰਦੀ ਹੋਈ ਇੰਦਰਾ ਕਲੋਨੀ ਪਹੁੰਚੇਗੀ, ਜਿੱਥੇ ਯਾਤਰਾ ਦਾ ਸਮਾਪਨ ਕੀਤਾ ਜਾਵੇਗਾ।ਯਾਤਰਾ ਦੌਰਾਨ ਸ਼ਰਧਾਲੂ ਤੇ ਭਾਜਪਾ ਕਾਰਕੁਨ ਆਪਣੇ ਸਿਰਾਂ 'ਤੇ ਕਲਸ਼ ਧਾਰਨ ਕਰਕੇ ਗੁਰੂ ਰਵਿਦਾਸ ਜੀ ਦੇ ਵਿਚਾਰਾਂ ਤੇ ਉਨ੍ਹਾਂ ਵੱਲੋਂ ਦਿੱਤੇ ਸਮਾਜਿਕ ਸਮਾਨਤਾ ਦੇ ਸੰਦੇਸ਼ ਨੂੰ ਅੱਗੇ ਵਧਾਉਣਗੇ। ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਨੇ ਇਸ ਯਾਤਰਾ ਵਿੱਚ ਸਮੂਹ ਸੰਗਤ ਤੇ ਸ਼ਹਿਰ ਵਾਸੀਆਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।ਸੰਤ ਸ਼੍ਰੋਮਣੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਤੇ ਵਿਚਾਰਾਂ ਰਾਹੀਂ ਸਮਾਜ ਵਿੱਚ ਜਾਤ-ਪਾਤ, ਭੇਦਭਾਵ ਤੇ ਊਚ-ਨੀਚ ਦੀ ਭਾਵਨਾ ਨੂੰ ਖਤਮ ਕਰਕੇ ਸਮਾਨਤਾ ਤੇ ਮਨੁੱਖਤਾ ਦਾ ਸੰਦੇਸ਼ ਦਿੱਤਾ।ਉਨ੍ਹਾਂ ਦੀਆਂ ਸਿੱਖਿਆਵਾਂ ਅੱਜ ਵੀ ਸਮਾਜ ਨੂੰ ਆਪਸੀ ਭਾਈਚਾਰੇ, ਸਦਭਾਵਨਾ ਤੇ ਏਕਤਾ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰਦੀਆਂ ਹਨ।

ਇਸ ਮੌਕੇ ਸਾਬਕਾ ਰਾਜ ਸੂਚਨਾ ਕਮਿਸ਼ਨਰ ਨਿਧੜਕ ਸਿੰਘ ਬਰਾੜ, ਜ਼ਿਲ੍ਹਾ ਉਪ ਪ੍ਰਧਾਨ ਗੀਤਾ ਆਰੀਆਂ, ਵਿੱਕੀ ਸਿਤਾਰਾ, ਸਰਦੂਲ ਸਿੰਘ ਕੰਗ, ਨਿਰਮਲ ਸਿੰਘ ਮੀਨੀਆਂ, ਦੇਵ ਪ੍ਰਿਆ ਤਿਆਗੀ, ਹਿਤੇਸ਼ ਗੁਪਤਾ, ਸਤਨਾਮ ਸਿੰਘ ਗਿੱਲ ਆਦਿ ਹਾਜ਼ਰ ਸਨ।

## ਗੋਨਿਆਣਾ ਰੋਡ 'ਤੇ ਵਿਅਕਤੀ ਦੇ ਘਰ ਪੈਟ੍ਰੋਲ ਬੰਬ ਨਾਲ ਹਮਲਾ

### ਪਠੇਲਾ ਨੇ ਸੁਣੀ ਪੀੜਤ ਪਰਵਾਰ ਦੀ ਆਪਬੀਤੀ



ਪੁਲਸ ਨੂੰ ਦਿੱਤੀ ਸ਼ਿਕਾਇਤ ਦੀ ਕਾਪੀ ਗੋਰਾ ਪਠੇਲਾ ਨੂੰ ਸੌਂਪ ਕੇ ਇਨਸਾਫ ਦੁਆਉਣ ਦੀ ਮੰਗ ਕਰਦੇ ਹੋਏ ਤਾਰਾ ਚੰਦ ਤੇ ਉਸ ਦਾ ਪਰਵਾਰ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਪਰਮਜੀਤ ਸਿੰਘ)**-ਗੋਨਿਆਣਾ ਰੋਡ ਗਲੀ ਨੰਬਰ 29 ਵਿਖੇ ਅਣਪਛਾਤੇ ਵਿਅਕਤੀਆਂ ਵੱਲੋਂ ਤਾਰਾ ਚੰਦ ਨਾਮ ਦੇ ਵਿਅਕਤੀ ਦੇ ਘਰ ਪੈਟ੍ਰੋਲ ਬੰਬ ਨਾਲ ਹਮਲਾ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।ਇਸ ਮਾਮਲੇ ਨੂੰ ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਰਾਜੇਸ਼ ਗੋਰਾ ਪਠੇਲਾ ਨੇ ਉਜਾਗਰ ਕੀਤਾ ਹੈ।ਗੋਰਾ ਪਠੇਲਾ ਤੇ ਹੋਰ ਵਰਕਰਾਂ ਵੱਲੋਂ ਪੀੜਤ ਤਾਰਾ ਚੰਦ ਦੇ ਗ੍ਰਹਿ ਦਾ ਦੌਰਾ ਕੀਤਾ ਗਿਆ ਤੇ ਉਸ ਦੀ ਆਪ ਬੀਤੀ ਸੁਣੀ ਗਈ।ਇਸ ਮੌਕੇ ਤਾਰਾ ਚੰਦ ਨੇ ਗੋਰਾ ਪਠੇਲਾ ਨੂੰ ਦੱਸਿਆ ਕਿ ਬੀਤੇ ਦਿਨੀਂ ਉਸ ਦੇ ਗ੍ਰਹਿ ਵਿਖੇ ਪੈਟ੍ਰੋਲ ਬੰਬ ਨਾਲ ਹਮਲਾ ਹੋਇਆ, ਪਰ ਪੁਲਸ ਵੱਲੋਂ ਸ਼ਿਕਾਇਤ ਦੇਣ ਦੇ ਬਾਵਜੂਦ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ।ਜਿਸ 'ਤੇ ਗੋਰਾ ਪਠੇਲਾ ਨੇ ਪੁਲਸ ਪ੍ਰਸ਼ਾਸਨ ਨੂੰ ਵੀ ਤੁਰੰਤ ਇਸ ਮਸਲੇ 'ਤੇ ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਤੇ ਪੀੜਤ ਪਰਵਾਰ ਨੂੰ ਮਦਦ ਦਾ ਭਰੋਸਾ ਦੁਆਇਆ।ਇਸ ਮੌਕੇ ਜਗਦੀਸ਼ ਸਿੰਘ, ਹਨੀ ਕਾਉਣੀ ਸਮੇਤ ਹੋਰ ਭਾਜਪਾ ਵਰਕਰ ਮੌਜੂਦ ਸਨ।

# ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਬਾਰ ਐਸੋਸੀਏਸ਼ਨਾਂ ਦੀਆਂ ਚੋਣਾਂ ਲਈ ਸੋਧਿਆ ਸ਼ਡਿਊਲ ਜਾਰੀ, 11 ਸਤੰਬਰ ਨੂੰ ਪੈਣਗੀਆਂ ਵੋਟਾਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਬਾਰ ਕੌਂਸਲ ਆਫ਼ ਪੰਜਾਬ ਐਂਡ ਹਰਿਆਣਾ, ਚੰਡੀਗੜ੍ਹ ਵੱਲੋਂ ਪੰਜਾਬ, ਹਰਿਆਣਾ ਤੇ ਯੂ. ਟੀ. ਚੰਡੀਗੜ੍ਹ ਦੀਆਂ ਸਮੂਹ ਬਾਰ ਐਸੋਸੀਏਸ਼ਨਾਂ, ਟੈਕਸ ਬਾਰ, ਟ੍ਰਿਬਿਊਨਲ ਬਾਰ ਤੇ ਸਟੇਟ ਕੰਜ਼ਿਊਮਰ ਡਿਸਪਿਊਟਸ ਰਿਡਰੈਸਲ ਕਮਿਸ਼ਨ ਦੀਆਂ ਚੋਣਾਂ ਲਈ ਸੋਧਿਆ ਹੋਇਆ ਚੋਣ ਸ਼ਡਿਊਲ ਜਾਰੀ ਕਰ ਦਿੱਤਾ ਗਿਆ ਹੈ। ਬਾਰ ਕੌਂਸਲ ਵੱਲੋਂ ਲਏ ਗਏ ਫ਼ੈਸਲੇ ਅਨੁਸਾਰ ਹੁਣ ਇਹ ਸਾਲਾਨਾ ਚੋਣਾਂ 11 ਸਤੰਬਰ 2026 ਨੂੰ ਕਰਵਾਈਆਂ ਜਾਣਗੀਆਂ। ਅੰਦੋਲਨ ਦੇ ਮੱਦੇਨਜ਼ਰ ਲਿਆ ਗਿਆ ਫ਼ੈਸਲਾ ਬਾਰ ਕੌਂਸਲ ਦੀ ਐਡਹਾਕ ਐਗਜ਼ੈਕਟਿਵ ਤੇ ਇਲੈਕਸ਼ਨ ਕਮੇਟੀ ਦੀ ਹੋਈ ਮੀਟਿੰਗ ਵਿੱਚ ਜਾਣਕਾਰੀ ਦਿੱਤੀ ਗਈ ਕਿ ਜੁਆਇੰਟ ਐਕਸ਼ਨ ਕਮੇਟੀ ਵੱਲੋਂ ਐੱਲਏਡੀਸੀ ਅੰਦੋਲਨ ਕਾਰਨ ਚੋਣਾਂ ਅੱਗੇ ਪਾਉਣ ਦੀ ਮੰਗ ਕੀਤੀ ਗਈ ਸੀ। ਕੌਂਸਲ ਨੇ ਸਪੱਸ਼ਟ ਕੀਤਾ ਕਿ ਪਿਛਲੀਆਂ ਚੋਣਾਂ 28 ਫਰਵਰੀ 2025 ਨੂੰ ਹੋਈਆਂ ਸਨ ਤੇ ਕਾਰਜਕਾਲ ਖ਼ਤਮ ਹੋਏ ਨੂੰ 6 ਮਹੀਨੇ ਦਾ ਸਮਾਂ ਬੀਤ ਚੁੱਕਾ ਹੈ, ਇਸ ਲਈ ਚੋਣਾਂ ਹੋਰ ਅੱਗੇ ਪਾਉਣਾ ਮੁਨਾਸਬ ਨਹੀਂ ਹੈ। ਪਰ ਵਕੀਲਾਂ ਨੂੰ ਰਾਹਤ ਦਿੰਦਿਆਂ ਵਕਾਲਤਨਾਮੇ/ਹਲਫ਼ਨਾਮੇ ਤੇ ਬਕਾਇਆ ਫ਼ੀਸਾਂ ਜਮ੍ਹਾਂ ਕਰਵਾਉਣ ਦੀਆਂ ਤਰੀਕਾਂ ਵਿੱਚ ਵਾਧਾ ਕੀਤਾ ਗਿਆ ਹੈ। 12 ਅਗਸਤ 2026 ਨੂੰ ਹਲਫ਼ਨਾਮਾ ਦੇਣ ਤੇ ਸਾਲਾਨਾ ਫ਼ੀਸ/ਚੰਦਾ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ ਹੈ, 14 ਅਗਸਤ 2026 ਨੂੰ ਬਾਰ ਐਸੋਸੀਏਸ਼ਨਾਂ ਵੱਲੋਂ ਵੋਟਰ ਸੂਚੀ ਦੀ ਸਾਫ਼ਟ ਕਾਪੀ ਬਾਰ ਕੌਂਸਲ ਨੂੰ ਭੇਜਣ ਤੇ ਰਿਟਰਨਿੰਗ ਅਫ਼ਸਰ/ਚੋਣ ਕਮੇਟੀ ਦੀ ਨਾਮਜ਼ਦਗੀ ਦੀ ਆਖਰੀ ਤਾਰੀਖ, 20 ਅਗਸਤ 2026 ਨੂੰ ਬਾਰ ਕੌਂਸਲ ਵੱਲੋਂ ਵੋਟਰ ਸੂਚੀਆਂ ਜਾਰੀ ਕਰਨਾ (ਵੈੱਬਸਾਈਟ 'ਤੇ ਅੱਪਲੋਡ ਹੋਣਗੀਆਂ) ਤੇ ਖਾਤਿਆਂ ਦੀ ਆਡਿਟ ਰਿਪੋਰਟ ਨੋਟਿਸ ਬੋਰਡ 'ਤੇ ਲਗਾਉਣਾ। 21 ਅਗਸਤ 2026 ਨੂੰ ਸਬੰਧਤ ਬਾਰ ਐਸੋਸੀਏਸ਼ਨਾਂ ਦੇ ਨੋਟਿਸ ਬੋਰਡ 'ਤੇ ਵੋਟਰ ਸੂਚੀ 'ਤੇ ਇਤਰਾਜ਼ ਮੰਗਣ ਲਈ ਲਗਾਉਣਾ। 25 ਅਗਸਤ 2026 ਸ਼ਾਮ 5 ਵਜੇ ਤੱਕ ਵੋਟਰ ਸੂਚੀ ਵਿਰੁੱਧ ਇਤਰਾਜ਼/ਸ਼ਿਕਾਇਤਾਂ ਦਰਜ ਕਰਵਾਉਣ ਦੀ ਅੰਤਿਮ ਤਾਰੀਖ। 29 ਅਗਸਤ 2026 ਨੂੰ ਬਾਰ ਕੌਂਸਲ ਦੀ ਐਡਹਾਕ ਕਮੇਟੀ ਵੱਲੋਂ ਸਾਰੇ ਇਤਰਾਜ਼ਾਂ ਦਾ ਨਿਪਟਾਰਾ ਤੇ 11 ਸਤੰਬਰ 2026 ਨੂੰ ਵੋਟਾਂ ਪੈਣ ਪੈਣਗੀਆਂ।

ਬਾਰ ਕੌਂਸਲ ਨੇ ਸਪੱਸ਼ਟ ਕੀਤਾ ਕਿ ਜੋ ਬਾਰ ਐਸੋਸੀਏਸ਼ਨ ਸਮੇਂ ਸਿਰ ਸ਼ਡਿਊਲ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਹੇਗੀ, ਉੱਥੇ ਬਾਰ ਕੌਂਸਲ ਵੱਲੋਂ ਐਡਹਾਕ ਕਮੇਟੀ ਬਣਾ ਕੇ ਪੂਰਾ ਕੰਟਰੋਲ ਆਪਣੇ ਹੱਥ ਲਿਆ ਜਾਵੇਗਾ। ਇਸ ਤੋਂ ਇਲਾਵਾ, ਇਕ ਵਿਸ਼ੇਸ਼ ਛੋਟ ਵਜੋਂ ਨਵੇਂ ਚੁਣੇ ਜਾਣ ਵਾਲੇ ਅਹੁਦੇਦਾਰਾਂ ਦਾ ਕਾਰਜਕਾਲ ਦਸੰਬਰ 2027 ਤੱਕ ਹੋਵੇਗਾ। ਚੋਣਾਂ ਨਾਲ ਸਬੰਧਤ ਸਾਰੇ ਵਿਵਾਦਾਂ ਦਾ ਨਿਪਟਾਰਾ ਬਾਰ ਕੌਂਸਲ ਆਫ਼ ਇੰਡੀਆ ਦੀਆਂ ਹਦਾਇਤਾਂ ਅਨੁਸਾਰ ਬਣਾਈਆਂ ਗਈਆਂ ਐਡਹਾਕ ਕਮੇਟੀਆਂ ਵੱਲੋਂ ਕੀਤਾ ਜਾਵੇਗਾ।

# ਸਿਹਤਮੰਦ ਸਮਾਜ ਲਈ ਮਾਹਵਾਰੀ ਸਫਾਈ ਤੇ ਕਾਨੂੰਨੀ ਜਾਗਰੂਕਤਾ ਜ਼ਰੂਰੀ : ਐੱਸ ਡੀ ਐੱਮ



**ਸਮਰਾਲਾ (ਸੁਰਜੀਤ ਸਿੰਘ)**-ਨੌਜਵਾਨ ਕੁੜੀਆਂ ਤੇ ਔਰਤਾਂ ਵਿੱਚ ਸਿਹਤ, ਸਫਾਈ ਤੇ ਕਾਨੂੰਨੀ ਜਾਗਰੂਕਤਾ ਨੂੰ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਮੋਦਿਨੀ ਫਾਊਂਡੇਸ਼ਨ ਅਤੇ ਗਾਇਨੀਕੋਲੋਜਿਸਟ ਤੇ ਸਮਾਜ ਸੇਵਕ ਡਾ. ਨੀਲਮ ਸੋਢੀ ਦੇ ਸਹਿਯੋਗ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਗੋਸਲਾਂ ਵਿਖੇ ਇੱਕ ਵਿਸ਼ੇਸ਼ ਜਾਗਰੂਕਤਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਦਾ ਦਾ ਮੁੱਖ ਉਦੇਸ਼ ਔਰਤਾਂ ਵਿੱਚ ਮਾਹਵਾਰੀ ਸਫਾਈ ਸਬੰਧੀ ਸਮਾਜਿਕ ਝਿਜਕ ਤੇ ਭਰਮਾਂ ਨੂੰ ਦੂਰ ਕਰਨਾ ਅਤੇ ਪੋਕਸੋ ਐਕਟ ਤਹਿਤ ਬਾਲ ਸੁਰੱਖਿਆ ਤੇ ਕਾਨੂੰਨੀ ਅਧਿਕਾਰਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਸੀ।ਇਸ ਪ੍ਰੋਗਰਾਮ ਵਿੱਚ ਗੁਰਸਿਮਰਨਜੀਤ ਕੌਰ (ਪੀਸੀਐੱਸ) ਐੱਸਡੀਐੱਮ ਸਮਰਾਲਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਵਿਦਿਆਰਥਣਾਂ ਨਾਲ ਖੁੱਲ੍ਹੇ ਤੇ ਇੰਟਰਐਕਟਿਵ ਸੈਸ਼ਨ ਦੌਰਾਨ ਮਾਹਵਾਰੀ ਸਿਹਤ ਨਾਲ ਜੁੜੇ ਵੱਖ-ਵੱਖ ਪਹਿਲੂਆਂ ਬਾਰੇ ਜਾਣਕਾਰੀ ਸਾਂਝੀ ਕੀਤੀ।ਉਨ੍ਹਾਂ ਕਿਹਾ ਕਿ ਔਰਤਾਂ ਵਿੱਚ ਮਾਹਵਾਰੀ ਇੱਕ ਕੁਦਰਤੀ ਸਰੀਰਕ ਪ੍ਰਕਿਰਿਆ ਹੈ ਤੇ ਇਸ ਨਾਲ ਜੁੜੀਆਂ ਗੁੰਮਰਾਹਕੁਨ ਧਾਰਨਾਵਾਂ ਨੂੰ ਤੋੜਨਾ ਸਮੇਂ ਦੀ ਲੋੜ ਹੈ।ਉਨ੍ਹਾਂ ਨੌਜਵਾਨ ਲੜਕੀਆਂ ਨੂੰ ਆਪਣੀ ਸਿਹਤ ਪ੍ਰਤੀ ਜਾਗਰੂਕ ਰਹਿਣ, ਸਫਾਈ ਦੇ ਮਿਆਰ ਅਪਣਾਉਣ ਤੇ ਆਪਣੇ ਕਾਨੂੰਨੀ ਅਧਿਕਾਰਾਂ ਬਾਰੇ ਜਾਣੂ ਹੋਣ ਲਈ ਪ੍ਰੇਰਿਤ ਕੀਤਾ।ਵਰਕਸ਼ਾਪ ਵਿੱਚ ਸਕੂਲ ਦੀਆਂ ਵਿਦਿਆਰਥਣਾਂ ਦੇ ਨਾਲ-ਨਾਲ ਪਿੰਡ ਦੀਆਂ ਸਥਾਨਕ ਔਰਤਾਂ ਨੇ ਵੀ ਉਤਸ਼ਾਹ ਨਾਲ ਭਾਗ ਲਿਆ।ਸੈਸ਼ਨ ਦੌਰਾਨ ਮਾਹਵਾਰੀ ਸਫਾਈ, ਪੋਸ਼ਣ, ਨਿੱਜੀ ਸਿਹਤ ਤੇ ਪੋਕਸੋ ਐਕਟ ਅਧੀਨ ਬੱਚਿਆਂ ਦੀ ਸੁਰੱਖਿਆ ਸਬੰਧੀ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ ਤੇ ਭਾਗੀਦਾਰਾਂ ਦੇ ਸਵਾਲਾਂ ਦੇ ਵਿਸਥਾਰ ਨਾਲ ਜਵਾਬ ਦਿੱਤੇ ਗਏ।ਟਿਕਾਊ ਤੇ ਵਾਤਾਵਰਣ-ਅਨੁਕੂਲ ਸਿਹਤ ਅਭਿਆਸਾਂ ਨੂੰ ਉਤਸ਼ਾਹਤ ਕਰਨ ਲਈ ਸਾਰੇ ਭਾਗੀਦਾਰਾਂ ਨੂੰ ਮੁੜ ਵਰਤੋਂਯੋਗ ਸੈਨੇਟਰੀ ਪੈਡ ਵੀ ਵੰਡੇ ਗਏ।ਅਮੋਦਿਨੀ ਫਾਊਂਡੇਸ਼ਨ ਦੇ ਪ੍ਰਤੀਨਿਧੀਆਂ ਤੇ ਡਾ. ਨੀਲਮ ਸੋਢੀ ਨੇ ਔਰਤਾਂ ਤੇ ਨੌਜਵਾਨ ਲੜਕੀਆਂ ਨੂੰ ਸਿਹਤ, ਸਫਾਈ ਤੇ ਕਾਨੂੰਨੀ ਅਧਿਕਾਰਾਂ ਪ੍ਰਤੀ ਜਾਗਰੂਕ ਬਣਾਉਣ ਲਈ ਭਵਿੱਖ ਵਿੱਚ ਵੀ ਅਜਿਹੀਆਂ ਜ਼ਮੀਨੀ ਪੱਧਰ ਦੀਆਂ ਮੁਹਿੰਮਾਂ ਜਾਰੀ ਰੱਖਣ ਦੀ ਵਚਨਬੱਧਤਾ ਪ੍ਰਗਟਾਈ।

# ਨਗਰ ਪੰਚਾਇਤ ਦੇ ਅਹੁਦੇਦਾਰਾਂ ਦੀ ਚੋਣ ਅਮਨ-ਅਮਾਨ ਨਾਲ ਸੰਪੰਨ

## ਕਰਨੈਲ ਕੌਰ ਪ੍ਰਧਾਨ, ਬਲਜੀਤ ਕੌਰ ਸੀਨੀ. ਮੀਤ ਪ੍ਰਧਾਨ ਤੇ ਮੋਹਨ ਲਾਲ ਬਣੇ ਮੀਤ ਪ੍ਰਧਾਨ




**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਜ਼ਿਲ੍ਹਾ ਬਠਿੰਡਾ ਅਧੀਨ ਨਗਰ ਪੰਚਾਇਤ ਲਹਿਰਾ ਮੁਹੱਬਤ ਦੇ ਕੁੱਲ 11 ਵਾਰਡਾਂ ਲਈ 26 ਮਈ 2026 ਨੂੰ ਹੋਈਆਂ ਚੋਣਾਂ ਦੇ 29 ਮਈ ਨੂੰ ਐਲਾਨੇ ਨਤੀਜਿਆਂ ਤੋਂ ਕਰੀਬ ਸਵਾ ਦੋ ਮਹੀਨੇ ਬਾਅਦ ਮਾਣਯੋਗ ਹਾਈ ਕੋਰਟ ਦੇ ਹੁਕਮਾਂ 'ਤੇ ਨਗਰ ਪੰਚਾਇਤ ਲਈ ਨਵੇਂ ਅਹੁਦੇਦਾਰਾਂ ਦੀ ਚੋਣ ਅਮਨ-ਅਮਾਨ ਨਾਲ ਨੇਪਰੇ ਚੜ੍ਹ ਗਈ ਹੈ। ਐੱਸ. ਡੀ. ਐੱਮ. ਬਠਿੰਡਾ-ਕਮ-ਕਨਵੀਨਰ ਨਗਰ ਪੰਚਾਇਤ ਅਮਨਦੀਪ ਸਿੰਘ ਦੀ ਨਿਗਰਾਨੀ ਹੇਠ ਮਾਣਯੋਗ ਅਦਾਲਤ ਵੱਲੋਂ ਪੁੱਜੇ ਸ੍ਰੀ ਰੋਹਨ ਮਿੱਤਲ ਐਡਵੋਕੇਟ ਤੇ ਮਿਸ. ਧੀਰਜਾ ਐਡਵੋਕੇਟ (ਅਵਜ਼ਰਬਰ) ਤੋਂ ਇਲਾਵਾ ਨਾਇਬ ਤਹਿਸੀਲਦਾਰ ਨਥਾਣਾ ਅੰਮ੍ਰਿਤਾ ਅਗਰਵਾਲ ਦੀ ਨਿਗਰਾਨੀ ਹੇਠ ਸ਼ਾਂਤਮਈ ਮਾਹੌਲ ਵਿੱਚ ਨਵੇਂ ਅਹੁਦੇਦਾਰਾਂ ਦੀ ਚੋਣ ਮੁਕੰਮਲ ਹੋਈ। ਅਕਾਲੀ ਦਲ ਬਾਦਲ ਧੜੇ ਦੇ ਜਿੱਤੇ 6 ਕੌਂਸਲਰਾਂ ਨੂੰ ਆਜ਼ਾਦ ਜਿੱਤੇ ਇੱਕ ਕੌਂਸਲਰ ਮੋਹਨ ਲਾਲ ਨਿੱਕਾ ਦਾ ਸਮਰਥਨ ਮਿਲਣ 'ਤੇ 7 ਦੇ ਅੰਕੜੇ ਨਾਲ ਬਹੁਮਤ ਬਣਨ 'ਤੇ ਇਸ ਵਾਰ ਨਗਰ ਪੰਚਾਇਤ 'ਤੇ ਅਕਾਲੀ ਦਲ ਆਪਣਾ ਕਬਜ਼ਾ ਜਮਾਉਣ 'ਚ ਕਾਮਯਾਬ ਹੋਇਆ ਹੈ। ਚੁਣੇ ਅਹੁਦੇਦਾਰਾਂ 'ਚੋਂ ਵਾਰਡ ਨੰ: 11 (ਜਰਨਲ) ਤੋਂ ਕੌਂਸਲਰ ਕਰਨੈਲ ਕੌਰ ਪਤਨੀ ਦਲਜੀਤ ਸਿੰਘ 'ਤੋਲ੍ਹੇ ਕੇ' (ਸਰਕਲ ਪ੍ਰਧਾਨ ਸ਼੍ਰੋ. ਅ. ਦਲ) ਨੂੰ ਪ੍ਰਧਾਨ, ਵਾਰਡ ਨੰ: 7 (ਐੱਸ. ਸੀ.) ਤੋਂ ਬਲਜੀਤ ਕੌਰ ਪਤਨੀ ਜੀਤ ਸਿੰਘ ਨੂੰ ਸੀਨੀ. ਮੀਤ ਪ੍ਰਧਾਨ ਤੇ ਵਾਰਡ ਨੰ: 4 (ਜਰਨਲ) ਤੋਂ ਮੋਹਨ ਲਾਲ 'ਨਿੱਕਾ' ਪੁੱਤਰ ਦਰਸ਼ਨ ਲਾਲ ਨੂੰ ਮੀਤ ਪ੍ਰਧਾਨ ਬਣਨ ਦਾ ਮਾਣ ਹਾਸਲ ਹੋਇਆ ਹੈ।

ਇਸ ਮੌਕੇ ਅਕਾਲੀ ਕੌਂਸਲਰਜ਼ ਗੁਰਤੇਜ ਸਿੰਘ, ਗੁਰਮੀਤ ਕੌਰ, ਮੇਵਾ ਸਿੰਘ ਤੇ ਭੁਪਿੰਦਰ ਸਿੰਘ, ਆਜ਼ਾਦ ਕੌਂਸਲਰਜ਼ ਜੱਸਾ ਸਿੰਘ ਸਿੱਧੂ, ਜਸਵੀਰ ਕੌਰ, ਰਾਜਪ੍ਰੀਤ ਕੌਰ ਤੇ ਮਨਜੀਤ ਕੌਰ ਮੌਜੂਦ ਸਨ। ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਜੱਗਾ ਕਲਿਆਣ, ਹਲਕਾ ਇੰਚਾਰਜ ਦਲਜੀਤ ਸਿੰਘ ਗੁਰੂ, ਜ਼ਿਲ੍ਹਾ ਪ੍ਰੀਸ਼ਦ ਬਠਿੰਡਾ ਦੇ ਚੇਅਰਮੈਨ ਸਵਰਨ ਸਿੰਘ ਪੂਹਲੀ, ਸਥਾਨਕ ਆਗੂ ਸਾਬਕਾ ਸਰਪੰਚ ਸੁਖਪਾਲ ਸਿੰਘ ਸੁੱਖੀ, ਸਾਬਕਾ ਸਰਪੰਚ ਜਸਪਾਲ ਸਿੰਘ, ਸਾਬਕਾ ਸਰਪੰਚ ਨਛੱਤਰ ਸਿੰਘ, ਸਾਬਕਾ ਪੰਚ ਸੱਤਪਾਲ ਸਿੰਘ, ਸਹਿਕਾਰੀ ਸਭਾ ਦੇ ਸਾਬਕਾ ਪ੍ਰਧਾਨ, ਡਾ. ਰੂੜ ਸਿੰਘ, ਨਗਰ ਪੰਚਾਇਤ ਦੇ ਸਾਬਕਾ ਪ੍ਰਧਾਨ ਬਲਵੀਰ ਸਿੰਘ, ਪ੍ਰਕਾਸ਼ ਸਿੰਘ ਕਾਲਾ, ਜਰਨੈਲ ਸਿੰਘ 'ਭੋਲਾ', ਗੁਰਦੀਪ ਸਿੰਘ ਸਮੇਤ ਹੋਰ ਸਮਰਥਕਾਂ ਨੇ ਨਵੇਂ ਚੁਣੇ ਅਹੁਦੇਦਾਰਾਂ ਦਾ ਸਵਾਗਤ ਕੀਤਾ।

## ਸਰਵਹਿੱਤਕਾਰੀ ਵਿੱਦਿਆ ਮੰਦਰ ਵਿਖੇ ਤਿੰਨ ਰੋਜ਼ਾ ਉਤਰ ਖੇਤਰ ਪੱਧਰੀ ਖੇਡਾਂ ਸ਼ੁਰੂ



**ਭੀਖੀ (ਗੁਰਿੰਦਰ ਔਲਖ, ਧਰਮਵੀਰ ਸ਼ਰਮਾ)**-ਸਰਵਹਿੱਤਕਾਰੀ ਵਿੱਦਿਆ ਮੰਦਰ ਭੀਖੀ ਵਿਖੇ ਵਿੱਦਿਆ ਭਾਰਤੀ ਅਖਿਲ ਭਾਰਤੀ ਸਿੱਖਿਆ ਸੰਸਥਾਨ ਦੀ ਅਗਵਾਈ ਹੇਠ ਕਰਵਾਈਆਂ ਜਾ ਰਹੀਆਂ ਤਿੰਨ ਰੋਜ਼ਾ 37ਵੀਆਂ ਉੱਤਰ ਖੇਤਰ ਪੱਧਰੀ ਖੇਡਾਂ ਦਾ ਸ਼ਾਨਦਾਰ ਉਦਘਾਟਨ ਕੀਤਾ ਗਿਆ।ਇਸ ਮੌਕੇ ਰਾਸ਼ਟਰੀ ਪੱਧਰ ਦੇ ਖਿਡਾਰੀ ਮਾਣਯੋਗ ਐੱਸ.ਐੱਚ.ਓ. ਗੁਰਮੇਲ ਸਿੰਘ ਨੇ ਮੁੱਖ ਮਹਿਮਾਨ ਵਜੋਂ ਤੇ ਵਿੱਦਿਆ ਭਾਰਤੀ ਉੱਤਰ ਖੇਤਰ ਦੇ ਸੰਗਠਨ ਮੰਤਰੀ ਵਿਜੈ ਨੱਢਾ ਨੇ ਮੁੱਖ ਵਕਤਾ ਵਜੋਂ ਉਚੇਚੇ ਤੌਰ ਤੇ ਸ਼ਿਰਕਤ ਕੀਤੀ।ਇਸ ਮੌਕੇ ਖੇਡਾਂ ਦਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ ਤੇ ਦੀਪ ਜਗਾ ਕੇ ਖੇਡ ਸਮਾਰੋਹ ਦਾ ਸ਼ੁਭ ਆਰੰਭ ਕੀਤਾ ਗਿਆ।ਸ੍ਰੀ ਵਿਜੈ ਨੱਢਾ ਨੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇੱਕ ਚੰਗਾ ਖਿਡਾਰੀ ਆਪਣੀ ਤੁਲਨਾ ਦੂਜਿਆਂ ਨਾਲ ਨਹੀਂ, ਸਗੋਂ ਆਪਣੇ ਆਪ ਅਤੇ ਆਪਣੇ ਪਿਛਲੇ ਪ੍ਰਦਰਸ਼ਨ ਨਾਲ ਕਰਦਾ ਹੈ।ਮੁੱਖ ਮਹਿਮਾਨ ਗੁਰਮੇਲ ਸਿੰਘ ਨੇ ਆਪਣੇ ਖੇਡ ਜੀਵਨ ਨੂੰ ਯਾਦ ਕਰਦਿਆਂ ਵਿਦਿਆਰਥੀਆਂ ਨਾਲ ਆਪਣੇ ਤਜਰਬੇ ਸਾਂਝੇ ਕੀਤੇ।ਉਨ੍ਹਾਂ ਅੱਜ ਦੇ ਸਮੇਂ ਵਿੱਚ ਮੋਬਾਈਲ ਫੋਨ ਦੀ ਵਧ ਰਹੀ ਵਰਤੋਂ ਬਾਰੇ ਵੀ ਵਿਦਿਆਰਥੀਆਂ ਨੂੰ ਸੁਚੇਤ ਕੀਤਾ।ਇਸ ਤਿੰਨ ਰੋਜ਼ਾ ਖੇਡ ਸਮਾਰੋਹ ਵਿੱਚ ਕੁਸ਼ਤੀ, ਜੂਡੋ, ਨੈੱਟਬਾਲ, ਤਾਈਕਵਾਂਡੋ, ਕਰਾਟੇ, ਕੁਰਾਸ਼, ਵੁਸ਼ੂ, ਵੇਟਲਿਫਟਿੰਗ ਆਦਿ ਖੇਡਾਂ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ।ਇਸ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ ਤੇ ਜੰਮੂ ਤੋਂ ਲਗਭਗ 600 ਖਿਡਾਰੀ, ਖੇਡ ਅਧਿਕਾਰੀ ਤੇ ਅਧਿਆਪਕ ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈ ਰਹੇ ਹਨ।ਇਸ ਮੌਕੇ ਸਕੂਲ ਦੀ ਵਿਦਿਆਰਥਣ ਗੁਰਸੀਰਤ ਕੌਰ ਨੇ ਸਮੂਹ ਖਿਡਾਰੀਆਂ ਨੂੰ ਖੇਡ ਸਹੁੰ ਚੁਕਾਈ। ਵਿੱਦਿਆ ਮੰਦਰ ਦੀਆਂ ਵਿਦਿਆਰਥਣਾਂ ਵੱਲੋਂ ਸੱਭਿਆਚਾਰਕ ਨਾਚ ਵੰਨਗੀ ਵੀ ਪੇਸ਼ ਕੀਤੀ ਗਈ।ਉਦਘਾਟਨੀ ਸਮਾਗਮ ਵਿੱਚ ਵਿੱਦਿਆ ਭਾਰਤੀ ਉੱਤਰ ਖੇਤਰ ਦੇ ਖੇਡ ਸੰਯੋਜਕ ਸ੍ਰੀ ਮਲਖਾਨ ਸਿੰਘ, ਉੱਤਰ ਖੇਤਰ ਖੇਡ ਇੰਚਾਰਜ ਸ੍ਰੀ ਰਾਜਿੰਦਰ, ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇਜਿੰਦਰ ਪਾਲ, ਉਪ ਪ੍ਰਧਾਨ ਡਾ. ਮੱਖਣ ਲਾਲ, ਪ੍ਰਸ਼ੋਤਮ ਮੱਤੀ, ਪ੍ਰਬੰਧਕ ਅੰਮ੍ਰਿਤ ਲਾਲ, ਮੈਂਬਰ ਭੂਸ਼ਣ ਕੁਮਾਰ, ਤੁਸ਼ਾਰ ਕੁਮਾਰ, ਜਗਦੀਪ ਸਿੰਘ, ਪ੍ਰਧਾਨ ਸਤੀਸ਼ ਕੁਮਾਰ, ਬ੍ਰਿਜ ਲਾਲ (ਪ੍ਰਬੰਧਕ ਕਮੇਟੀ ਤਾਰਾ ਚੰਦ ਵਿੱਦਿਆ ਮੰਦਰ), ਰੁਪਿੰਦਰ ਪਟਿਆਲ (ਪ੍ਰਿੰਸੀਪਲ ਤਾਰਾ ਚੰਦ ਵਿੱਦਿਆ ਮੰਦਰ ਭੀਖੀ) ਤੇ ਸਰਕਾਰੀ ਜੂਡੋ ਕੋਚ ਸ਼੍ਰੀਮਤੀ ਸ਼ਾਲੂ ਸਮੇਤ ਹੋਰ ਪਤਵੰਤੇ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਸਕੂਲ ਦੇ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਨੇ ਸਮੂਹ ਮਹਿਮਾਨਾਂ, ਖਿਡਾਰੀਆਂ, ਅਧਿਆਪਕਾਂ ਤੇ ਅਧਿਕਾਰੀਆਂ ਦਾ ਨਿੱਘਾ ਸਵਾਗਤ ਕੀਤਾ।

# ਭਾਈ ਘਨੱਈਆ ਜੀ ਮਾਨਵ ਸੇਵਾ ਸੰਕਲਪ ਦਿਵਸ ਰਾਸ਼ਟਰੀ ਪੱਧਰ 'ਤੇ ਮਨਾਉਣ ਲਈ ਸਪੀਕਰ ਵੱਲੋਂ ਪ੍ਰਧਾਨ ਮੰਤਰੀ ਨੂੰ ਪੱਤਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਪੰਜਾਬ ਦੀਆਂ ਭਾਈ ਘਨੱਈਆ ਜੀ ਸੇਵਾ ਸੰਸਥਾਂਵਾਂ ਦੇ ਨੁਮਾਇੰਦਿਆਂ ਵੱਲੋਂ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੂੰ ਮਿਲ ਕੇ ਭਾਈ ਘਨੱਈਆ ਜੀ ਦੀਆਂ ਮਹਾਨ ਸੇਵਾਵਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਹੁੰਚਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਦੱਸਿਆ ਕਿ ਲੰਮੇ ਸਮੇਂ ਤੋਂ ਕੀਤੇ ਯਤਨਾਂ ਸਦਕਾ ਅੰਤਰਰਾਸ਼ਟਰੀ ਰੈਡ ਕਰਾਸ ਸੁਸਾਇਟੀ ਜਨੇਵਾ ਅਤੇ ਭਾਰਤੀ ਰੈਡ ਕਰਾਸ ਸੁਸਾਇਟੀ ਵੱਲੋਂ ਭਾਈ ਘਨੱਈਆ ਜੀ ਦੀਆਂ ਮਹਾਨ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ ਹੈ ਅਤੇ ਭਾਈ ਘਨੱਈਆ ਜੀ ਦੀਆਂ ਮਹਾਨ ਸੇਵਾਵਾਂ ਸੰਬੰਧੀ ਜਾਣਕਾਰੀ ਵੀ ਵੈਬਸਾਈਟ 'ਤੇ ਪ੍ਰਕਾਸ਼ਿਤ ਕੀਤੀ ਹੋਈ ਹੈ ਜੋ ਕਿ ਸਾਡੇ ਅਮੀਰ ਸੱਭਿਆਚਾਰਕ ਵਿਰਸੇ ਵਿੱਚ ਮਨੁੱਖਤਾ ਦੀ ਸੇਵਾ ਅਤੇ ਸਰਬਸਾਂਝੀਵਾਲਤਾ, ਨਿਰਪੱਖਤਾ ਅਤੇ ਵਿਸ਼ਵ ਸ਼ਾਂਤੀ ਦੇ ਸੰਕਲਪ ਨੂੰ ਦਰਸਾਉਂਦੀ ਹੈ।

ਭਾਈ ਘਨੱਈਆ ਜੀ ਮਾਨਵ ਸੇਵਾ ਸੰਕਲਪ ਦਿਵਸ ਜੋ ਕਿ ਹਰ ਸਾਲ 20 ਸਤੰਬਰ ਨੂੰ ਮਨਾਇਆ ਜਾਂਦਾ ਹੈ। ਇਸ ਮਹਾਨ ਸੇਵਾ ਸੰਕਲਪ ਨੂੰ ਵਿਸ਼ਵ ਪੱਧਰੀ ਪ੍ਰਗਟਾਉਣ ਲਈ ਅਤੇ ਇਸ ਮਹਾਨ ਸੇਵਾ ਦਿਵਸ ਨੂੰ ਰਾਸ਼ਟਰੀ ਪੱਧਰ 'ਤੇ ਮਨਾਉਣ ਲਈ ਕੁਲਤਾਰ ਸਿੰਘ ਸੰਧਵਾਂ, ਸਪੀਕਰ ਪੰਜਾਬ ਵਿਧਾਨ ਸਭਾ ਵੱਲੋਂ ਅਤੇ ਵਿਸ਼ਵ ਭਰ ਦੇ ਪੰਜਾਬੀਆਂ ਵੱਲੋਂ ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੂੰ ਪੱਤਰ ਲਿਖਿਆ ਗਿਆ ਹੈ । ਸਰਦਾਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਨੂੰ ਵੀ ਲਿਖਿਆ ਗਿਆ ਹੈ ਕਿ ਅਤੀਤ ਵਿੱਚ ਘੋਸ਼ਿਤ ਭਾਈ ਘਨੱਈਆ ਜੀ ਮਾਨਵ ਸੇਵਾ ਸੰਕਲਪ ਦਿਵਸ 20 ਸਤੰਬਰ ਰਾਜ ਪੱਧਰੀ ਸਮਾਗਮ ਜਿਹੜਾ ਕਿ ਪਿਛਲੀ ਸਰਕਾਰ ਵੱਲੋਂ ਬੰਦ ਕਰ ਦਿੱਤਾ ਗਿਆ ਸੀ ਨੂੰ ਮੁੜ ਸ਼ੁਰੂ ਕੀਤਾ ਜਾਵੇ। ਸਪੀਕਰ ਪੰਜਾਬ ਵਲੋਂ ਪੱਤਰ ਲਿਖਣ ਲਈ ਅਤੇ ਪ੍ਰਕਿਰਿਆ ਭਰੋਸਾ ਦੇਣ ਲਈ ਪ੍ਰੋ: ਬਹਾਦਰ ਸਿੰਘ ਸੁਨੇਤ ਪ੍ਰਧਾਨ ਭਾਈ ਘਨੱਈਆ ਜੀ ਮਿਸ਼ਨ ਹੁਸ਼ਿਆਰਪੁਰ ਅਤੇ ਕੋਆਰਡੀਨੇਟਰ ਭਾਈ ਘਨੱਈਆ ਜੀ ਚੈਰਿਟੀ ਅਤੇ ਪੀਸ ਇੰਟਰਨੈਸ਼ਨਲ ਫਾਊਂਡੇਸ਼ਨ, ਗੁਰਪ੍ਰੀਤ ਸਿੰਘ ਚਾਂਦਬਾਜਾ ਚੇਅਰਮੈਨ, ਹਰਵਿੰਦਰ ਸਿੰਘ ਪ੍ਰਧਾਨ ਭਾਈ ਘਨੱਈਆ ਜੀ ਕੈਂਸਰ ਰੋਕੋ ਸੰਸਥਾ, ਫਰੀਦਕੋਟ, ਭਾਈ ਭੁਪਿੰਦਰ ਸਿੰਘ ਰਾਮਪੁਰ ਖੇੜਾ, ਭਾਈ ਘਨੱਈਆ ਜੀ ਵੈਲਫੇਅਰ ਸੁਸਾਇਟੀ ਰਾੜਾ ਸਾਹਿਬ ਦੇ ਪ੍ਰਧਾਨ ਗੁਰਜੀਤ ਸਿੰਘ ਖਾਲਸਾ ਭਾਈ ਘਨੱਈਆ ਜੀ ਵੈਲਫੇਅਰ ਸੁਸਾਇਟੀ, ਪ੍ਰੋਫੈਸਰ ਸ਼ਾਮ ਸਿੰਘ ਮਸਤਗੜ੍ਹ ਪ੍ਰਧਾਨ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਚੰਡੀਗੜ੍ਹ, ਡਾਕਟਰ ਖੁਸ਼ਹਾਲ ਸਿੰਘ, ਰਸ਼ਪਾਲ ਸਿੰਘ ਚੇਅਰਮੈਨ ਸ਼ੁਭ ਕਰਮਨ ਸੁਸਾਇਟੀ ਹੁਸ਼ਿਆਰਪੁਰ, ਡਾਕਟਰ ਬਹਾਦਰ ਸਿੰਘ ਖਾਲਸਾ ਚੰਡੀਗੜ੍ਹ, ਗੁਰਪ੍ਰੀਤ ਸਿੰਘ ਚਾਂਦਬਾਜਾ, ਭਾਈ ਮਨਜੀਤ ਸਿੰਘ, ਮਸਤਾਨ ਸਿੰਘ ਗਰੇਵਾਲ ਵੱਲੋਂ ਅਤੇ ਹੋਰ ਸਮਾਜ ਸੇਵੀ ਸੰਸਥਾਂਵਾਂ ਵੱਲੋਂ ਧੰਨਵਾਦ ਕੀਤਾ ਗਿਆ ਹੈ।

# ਜ਼ਿਲ੍ਹਾ ਚੋਣ ਅਫ਼ਸਰ ਵੱਲੋਂ ਐੱਸ ਆਈ ਆਰ ਪ੍ਰਕਿਰਿਆ ਤਹਿਤ ਰਾਜਨੀਤਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ

**ਜਲੰਧਰ (ਸੁਰਿੰਦਰ ਕੁਮਾਰ)** ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਵਰਜੀਤ ਵਾਲੀਆ ਵੱਲੋਂ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵੋਟਰ ਸੂਚੀਆਂ ਦੀ ਚੱਲ ਰਹੀ ਸਪੈਸ਼ਲ ਇੰਟੈਂਸਿਵ ਰਵੀਜ਼ਨ (ਐਸ.ਆਈ.ਆਰ.) ਪ੍ਰਕਿਰਿਆ ਦੇ ਪਹਿਲੇ ਪੜਾਅ 'ਘਰ-ਘਰ ਸਰਵੇ' ਦੇ ਮੁਕੰਮਲ ਹੋਣ ਉਪਰੰਤ ਜ਼ਿਲ੍ਹੇ ਦੀਆਂ ਸਮੂਹ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਅਹਿਮ ਮੀਟਿੰਗ ਕੀਤੀ।ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 'ਘਰ-ਘਰ ਸਰਵੇ' ਪੜਾਅ ਦਾ ਕੰਮ 3 ਅਗਸਤ 2026 ਤੱਕ ਮੁਕੰਮਲ ਕਰ ਲਿਆ ਗਿਆ ਹੈ।ਉਨ੍ਹਾਂ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ ਜ਼ਿਲ੍ਹੇ ਵਿੱਚ ਕੁੱਲ 16,49,946 ਵੋਟਰਾਂ ਵਿੱਚੋਂ 14,64,949 ਵੋਟਰਾਂ ਦੇ ਗਣਨਾ ਫਾਰਮ ਪ੍ਰਾਪਤ ਕਰਕੇ ਡਿਜੀਟਾਈਜ਼ ਕੀਤੇ ਜਾ ਚੁੱਕੇ ਹਨ। 1,84,997 ਵੋਟਰਾਂ ਦੇ ਗਣਨਾ ਫਾਰਮ ਪ੍ਰਾਪਤ ਨਹੀਂ ਹੋਏ, ਜਿਨ੍ਹਾਂ ਵਿੱਚ 50,520 ਵੋਟਰ ਮ੍ਰਿਤਕ, 94,356 ਵੋਟਰ ਹੋਰ ਥਾਵਾਂ 'ਤੇ ਤਬਦੀਲ, 8961 ਡੁਪਲੀਕੇਟ ਐਂਟਰੀਆਂ, 30157 ਐਬਸੈਂਟ ਜਾਂ ਅਨਟ੍ਰੇਸੇਬਲ ਵੋਟਰ ਅਤੇ 1003 ਹੋਰ ਕਾਰਨਾਂ ਵਾਲੀਆਂ ਸ਼੍ਰੇਣੀਆਂ ਵਿੱਚ ਪਾਏ ਗਏ ਹਨ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਡ੍ਰਾਫਟ ਵੋਟਰ ਸੂਚੀ ਦੀ ਪ੍ਰਕਾਸ਼ਨਾ 13 ਅਗਸਤ ਨੂੰ ਹੋਵੇਗੀ ਅਤੇ ਜੇਕਰ ਕਿਸੇ ਦਾ ਨਾਮ ਡ੍ਰਾਫਟ ਵੋਟਰ ਸੂਚੀ ਵਿੱਚ ਦਰਜ ਨਹੀਂ ਹੈ ਤਾਂ ਉਹ 13 ਅਗਸਤ ਤੋਂ 12 ਸਤੰਬਰ ਤੱਕ ਫਾਰਮ ਨੰਬਰ 6 ਭਰ ਕੇ ਵੋਟ ਲਈ ਆਪਣੇ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਜਾਂ ਆਪਣੇ ਬੂਥ ਲੈਵਲ ਅਫ਼ਸਰ ਕੋਲ ਦੁਬਾਰਾ ਦਾਅਵਾ ਪੇਸ਼ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ 13 ਅਗਸਤ ਨੂੰ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ ਉਪਰੰਤ ਵੋਟਰ ਸੂਚੀ ਦੀ ਕਾਪੀ ਸਮੂਹ ਮਾਨਤਾ ਪ੍ਰਾਪਤ ਰਾਜਨੀਤਕ ਪਾਰਟੀਆਂ ਨੂੰ ਮੁਹੱਈਆ ਕਰਵਾਈ ਜਾਵੇਗੀ।ਸ੍ਰੀ ਵਾਲੀਆ ਨੇ ਦੱਸਿਆ ਕਿ ਜਿਨ੍ਹਾਂ ਵੋਟਰਾਂ ਦੀ ਵੋਟ ਅਨਮੈਪਡ . ਰਹਿ ਗਈ ਹੈ, ਉਨ੍ਹਾਂ ਨੂੰ 13 ਅਗਸਤ ਤੋਂ ਨੋਟਿਸ ਭੇਜੇ ਜਾਣਗੇ। ਜਿਨ੍ਹਾਂ ਵੋਟਰਾਂ ਨੂੰ ਨੋਟਿਸ ਜਾਵੇਗਾ, ਉਨ੍ਹਾਂ ਨੂੰ ਚੋਣ ਕਮਿਸ਼ਨ ਵੱਲੋਂ ਨਿਰਧਾਰਿਤ ਲੋੜੀਂਦੇ ਦਸਤਾਵੇਜ਼ ਸਬੰਧਤ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਪਾਸ ਜਮ੍ਹਾ ਕਰਵਾਉਣੇ ਹੋਣਗੇ ਅਤੇ ਇਸ ਉਪਰੰਤ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਸੁਣਵਾਈ ਕਰਕੇ ਆਪਣਾ ਆਰਡਰ ਪਾਸ ਕਰਨਗੇ ਅਤੇ 12 ਅਕਤੂਬਰ 2026 ਨੂੰ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ ਕੀਤੀ ਜਾਵੇਗੀ।



ਉਨ੍ਹਾਂ ਇਹ ਦੱਸਿਆ ਕਿ ਜਲੰਧਰ ਜ਼ਿਲ੍ਹੇ ਵਿੱਚ ਪਹਿਲਾਂ 1926 ਪੋਲਿੰਗ ਬੂਥ ਸਨ ਅਤੇ ਹੁਣ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਕੀਤੀ ਗਈ ਰੈਸ਼ਨੇਲਾਈਜੇਸ਼ਨ ਉਪਰੰਤ ਜ਼ਿਲ੍ਹੇ ਵਿੱਚ 1997 ਪੋਲਿੰਗ ਬੂਥ ਹੋ ਗਏ ਹਨ।

# ਸੰਘ-ਭਾਜਪਾ ਤੇ ਮੋਦੀ ਸਰਕਾਰ ਦਾ ਹੰਕਾਰ ਭੰਨਣ ਵਾਲੇ ਨੌਜਵਾਨ ਵਧਾਈ ਦੇ ਪਾਤਰ : ਪਾਸਲਾ

**ਜਲੰਧਰ (ਰਾਜੇਸ਼ ਥਾਪਾ)**- ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ.) ਪ੍ਰਮੁੱਖ ਮੋਹਨ ਭਾਗਵਤ ਇਕ ਪਾਸੇ ਜੈਨ-ਜ਼ੀ ਦੇ ਫਿਕਰਾਂ ਦੀ ਥਾਹ ਪਾਉਣ ਤੇ ਉਨ੍ਹਾਂ ਨਾਲ ਸੰਵਾਦ ਰਚਾਉਣ ਦੇ ਢੌਂਗੀ ਬਿਆਨ ਦੇ ਰਹੇ ਹਨ ਜਦਕਿ ਐਨ ਉਸੇ ਵੇਲੇ ਸੰਘ ਪਰਵਾਰ ਦੇ ਖਰੂਦੀ ਸੰਗਠਨਾਂ ਦੇ ਪਾਲੇ ਗੁੰਡਾ ਤੱਤ ਅੰਦੋਲਨਕਾਰੀ ਨੌਜਵਾਨਾਂ, ਖਾਸ ਕਰਕੇ ਲੜਕੀਆਂ ਨਾਲ ਦੇਸ਼ ਭਰ 'ਚ ਕੁੱਟਮਾਰ ਤੇ ਬਦਸਲੂਕੀ ਕਰ ਰਹੇ ਹਨ।



ਇਹੋ ਨਹੀਂ ਪੁਲਸ ਵਲੋਂ ਵੀ ਅੰਦੋਲਨਕਾਰੀਆਂ ਦਾ ਪਿੱਛਾ ਬੇਰੋਕ-ਟੋਕ ਜਾਰੀ ਹੈ। ਇਸ ਦੋਗਲੇ ਵਤੀਰੇ ਤੋਂ ਆਰ ਐਸ ਐਸ-ਭਾਜਪਾ ਤੇ ਮੋਦੀ ਸਰਕਾਰ ਦਾ ਦੰਭੀ ਕਿਰਦਾਰ ਬਾਖੂਬੀ ਬੇਪਰਦ ਹੋਇਆ ਹੈ। ਇਹ ਸ਼ਬਦ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੀ ਰਾਜ ਕਮੇਟੀ ਦੇ ਸਕੱਤਰੇਤ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਕਹੇ। ਸਾਥੀ ਪਾਸਲਾ ਨੇ ਕਿਹਾ ਹੈ ਕਿ ਤੇਜ਼ੀ ਨਾਲ ਤਾਨਾਸ਼ਾਹੀ ਵੱਲ ਵਧ ਰਹੀ ਮੋਦੀ ਸਰਕਾਰ ਨੂੰ ਆਪਣੇ ਸ਼ਾਂਤਮਈ, ਬਾਜ਼ਾਬਤਾ ਘੋਲ ਰਾਹੀਂ ਬੈਕਫੁੱਟ 'ਤੇ ਲਿਆਉਣ ਵਾਲੇ ਦੇਸ਼ ਦੇ ਜ਼ਹੀਨ ਤੇ ਬਹਾਦਰ ਨੌਜਵਾਨ ਅਤੇ ਮਿਹਨਤੀ ਤਬਕੇ ਮੁਬਾਰਕਬਾਦ ਦੇ ਹੱਕਦਾਰ ਹਨ। ਪਾਸਲਾ ਨੇ ਐਲਾਨ ਕੀਤਾ ਹੈ ਕਿ ਆਰ.ਐਸ.ਐਸ.-ਭਾਜਪਾ ਦੀ ਅਗਵਾਈ ਹੇਠਲੇ ਫਿਰਕੂ-ਕਾਰਪੋਰੇਟ ਗਠਜੋੜ ਦੇ ਤਬਾਹਕੁੰਨ ਆਰਥਕ ਏਜੰਡੇ 'ਤੇ ਭਾਈਚਾਰਕ ਸਾਂਝ ਨੂੰ ਖੇਰੂੰ-ਖੇਰੂੰ ਕਰਨ ਦੀਆਂ ਇਸ ਦੀਆਂ ਕੁਚਾਲਾਂ ਵਿਰੁੱਧ ਸਿਆਸੀ-ਵਿਚਾਰਧਾਰਕ ਮੁਹਿੰਮ ਤੇ ਸੰਘਰਸ਼ੀ ਲਾਮਬੰਦੀ ਪਾਰਟੀ ਵਲੋਂ ਨਿਰੰਤਰ ਜਾਰੀ ਰੱਖੀ ਜਾਵੇਗੀ। ਮੀਟਿੰਗ ਦੇ ਫੈਸਲੇ ਜਾਰੀ ਕਰਦਿਆਂ ਰਾਜ ਕਮੇਟੀ ਦੇ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਦੱਸਿਆ ਕਿ ਸਕੱਤਰੇਤ ਨੇ ਆਰ.ਐਸ.ਐਸ., ਭਾਜਪਾ ਦੀਆਂ ਪੰਜਾਬ ਵਿਰੋਧੀ ਸਾਜ਼ਿਸ਼ਾਂ ਤੇ ਮੋਦੀ ਸਰਕਾਰ ਦੀਆਂ ਵਧੀਕੀਆਂ ਦੇ ਨਤੀਜੇ ਵਜੋਂ ਸੂਬੇ ਦੀ ਦਿਨੋ-ਦਿਨ ਗੰਭੀਰ ਹੁੰਦੀ ਜਾ ਰਹੀ ਸਿਆਸੀ ਸਥਿਤੀ ਬਾਰੇ ਡੂੰਘੀ ਚਿੰਤਾ ਦਾ ਇਜ਼ਹਾਰ ਕੀਤਾ ਹੈ। ਸਕੱਤਰੇਤ ਦੀ ਰਾਇ ਹੈ ਕਿ ਦਲਿਤ ਵਸੋਂ ਨੂੰ ਰਿਝਾਉਣ ਲਈ ਆਪਣੇ ਸਿਰਾਂ 'ਤੇ ਸ੍ਰੀ ਗੁਰੂ ਰਵਿਦਾਸ ਜੀ ਦੀ ਜਨਮ ਭੂਮੀ ਦੀ ਮਿੱਟੀ ਨਾਲ ਭਰੇ ਕਲਸ਼ ਚੁੱਕੀ ਫਿਰ ਰਹੇ ਮਨੂੰ ਸਿਮਰਤੀ ਦੇ ਪ੍ਰਬਲ ਸਮਰਥਕ ਤੇ ਅਮਾਨਵੀ ਵਰਣ ਵਿਵਸਥਾ ਦੇ ਕੱਟੜ ਹਮਾਇਤੀ ਭਾਜਪਾਈਆਂ ਦੇ ਪਾਖੰਡ ਤੋਂ ਪੰਜਾਬੀਆਂ, ਖਾਸ ਕਰਕੇ ਦਲਿਤ ਭਾਈਚਾਰੇ ਨੂੰ ਖਬਰਦਾਰ ਰਹਿਣਾ ਚਾਹੀਦਾ ਹੈ।। ਅਕਾਲੀ ਧੜਿਆਂ ਦਾ ਭਾਜਪਾ ਨਾਲ ਗਠਜੋੜ ਕਾਇਮ ਕਰਨ ਲਈ ਤਰਲੋਮੱਛੀ ਹੋਣਾ ਬੇਹੱਦ ਅਫਸੋਸਨਾਕ ਹੈ। ਰਾਜ ਕਰਦੀ ਆਮ ਆਦਮੀ ਪਾਰਟੀ ਹਿੰਦੂਤਵੀ ਫਿਰਕੂ ਪੱਤਾ ਖੇਡ ਰਹੀ ਹੈ। ਸਕੱਤਰੇਤ ਨੇ ਐਸ ਕੇ ਐਮ ਤੇ ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ ਤਨਦੇਹੀ ਨਾਲ ਲਾਗੂ ਕਰਨ ਦਾ ਵੀ ਨਿਰਣਾ ਲਿਆ ਹੈ। ਮੀਟਿੰਗ ਦੀ ਪ੍ਰਧਾਨਗੀ ਸਾਥੀ ਰਤਨ ਸਿੰਘ ਰੰਧਾਵਾ ਨੇ ਕੀਤੀ। ਮੀਟਿੰਗ ਨੇ ਬੀਤੇ ਕਲ੍ਹ ਸੂਬੇ ਦੇ ਮੁਲਾਜ਼ਮਾਂ 'ਤੇ ਚੰਡੀਗੜ੍ਹ ਵਿਖੇ ਢਾਹੇ ਗਏ ਜਬਰ ਦੀ ਕਰੜੀ ਨਿਖੇਧੀ ਕਰਦਿਆਂ ਸੰਘਰਸ਼ੀ ਲੋਕਾਂ ਪ੍ਰਤੀ ਮਾਨ ਸਰਕਾਰ ਦੀ ਜਾਬਰ ਨੀਤੀ ਖਿਲਾਫ ਪਿੰਡ-ਪਿੰਡ ਪ੍ਰਤੀਰੋਧ ਉਸਾਰਨ ਦਾ ਫੈਸਲਾ ਲਿਆ ਹੈ।

# ਸੀਚੇਵਾਲ ਨੇ ਰਾਜ ਸਭਾ 'ਚ ਕਾਰਪੋਰੇਟ ਤੇ ਕਿਸਾਨਾਂ ਦੇ ਕਰਜ਼ਿਆਂ ਦਾ ਮੰਗਿਆ ਹਿਸਾਬ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ [illegible]



[illegible] ਅੰਕੜਾ 1,18,984 ਕਰੋੜ ਰਿਹਾ।ਇਸ ਤਰ੍ਹਾਂ ਕਾਰਪੋਰੇਟ ਖੇਤਰ ਦੇ ਕਰਜ਼ਿਆਂ ਦਾ ਰਾਈਟ-ਆਫ਼ ਖੇਤੀਬਾੜੀ ਖੇਤਰ ਨਾਲੋਂ ਲਗਭਗ ਤਿੰਨ ਗੁਣਾ ਵੱਧ ਰਿਹਾ।ਹਲਾਂਕਿ ਸਰਕਾਰ ਨੇ ਆਪਣੇ ਜਵਾਬ ਵਿੱਚ ਇਹ ਵੀ ਸਪੱਸ਼ਟ ਕੀਤਾ ਕਿ ਕਰਜ਼ੇ ਦਾ ਰਾਈਟ-ਆਫ਼ ਕਰਨਾ ਕਰਜ਼ਾ ਮੁਆਫ਼ੀ ਨਹੀਂ ਹੁੰਦਾ।ਇਹ ਬੈਂਕਾਂ ਦੀ ਲੇਖਾ-ਜੋਖਾ ਪ੍ਰਕਿਰਿਆ ਦਾ ਹਿੱਸਾ ਹੈ ਅਤੇ ਇਸ ਨਾਲ ਕਰਜ਼ਦਾਰ ਦੀ ਦੇਣਦਾਰੀ ਖ਼ਤਮ ਨਹੀਂ ਹੁੰਦੀ।ਸੰਤ ਸੀਚੇਵਾਲ ਨੇ ਕਿਹਾ ਕਿ ਜੇਕਰ [illegible] ਵਿਚਕਾਰ ਫਰਕ ਦਿਖਾ ਕੇ ਲੋਕਾਂ ਦੀਆਂ ਅੱਖਾਂ ਵਿੱਚ ਧੂੜ ਪਾਈ ਜਾ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਆਰਥਿਕ ਨੀਤੀਆਂ ਵਿੱਚ ਕਾਰਪੋਰੇਟ ਅਤੇ ਖੇਤੀਬਾੜੀ ਖੇਤਰ ਲਈ ਅਪਣਾਏ ਜਾ ਰਹੇ ਦੋਹਰੇ ਮਾਪਦੰਡ ਨੂੰ ਤੁਰੰਤ ਖਤਮ ਕੀਤਾ ਜਾਵੇ ਅਤੇ ਕਿਸਾਨਾਂ ਨਾਲ ਬਰਾਬਰੀ ਦਾ ਵਿਵਹਾਰ ਯਕੀਨੀ ਬਣਾਇਆ ਜਾਵੇ।

# ਵਣ-ਮਹਾਂ ਉਤਸਵ ਮਨਾਇਆ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਪੰਡਿਤ ਮਿਥਲੇਸ਼)**- ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸੁਸਾਇਟੀ ਟਾਂਡਾ ਵੱਲੋਂ ਚਲਾਏ ਜਾ ਰਹੇ ਜੀ ਆਰ ਡੀ ਨਰਸਿੰਗ ਕਾਲਜ ਟਾਂਡਾ ਵਿਖੇ ਹਰਿਆਲੀ ਸੰਸਥਾ ਪੰਜਾਬ ਨੇ ਵਾਤਾਵਰਣ ਦੀ ਸੇਵਾ ਸੰਭਾਲ ਦਾ ਸੁਨੇਹਾ [illegible]



[illegible] ਬਿਕਰਮ ਸਿੰਘ ਦੀ ਅਗਵਾਈ ਤੇ ਮੈਨੇਜਰ ਸਰਬਜੀਤ ਸਿੰਘ ਮੋਮੀ ਦੀ ਦੇਖ ਰੇਖ ਹੇਠ ਹਰਿਆਲੀ ਸੰਸਥਾ ਦੇ ਸੰਸਥਾਪਕ ਰਜਿੰਦਰ ਸਿੰਘ ਤੇ ਪ੍ਰਬੰਧਕ ਗੁਰਵੀਰ ਕੌਰ ਨੇ ਸਮੂਹ ਸਟਾਫ ਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਕਾਲਜ ਦੇ ਚੌਗਿਰਦੇ ਵਿੱਚ ਫਲਦਾਰ ਸ਼ਾਨਦਾਰ ਅਤੇ ਮੈਡੀਸਨਲ ਪੌਦੇ ਲਗਾਏ। ਇਸ ਮੌਕੇ ਹਰਿਆਲੀ ਸੰਸਥਾ ਦੇ ਪ੍ਰਬੰਧਕ ਹਰਜਿੰਦਰ ਸਿੰਘ ਤੇ ਗੁਰਵੀਰ ਕੌਰ ਭਾਰਦਵਾਜ ਨੇ ਦੱਸਿਆ ਕਿ ਮੌਜੂਦਾ ਮਾਨਸੂਨ ਦੇ ਸੀਜਨ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650 ਸਾਲਾ ਸ਼ਤਾਬਦੀ ਪ੍ਰਕਾਸ਼ ਉਤਸਵ ਨੂੰ ਸਮਰਪਿਤ ਆਰੰਭ ਕੀਤੀ ਗਈ ਮਿਸ਼ਨ ਗਰੀਨ ਮੁਹਿੰਮ ਤਹਿਤ ਇਹ ਪੌਦੇ ਲਗਾਏ ਗਏ ਹਨ।ਇਸ ਮੌਕੇ ਸੰਸਥਾ ਦੇ ਮੈਨੇਜਰ ਸਰਬਜੀਤ ਸਿੰਘ ਮੋਮੀ ਨੇ [illegible] ਢਿੱਲੋਂ, ਐਡਮਿਸ਼ਨ ਸੈੱਲ ਇੰਚਾਰਜ ਲਵਲੀ ਸੈਣੀ, ਗੁਰਮੀਤ ਸਿੰਘ ਲੁਧਿਆਣਾ, ਗਗਨਦੀਪ ਕੌਰ, ਡਾ. ਤਵਲੀਨ ਕੌਰ, ਬਲਜੀਤ ਕੌਰ, ਦਲਜਿੰਦਰ ਕੌਰ, ਮਨਪ੍ਰੀਤ ਕੌਰ, ਜਸਪ੍ਰੀਤ ਕੌਰ, ਲਖਵਿੰਦਰ ਕੌਰ, ਮਨਜੀਤ ਕੌਰ ,ਮਨਜੀਤ ਕੌਰ, ਹਰਲੀਨ ਕੌਰ, ਕਸ਼ਮੀਰ ਕੌਰ,ਆਂਚਲ ਸੈਣੀ, ਅਮਰੀਕ ਸਿੰਘ, ਪਰਮਜੀਤ ਸਿੰਘ, ਸਮੂਹ ਕਾਲਜ ਜੀ ਆਰ ਡੀ ਦੀ ਇੰਟਰਨੈਸ਼ਨਲ ਸਕੂਲ ਦੇ ਸਟਾਫ ਮੈਂਬਰ ਵੀ ਮੌਜੂਦ ਸਨ।

# ਰੁਡਸੈਟ 'ਚ ਮੁਫ਼ਤ ਬਿਊਟੀ ਪਾਰਲਰ ਕੋਰਸ ਦੀ ਸ਼ੁਰੂਆਤ

**ਜਲੰਧਰ (ਸੁਰਿੰਦਰ ਕੁਮਾਰ)** ਨੌਜਵਾਨਾਂ ਨੂੰ ਹੁਨਰਮੰਦ [illegible]



[illegible] ਵੱਖ-ਵੱਖ ਤਰ੍ਹਾਂ ਦੀ ਹੁਨਰਮੰਦ ਸਿਖਲਾਈ ਮੁਫ਼ਤ ਪ੍ਰਦਾਨ ਕੀਤੀ ਜਾ ਰਹੀ ਹੈ। ਮੁੱਖ ਮਹਿਮਾਨ . ਨਾਬਾਰਡ ਸ਼੍ਰੀਮਤੀ ਸਵਿਤਾ ਸਿੰਘ ਨੇ ਰੁਡਸੈਟ ਜਲੰਧਰ ਦੀਆਂ ਗਤੀਵਿਧੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹੁਨਰ ਵਿਕਾਸ ਹੀ ਆਤਮ-ਨਿਰਭਰਤਾ ਦਾ ਆਧਾਰ ਹੈ। ਇਸ ਮੌਕੇ ਮੈਡਮ ਮੀਨਲ, ਮੈਡਮ ਦੀਪਿਕਾ, ਮੈਡਮ ਦਵਿੰਦਰ ਕੌਰ, ਪੰਕਜ ਦਾਸ, ਵਿਸ਼ਾਲ ਸਮੇਤ ਸੰਸਥਾ ਦਾ ਸਟਾਫ ਅਤੇ ਸਿਖਿਆਰਥੀ ਹਾਜ਼ਰ ਸਨ।

# ਤੀਜ ਦਾ ਤਿਉਹਾਰ ਮਨਾਇਆ




**ਕਰਤਾਰਪੁਰ (ਹਰਮੇਸ਼ ਦੱਤ)**- ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ ਵਿਖੇ ਕੰਵਲਜੀਤ ਕੌਰ ਦੀ ਯੋਗ ਅਗਵਾਈ ਹੇਠ ਤੀਜ ਦਾ ਤਿਉਹਾਰ ਬਹੁਤ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਬੱਚਿਆਂ ਨੇ ਰੰਗ-ਬਿਰੰਗੇ [illegible]

# ਸੰਕਲਪ ਯਾਤਰਾ 19 ਨੂੰ ਬੰਗਾ 'ਚ ਪਹੁੰਚੇਗੀ

**ਬੰਗਾ (ਅਵਤਾਰ ਕਲੇਰ)**- [illegible]



[illegible] ਦੀ ਸ਼ੁਰੂਆਤ ਹੋਵੇਗੀ, ਜੋ ਇਕੀ 21ਅਗਸਤ ਨੂੰ ਫਿਲੌਰ ਵਿਧਾਨ ਸਭਾ ਹਲਕੇ ਦੇ ਪਿੰਡ ਧਲੇਤਾ ਵਿਖੇ ਸਮਾਪਤ ਹੋਵੇਗੀ। ਬਸਪਾ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਪ੍ਰਵੀਨ ਬੰਗਾ ਨੇ ਆਖਿਆ ਕਿ 2027 ਵਿੱਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 650ਵਾਂ ਪ੍ਰਕਾਸ਼ ਪੁਰਬ ਗੁਰੂ ਸਾਹਿਬ ਦੀ ਬਰਾਬਰੀ, ਨਿਆਂ ਅਤੇ ਬੇਗਮਪੁਰਾ ਦੇ ਸੰਕਲਪ ਨੂੰ ਸਾਕਾਰ ਕਰਨ ਦੇ ਸੁਨੇਹੇ ਨਾਲ ਮਨਾਉਣ ਦਾ ਸੱਦਾ ਦਿੱਤਾ। ਸਮੂਹ ਸੰਤ ਮਹਾਂਪੁਰਸ਼ਾਂ, ਸੰਗਤਾਂ, ਸਮਾਜਿਕ ਅਤੇ ਧਾਰਮਿਕ ਜਥੇਬੰਦੀਆਂ ਅਤੇ ਸਮੂਹ ਪੰਜਾਬ ਵਾਸੀਆਂ ਨੂੰ ਇਸ ਇਤਿਹਾਸਕ ਯਾਤਰਾ ਵਿੱਚ ਵੱਧ ਚੜ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਕਰਦਿਆਂ ਆਖਿਆ। ਗੁਰੂ ਰਵਿਦਾਸ ਮਹਾਰਾਜ ਜੀ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਯਾਤਰਾ 19 ਅਗਸਤ ਨੂੰ ਬੰਗਾ ਹਲਕੇ ਦੇ ਵੱਖ ਵੱਖ ਪਿੰਡਾਂ ਵਿਚ ਪਹੁੰਚ ਰਹੀ ਹੈ। ਇਸ ਮੌਕੇ ਪ੍ਰਵੀਨ ਬੰਗਾ, ਮਨੋਹਰ ਕਮਾਮ, ਅਸ਼ੋਕ ਕੁਮਾਰ ਸਾਬਕਾ ਸਰਪੰਚ ਖੋਥੜਾਂ, ਹਰਬਲਾਸ ਬਸਰਾ, ਵਿਜੈ ਗੁਣਾਚੌਰ, ਚਰਨਜੀਤ ਮੰਢਾਲੀ, ਹਰਜਿੰਦਰ ਕੁਮਾਰ ਲੱਧੜ ਆਦਿ ਹਾਜ਼ਰ ਸਨ।



# ਧਰਮਪਾਲ ਸਾਹਿਲ ਦਾ ਨਾਵਲ 'ਜਲਦੂਤ' ਲੋਕ ਅਰਪਣ

**ਮਾਹਿਲਪੁਰ (ਸ.ਫਰੀ)** ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਚਲਦੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਵੱਲੋਂ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਧਰਮਪਾਲ ਸਾਹਿਲ ਦੇ ਨਾਵਲ ਜਲਦੂਤ ਦੇ ਲੋਕ ਅਰਪਣ ਸਬੰਧੀ ਇੱਕ ਸਾਹਿਤਕ ਸਮਾਰੋਹ ਕਰਵਾਇਆ ਗਿਆ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ, ਨਾਵਲਕਾਰ ਡਾ. ਧਰਮਪਾਲ ਸਾਹਿਲ, ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸਮਾਰੋਹ ਦੇ ਆਰੰਭ ਮੌਕੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਨੇ ਕਿਹਾ ਕਿ ਚੰਗਾ ਸਾਹਿਤ ਹਮੇਸ਼ਾ ਸਮਾਜ ਨੂੰ ਨਰੋਈ ਦਿਸ਼ਾ ਦਿੰਦਾ ਹੈ। ਉਨ੍ਹਾਂ ਸ੍ਰੀ ਸਾਹਿਲ ਨੂੰ ਇਸ ਨਾਵਲ ਦੀ ਪ੍ਰਕਾਸ਼ਨਾ 'ਤੇ ਮੁਬਾਰਕਬਾਦ ਦਿੱਤੀ।ਇਸ ਮੌਕੇ ਪੰਜਾਬੀ ਵਿਭਾਗ ਦੇ ਮੁਖੀ ਡਾ ਜੀ ਬੀ ਸੇਖੋਂ ਨੇ ਧਰਮਪਾਲ ਸਾਹਿਲ ਦੇ ਨਾਵਲਾਂ ਵਿੱਚ ਪੇਸ਼ ਕੰਢੀ ਸਭਿਆਚਾਰ ਬਾਰੇ ਵਿਚਾਰ ਰੱਖੇ।ਉਨ੍ਹਾਂ ਜਲਦੂਤ ਨਾਵਲ ਵਿੱਚ ਪੇਸ਼ ਕੰਢੀ ਦੀ ਭਾਸ਼ਾ ਅਤੇ ਸੰਸਕ੍ਰਿਤੀ ਬਾਰੇ ਜਾਣਕਾਰੀ ਦਿੱਤੀ।ਲੇਖਕ ਧਰਮਪਾਲ ਸਾਹਿਲ ਨੇ ਆਪਣੇ ਨਾਵਲਾਂ ਦੀ ਸਿਰਜਣ ਪ੍ਰਕਿਰਿਆ ਬਾਰੇ ਦੱਸਿਆ ਉਹਨਾਂ ਕਿਹਾ ਕਿ ਕੰਢੀ ਇਲਾਕੇ ਦਾ ਸੱਭਿਆਚਾਰ, ਭਾਸ਼ਾ ਅਤੇ ਪੁਰਾਣੀ ਰਹਿਤਲ ਉਨਾਂ ਦੇ ਨਾਵਲਾਂ ਦੀ ਵੱਡੀ ਪ੍ਰੇਰਨਾ ਸਰੋਤ ਹੈ।ਸਾਹਿਤਕਾਰ ਬਲਜਿੰਦਰ ਮਾਨ ਨੇ ਸ੍ਰੀ ਸਾਹਿਲ ਦੀ ਸਾਹਿਤ ਕਲਾ ਬਾਰੇ ਵਿਚਾਰ ਰੱਖੇ।ਪ੍ਰਬੰਧਕਾਂ ਵਲੋਂ ਧਰਮਪਾਲ ਸਾਹਿਲ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਡਾ ਬਲਵੀਰ ਕੌਰ ਅਤੇ ਡਾ ਪ੍ਰਭਜੋਤ ਕੌਰ ਨੇ ਧੰਨਵਾਦੀ ਸ਼ਬਦ ਸਾਂਝੇ ਕੀਤੇ। ਇਸ ਮੌਕੇ ਕਾਲਜ ਦਾ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਨੰਬਰਦਾਰਾਂ ਦਾ ਬਕਾਇਆ ਮਾਣ ਭੱਤਾ ਖਾਤਿਆਂ 'ਚ ਜਮ੍ਹਾਂ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਪੰਜਾਬ ਨੰਬਰਦਾਰ ਯੂਨੀਅਨ (643) ਇਕਾਈ ਸੁਲਤਾਨਪੁਰ ਲੋਧੀ ਦੀ ਇੱਕ ਅਹਿਮ ਮੀਟਿੰਗ ਪ੍ਰਧਾਨ ਸਾਹਿਬ ਸਿੰਘ ਭੁੱਲਰ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਨੰਬਰਦਾਰਾਂ ਨਾਲ ਸਬੰਧਤ ਵੱਖ-ਵੱਖ ਮਸਲਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।ਮੀਟਿੰਗ ਦੌਰਾਨ ਲੰਬੇ ਸਮੇਂ ਤੋਂ ਰੁਕੇ ਪਏ ਮਾਨ ਭੱਤੇ ਦੇ ਜਾਰੀ ਹੋਣ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਯੂਨੀਅਨ ਆਗੂਆਂ ਨੇ ਇਸ ਨੂੰ ਨੰਬਰਦਾਰ ਭਾਈਚਾਰੇ ਲਈ ਵੱਡੀ ਰਾਹਤ ਕਰਾਰ ਦਿੱਤਾ।ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਸਾਹਿਬ ਸਿੰਘ ਭੁੱਲਰ ਨੇ ਦੱਸਿਆ ਕਿ ਕਰੀਬ 14 ਨੰਬਰਦਾਰਾਂ ਅਤੇ ਇੱਕ ਚੌਕੀਦਾਰ ਦਾ ਮਾਨ ਭੱਤਾ ਪਿਛਲੇ ਕਈ ਮਹੀਨਿਆਂ ਤੋਂ ਕੁਝ ਤਕਨੀਕੀ ਕਾਰਨਾਂ ਕਰਕੇ ਰੁਕਿਆ ਹੋਇਆ ਸੀ।ਇਸ ਸੰਬੰਧੀ ਨੰਬਰਦਾਰ ਯੂਨੀਅਨ ਵੱਲੋਂ ਵਾਰ-ਵਾਰ ਸਬੰਧਤ ਅਧਿਕਾਰੀਆਂ ਨਾਲ ਰਾਬਤਾ ਕਰਕੇ ਮਾਮਲੇ ਦੇ ਜਲਦ ਹੱਲ ਦੀ ਮੰਗ ਕੀਤੀ ਜਾਂਦੀ ਰਹੀ। ਉਨ੍ਹਾਂ ਦੱਸਿਆ ਕਿ ਆਈ.ਐੱਫ਼.ਐੱਮ.ਐੱਸ. ਚੰਡੀਗੜ੍ਹ ਦਫ਼ਤਰ ਵੱਲੋਂ ਤਕਨੀਕੀ ਖਾਮੀਆਂ ਦੂਰ ਕਰਨ ਤੋਂ ਬਾਅਦ ਸਬੰਧਤ ਲਾਭਪਾਤਰੀਆਂ ਦੇ ਮਾਨ ਭੱਤੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਕਰਵਾ ਦਿੱਤੇ ਗਏ ਹਨ।



ਉਨ੍ਹਾਂ ਸਾਰੇ ਨੰਬਰਦਾਰਾਂ ਨੂੰ ਆਪਣੇ ਬੈਂਕ ਖਾਤਿਆਂ ਦੀ ਜਾਂਚ ਕਰਕੇ ਭੁਗਤਾਨ ਦੀ ਪੁਸ਼ਟੀ ਕਰਨ ਦੀ ਅਪੀਲ ਵੀ ਕੀਤੀ। ਸਾਹਿਬ ਸਿੰਘ ਭੁੱਲਰ ਨੇ ਕਿਹਾ ਮਾਨ ਭੱਤਾ ਮਿਲਣ ਨਾਲ ਨੰਬਰਦਾਰ ਭਾਈਚਾਰੇ ਵਿੱਚ ਖ਼ੁਸ਼ੀ ਦੀ ਲਹਿਰ ਹੈ ਅਤੇ ਲੰਬੇ ਸਮੇਂ ਤੋਂ ਚੱਲ ਰਹੀ ਚਿੰਤਾ ਦਾ ਅੰਤ ਹੋਇਆ ਹੈ।ਮੀਟਿੰਗ ਵਿੱਚ ਸਾਬਕਾ ਪ੍ਰਧਾਨ ਮੰਗਲ ਸਿੰਘ ਭੱਟੀ, ਸੰਤੋਖ ਸਿੰਘ ਨੰਬਰਦਾਰ, ਰੇਸ਼ਮ ਸਿੰਘ ਨੰਬਰਦਾਰ, ਨਿਰੰਜਨ ਸਿੰਘ ਨੰਬਰਦਾਰ, ਕਾਲੂ ਭਾਟੀਆ, ਕੁਲਦੀਪ ਸਿੰਘ ਸਾਗਰਾ, ਸਤਨਾਮ ਸਿੰਘ, ਤੀਰਥ ਪਹਿਲਵਾਨ, ਮਲਕੀਤ ਸਿੰਘ ਮੁਹੱਬਲੀਪੁਰ, ਵਿਰਸਾ ਸਿੰਘ ਮੰਡ, ਮੁਖਤਿਆਰ ਸਿੰਘ ਬਾਊਪੁਰ, ਵਿਜੈ ਕੁਮਾਰ, ਨਿਰਮਲ ਸਿੰਘ ਅਤੇ ਸ਼ੇਖ ਮਾਗਾ ਸਮੇਤ ਵੱਡੀ ਗਿਣਤੀ ਵਿੱਚ ਨੰਬਰਦਾਰ ਹਾਜ਼ਰ ਸਨ।

# 'ਮਾਂ ਦੇ ਦੁੱਧ ਦੀ ਮਹੱਤਤਾ' ਬਾਰੇ ਮਾਵਾਂ ਨੂੰ ਕੀਤਾ ਜਾਗਰੂਕ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਸਿਹਤ ਵਿਭਾਗ ਪੰਜਾਬ ਵੱਲੋਂ ਮਾਂ ਦੇ ਦੁੱਧ ਦੀ ਮਹੱਤਤਾ ਸਬੰਧੀ ਮਾਵਾਂ ਅਤੇ ਪਰਵਾਰਾਂ ਨੂੰ ਜਾਗਰੂਕ ਕੀਤਾ ਗਿਆ।ਇਹ ਮੁਹਿੰਮ ਸਿਵਲ ਸਰਜਨ ਰੂਪਨਗਰ ਡਾ. ਬੌਬੀ ਗੁਲਾਟੀ ਅਤੇ ਭਾਈ ਜੈਤਾ ਜੀ ਸਿਵਲ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਦੇ ਸੀਨੀਅਰ ਮੈਡੀਕਲ ਅਫਸਰ ਡਾ.ਹਰਿੰਦਰ ਸਿੰਘ ਦੀ ਅਗਵਾਈ ਹੇਠ ਕਰਵਾਈ ਗਈ। ਇਸ ਮੌਕੇ ਡਾ.ਸੁਨੈਨਾ ਗੁਪਤਾ, ਮਾਹਿਰ ਔਰਤ ਰੋਗ, ਵੱਲੋਂ ਮਾਵਾਂ ਨੂੰ ਮਾਂ ਦੇ ਦੁੱਧ ਦੇ ਫਾਇਦਿਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।ਡਾ. ਸੁਨੈਨਾ ਗੁਪਤਾ ਨੇ ਦੱਸਿਆ ਕਿ ਹਰ ਨਵਜੰਮੇ ਬੱਚੇ ਨੂੰ ਜਨਮ ਤੋਂ ਪਹਿਲੇ ਇੱਕ ਘੰਟੇ ਦੇ ਅੰਦਰ ਮਾਂ ਦਾ ਦੁੱਧ ਪਿਲਾਉਣਾ ਸ਼ੁਰੂ ਕਰਨਾ ਚਾਹੀਦਾ ਹੈ।ਮਾਂ ਦਾ ਪਹਿਲਾ ਪੀਲਾ ਗਾੜ੍ਹਾ ਦੁੱਧ (ਕੋਲੋਸਟ੍ਰਮ) ਬੱਚੇ ਲਈ ਕੁਦਰਤੀ ਟੀਕੇ ਵਾਂਗ ਕੰਮ ਕਰਦਾ ਹੈ ਅਤੇ ਉਸ ਦੀ ਰੋਗ-ਪ੍ਰਤੀਰੋਧਕ ਸਮਰੱਥਾ ਨੂੰ ਮਜ਼ਬੂਤ ਬਣਾਉਂਦਾ ਹੈ। ਉਨ੍ਹਾਂ ਕਿਹਾ ਕਿ ਪਹਿਲੇ ਛੇ ਮਹੀਨਿਆਂ ਤੱਕ ਬੱਚੇ ਨੂੰ ਸਿਰਫ਼ ਮਾਂ ਦਾ ਦੁੱਧ ਹੀ ਦੇਣਾ ਚਾਹੀਦਾ ਹੈ।ਉਨ੍ਹਾਂ ਦੱਸਿਆ ਕਿ ਛੇ ਮਹੀਨੇ ਬਾਅਦ ਬੱਚੇ ਨੂੰ ਉਚਿਤ ਪੂਰਕ ਆਹਾਰ ਦੇ ਨਾਲ ਦੋ ਸਾਲ ਜਾਂ ਇਸ ਤੋਂ ਵੱਧ ਸਮੇਂ ਤੱਕ ਮਾਂ ਦਾ ਦੁੱਧ ਜਾਰੀ ਰੱਖਣਾ ਚਾਹੀਦਾ ਹੈ। ਮਾਂ ਦਾ ਦੁੱਧ ਬੱਚੇ ਨੂੰ ਲੋੜੀਂਦਾ ਪੋਸ਼ਣ ਪ੍ਰਦਾਨ ਕਰਨ ਦੇ ਨਾਲ ਦਸਤ, ਨਿਮੋਨੀਆ ਅਤੇ ਹੋਰ ਇਨਫੈਕਸ਼ਨਾਂ ਤੋਂ ਬਚਾਅ ਵਿੱਚ ਸਹਾਇਕ ਹੁੰਦਾ ਹੈ ਅਤੇ ਬੱਚੇ ਦੇ ਸਰੀਰਕ ਤੇ ਮਾਨਸਿਕ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।ਇਸ ਦੌਰਾਨ ਡਾ.ਅਪਰਾਜਿਤਾ ਧਰਮਾਣੀ, ਸੀਮਾ ਦੇਵੀ ਐਲ.ਐਚ.ਵੀ., ਕੁਲਵਿੰਦਰ ਕੌਰ ਏ.ਐਨ.ਐਮ. ਅਤੇ ਸਮੂਹ ਆਸ਼ਾ ਵਰਕਰ ਹਾਜ਼ਰ ਸਨ।

# ਐੱਨ ਸੀ ਸੀ ਕੈਡੇਟ ਸਨਮਾਨਤ

**ਅੱਡਾ ਸਰਾਂ (ਜਸਵੀਰ ਕਾਜਲ)**- ਬੀ ਐਨ ਡੀ ਸੀਨੀਅਰ ਸੈਕੰਡਰੀ ਸਕੂਲ, ਕੰਧਾਲਾ ਜੱਟਾਂ ਦੇ ਐੱਨ ਸੀ ਸੀ ਕੈਡੇਟ ਅੰਮ੍ਰਿਤ ਪ੍ਰੀਤ ਕੌਰ, ਜਸਪ੍ਰੀਤ ਕੌਰ, ਰਾਜਪ੍ਰੀਤ ਕੌਰ, ਹਰਚਰਨ ਸਿੰਘ, ਮਨਿੰਦਰ ਸਿੰਘ,



ਸਮਰਪ੍ਰੀਤ ਸਿੰਘ, ਏਕਮ ਜੋਤ ਸਿੰਘ, ਰਾਜਵੀਰ ਸਿੰਘ ਅਤੇ ਜਸਮੀਤ ਸਿੰਘ ਨੇ ਐੱਨ ਸੀ ਸੀ ਦੇ ਦੋ ਸਾਲਾ ਕੋਰਸ ਦੌਰਾਨ ਸ਼ੂਟਿੰਗ, ਡਰਿਲਿੰਗ, ਖੇਡਾਂ, ਦੌੜਾਂ ਟਰੈਕਿੰਗ ਅਤੇ ਸਭਿਆਚਾਰਕ ਪ੍ਰੋਗਰਾਮਾਂ ਦੀ ਸਿਖਲਾਈ ਪ੍ਰਾਪਤ ਕੀਤੀ ਅਤੇ 'ਏ' ਸਰਟੀਫਿਕੇਟ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ੍ਰੀ ਜੈ ਕ੍ਰਿਸ਼ਨ ਮਹਿਤਾ, ਇੰਜੀ: ਅਨਿਲ ਕੁਮਾਰ ਮਹਿਤਾ ਅਤੇ ਐਨ.ਸੀ.ਸੀ. ਸੈਕੰਡ ਅਫਸਰ ਜਤਿੰਦਰ ਕੁਮਾਰ ਨੇ ਕੈਡੇਟਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੀ ਮਿਹਨਤ, ਅਨੁਸ਼ਾਸਨ ਅਤੇ ਦੇਸ਼-ਸੇਵਾ ਪ੍ਰਤੀ ਸਮਰਪਣ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਐਨ ਸੀ ਸੀ ਰਾਹੀਂ ਲੀਡਰਸ਼ਿਪ, ਅਨੁਸ਼ਾਸਨ, ਆਤਮ-ਵਿਸ਼ਵਾਸ ਅਤੇ ਦੇਸ਼ਭਗਤੀ ਦੇ ਗੁਣ ਅਪਣਾਉਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਕੈਡੇਟਾਂ ਦੀ ਇਹ ਉਪਲਬਧੀ ਸਕੂਲ ਲਈ ਮਾਣ ਵਾਲੀ ਗੱਲ ਹੈ ਅਤੇ ਇਹ ਹੋਰ ਵਿਦਿਆਰਥੀਆਂ ਲਈ ਵੀ ਪ੍ਰੇਰਣਾ ਦਾ ਸਰੋਤ ਬਣੇਗੀ। ਇਸ ਮੌਕੇ ਅਮਿਤ ਕੁਮਾਰ, ਗੁਰਪ੍ਰੀਤ ਸਿੰਘ, ਗੁਰਮੇਲ ਸਿੰਘ, ਰਾਕੇਸ਼ ਕੁਮਾਰ, ਰੁਕਸਾਨਾ, ਜਸਵੀਰ ਕੌਰ, ਪਰਮਜੀਤ ਕੌਰ, ਜੀਨਤ, ਕੋਮਲਪ੍ਰੀਤ ਕੌਰ, ਰਾਜਵਿੰਦਰ ਕੌਰ, ਵੰਦਨਾ, ਅਮਨਜੀਤ ਕੌਰ, ਮਨਿੰਦਰ ਕੌਰ, ਜਾਨਵੀਰ,ਮਨਦੀਪ ਕੌਰ ਸਮੇਤ ਸਮੂਹ ਸਟਾਫ ਮੈਂਬਰ ਮੌਜੂਦ ਸਨ।

# ਐੱਚ ਐੱਮ ਵੀ ਦੀ ਵਿਦਿਆਰਥਣ ਨੇ 'ਵਰਸਿਟੀ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ

**ਜਲੰਧਰ (ਸ਼ੈਲੀ ਐਲਬਰਟ)**- ਹੰਸ ਰਾਜ ਮਹਿਲਾ ਮਹਾਂ ਵਿਦਿਆਲਿਆ ਨੇ ਮਈ 2026 ਵਿੱਚ ਹੋਈਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਇੱਕ



ਵਾਰ ਫਿਰ ਆਪਣੀ ਅਕਾਦਮਿਕ ਉੱਤਮਤਾ ਦੀ ਪਰੰਪਰਾ ਨੂੰ ਬਰਕਰਾਰ ਰੱਖਿਆ। ਪੋਸਟ ਗ੍ਰੈਜੂਏਟ ਕੈਮਿਸਟਰੀ ਵਿਭਾਗ ਦੀ ਵਿਦਿਆਰਥਣ ਪ੍ਰਿਯੰਕਾ ਸ਼ਰਮਾ ਨੇ ਐਮ ਐਸ ਸੀ ਕੈਮਿਸਟਰੀ ਵਿੱਚ 8.90 ਦੇ ਪ੍ਰਭਾਵਸ਼ਾਲੀ ਸੀ ਜੀ ਪੀ ਏ ਨਾਲ ਯੂਨੀਵਰਸਿਟੀ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਪ੍ਰਿਯੰਕਾ ਨੂੰ ਉਸਦੀ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੰਦੇ ਹੋਏ ਪ੍ਰਿੰਸੀਪਲ ਡਾ. ਏਕਤਾ ਖੋਸਲਾ ਨੇ ਉਸ ਦੇ ਸਮਰਪਣ, ਸਖ਼ਤ ਮਿਹਨਤ ਅਤੇ ਅਕਾਦਮਿਕ ਉੱਤਮਤਾ ਦੀ ਸ਼ਲਾਘਾ ਕੀਤੀ। ਪ੍ਰਿੰਸੀਪਲ ਡਾ. ਖੋਸਲਾ ਨੇ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਸੰਸਥਾ ਲਈ ਬਹੁਤ ਮਾਣ ਲਿਆਉਂਦੀਆਂ ਹਨ ਅਤੇ ਹੋਰ ਵਿਦਿਆਰਥੀਆਂ ਨੂੰ ਉੱਤਮਤਾ ਲਈ ਯਤਨ ਕਰਨ ਲਈ ਪ੍ਰੇਰਿਤ ਕਰਦੀਆਂ ਹਨ। ਪੋਸਟ ਗ੍ਰੈਜੂਏਟ ਕੈਮਿਸਟਰੀ ਵਿਭਾਗ ਦੀ ਮੁਖੀ ਸ਼੍ਰੀਮਤੀ ਦੀਪਸ਼ਿਖਾ ਨੇ ਪ੍ਰਿਯੰਕਾ ਨੂੰ ਵਧਾਈ ਦਿੱਤੀ। ਇਸ ਮੌਕੇ ਕੈਮਿਸਟਰੀ ਵਿਭਾਗ ਦੀ ਫੈਕਲਟੀ ਮੈਂਬਰ ਡਾ. ਵੰਦਨਾ ਠਾਕੁਰ ਵੀ ਮੌਜੂਦ ਸਨ।

# ਜ਼ਿਲ੍ਹਾ ਪੱਧਰੀ ਨਸ਼ਾ ਮੁਕਤ ਯੁਵਾ-ਵਿਕਸਤ ਭਾਰਤ ਪ੍ਰੋਗਰਾਮ ਦਾ ਆਯੋਜਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਨਸ਼ਾ ਮੁਕਤ ਸਮਾਜ ਦੀ ਸਥਾਪਨਾ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ, ਹੁਸ਼ਿਆਰਪੁਰ ਵੱਲੋਂ ਨਸ਼ਾ ਮੁਕਤ ਯੁਵਾ-ਵਿਕਸਿਤ ਭਾਰਤ



ਵਿਸ਼ੇ 'ਤੇ ਜ਼ਿਲ੍ਹਾ ਪੱਧਰੀ ਪ੍ਰੋਗਰਾਮ ਦਾ ਆਯੋਜਨ ਡਿਪਟੀ ਡਾਇਰੈਕਟਰ ਸੁਸ਼੍ਰੀ ਜਸਲੀਨ ਕੌਰ ਦੀ ਰਹਿਨੁਮਾਈ ਹੇਠ, ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਕੀਤਾ ਗਿਆ।ਪ੍ਰੋਗਰਾਮ ਵਿੱਚ ਜ਼ਿਲ੍ਹੇ ਭਰ ਤੋਂ ਵਿਦਿਆਰਥੀਆਂ ਅਤੇ ਯੁਵਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ।ਪ੍ਰੋਗਰਾਮ ਦੀ ਸ਼ੁਰੂਆਤ ਮਹਿਮਾਨਾਂ ਦੇ ਆਗਮਨ ਅਤੇ ਦੀਪ ਪ੍ਰਜਵਲਨ ਨਾਲ ਹੋਈ, ਜਿਸ ਤੋਂ ਬਾਅਦ ਡਿਪਟੀ ਡਾਇਰੈਕਟਰ ਜਸਲੀਨ ਕੌਰ ਵੱਲੋਂ ਸਵਾਗਤ ਭਾਸ਼ਣ ਦਿੱਤਾ ਗਿਆ।ਸਹਾਇਕ ਕਮਿਸ਼ਨਰ (ਜੀ) ਮੇਜਰ ਡਾ. ਸੁਮਿਤ ਮੁੱਧ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਦਕਿ ਕਾਲਜ ਪ੍ਰਿੰਸੀਪਲ ਸ੍ਰੀਮਤੀ ਸਵਿਤਾ ਗੁਪਤਾ ਵਿਸ਼ੇਸ਼ ਮਹਿਮਾਨ ਵਜੋਂ ਮੌਜੂਦ ਰਹੇ।ਆਪਣੇ ਸੰਬੋਧਨ ਵਿੱਚ ਮੁੱਖ ਮਹਿਮਾਨ ਨੇ ਯੁਵਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਿਹਤਮੰਦ ਤੇ ਅਨੁਸ਼ਾਸਿਤ ਜੀਵਨ ਜੀਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡਿਪਟੀ ਡਾਇਰੈਕਟਰ ਜਸਲੀਨ ਕੌਰ ਨੇ ਕਿਹਾ ਸਾਡੇ ਯੁਵਾ ਵਿਕਸਿਤ ਭਾਰਤ ਦੀ ਰੀੜ੍ਹ ਦੀ ਹੱਡੀ ਹਨ।

ਸਰਕਾਰੀ ਕਾਲਜ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤਾ ਗਿਆ ਨੁੱਕੜ ਨਾਟਕ ਨਸ਼ਿਆਂ ਦੇ ਨੁਕਸਾਨ ਨੂੰ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਦਰਸਾਉਂਦਾ ਸੀ। ਇਸ ਤੋਂ ਇਲਾਵਾ ਡਿਬੇਟ, ਸਲੋਗਨ ਰਾਈਟਿੰਗ, ਪੇਂਟਿੰਗ, ਸਲੈਮ ਪੋਇਟਰੀ, ਫੋਕ ਮਿਊਜ਼ਿਕ, ਡਾਂਸ ਅਤੇ ਰੀਲ ਮੁਕਾਬਲੇ ਕਰਵਾਏ ਗਏ। ਇਸ ਪ੍ਰੋਗਰਾਮ ਦੀ ਸਫਲਤਾ ਵਿੱਚ ਕਾਲਜ ਕੋਆਰਡੀਨੇਟਰ ਸ਼੍ਰੀ ਰਣਜੀਤ ਸਿੰਘ, ਕੋਆਰਡੀਨੇਟਰ ਅਤੇ ਪੂਰਾ ਕਾਲਜ ਪ੍ਰਬੰਧਨ ਦਾ ਵਿਸ਼ੇਸ਼ ਯੋਗਦਾਨ ਰਿਹਾ।

# ਕਿਰਤੀ ਕਿਸਾਨ ਯੂਨੀਅਨ ਬਲਾਕ ਮਹਿਤਪੁਰ ਦਾ ਅਜਲਾਸ ਸੰਪੰਨ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**— ਕਿਰਤੀ ਕਿਸਾਨ ਯੂਨੀਅਨ ਬਲਾਕ ਮਹਿਤਪੁਰ ਦੀਆਂ ਸਰਗਰਮੀਆਂ ਨੂੰ ਯੋਜਨਾ ਬੰਦ ਢੰਗ ਨਾਲ ਚਲਾ ਕੇ ਵੱਧ ਤੋਂ ਵੱਧ ਕਿਸਾਨਾਂ ਤੱਕ ਪਹੁੰਚ ਕਰਕੇ ਵਧ ਰਹੇ ਕਿਸਾਨੀ ਸੰਕਟ ਅਤੇ ਕਿਸਾਨ ਵੀਰਾਂ ਦੀ ਤੇਜ ਹੋ ਰਹੀ ਲੁੱਟ ਵਿਰੁੱਧ ਜਾਗਰਤ ਕਰਨ ਦਾ ਫੈਸਲਾ ਕੀਤਾ ਗਿਆ।ਅਜਲਾਸ ਪਿੰਡ ਉਧੋਵਾਲ ਵਿਖੇ



ਵੱਖ-ਵੱਖ ਪਿੰਡਾਂ ਦੀਆਂ ਚੁਣੀਆਂ ਹੋਈਆਂ ਕਮੇਟੀਆਂ ਦੀ ਭਰਵੀਂ ਹਾਜ਼ਰੀ ਵਿੱਚ ਆਯੋਜਿਤ ਕੀਤਾ ਗਿਆ।

ਸਮਾਗਮ ਦੀ ਸ਼ੁਰੂਆਤ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਆਗੂ ਰਜਿੰਦਰ ਸਿੰਘ ਮੰਡ ਵੱਲੋਂ ਆਏ ਹੋਏ ਡੈਲੀਗੇਟਾਂ ਦਾ ਨਿੱਘਾ ਸਵਾਗਤ ਨਾਲ ਸ਼ੁਰੂ ਹੋਇਆ ਪਿੰਡਾਂ ਤੋਂ ਪਹੁੰਚੇ ਆਗੂਆਂ ਨੇ ਜਥੇਬੰਦੀ ਦੀਆਂ ਹੁਣ ਤੱਕ ਦੀਆਂ ਪ੍ਰਾਪਤੀਆਂ ਅਤੇ ਕਮਜ਼ੋਰੀਆਂ 'ਤੇ ਖੁੱਲ੍ਹ ਕੇ ਚਰਚਾ ਕੀਤੀ ਅਤੇ ਆਉਣ ਵਾਲੇ ਸਮੇਂ ਵਿੱਚ ਜਥੇਬੰਧਕ ਤਾਕਤ ਨੂੰ ਹੋਰ ਮਜਬੂਤ ਕਰਨ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਗੁਰਕਮਲ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਮੌਜੂਦਾ ਸਿਆਸੀ ਹਾਲਤਾਂ ਅਤੇ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ, ਭਾਰਤ-ਅਮਰੀਕਾ ਦਰ ਮਿਆਨ ਤੈਅ ਹੋ ਰਿਹਾ ਮੁਫ਼ਤ ਵਪਾਰ ਸਮਝੌਤਾ, ਬਿਜਲੀ ਸੋਧ ਬਿਲ ਰਾਹੀਂ ਬਿਜਲੀ ਸੈਕਟਰ ਨੂੰ ਕਾਰਪੋਰੇਟਾਂ ਹਵਾਲੇ ਕਰਨ ਦੀਆਂ ਚਾਲਾਂ ਅਤੇ ਕਿਸਾਨਾਂ ਸਿਰ ਚੜ੍ਹੇ ਕਰਜ਼ਿਆਂ ਨੂੰ ਤੁਰੰਤ ਰੱਦ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਦਰਿਆਈ ਪਾਣੀਆਂ ਦੇ ਮਸਲੇ ਨੂੰ ਹੱਲ ਕਰਨ ਦੀ ਮੰਗ ਕਰਦਿਆਂ ਆਉਣ ਵਾਲੀ 1 ਸਤੰਬਰ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਚੰਡੀਗੜ੍ਹ ਵਿਖੇ ਲਗਾਏ ਜਾਣ ਵਾਲੇ ਮੋਰਚੇ ਲਈ ਕਿਸਾਨਾਂ ਨੂੰ ਵੱਧ-ਚੜ੍ਹ ਕੇ ਤਿਆਰੀਆਂ ਕਰਨ ਅਤੇ ਮੈਦਾਨ ਵਿੱਚ ਡਟਣ ਦਾ ਸੱਦਾ ਦਿੱਤਾ।ਇਜਲਾਸ ਦੌਰਾਨ ਨਵੀਂ ਕਮੇਟੀ ਦੀ ਚੋਣ ਵਿੱਚ ਸਰਬ ਸੰਮਤੀ ਨਾਲ ਬਚਨ ਸਿੰਘ ਸਾਬਕਾ ਸਰਪੰਚ ਨੂੰ ਬਲਾਕ ਪ੍ਰਧਾਨ, ਤਰਮਜੀਤ ਸਿੰਘ ਮਾਨ ਨੂੰ ਵਾਈਸ ਪ੍ਰਧਾਨ, ਮਨਜਿੰਦਰ ਸਿੰਘ ਮੰਡ ਨੂੰ ਕੈਸ਼ੀਅਰ, ਸਰਬਜੀਤ ਸਿੰਘ ਪੰਨੂ ਨੂੰ ਪ੍ਰੈੱਸ ਸਕੱਤਰ, ਸਤਨਾਮ ਸਿੰਘ ਨੂੰ ਸਕੱਤਰ, ਜਸਬੀਰ ਸਿੰਘ ਜੋਇੰਟ ਸਕੱਤਰ ਚੁਣਿਆ ਗਿਆ।

# ਸਕੂਲ ਦੇ ਕਮਰੇ ਦੀ ਉਸਾਰੀ ਲਈ ਐੱਨ ਆਰ ਆਈ ਵੀਰ ਵੱਲੋਂ ਸਾਢੇ ਤਿੰਨ ਲੱਖ ਰੁਪਏ ਦਾ ਚੈੱਕ ਭੇਟ



**ਦੁਸਾਂਝ ਕਲਾਂ, (ਸੁਰਿੰਦਰਪਾਲ ਕੁੱਕੂ)** ਪਿੰਡ ਦੁਸਾਂਝ ਕਲਾਂ ਦੇ ਜੰਮਪਲ ਐੱਨ ਆਰ ਆਈ ਭੁਪਿੰਦਰ ਸਿੰਘ ਦੁਸਾਂਝ ਪੁੱਤਰ ਜਰਨੈਲ ਸਿੰਘ ਦੁਸਾਂਝ, ਪੋਤਰੇ ਪਾਖਰ ਸਿੰਘ ਦੁਸਾਂਝ (ਹਵਿਰੇਕੀਆਂ) ਦੇ ਪਰਵਾਰ ਜੋ ਕਿ ਪਿੱਛਲੇ 55 ਸਾਲਾਂ ਤੋਂ ਵਿਦੇਸ਼ ਦੀ ਧਰਤੀ ਅਮਰੀਕਾ ਵਿਖੇ ਜਾਂ ਵਸੇ ਹੋਏ ਹਨ, ਉਨ੍ਹਾਂ ਵੱਲੋਂ ਗੁਰੂ ਹਰਿ ਰਾਇ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਪਿੰਡ ਦੁਸਾਂਝ ਕਲਾਂ ਦੇ ਵੱਡੇ ਹਾਲ ਦੇ ਨਾਲ ਲੱਗਦੇ ਕਮਰੇ ਦੀ ਛੱਤ ਬਹੁਤ ਜ਼ਿਆਦਾ ਖਰਾਬ ਹੋ ਜਾਣ ਕਾਰਨ ਉਸ ਨੂੰ ਢਾਹ ਕੇ ਨਵੀਂ ਛੱਤ ਬਣਾਉਣ ਨੂੰ ਲਈ ਸਕੂਲ ਨੂੰ 3 ਲੱਖ 50 ਹਜ਼ਾਰ ਰੁਪਏ ਦੀ ਰਾਸ਼ੀ ਭੇਟ ਕੀਤੀ ਗਈ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਨਰੇਸ਼ ਕੁਮਾਰ ਅਤੇ ਸਰਪੰਚ ਨਿਰਮਲ ਕੁਮਾਰ ਨੇ ਕਿਹਾ ਕਿ ਐੱਨ ਆਰ ਆਈ ਵੀਰਾਂ ਭੈਣਾਂ ਵੱਲੋਂ ਦਿੱਤੇ ਸਹਿਯੋਗ ਨਾਲ ਪਿੰਡ ਅਤੇ ਸਕੂਲ ਦਾ ਬਹੁਪੱਖੀ ਵਿਕਾਸ ਕਾਰਜਾਂ ਵਿਚ ਬੁਡਮੁੱਲਾ ਯੋਗਦਾਨ ਪਾਉਂਦੇ ਹਨ, ਇਨ੍ਹਾਂ ਵੱਲੋਂ ਦਿੱਤੇ ਸਹਿਯੋਗ ਲਈ ਤਹਿਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਨਰੇਸ਼ ਕੁਮਾਰ, ਸਰਪੰਚ ਨਿਰਮਲ ਕੁਮਾਰ ਨਵੀਂ, ਕਮਲਜੀਤ ਸਿੰਘ, ਸਕੂਲ ਮੈਨੇਜ਼ਮੈਂਟ ਕਮੇਟੀ ਦੇ ਪ੍ਰਧਾਨ ਮਹਿੰਦਰ ਸਿੰਘ ਦੁਸਾਂਝ, ਮੈਨੇਜਰ ਜਸਵਿੰਦਰ ਸਿੰਘ, ਉਪ ਪ੍ਰਧਾਨ ਤੇਜ਼ ਪਾਲ ਸਿੰਘ ਦੁਸਾਂਝ, ਸਕੱਤਰ ਨਰਿੰਦਰ ਬੰਗਾ ਤੋਂ ਇਲਾਵਾਂ ਸਮੂਹ ਕਮੇਟੀ ਮੈਂਬਰ ਅਤੇ ਸਕੂਲ ਸਟਾਫ ਮੈਂਬਰ ਆਦਿ ਹਾਜ਼ਰ ਸਨ ।

# ਤੀਜ ਦਾ ਤਿਉਹਾਰ ਮਨਾਇਆ

**ਆਦਮਪੁਰ, (ਪਰਮਜੀਤ ਸਿੰਘ)**- ਰੇਨਬੋ ਪਬਲਿਕ ਸਕੂਲ ਸਤੋਵਾਲੀ ਆਦਮਪੁਰ ਅਤੇ ਰੇਨਬੋ ਸਟਾਰਸ ਦੇ ਪ੍ਰਬੰਧਕ ਅਨਿਲ ਕੁਮਾਰ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਰਿਆਲੀ ਤੀਜ ਦੇ




ਸਬੰਧ ਵਿੱਚ ਤੀਆਂ ਦਾ ਤਿਉਹਾਰ ਬੜੀ ਧੂਮਧਾਮ ਅਤੇ ਖੁਸ਼ੀ ਦੇ ਨਾਲ ਮਨਾਇਆ ਗਿਆ ਜਿਸ ਦੀ ਪ੍ਰਧਾਨਗੀ ਮੈਨੇਜਰ ਜੋਧ ਸਿੰਘ ਡੋਗਰਾ ਅਤੇ ਪ੍ਰਿੰਸੀਪਲ ਸੰਧਿਆ ਮਹਿਤਾ ਦੇ ਦੁਆਰਾ ਕੀਤੀ ਗਈ। ਇਸ ਜਸ਼ਨ ਵਿੱਚ ਵਿਦਿਆਰਥੀਆਂ ਦੁਆਰਾ ਰੰਗਾਰੰਗ ਪ੍ਰੋਗਰਾਮ ਦੇ ਅੰਤਰਗਤ ਭੰਗੜਾ ਅਤੇ ਬੋਲੀਆਂ ਉੱਤੇ ਗਿੱਧਾ ਪੇਸ਼ ਕੀਤਾ ਗਿਆ ਅਤੇ ਨੰਨੇ ਮੁੰਨੇ ਬੱਚਿਆਂ ਨੇ ਸੱਭਿਆਚਾਰਕ ਪਹਿਰਾਵੇ ਵਿੱਚ ਮਾਡਲਿੰਗ ਕਰਕੇ ਸਭ ਨੂੰ ਪ੍ਰਭਾਵਿਤ ਕੀਤਾ। ਇਸ ਤਿਉਹਾਰ ਨੂੰ ਖਾਸ ਬਣਾਉਣ ਲਈ ਸਕੂਲ ਦੇ ਵਿਹੜੇ ਅਤੇ ਝੂਲਿਆਂ ਨੂੰ ਫੁੱਲਾਂ ਨਾਲ ਸਜਾਇਆ ਗਿਆ। ਅੰਤ ਵਿਚ ਸਕੂਲ ਦੇ ਮੈਨੇਜਰ ਅਤੇ ਪ੍ਰਿੰਸੀਪਲ ਦੁਆਰਾ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਦੱਸਿਆ ਗਿਆ ਕਿ ਇਸ ਤਰ੍ਹਾਂ ਦੇ ਤਿਉਹਾਰਾਂ ਤੋਂ ਬੱਚਿਆਂ ਨੂੰ ਸਿੱਖਿਆ ਮਿਲਦੀ ਹੈ ਅਤੇ ਬੱਚੇ ਭਾਰਤੀ ਸੱਭਿਆਚਾਰ ਤੋਂ ਜਾਣੂ ਹੁੰਦੇ ਹਨ ਜੋ ਕਿ ਦੁਨੀਆਂ ਦੀ ਮਹਾਨ ਸੰਸਕ੍ਰਿਤੀ ਹੈ।

# ਜਨਮ ਦਿਨ ਮੌਕੇ ਪੱਤਰਕਾਰਾਂ ਨੇ ਦਿੱਤਾ ਏਕਤਾ ਤੇ ਵਾਤਾਵਰਨ ਸੰਭਾਲ ਦਾ ਸੰਦੇਸ਼

**ਬੰਗਾ (ਅਵਤਾਰ ਕਲੇਰ)**- ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਸਬ ਡਿਵੀਜ਼ਨ ਬੰਗਾ ਦੇ ਪ੍ਰਧਾਨ ਮਨਜਿੰਦਰ ਸਿੰਘ ਅਤੇ ਜਨਰਲ ਸਕੱਤਰ ਧਰਮਵੀਰ ਪਾਲ ਨੇ ਆਪਣੇ ਜਨਮ ਦਿਨ ਮੌਕੇ ਮੰਦਰ ਮਾਤਾ ਨੈਣਾ ਦੇਵੀ ਵਿਖੇ ਬੂਟੇ ਲਗਾ ਕੇ ਵਾਤਾਵਰਨ ਸੰਭਾਲ ਅਤੇ ਪੱਤਰਕਾਰਾਂ ਦੀ ਏਕਤਾ ਦਾ ਸੰਦੇਸ਼ ਦਿੱਤਾ। ਪ੍ਰਧਾਨ ਮਨਜਿੰਦਰ ਸਿੰਘ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਪੱਤਰਕਾਰਾਂ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਜਿਹੇ ਹਾਲਾਤਾਂ ਵਿੱਚ ਪੱਤਰਕਾਰ ਭਾਈਚਾਰੇ ਦੀ ਏਕਤਾ, ਆਪਸੀ ਸਹਿਯੋਗ ਅਤੇ ਸੰਗਠਿਤ ਰਹਿਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜਨਮ ਦਿਨ ਨੂੰ ਸਮਾਜ ਅਤੇ ਕੁਦਰਤ ਦੀ ਭਲਾਈ ਲਈ ਕੋਈ ਚੰਗਾ ਕੰਮ ਕਰਕੇ ਮਨਾਉਣਾ ਚਾਹੀਦਾ ਹੈ। ਜਨਰਲ ਸਕੱਤਰ ਧਰਮਵੀਰ ਪਾਲ ਨੇ ਕਿਹਾ ਕਿ ਵਧ ਰਹੇ ਪ੍ਰਦੂਸ਼ਣ ਨੂੰ ਰੋਕਣ ਅਤੇ ਵਾਤਾਵਰਨ ਨੂੰ ਹਰਿਆ-ਭਰਿਆ ਬਣਾਉਣ ਲਈ ਹਰ ਵਿਅਕਤੀ ਨੂੰ ਵੱਧ ਤੋਂ ਵੱਧ ਬੂਟੇ ਲਗਾਉਣ ਅਤੇ ਉਨ੍ਹਾਂ ਦੀ ਸੰਭਾਲ ਕਰਨ ਦੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਅੰਤ ਵਿੱਚ ਯੂਨੀਅਨ ਆਗੂਆਂ ਨੇ ਲੋਕਾਂ ਨੂੰ ਵਾਤਾਵਰਨ ਸੁਰੱਖਿਆ ਅਤੇ ਸਮਾਜਿਕ ਏਕਤਾ ਲਈ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਸਮੂਹ ਪੱਤਰਕਾਰ ਭਾਈਚਾਰੇ ਵੱਲੋਂ ਮਨਜਿੰਦਰ ਸਿੰਘ ਅਤੇ ਧਰਮਵੀਰ ਪਾਲ ਨੂੰ ਜਨਮ ਦਿਨ ਦੀਆਂ ਨਿੱਘੀਆਂ ਸ਼ੁਭਕਾਮਨਾਵਾਂ ਵੀ ਦਿੱਤੀਆਂ ਗਈਆਂ। ਇਸ ਮੌਕੇ ਤੇ ਜਸਵੀਰ ਸਿੰਘ ਨੂਰਪੁਰ, ਡਾ. ਨਵਕਾਂਤ ਭਰੋਮੁਜਾਰਾ, ਸੁਰਿੰਦਰ ਸਿੰਘ ਕਰਮ ਲਧਾਣਾ, ਰਕੇਸ਼ ਅਰੋੜਾ, ਮਨੀਸ਼ ਚੁੱਘ, ਨਰਿੰਦਰ ਮਾਹੀ, ਪਰਵੀਰ ਅੱਬੀ, ਚੇਤ ਰਾਮ ਰਤਨ, ਬਿੱਟੂ ਭੱਟੀ, ਰਾਜ ਮਜਾਰੀ, ਨਛੱਤਰ ਸਿੰਘ ਬਹਿਰਾਮ, ਕੁਲਦੀਪ ਬੰਗਾ, ਸ਼ਕੁੰਤਲਾ ਸਰੋਆ, ਹਰਜਾਪ ਸਿੰਘ, ਮਨਜੀਤ ਸਿੰਘ ਜੱਬੋਵਾਲ, ਮਹਿੰਦਰ ਪਾਲ ਸਿੰਘ, ਸਰਬਜੀਤ ਸਿੰਘ ਚੱਕਰਾਮੂ,ਅਮਰੀਕ ਕਟਾਰੀਆ, ਸੁਖਜਿੰਦਰ ਸਿੰਘ,ਅਵਤਾਰ ਕਲੇਰ, ਜੀ ਚੰਨੀ ਪਠਲਾਵਾ, ਪ੍ਰੇਮ ਨਾਥ, ਪ੍ਰੇਮੀ ਸੰਧਵਾਂ, ਰਕੇਸ਼ ਆਨੰਦ, ਅਮਰੀਕ ਸਿੰਘ ਢੀਡਸਾ, ਚਰਨਜੀਤ ਸੱਲਾਂ, ਰੇਸ਼ਮ ਕਲੇਰ, ਗੁਰਜਿੰਦਰ ਸਿੰਘ ਗੁਰੂ, ਮੀਨਾਕਸ਼ੀ, ਮਨਪ੍ਰੀਤ ਕੌਰ, ਹਾਜ਼ਰ ਸਨ।



# ਵਿਕਾਸ ਕਾਰਜਾਂ ਨਾਲ ਚੰਦੇਲੀ ਦੀ ਬਦਲ ਰਹੀ ਹੈ ਤਸਵੀਰ : ਡਾ. ਈਸ਼ਾਂਕ ਕੁਮਾਰ

**ਹੁਸ਼ਿਆਰਪੁਰ, ਮੇਹਟਿਆਣਾ (ਬਲਵੀਰ ਸਿੰਘ ਸੈਣੀ, ਜਗਤਾਰ ਸਿੰਘ ਭੁੰਗਰਨੀ)** 'ਮੇਰਾ ਮੁੱਖ ਉਦੇਸ਼ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਦੇ ਹੋਏ ਸਮਾਜ ਦੇ ਹਰ ਵਰਗ ਲਈ ਬਿਹਤਰ ਨਾਗਰਿਕ ਸਹੂਲਤਾਂ ਉਪਲਬਧ ਕਰਵਾਉਣਾ ਹੈ', ਇਹ ਪ੍ਰਗਟਾਵਾ ਚੱਬੇਵਾਲ ਦੇ ਵਿਧਾਇਕ ਡਾ. ਈਸ਼ਾਂਕ ਕੁਮਾਰ ਨੇ ਆਪਣੇ ਹਾਲੀਆ ਚੰਦੇਲੀ ਦੌਰੇ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਪਿੰਡ ਚੰਦੇਲੀ ਅੱਜ ਚੱਬੇਵਾਲ ਹਲਕੇ ਵਿੱਚ ਪੇਂਡੂ ਵਿਕਾਸ ਦੀ ਇੱਕ ਨਵੀਂ ਮਿਸਾਲ ਬਣ ਕੇ ਉੱਭਰ ਰਿਹਾ ਹੈ, ਜਿੱਥੇ 1.11 ਕਰੋੜ ਰੁਪਏ ਤੋਂ ਵੱਧ ਦੇ ਵਿਕਾਸ ਕਾਰਜ ਮੁਕੰਮਲ ਹੋ ਚੁੱਕੇ ਹਨ ਜਾਂ ਤੇਜ਼ੀ ਨਾਲ ਚੱਲ ਰਹੇ ਹਨ।ਇਸ ਮੌਕੇ ਵਿਧਾਇਕ ਨੇ ਸੰਤ ਰਮੇਸ਼ ਦਾਸ ਸ਼ੇਰਪੁਰ ਢੱਕੋਂ ਤੋਂ ਡਾ. ਭੀਮ ਰਾਓ ਅੰਬੇਡਕਰ ਕਮਿਊਨਿਟੀ ਹਾਲ ਦਾ ਨੀਂਹ ਪੱਥਰ ਰਖਵਾਇਆ।ਉਨ੍ਹਾਂ ਦੱਸਿਆ ਕਿ ਇਸ ਕਮਿਊਨਿਟੀ ਹਾਲ ਦੇ ਨਿਰਮਾਣ ਲਈ 5 ਲੱਖ ਰੁਪਏ ਦੀ ਗ੍ਰਾਂਟ ਮਨਜ਼ੂਰ ਕੀਤੀ ਗਈ ਹੈ, ਜੋ ਪਿੰਡ ਦੇ ਸਮਾਜਿਕ ਅਤੇ ਭਾਈਚਾਰਕ ਸਮਾਗਮਾਂ ਲਈ ਇੱਕ ਮਹੱਤਵਪੂਰਨ ਸਹੂਲਤ ਸਾਬਤ ਹੋਵੇਗੀ।ਡਾ. ਈਸ਼ਾਂਕ ਕੁਮਾਰ ਨੇ ਜਾਣਕਾਰੀ ਦਿੱਤੀ ਕਿ ਮਾਹਿਲਪੁਰ-ਹੁਸ਼ਿਆਰਪੁਰ ਮੁੱਖ ਸੜਕ ਤੋਂ ਚੰਦੇਲੀ ਤੱਕ 1.53 ਕਿਲੋਮੀਟਰ ਲੰਬੀ ਸੜਕ ਦਾ ਨਿਰਮਾਣ 50.13 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਕਰ ਦਿੱਤਾ ਗਿਆ ਹੈ, ਜਿਸ ਨਾਲ ਪਿੰਡ ਵਾਸੀਆਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਹੋਈ ਹੈ। ਉਨ੍ਹਾਂ ਦੱਸਿਆ ਕਿ ਪਿੰਡ ਵਿੱਚ 17 ਲੱਖ ਰੁਪਏ ਦੀ ਲਾਗਤ ਨਾਲ ਗਲੀਆਂ ਅਤੇ ਨਾਲੀਆਂ ਦੇ ਨਿਰਮਾਣ ਲਈ ਗ੍ਰਾਂਟ ਜਾਰੀ ਕੀਤੀ ਗਈ, ਜਿਸ ਨਾਲ ਸਫ਼ਾਈ ਪ੍ਰਬੰਧ ਵਿੱਚ ਸੁਧਾਰ ਆਇਆ ਹੈ ਅਤੇ ਆਵਾਜਾਈ ਹੋਰ ਸੁਖਾਲੀ ਬਣੀ ਹੈ। ਇਸ ਤੋਂ ਇਲਾਵਾ 3 ਲੱਖ ਰੁਪਏ ਦੀ ਲਾਗਤ ਨਾਲ ਧਰਮਸ਼ਾਲਾ ਦਾ ਨਿਰਮਾਣ ਵੀ ਮੁਕੰਮਲ ਹੋ ਚੁੱਕਾ ਹੈ ਪਿੰਡ ਦੇ ਨੌਜਵਾਨਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ 35.74 ਲੱਖ ਰੁਪਏ ਦੀ ਲਾਗਤ ਨਾਲ ਆਧੁਨਿਕ ਖੇਡ ਮੈਦਾਨ ਦਾ ਨਿਰਮਾਣ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਡਾ. ਈਸ਼ਾਂਕ ਕੁਮਾਰ ਨੇ ਕਿਹਾ, ਸਾਡਾ ਟੀਚਾ ਹਰ ਪਿੰਡ ਵਿੱਚ ਮਜ਼ਬੂਤ ਸੜਕਾਂ, ਬਿਹਤਰ ਸਫ਼ਾਈ ਪ੍ਰਬੰਧ, ਉੱਚ ਪੱਧਰੀ ਜਨਤਕ ਸਹੂਲਤਾਂ ਅਤੇ ਨੌਜਵਾਨਾਂ ਲਈ ਆਧੁਨਿਕ ਖੇਡ ਤੇ ਭਾਈਚਾਰਕ ਢਾਂਚਾ ਉਪਲਬਧ ਕਰਵਾਉਣਾ ਹੈ।ਇਸ ਮੌਕੇ ਪੰਚ ਬਰਖਾ ਪਵਾਰ, ਪੰਚ ਜਸਵਿੰਦਰ ਸਿੰਘ, ਪੰਚ ਬਗੀਚਾ ਸਿੰਘ, ਪੰਚ ਰਾਮ ਲੁਭਾਇਆ, ਜੀਵਨ ਕੁਮਾਰ, ਅਮਰਜੀਤ ਕੌਰ, ਸੁਰਿੰਦਰ ਸਿੰਘ ਗੋਹਗਰੋਂ, ਭਜਨ ਸਿੰਘ, ਹਰਬੰਸ ਸਿੰਘ, ਮਨਪ੍ਰੀਤ ਸਿੰਘ, ਰਾਜੇਸ਼ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।



# ਸਿਵਲ ਸਰਜਨ ਵੱਲੋਂ ਡੀ-ਵਾਰਮਿੰਗ ਜਾਗਰੂਕਤਾ ਪੋਸਟਰ ਰਿਲੀਜ਼



**ਫਗਵਾੜਾ (ਡਾ. ਰਮਨ)** ਸਿਵਲ ਸਰਜਨ ਕਪੂਰਥਲਾ ਡਾ. ਰਾਜੀਵ ਪਰਾਸ਼ਰ ਵੱਲੋਂ ਡੀ-ਵਾਰਮਿੰਗ ਸੰਬੰਧੀ ਜਾਗਰੂਕਤਾ ਪੋਸਟਰ ਰਿਲੀਜ਼ ਕੀਤਾ ਗਿਆ।ਇਸ ਮੌਕੇ ਉਨ੍ਹਾਂ ਦੱਸਿਆ ਕਿ 10 ਅਗਸਤ ਨੂੰ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਵਿੱਚ ਬੱਚਿਆਂ ਨੂੰ ਪੇਟ ਦੇ ਕੀੜਿਆਂ ਤੋਂ ਮੁਕਤੀ ਲਈ ਅਲਬੈਂਡਾਜ਼ੋਲ ਦੀਆਂ ਗੋਲੀਆਂ ਖਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਜਿਹੜੇ ਬੱਚੇ ਕਿਸੇ ਕਾਰਨ 10 ਅਗਸਤ ਨੂੰ ਦਵਾਈ ਨਹੀਂ ਲੈ ਸਕਣਗੇ, ਉਨ੍ਹਾਂ ਨੂੰ 17 ਅਗਸਤ ਨੂੰ ਮੋਪ-ਅੱਪ ਰਾਊਂਡ ਦੌਰਾਨ ਅਲਬੈਂਡਾਜ਼ੋਲ ਦੀ ਗੋਲੀ ਦਿੱਤੀ ਜਾਵੇਗੀ।ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਵਿੱਚ ਸਹਿਯੋਗ ਕਰਦੇ ਹੋਏ ਆਪਣੇ ਬੱਚਿਆਂ ਨੂੰ ਦਵਾਈ ਜ਼ਰੂਰ ਦਿਵਾਉਣ। ਪੋਸਟਰ ਰਿਲੀਜ਼ ਮੌਕੇ ਡੀਆਈਓ ਡਾ. ਰਣਦੀਪ ਸਿੰਘ, ਡਾ. ਰਾਜੀਵ ਭਗਤ, ਡਿਪਟੀ ਮਾਸ ਮੀਡੀਆ ਅਫ਼ਸਰ ਸ਼ਰਨਦੀਪ ਸਿੰਘ, ਸੁਖਦਿਆਲ ਸਿੰਘ, ਆਰਬੀਐਸਕੇ ਕੋਆਰਡੀਨੇਟਰ ਰਣਜੀਤ ਕੌਰ, ਬੀ ਸੀ ਸੀ ਕੋਆਰਡੀਨੇਟਰ ਜੋਤੀ ਅਨੰਦ, ਫਾਰਮੇਸੀ ਅਫ਼ਸਰ ਅਮਰਿੰਦਰਜੀਤ ਸਿੰਘ, ਰਜਨੀ ਬਾਲਾ ਅਤੇ ਗੁਰਵਿੰਦਰ ਕੁਮਾਰ ਆਦਿ ਹਾਜ਼ਰ ਸਨ।

# ਕੁਲਵੰਤ ਸਿੰਘ ਹੋਰਾਂ ਅੰਮ੍ਰਿਤਸਰ ਸਾਹਿਬ ਲਈ 3 ਬੱਸਾਂ ਨੂੰ ਹਰੀ ਝੰਡੀ

**ਮੋਹਾਲੀ (ਗੁਰਜੀਤ ਬਿੱਲਾ)** ਵਿਧਾਇਕ ਕੁਲਵੰਤ ਸਿੰਘ ਨੇ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਲਈ ਬੱਸਾਂ ਨੂੰ ਹਰੀ ਝੰਡੀ ਦੇਣ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਅੱਜ ਮੋਹਾਲੀ ਤੋਂ 103, 104 ਅਤੇ 105ਵੀਂ ਬੱਸਾਂ ਨੂੰ ਜੋ ਕਿ ਮਟੌਰ ਅਤੇ ਸੈਕਟਰ 70 ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਤੀਰਥ ਸਥਾਨਾਂ ਦੇ ਲਈ ਰਵਾਨਾ ਕੀਤਾ ਗਿਆ ਹੈ, ਜੋ ਕਿ ਸਾਡੇ ਲਈ ਬੇਹੱਦ ਸਕੂਨ ਅਤੇ ਤਸੱਲੀ ਭਰੀ ਗੱਲ ਹੈ, ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਇਹ ਯਾਤਰਾ ਕਦੇ ਵੀ ਬੰਦ ਨਹੀਂ ਹੋਵੇਗੀ ਅਤੇ ਨਾ ਹੀ ਔਰਤਾਂ ਦੇ ਖਾਤੇ ਵਿੱਚ ਪੈਸੇ ਆਉਣੇ ਬੰਦ ਹੋਣਗੇ, ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ ਸ਼੍ਰੀ ਅੰਮ੍ਰਿਤਸਰ ਸਾਹਿਬ ਦੀ ਯਾਤਰਾ ਦੇ ਲਈ ਸੰਗਤ ਦੇ ਰੂਪ ਵਿੱਚ ਜਾਣ ਦੇ ਲਈ ਲੋਕਾਂ ਵਿੱਚ ਭਾਰੀ ਉਤਸਾਹ ਪਾਇਆ ਜਾ ਰਿਹਾ ਹੈ ਅਤੇ ਰਜਿਸਟਰੇਸ਼ਨ ਦਾ ਕੰਮ ਜਿਨਾਂ ਪ੍ਰਤੀ ਦਿਨ ਵੱਧਦਾ ਜਾ ਰਿਹਾ ਹੈ।



# ਸ੍ਰੀ ਗੁਰੂ ਰਵਿਦਾਸ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਮੈਰਾਥਨ ਦੌੜ 11 ਨੂੰ

**ਨਵਾਂਸ਼ਹਿਰ (ਮਨੋਜ ਲਾਡੀ)**- ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ 11 ਅਗਸਤ ਨੂੰ ਮੈਰਾਥਨ ਦੌੜ ਕਰਵਾਈ ਜਾਵੇਗੀ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦਿੰਦਿਆਂ ਦੱਸਿਆ ਕਿ ਇਸ ਮੈਰਾਥਨ ਦਾ ਉਦੇਸ਼ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੇ ਨਾਲ-ਨਾਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਸਮਾਨਤਾ, ਭਾਈਚਾਰਕ ਸਾਂਝ ਅਤੇ ਨਸ਼ਾ ਮੁਕਤ ਸਮਾਜ ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾਉਣਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੈਰਾਥਨ 11 ਅਗਸਤ ਨੂੰ ਸਵੇਰੇ 6:00 ਵਜੇ ਆਈ.ਟੀ.ਆਈ. ਗਰਾਊਂਡ ਨਵਾਂਸ਼ਹਿਰ ਤੋਂ ਸ਼ੁਰੂ ਹੋਵੇਗੀ। ਦੌੜ ਚੰਡੀਗੜ੍ਹ ਰੋਡ ਹੁੰਦੀ ਹੋਈ ਸ਼ੂਗਰ ਮਿੱਲ ਚੌਕ ਤੱਕ ਜਾਵੇਗੀ ਅਤੇ ਉੱਥੋਂ ਯੂ-ਟਰਨ ਲੈ ਕੇ ਵਾਪਸ ਆਈ.ਟੀ.ਆਈ. ਗਰਾਊਂਡ ਵਿਖੇ ਹੀ ਸਮਾਪਤ ਹੋਵੇਗੀ। ਮੈਰਾਥਨ ਦੇ ਸਫਲ ਆਯੋਜਨ ਲਈ ਪੁਲਿਸ, ਸਿਹਤ, ਸਿੱਖਿਆ ਅਤੇ ਸਿਵਲ ਸਪਲਾਈ ਵਿਭਾਗਾਂ ਨੂੰ ਲੋੜੀਂਦੇ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਮੈਰਾਥਨ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਖਿਡਾਰੀਆਂ ਨੂੰ ਨਕਦ ਇਨਾਮ ਅਤੇ ਮੈਡਲ ਦੇ ਕੇ ਸਨਮਾਨਤ ਕੀਤਾ ਜਾਵੇਗਾ।

## ਜਨਮ ਦਿਨ ਮੁਬਾਰਕ


ਬਖਸ਼ੀਸ਼ ਕੌਰ


ਹਰਗੁਨਪ੍ਰੀਤ ਸਿੰਘ ਚੀਮਾ ਔਜਲਾ ਬਸ਼ਲ


ਜਪਸਿਮਰਨ ਕੌਰ ਬਰਨਾਲਾ

# ਮਾਨ ਸਰਕਾਰ ਵੱਲੋਂ 3 ਲੱਖ ਪ੍ਰਵਾਸੀਆਂ ਦੇ ਰਾਸ਼ਨ ਕਾਰਡ ਨਹੀਂ ਬਣਨ ਦਿਆਂਗੇ : ਸਮੂਹ ਜਥੇਬੰਦੀਆਂ

**ਮਾਹਿਲਪੁਰ, ਹੁਸ਼ਿਆਰਪੁਰ (ਜਗਤਾਰ ਸਿੰਘ ਭੁੰਗਰਨੀ, ਬਲਵੀਰ ਸਿੰਘ ਸੈਣੀ)** ਪੰਜਾਬ ਦੀ ਧਰਤੀ 'ਤੇ ਪੰਜਾਬ ਸਰਕਾਰ ਵੱਲੋਂ ਗੈਰ-ਪੰਜਾਬੀਆਂ ਦਾ ਗਲਬਾ ਪਾਉਣ ਦੀ ਨਾਪਾਕ ਸਾਜ਼ਿਸ਼ ਅਧੀਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 3 ਲੱਖ ਸਰਕਾਰ ਕੇਂਦਰ ਸਰਕਾਰ ਦੇ ਹੁਕਮਾਂ ਅਧੀਨ ਪੰਜਾਬ ਦੀ ਧਰਤੀ 'ਤੇ ਪ੍ਰਵਾਸੀਆਂ ਨੂੰ ਵਸਾਉਣ ਅਤੇ ਪੰਜਾਬ ਦੇ ਲੋਕਾਂ ਨੂੰ ਪੰਜਾਬ ਦੀ ਧਰਤੀ 'ਤੇ ਘੱਟ-ਗਿਣਤੀ ਕਰਨ ਵਿੱਚ ਲੱਗੀ ਹੋਈ ਹੈ, ਜਿਸ ਤਹਿਤ ਵੱਖ-ਵੱਖਰੀਆਂ ਪੰਜਾਬ ਮਾਰੂ ਨੀਤੀਆਂ ਪੰਜਾਬ ਦੀ ਧਰਤੀ 'ਤੇ ਪੱਕੇ ਤੌਰ 'ਤੇ ਵਸਾਇਆ ਜਾਵੇ।ਪੰਜਾਬ ਦੀ ਧਰਤੀ 'ਤੇ ਪ੍ਰਵਾਸੀ ਲੋਕਾਂ ਦੀ ਵਧ ਰਹੀ ਗਿਣਤੀ ਚਿੰਤਾ ਦਾ ਵਿਸ਼ਾ ਹੈ ਅਤੇ ਪੰਜਾਬ ਦਾ ਭਵਿੱਖ ਖ਼ਤਰੇ ਵਿੱਚ ਦਿਖਾਈ ਦੇ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਾਸੇ ਇਨ੍ਹਾਂ ਕਦਮਾਂ ਵਿੱਚ ਸਾਂਝੀ ਰਿਵੀਜ਼ਤਰਤ ਕਰਕੇ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਵੱਡੇ ਪੱਧਰ 'ਤੇ ਸਰਕਾਰ ਦੀ ਇਸ ਨਾਪਾਕ ਨੀਤੀ ਦਾ ਵਿਰੋਧ ਕੀਤਾ ਜਾਵੇਗਾ।

ਇਸ ਮੌਕੇ ਮਿਸਲ ਪੰਜ-ਆਬ ਤੋਂ ਗੁਰਪ੍ਰੀਤ ਸਿੰਘ ਖੁੱਡਾ, ਜਸਵੀਰ ਸਿੰਘ ਸੀਕਰੀ, ਆਵਾਜ਼-ਏ-ਕੌਮ ਤੋਂ ਨੋਬਲਜੀਤ ਸਿੰਘ ਬੁੱਲ੍ਹੋਵਾਲ, ਨਰੇਸ਼ ਚੌਧਰੀ ਕ੍ਰਿਸ਼ਨਨ ਫਰੰਟ ਪੰਜਾਬ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੋਂ ਗੁਰਦੀਪ ਸਿੰਘ ਖੁਣਖੁਣ, ਗੁਰਨਾਮ ਸਿੰਘ ਸਿੰਗੜੀਵਾਲਾ, ਹਰਵਿੰਦਰ ਸਿੰਘ ਹੀਰਾ, ਸ਼ਹੀਦ ਭਗਤ ਸਿੰਘ ਵੈਲਫੇਅਰ ਸੁਸਾਇਟੀ ਤੋਂ ਰਵਿੰਦਰ ਸਿੰਘ ਕਾਹਲੋਂ, ਡਾ. ਹਰਜੀਤ ਸਿੰਘ, ਅਮਰਜੀਤ ਸਿੰਘ ਨਿੱਝਰ, ਬਾਬਾ ਬੂਟਾ ਸਿੰਘ ਮਸਾਣੀਆਂ, ਬਾਬਾ ਉਂਕਾਰ ਸਿੰਘ, ਕਮਲਜੀਤ ਸਿੰਘ ਦਿਓਵਾਲ, ਪਰਮਜੀਤ ਸਿੰਘ ਪਿੰਕੂ, ਅਮਰਜੀਤ ਸਿੰਘ ਹੁਸ਼ਿਆਰਪੁਰ, ਪਰਮਜੀਤ ਸਿੰਘ ਹੁਸ਼ਿਆਰਪੁਰ, ਗੁਰਬਾਜ਼ ਸਿੰਘ ਜਲਹੂਰ, ਜਸਪਾਲ ਸਿੰਘ ਬਾਰਕਪੁਰ, ਹਰਜਿੰਦਰ ਸਿੰਘ ਗਿੱਲਾਂ ਆਦਿ ਹਾਜ਼ਰ ਸਨ।



ਪ੍ਰਵਾਸੀਆਂ ਦੇ ਰਾਸ਼ਨ ਕਾਰਡ ਬਣਾਉਣ ਦੇ ਐਲਾਨ ਦਾ ਭਾਰੀ ਵਿਰੋਧ ਕਰਦਿਆਂ ਹੋਇਆਂ ਸਮੂਹ ਸਿੱਖ, ਕਿਸਾਨ ਅਤੇ ਸਮਾਜਿਕ ਜਥੇਬੰਦੀਆਂ ਵੱਲੋਂ ਗੁਰਦੁਆਰਾ ਸਿੰਘ ਸਭਾ, ਰੇਲਵੇ ਰੋਡ, ਹੁਸ਼ਿਆਰਪੁਰ ਤੋਂ ਬੱਸ ਸਟੈਂਡ ਹੁਸ਼ਿਆਰਪੁਰ ਤੱਕ ਵਿਰੋਧ ਪ੍ਰਦਰਸ਼ਨ ਕੀਤਾ ਗਿਆ।ਜਥੇਬੰਦੀਆਂ ਦੇ ਆਗੂਆਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਦੀ ਧਰਤੀ 'ਤੇ ਬਾਹਰੀਆਂ ਅਧੀਨ ਨਾਪਾਕ ਸਾਜ਼ਿਸ਼ ਰਚ ਰਹੀ ਹੈ ਅਤੇ ਪੰਜਾਬ ਲਿਆਉਂਦਿਆਂ ਜਾ ਰਹੀਆਂ ਹਨ, ਜਿਸ ਨਾਲ ਪੰਜਾਬ ਨੂੰ ਆਰਥਿਕ, ਰਾਜਨੀਤਿਕ, ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਤੌਰ 'ਤੇ ਕਮਜ਼ੋਰ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਗੱਲ ਸਿਰਫ਼ ਪ੍ਰਵਾਸੀਆਂ ਦੇ ਰਾਸ਼ਨ ਕਾਰਡ ਬਣਨ ਦੀ ਨਹੀਂ ਹੈ, ਗੱਲ ਪੰਜਾਬ ਦੇ ਸਾਧਨਾਂ 'ਤੇ ਸਿੱਧਾ ਡਾਕਾ ਮਾਰਨ ਤੇ ਲੁੱਟ-ਕਸੁੱਟ ਦੀ ਹੈ।ਪ੍ਰਵਾਸੀਆਂ ਦੇ 3 ਲੱਖ ਰਾਸ਼ਨ ਕਾਰਡ ਬਣਾਉਣ ਪਿੱਛੇ ਪੰਜਾਬ ਸਰਕਾਰ ਦੀ ਮਨਸ਼ਾ ਹੈ ਕਿ 20-25 ਲੱਖ ਦੇ ਕਰੀਬ ਪ੍ਰਵਾਸੀਆਂ ਨੂੰ

# ਮਾਣਭੱਤੇ 'ਚ ਵਾਧੇ ਦੀ ਮੰਗ ਨੂੰ ਲੈ ਕੇ ਆਂਗਣਵਾੜੀ ਵਰਕਰਾਂ ਨੇ ਸਰਕਾਰ ਨੂੰ ਦਿੱਤੀ ਚੇਤਾਵਨੀ



**ਜਲੂਰ (ਕਰਨੈਲ ਮੰਗਟ)**- ਜੁਝਾਰੂ ਆਂਗਣਵਾੜੀ ਵਰਕਰ/ਹੈਲਪਰ ਯੂਨੀਅਨ ਪੰਜਾਬ ਦੀ ਇੱਕ ਆਨਲਾਈਨ ਮੀਟਿੰਗ ਸੂਬਾ ਪ੍ਰਧਾਨ ਹੀਮਾ ਰਾਣੀ ਦੀ ਅਗਵਾਈ ਹੇਠ ਹੋਈ।ਮੀਟਿੰਗ ਦਾ ਮੁੱਖ ਏਜੰਡਾ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਦੇ ਮਾਣਭੱਤੇ ਵਿੱਚ ਵਾਧੇ ਦੀ ਮੰਗ ਸੀ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਬਲਾਕ ਜਲੂਰ ਦੀ ਪ੍ਰਧਾਨ ਜਸਵੀਰ ਕੌਰ ਨੇ ਦੱਸਿਆ ਕਿ ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਸੂਬਾ ਪ੍ਰਧਾਨ ਹੀਮਾ ਰਾਣੀ ਨੇ ਦੱਸਿਆ ਕਿ 23 ਜੁਲਾਈ ਨੂੰ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਹੋਈ ਮੀਟਿੰਗ ਦੌਰਾਨ ਉਨ੍ਹਾਂ ਵੱਲੋਂ ਭਰੋਸਾ ਦਿੱਤਾ ਗਿਆ ਸੀ ਕਿ ਯੂਨੀਅਨ ਦੇ ਵਫ਼ਦ ਦੀ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕਰਵਾਈ ਜਾਵੇਗੀ।

ਪਰੰਤੂ 15 ਦਿਨ ਬੀਤ ਜਾਣ ਦੇ ਬਾਵਜੂਦ ਅਜੇ ਤੱਕ ਮੁੱਖ ਮੰਤਰੀ ਨਾਲ ਮੀਟਿੰਗ ਦਾ ਸਮਾਂ ਨਹੀਂ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਜੇਕਰ ਅਗਲੇ ਹਫ਼ਤੇ ਤੱਕ ਮੁੱਖ ਮੰਤਰੀ ਨਾਲ ਮੀਟਿੰਗ ਦਾ ਸਮਾਂ ਨਹੀਂ ਮਿਲਦਾ ਤਾਂ ਜੁਝਾਰੂ ਆਂਗਣਵਾੜੀ ਵਰਕਰ/ਹੈਲਪਰ ਯੂਨੀਅਨ ਵੱਲੋਂ 18 ਅਗਸਤ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਸੰਗਰੂਰ ਵਿੱਚ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ, ਜਿਸ ਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਆਨਲਾਈਨ ਮੀਟਿੰਗ ਵਿੱਚ ਸੂਬਾ ਪ੍ਰਧਾਨ ਹੀਮਾ ਰਾਣੀ ਤੋਂ ਇਲਾਵਾ ਸ਼ਿੰਦਰਪਾਲ ਕੌਰ, ਜਸਵੀਰ ਕੌਰ ਜਲੂਰ, ਸਤਵੰਤ ਕੌਰ, ਜਸਵੰਤ ਕੌਰ, ਬਲਜੀਤ ਕੌਰ, ਸਰਬਜੀਤ ਕੌਰ ਮਹਿਰਾਜ ਜਸਵੀਰ ਕੌਰ ਬਠਿੰਡਾ ਤੋਂ ਹੋਰ ਆਗੂ ਹਾਜ਼ਰ ਸਨ।

## ਸਾਉਣ ਕਵੀ ਦਰਬਾਰ ਅੱਜ



**ਚੰਡੀਗੜ੍ਹ (ਗੁਰਜੀਤ ਸੁਮਨ)** ਪੰਜਾਬੀ ਲੇਖਕ ਸਭਾ (ਰਜਿ.), ਚੰਡੀਗੜ੍ਹ ਵੱਲੋਂ ਪੰਜਾਬ ਕਲਾ ਪਰਿਸ਼ਦ ਦੇ ਸਹਿਯੋਗ ਨਾਲ 09 ਅਗਸਤ, 2026, ਦਿਨ ਐਤਵਾਰ ਨੂੰ ਸਵੇਰੇ 10.30 ਵਜੇ ਪੰਜਾਬ ਕਲਾ ਭਵਨ, ਸੈਕਟਰ 16, ਚੰਡੀਗੜ੍ਹ ਵਿਖੇ ਸਾਉਣ ਕਵੀ ਦਰਬਾਰ ਕਰਵਾਇਆ ਜਾ ਰਿਹਾ ਹੈ। ਸਭਾ ਦੇ ਪ੍ਰਧਾਨ ਦੀਪਕ ਸ਼ਰਮਾ ਚਨਾਰਥਲ ਅਤੇ ਜਨਰਲ ਸਕੱਤਰ ਭੁਪਿੰਦਰ ਮਲਿਕ ਨੇ ਸਮੂਹ ਸਾਹਿਤਕਾਰਾਂ ਅਤੇ ਪਾਠਕਾਂ ਨੂੰ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਹੈ।

## 'ਪਿੰਡ ਬਚਾਓ, ਪੰਜਾਬ ਬਚਾਓ' ਮੁਹਿੰਮ ਤਹਿਤ ਕਨਵੈਨਸ਼ਨ 14 ਨੂੰ



**ਫਗਵਾੜਾ (ਰਾਮ ਲਾਲ)** ਇੱਥੇ 'ਪਿੰਡ ਬਚਾਓ, ਪੰਜਾਬ ਬਚਾਓ' ਮੁਹਿੰਮ ਦੀ ਮੀਟਿੰਗ ਸਾਬੀ ਕਰਨ ਸਿੰਘ ਰਾਣਾ, ਸੁਖਵੀਰ ਆਗੂ ਭਾਈ ਲਾਲੋ ਮੰਚ ਮੰਚ ਪੰਜਾਬ ਦੀ ਅਗਵਾਈ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸੀਨੀਅਰ ਪੱਤਰਕਾਰ ਹਮੀਰ ਸਿੰਘ ਨੇ ਕਿਹਾ ਕਿ ਪਿੰਡਾਂ ਦੀ ਜਵਾਨੀ ਅਤੇ ਜ਼ਮੀਨ 'ਤੇ ਪੂੰਜੀਪਤੀ ਕਾਰਪੋਰੇਟ ਨੇ ਤਿੱਖਾ ਹਮਲਾ ਕੀਤਾ ਹੋਇਆ ਹੈ। ਮਾਰੂ ਨਸ਼ੇ ਅਤੇ ਗੈਂਗਵਾਦ ਜਵਾਨੀ ਨੂੰ ਤਬਾਹ ਕਰ ਰਹੇ ਹਨ ਅਤੇ ਲੋਕਾਂ ਦਾ ਧਨ ਹਨ।ਕਾਰਪੋਰੇਟ ਘਰਾਣਿਆਂ ਦੀਆਂ ਸਰਕਾਰਾਂ ਲਗਾਤਾਰ ਨਿਵੇਸ਼ਕਾਂ ਦੇ ਪੱਖ ਵਿੱਚ ਫ਼ੈਸਲੇ ਲੈ ਰਹੀਆਂ ਹਨ, ਜਿਸ ਨਾਲ ਪਿੰਡਾਂ ਦੀਆਂ ਜ਼ਮੀਨਾਂ ਅਤੇ ਕਿਸਾਨੀ ਨੂੰ ਬਰਬਾਦ ਕਰ ਰਹੀਆਂ ਹਨ।ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਪੈਦਾ ਵਾਲੇ ਧਨ ਦਾ ਵੱਡਾ ਹਿੱਸਾ ਬਾਹਰ ਜਾ ਰਿਹਾ ਹੈ। ਲੋਕਾਂ ਨੂੰ ਵੱਡੀ ਸਾਜ਼ਿਸ਼ ਤਹਿਤ ਪ੍ਰਵਾਸ ਵੱਲ ਧੱਕਿਆ ਜਾ ਰਿਹਾ ਹੈ। ਕਿ ਮੁਕਤ ਵਪਾਰ ਸਮਝੌਤਿਆਂ ਨਾਲ ਪੰਜਾਬ ਦੀ ਖੇਤੀ ਤਬਾਹ ਹੋਵੇਗੀ। ਲੋਕਾਂ ਦੇ ਹੱਕਾਂ ਦੇ ਹੱਕੀ ਆਵਾਜ਼ ਉਠਾਉਣ ਵਾਲੀਆਂ ਤਾਕਤਾਂ ਨੂੰ ਦਬਾਉਣ ਲਈ ਕਾਨੂੰਨ ਬਣਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ 14 ਅਗਸਤ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪਿੰਡ ਬਚਾਓ ਪੰਜਾਬ ਬਚਾਓ ਮੁਹਿੰਮ ਤਹਿਤ ਵਿਸ਼ਾਲ ਕਨਵੈਨਸ਼ਨ ਕੀਤੀ ਜਾ ਰਹੀ ਹੈ। ਇਸ ਮੌਕੇ ਕਰਨ ਸਿੰਘ ਰਾਣਾ, ਕਰਨੈਲ ਸਿੰਘ, ਹਰਦੀਪ ਗਹੂਣ, ਹਰਪਾਲ ਸਿੰਘ, ਕਰਨੈਲ ਸਿੰਘ ਭੱਲਾ, ਦੀਦਾਰ ਸਿੰਘ ਭਰਥਲਾ, ਅਭੀ ਸਿੰਘ ਤੇ ਵਿਨੋਦ ਚੌਪੜਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

# ਪੰਜਾਬ ਦੇ ਮੁੱਦਿਆਂ ਨੂੰ ਲੈ ਕੇ 'ਪਿੰਡ ਬਚਾਓ, ਪੰਜਾਬ ਬਚਾਓ' ਮੁਹਿੰਮ ਦੀ ਮੀਟਿੰਗ

**ਬਲਾਚੌਰ (ਜਸਵਿੰਦਰ ਬੈਂਸ)**- 'ਪਿੰਡ ਬਚਾਓ, ਪੰਜਾਬ ਬਚਾਓ' ਮੁਹਿੰਮ ਤਹਿਤ ਕਾਠਗੜ੍ਹ ਵਿਖੇ ਇੱਕ ਅਹਿਮ ਮੀਟਿੰਗ ਹੋਈ। ਇਹ ਮੀਟਿੰਗ ਸੁਬਾਈ ਆਗੂ ਕਰਨ ਸਿੰਘ ਰਾਣਾ ਅਤੇ ਭਾਈ ਲਾਲੋ ਲੋਕ ਮੰਚ ਪੰਜਾਬ ਦੀ ਅਗਵਾਈ ਹੇਠ ਕਰਵਾਈ ਗਈ, ਜਿਸ ਵਿੱਚ ਪੰਜਾਬ ਦੇ ਮੌਜੂਦਾ ਹਾਲਾਤ ਅਤੇ ਲੋਕਾਂ ਨਾਲ ਜੁੜੇ ਵੱਖ-ਵੱਖ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਉੱਘੇ ਬੁੱਧੀਜੀਵੀ ਅਤੇ ਸੀਨੀਅਰ ਪੱਤਰਕਾਰ ਹਮੀਰ ਸਿੰਘ ਨੇ ਕਿਹਾ ਕਿ ਪੰਜਾਬ ਦੇ ਪਿੰਡਾਂ ਦੀ ਜਵਾਨੀ ਅਤੇ ਜ਼ਮੀਨ 'ਤੇ ਕਾਰਪੋਰੇਟ ਤਾਕਤਾਂ ਦਾ ਦਬਾਅ ਲਗਾਤਾਰ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਮਾਰੂ ਨਸ਼ਿਆਂ ਅਤੇ ਗੈਂਗਵਾਦ ਕਾਰਨ ਪੰਜਾਬ ਦੀ ਜਵਾਨੀ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ, ਜਦਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਪੰਜਾਬ ਦੇ ਖੇਤੀਬਾੜੀ ਖੇਤਰ ਅਤੇ ਇਸ ਨਾਲ ਜੁੜੇ ਸਹਾਇਕ ਧੰਦਿਆਂ ਨੂੰ ਪ੍ਰਭਾਵਿਤ ਕਰ ਰਹੀਆਂ ਹਨ।

ਉਨ੍ਹਾਂ ਦਰਿਆਈ ਪਾਣੀਆਂ ਦੀ ਵੰਡ, ਡੈਮਾਂ ਨਾਲ ਸਬੰਧਤ ਅਧਿਕਾਰਾਂ, ਪੰਜਾਬੀ ਬੋਲਦੇ ਇਲਾਕਿਆਂ ਅਤੇ ਪੰਜਾਬ ਦੀ ਰਾਜਧਾਨੀ ਨਾਲ ਜੁੜੇ ਮਸਲਿਆਂ ਨੂੰ ਵੀ ਗੰਭੀਰਤਾ ਨਾਲ ਉਠਾਇਆ।ਉਨ੍ਹਾਂ ਪੰਜਾਬ ਦੀਆਂ ਸਿਆਸੀ ਪਾਰਟੀਆਂ 'ਤੇ ਵੀ ਸਵਾਲ ਉਠਾਉਂਦਿਆਂ ਕਿਹਾ ਕਿ ਚੋਣਾਂ ਦੀਆਂ ਤਿਆਰੀਆਂ ਤਾਂ ਜ਼ੋਰਾਂ 'ਤੇ ਹਨ, ਪਰ ਪੰਜਾਬ ਅਤੇ ਲੋਕਾਂ ਨਾਲ ਜੁੜੇ ਬੁਨਿਆਦੀ ਮੁੱਦੇ ਸਿਆਸੀ ਚਰਚਾ ਦੇ ਕੇਂਦਰ ਵਿੱਚ ਨਹੀਂ ਆ ਰਹੇ। ਹਮੀਰ ਸਿੰਘ ਨੇ ਕਿਹਾ ਕਿ ਪੰਜਾਬ ਨੂੰ ਬਚਾਉਣ ਲਈ ਪਿੰਡਾਂ ਤੋਂ ਪਹਿਲ ਕਰਨੀ ਪਵੇਗੀ। ਜੇ ਪਿੰਡ ਬਚਣਗੇ ਤਾਂ ਹੀ ਪੰਜਾਬ ਬਚੇਗਾ। ਉਨ੍ਹਾਂ ਲੋਕਾਂ ਨੂੰ ਪਿੰਡ ਪੱਧਰ 'ਤੇ ਇਕਜੁੱਟ ਹੋ ਕੇ ਆਪਣੇ ਹੱਕਾਂ ਅਤੇ ਪੰਜਾਬ ਦੇ ਮੁੱਦਿਆਂ ਲਈ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੱਤਾ।ਉਨ੍ਹਾਂ ਜਾਣਕਾਰੀ ਦਿੱਤੀ ਕਿ 14 ਅਗਸਤ ਨੂੰ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ 'ਪਿੰਡ ਬਚਾਓ, ਪੰਜਾਬ ਬਚਾਓ' ਤਹਿਤ ਵਿਸ਼ਾਲ ਕਨਵੈਨਸ਼ਨ ਕਰਵਾਈ ਜਾ ਰਹੀ ਹੈ। ਇਸ ਕਨਵੈਨਸ਼ਨ ਵਿੱਚ ਪੰਜਾਬ ਦੇ ਮੁੱਦਿਆਂ ਨਾਲ ਸਰੋਕਾਰ ਰੱਖਣ ਵਾਲੇ ਲੋਕਾਂ, ਬੁੱਧੀਜੀਵੀਆਂ, ਸਮਾਜਿਕ ਕਾਰਕੁਨਾਂ ਅਤੇ ਪੰਜਾਬ ਹਿਤੈਸ਼ੀ ਸੰਗਠਨਾਂ ਨੂੰ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਗਿਆ।ਇਸ ਮੌਕੇ ਡਾ. ਖੁਸ਼ਹਾਲ ਸਿੰਘ, ਕਰਨੈਲ ਸਿੰਘ, ਹਰਦੀਪ ਗਹੂਣ, ਹਰਪਾਲ ਸਿੰਘ ਮੱਕੋਵਾਲ, ਮਨੋਹਰ ਲਾਲ ਟੌਂਸਾ, ਡਾ. ਪਵਨ ਕੁਮਾਰ, ਕਰਨੈਲ ਸਿੰਘ ਭੱਲਾ, ਦੀਦਾਰ ਸਿੰਘ ਭਰਥਲਾ, ਅਭੀ ਸਿੰਘ ਅਤੇ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



## ਪ੍ਰਗਤੀਵਾਦੀ ਕਵਿਤਾ ਕੇਂਦਰ ਮੋਹਾਲੀ ਵੱਲੋਂ ਕਵੀ ਦਰਬਾਰ ਅੱਜ



**ਚੰਡੀਗੜ੍ਹ (ਗੁਰਜੀਤ ਸੁਮਨ)**, ਪ੍ਰਗਤੀਵਾਦੀ ਕਵਿਤਾ ਕੇਂਦਰ, ਮੋਹਾਲੀ ਵੱਲੋਂ 09 ਅਗਸਤ, 2026, ਦਿਨ ਐਤਵਾਰ ਨੂੰ ਸਵੇਰੇ 10.00 ਮਕਾਨ ਨੰ: 499, ਫੇਜ਼ 6, ਮੋਹਾਲੀ ਵਿਖੇ ਕਰਵਾਇਆ ਜਾ ਰਿਹਾ ਹੈ। ਲੇਖਕ ਦਲਬੀਰ ਸਿੰਘ ਸਰੋਆ ਪੰਜਾਬ ਸਿਵਲ ਸਕੱਤਰੇਤ ਤੋਂ ਬਤੌਰ ਉਪ ਸਕੱਤਰ ਸੇਵਾ ਮੁਕਤ ਹੋਏ ਹਨ।ਉਨ੍ਹਾਂ ਸਮੂਹ ਸਾਹਿਤਕਾਰਾਂ ਅਤੇ ਪਾਠਕਾਂ ਨੂੰ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਹੈ।


# ਸਰਹਾਲੀ ਕਲਾਂ 'ਚ ਕਿਰਤੀ ਔਰਤਾਂ ਵੱਲੋਂ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਲਈ ਲਾਏ ਨਾਕਿਆਂ ਦਾ ਸਿਲਸਿਲਾ ਜਾਰੀ



**ਜਲੰਧਰ (ਗਿਆਨ ਸੈਦਪੁਰੀ)**- ਨਸ਼ਾ ਤਸਕਰਾਂ ਨੂੰ ਸਬਕ ਸਿਖਾਉਣ ਅਤੇ ਕਸਬੇ ਦੇ ਨਸ਼ੇੜੀਆਂ ਨੂੰ ਸਮਝਾਉਣ ਅਤੇ ਨਸ਼ੇ ਦੀ ਆਦਤ ਛੁਡਵਾਉਣ ਲਈ ਪ੍ਰੇਰਿਤ ਕਰਨ ਲਈ ਪੰਜਾਬ ਖੇਤ ਮਜ਼ਦੂਰ ਸਭਾ ਦੀ ਅਗਵਾਈ ਵਿੱਚ ਕਿਰਤੀ ਔਰਤਾਂ ਵੱਲੋਂ ਸਰਹਾਲੀ ਕਲਾਂ ਵਿੱਚ ਸ਼ੁਰੂ ਕੀਤੀ ਮੁਹਿੰਮ ਲਗਾਤਾਰ ਵੀ ਜਾਰੀ ਰਹੀ। ਨਸ਼ੇ ਦੇ ਸੌਦਾਗਰਾਂ ਨੂੰ ਪੁਲਸ ਦੇ ਹਵਾਲੇ ਕਰਨ ਲਈ ਕ੍ਰਾਂਤੀਕਾਰੀ ਕਦਮ ਚੁੱਕੇ ਗਏ ਹਨ ਅਤੇ ਕਸਬੇ ਵਿੱਚ ਔਰਤਾਂ ਵੱਲੋਂ ਤਿੰਨ ਥਾਵਾਂ 'ਤੇ ਨਾਕੇ ਲਾਏ ਗਏ। ਕਸਬੇ ਦੇ ਬਹੁਤ ਸਾਰੇ ਮੋਹਤਬਰਾਂ ਵੱਲੋਂ ਕਿਰਤੀ ਔਰਤਾਂ ਦੀ ਨਿਵੇਕਲੀ ਪਹਿਲ ਦੀ ਸ਼ਲਾਘਾ ਕੀਤੀ ਜਾ ਰਹੀ ਹੈ। ਪੰਜਾਬ ਖੇਤ ਮਜ਼ਦੂਰ ਸਭਾ ਦੀ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਦੀ ਅਗਵਾਈ ਵਿੱਚ ਔਰਤਾਂ ਦਾ ਇੱਕ ਵਫ਼ਦ ਐਸ ਐਮ ਓ ਸਰਹਾਲੀ ਕਲਾਂ ਡਾ. ਜੇ ਐਸ ਗਿੱਲ ਨੂੰ ਮਿਲਿਆ। ਐਸ ਐਮ ਓ ਨੂੰ ਓਟ ਸੈਂਟਰ ਵਿੱਚ ਨਸ਼ਾ ਛਡਾਉਣ ਵਾਲੀਆਂ ਗੋਲੀਆਂ ਦੀ ਹੋ ਰਹੀ ਦੁਰਵਰਤੋਂ ਬਾਰੇ ਜਾਣੂ ਕਰਵਾਇਆ ਗਿਆ।

ਵਫ਼ਦ ਨੇ ਦੱਸਿਆ ਕਿ ਨਸ਼ੇ ਦੇ ਆਦੀ ਓਟ ਸੈਂਟਰ ਤੋਂ ਗੋਲੀਆਂ ਪ੍ਰਾਪਤ ਕਰਕੇ ਅੱਗੇ ਵੇਚ ਦਿੰਦੇ ਹਨ। ਇਨ੍ਹਾਂ ਪੈਸਿਆਂ ਨਾਲ ਉਹ ਹੋਰ ਨਸ਼ਾ ਖਰੀਦ ਕੇ ਕਰਦੇ ਹਨ। ਵਫ਼ਦ ਨੇ ਐਸ ਐਮ ਓ ਨੂੰ ਅਪੀਲ ਕੀਤੀ ਕਿ ਨਸ਼ਾ ਛੱਡਣ ਵਾਲਿਆਂ ਨੂੰ ਗੋਲੀ ਓਟ ਸੈਂਟਰ ਦੇ ਅੰਦਰ ਹੀ ਖਵਾਈ ਜਾਵੇ। ਡਾ. ਗਿੱਲ ਨੇ ਸੰਬੰਧਤ ਸਟਾਫ਼ ਨੂੰ ਮੌਕੇ 'ਤੇ ਹਦਾਇਤ ਕੀਤੀ ਕਿ ਜੇਕਰ ਅਜਿਹਾ ਹੁੰਦਾ ਹੈ ਤਾਂ ਇਸ ਬਾਰੇ ਤੁਰੰਤ ਧਿਆਨ ਦੇ ਕੇ ਇਸ ਪ੍ਰੈਕਟਿਸ ਨੂੰ ਰੋਕਿਆ ਜਾਵੇ। ਸਰਹਾਲੀ ਕਲਾਂ ਦੇ ਐਸ ਐਚ ਓ ਦਲਜੀਤ ਸਿੰਘ ਨੂੰ ਕਸਬੇ ਦੀ ਤਾਜ਼ਾ ਸਥਿਤੀ ਬਾਰੇ ਜਾਣੂ ਕਰਵਾਇਆ ਗਿਆ। ਪੁੱਛਿਆ ਤਾਂ ਉਨ੍ਹਾਂ ਦੱਸਿਆ ਸ਼ੁੱਕਰਵਾਰ ਨੂੰ ਸਪੈਸ਼ਲ ਨਾਕੇ ਦੌਰਾਨ 5 ਵਿਅਕਤੀ ਫੜੇ ਗਏ ਸਨ। ਇਨ੍ਹਾਂ ਸਾਰਿਆਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਜਿੱਥੋਂ ਤੱਕ ਸਭਾ ਦੀਆਂ ਔਰਤਾਂ ਵੱਲੋਂ ਲਾਏ ਗਏ ਨਾਕਿਆਂ ਦਾ ਸਵਾਲ ਹੈ, ਇਹ ਉਨ੍ਹਾਂ ਦੀ ਸਮਾਜਿਕ ਤੌਰ 'ਤੇ ਕਰਵਾਈ ਹੋ ਸਕਦੀ ਹੈ, ਪੁਲਸ ਦਾ ਇਨ੍ਹਾਂ ਨਾਕਿਆਂ ਨਾਲ ਕੋਈ ਸੰਬੰਧ ਨਹੀਂ। ਐਸ ਐਚ ਓ ਨੇ ਇਹ ਵੀ ਕਿਹਾ ਕਿ ਔਰਤਾਂ ਨੂੰ ਜੇਕਰ ਪੁਲਸ ਦੀ ਕਾਰਵਾਈ ਦੀ ਲੋੜ ਪੈਂਦੀ ਹੈ ਤਾਂ ਅਸੀ ਆਪਣੇ ਫਰਜ਼ ਨੂੰ ਨਿਭਾਵਾਂਗੇ। ਖ਼ਬਰ ਲਿਖੇ ਜਾਣ ਤੱਕ ਪੰਜਾਬ ਖੇਤ ਮਜ਼ਦੂਰ ਸਭਾ ਦੀਆਂ ਕਾਰਕੁਨ ਔਰਤਾਂ ਦਾ ਕਸਬੇ ਵਿੱਚ ਤਿੰਨ ਥਾਵਾਂ 'ਤੇ ਨਾਕਾ ਲੱਗਾ ਹੋਇਆ ਸੀ।

## ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਵਿਖੇ ਅੱਖਾਂ ਦਾ ਜਾਂਚ ਕੈਂਪ




**ਗੁਰਾਇਆ (ਬਿੰਦਰ ਸੁਮਨ)**- ਵਿਦਿਆਰਥੀਆਂ ਦੀ ਚੰਗੀ ਸਿਹਤ ਅਤੇ ਸਿਹਤਮੰਦ ਨਜ਼ਰ ਨੂੰ ਪਹਿਲ ਦਿੰਦਿਆਂ ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ (ਗੋਰਾਇਆ ਵਿਖੇ ਇੱਕ ਅੱਖਾਂ ਸਬੰਧੀ, ਜਲੰਧਰ ਦੇ ਸਹਿਯੋਗ ਨਾਲ ਮੁਫ਼ਤ ਨੇਤਰ ਜਾਂਚ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦੌਰਾਨ ਪ੍ਰੀ-ਨਰਸਰੀ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਦੇ ਸਾਰੇ ਵਿਦਿਆਰਥੀਆਂ ਦੀ ਆਧੁਨਿਕ ਉਪਕਰਨਾਂ ਦੀ ਮਦਦ ਨਾਲ ਵਿਸਤ੍ਰਿਤ ਨੇਤਰ ਜਾਂਚ ਕੀਤੀ ਗਈ। ਕੈਂਪ ਦਾ ਸੰਚਾਲਨ ਤਜਰਬੇਕਾਰ ਅਤੇ ਮਾਹਰ ਡਾਕਟਰਾਂ ਦੀ ਟੀਮ ਵੱਲੋਂ ਕੀਤਾ ਗਿਆ, ਜਿਸ ਦੀ ਅਗਵਾਈ ਡਾ. ਪ੍ਰਦੀਪ ਸਿੰਘ (ਕਲੀਨਿਕ ਚੀਫ਼ ਹੈੱਡ) ਅਤੇ ਡਾ. ਕੁਲਵਿੰਦਰ ਸਿੰਘ (ਕਾਊਂਸਲਰ) ਨੇ ਕੀਤੀ।ਉਨ੍ਹਾਂ ਦੇ ਨਾਲ ਡਾ. ਸਿਮਰਨ ਧਨਖਾਨੀ, ਡਾ. ਪੰਕਜ਼ੀ, ਡਾ. ਸੁਸ਼ੀਤਾ, ਡਾ. ਸਿਮਰਨਪ੍ਰੀਤ ਕੌਰ, ਡਾ. ਮਨਪ੍ਰੀਤ ਕੌਰ ਅਤੇ ਸਮਸ਼ਾਨ ਸਿੰਘ (ਸਹਾਇਕ) ਨੇ ਵਿਦਿਆਰਥੀਆਂ ਦੀਆਂ ਅੱਖਾਂ ਦੀ ਗਹਿਰਾਈ ਨਾਲ ਜਾਂਚ ਕਰਕੇ ਉਨ੍ਹਾਂ ਨੂੰ ਉਚਿਤ ਸਲਾਹ ਦਿੱਤੀ। ਜਿਨ੍ਹਾਂ ਵਿਦਿਆਰਥੀਆਂ ਵਿੱਚ ਨਜ਼ਰ ਨਾਲ ਸੰਬੰਧਿਤ ਸਮੱਸਿਆਵਾਂ ਦੇ ਸੰਕੇਤ ਮਿਲੇ, ਉਨ੍ਹਾਂ ਨੂੰ ਅੱਗੇ ਲੋੜੀਂਦੇ ਇਲਾਜ ਅਤੇ ਨਿਯਮਿਤ ਜਾਂਚ ਕਰਵਾਉਣ ਦੀ ਸਲਾਹ ਵੀ ਦਿੱਤੀ ਗਈ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਅਨੀਤਾ ਸ਼ਰਮਾ ਨੇ ਡਾਕਟਰਾਂ ਦੀ ਟੀਮ ਦਾ ਦਿਲੋਂ ਸਵਾਗਤ ਕਰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ।

## ਬਾਈਕ ਚੋਰੀ ਕਰਨ ਦੀ ਕੋਸ਼ਿਸ਼

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਸ਼ਹਿਰ ਦੇ ਰਿਹਾਇਸ਼ੀ ਇਲਾਕੇ ਭਗਤ ਸਿੰਘ ਨਗਰ ਦੀ ਗਲੀ ਨੰਬਰ 2 'ਚ ਇੱਕ ਸ਼ਾਤਰ ਚੋਰ ਵੱਲੋਂ ਘਰ ਦੇ ਬਾਹਰ ਖੜ੍ਹੇ ਮੋਟਰਸਾਈਕਲ ਨੂੰ ਚੋਰੀ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ ਗਈ। ਮੋਟਰਸਾਈਕਲ ਮਾਲਕ ਦੀ ਐਨ ਸਮੇਂ 'ਤੇ ਦਿਖਾਈ ਚੌਕਸੀ ਕਾਰਨ ਇਹ ਵਾਹਨ ਚੋਰੀ ਹੋਣ ਤੋਂ ਬਚ ਗਿਆ, ਜਦਕਿ ਚੋਰ ਮੌਕੇ ਤੋਂ ਭੱਜਣ 'ਚ ਸਫਲ ਰਿਹਾ। ਇਹ ਸਾਰੀ ਘਟਨਾ ਗਲੀ 'ਚ ਲੱਗੇ ਸੀ ਸੀ ਟੀ ਵੀ ਕੈਮਰੇ 'ਚ ਕੈਦ ਹੋ ਗਈ। ਜਾਣਕਾਰੀ ਅਨੁਸਾਰ ਭਗਤ ਸਿੰਘ ਨਗਰ ਦੀ ਗਲੀ ਨੰਬਰ 2 ਵਿੱਚ ਇੱਕ ਮੋਟਰਸਾਈਕਲ ਮਾਲਕ ਨੇ ਆਪਣਾ ਵਾਹਨ ਘਰ ਦੇ ਬਾਹਰ ਖੜ੍ਹਾ ਕੀਤਾ ਸੀ। ਇਸੇ ਦੌਰਾਨ ਗਲੀ ਵਿੱਚੋਂ ਲੰਘ ਰਹੇ ਇੱਕ ਸ਼ੱਕੀ ਵਿਅਕਤੀ ਨੇ ਮੌਕਾ ਤਾੜ ਕੇ ਮੋਟਰਸਾਈਕਲ ਦੇ ਲਾਕ ਨਾਲ ਛੇੜਛਾੜ ਕਰਕੇ ਉਸ ਨੂੰ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ।ਪਰ ਮੋਟਰਸਾਈਕਲ ਮਾਲਕ ਨੂੰ ਖ਼ਦਸ਼ਾ ਹੋਇਆ ਅਤੇ ਉਹ ਮਹਿਜ਼ ਦੋ ਮਿੰਟ ਦੇ ਅੰਦਰ ਹੀ ਘਰੋਂ ਬਾਹਰ ਆ ਗਿਆ। ਮਾਲਕ ਨੂੰ ਅਚਾਨਕ ਬਾਹਰ ਆਉਂਦਾ ਦੇਖ ਕੇ ਚੋਰ ਘਬਰਾ ਗਿਆ ਅਤੇ ਮੋਟਰਸਾਈਕਲ ਛੱਡ ਕੇ ਤੁਰੰਤ ਮੌਕੇ ਤੋਂ ਫ਼ਰਾਰ ਹੋ ਗਿਆ। ਇਲਾਕਾ ਨਿਵਾਸੀਆਂ ਨੇ ਸਥਾਨਕ ਪੁਲਸ ਪ੍ਰਸ਼ਾਸਨ ਅਤੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਭਗਤ ਸਿੰਘ ਨਗਰ ਅਤੇ ਹੋਰ ਸੰਵੇਦਨਸ਼ੀਲ ਰਿਹਾਇਸ਼ੀ ਇਲਾਕਿਆਂ ਵਿੱਚ ਪੁਲਸ ਦੀ ਪੀ ਸੀ ਆਰ ਗਸ਼ਤ ਦਿਨ ਅਤੇ ਰਾਤ ਵਧਾਈ ਜਾਵੇ। ਸ਼ਹਿਰ ਵਿੱਚ ਬਿਨਾਂ ਨੰਬਰ ਪਲੇਟ ਜਾਂ ਸ਼ੱਕੀ ਹਾਲਤ 'ਚ ਘੁੰਮ ਰਹੇ ਵਾਹਨ ਚਾਲਕਾਂ ਦੀ ਚੈਕਿੰਗ ਕੀਤੀ ਜਾਵੇ। ਪੁਲਸ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਸੀ ਸੀ ਟੀ ਵੀ ਦੇ ਆਧਾਰ 'ਤੇ ਮੁਲਜ਼ਮ ਨੂੰ ਜਲਦ ਕਾਬੂ ਕਰ ਲਿਆ ਜਾਵੇਗਾ।

# ਢਾਈ ਕਰੋੜ ਦੀ ਸੌਗਾਤ : ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਮਿਲੇਗੀ ਰਫ਼ਤਾਰ




**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)** ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਗਤੀ ਦੇਣ ਦੀ ਦਿਸ਼ਾ ਵਿੱਚ ਟਾਂਡਾ ਦੇ ਬਲਾਕ ਵਿਕਾਸ ਤੇ ਪੰਚਾਇਤ ਦਫ਼ਤਰ ਵਿਖੇ ਕਰਵਾਏ ਸਮਾਗਮ ਦੌਰਾਨ ਵੱਖ-ਵੱਖ ਪੰਚਾਇਤਾਂ ਨੂੰ ਕਰੀਬ ਢਾਈ ਕਰੋੜ ਰੁਪਏ ਦੀ ਵਿਕਾਸ ਰਾਸ਼ੀ ਵੰਡੀ ਗਈ।ਬੀ ਡੀ ਪੀ ਓ ਵਿਪਿਨ ਕੁਮਾਰ ਅਤੇ ਬਲਾਕ ਕਮੇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਛਾਵਰ ਦੀ ਅਗਵਾਈ ਹੇਠ ਹੋਏ ਸਮਾਗਮ ਵਿੱਚ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਉਨ੍ਹਾਂ ਨੇ ਰੰਗਲਾ ਪੰਜਾਬ ਫੰਡ ਅਤੇ ਬਲਾਕ ਕਮੇਟੀ ਫੰਡ ਤਹਿਤ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਪੰਚਾਇਤ ਨੁਮਾਇੰਦਿਆਂ ਨੂੰ ਚੈੱਕ ਸੌਂਪੇ।ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਸਰਵਪੱਖੀ ਵਿਕਾਸ ਨੂੰ ਸਭ ਤੋਂ ਵੱਧ ਤਰਜੀਹ ਦੇ ਰਹੀ ਹੈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਪੰਚਾਇਤਾਂ ਦੇ ਵਿਕਾਸ ਕਾਰਜ ਹਾਲੇ ਲੰਬਿਤ ਹਨ, ਉਨ੍ਹਾਂ ਦੇ ਸਰਪੰਚਾਂ ਤੋਂ ਲੋੜੀਂਦੇ ਕਾਰਜਾਂ ਦੀ ਸੂਚੀ ਮੰਗੀ ਗਈ ਹੈ। ਜਲਦ ਹੀ ਸਾਰੇ ਪੰਚਾਇਤ ਨੁਮਾਇੰਦਿਆਂ ਨਾਲ ਮੀਟਿੰਗ ਕਰਕੇ ਵਿਕਾਸ ਕਾਰਜਾਂ ਦੀ ਤਰਜੀਹ ਤੈਅ ਕੀਤੀ ਜਾਵੇਗੀ ਅਤੇ ਰੁਕੇ ਹੋਏ ਕੰਮਾਂ ਨੂੰ ਤੇਜ਼ੀ ਨਾਲ ਸ਼ੁਰੂ ਕਰਵਾਇਆ ਜਾਵੇਗਾ। ਉਨ੍ਹਾਂ ਪੰਚਾਇਤ ਨੁਮਾਇੰਦਿਆਂ ਨੂੰ ਵਿਕਾਸ ਰਾਸ਼ੀ ਦੀ ਪਾਰਦਰਸ਼ੀ ਅਤੇ ਲੋਕ ਹਿੱਤ ਵਿੱਚ ਵਰਤੋਂ ਯਕੀਨੀ ਬਣਾਉਣ ਦੀ ਅਪੀਲ ਕੀਤੀ। ਸਮਾਗਮ ਵਿੱਚ ਬਲਾਕ ਕਮੇਟੀ ਮੈਂਬਰਾਂ, ਸਰਪੰਚਾਂ, ਪੰਚਾਇਤ ਨੁਮਾਇੰਦਿਆਂ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੋਂ ਇਲਾਵਾ ਹੋਰ ਪਤਵੰਤੇ ਵੀ ਹਾਜ਼ਰ ਸਨ।

# ਇੰਨੋਸੈਂਟ ਹਾਰਟਸ ਸਕੂਲ ਵੱਲੋਂ ਐਨੀਮੇਸ਼ਨ, ਵਿਜ਼ੂਅਲ ਇਫੈਕਟਸ, ਗੇਮਿੰਗ ਤੇ ਕਾਮਿਕਸ ਬਾਰੇ ਕੈਰੀਅਰ ਗਾਈਡੈਂਸ ਸੈਮੀਨਾਰ

**ਜਲੰਧਰ (ਸ਼ੈਲੀ ਐਲਬਰਟ)**- ਬੌਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰੱਸਟ ਵੱਲੋਂ ਸੰਚਾਲਿਤ ਅਤੇ ਪ੍ਰਬੰਧਿਤ ਕੀਤੇ ਜਾ ਰਹੇ ਉਪਰਾਲੇ ਦਿਸ਼ਾ ਤਹਿਤ ਇੰਨੋਸੈਂਟ ਹਾਰਟਸ ਸਕੂਲ, ਗ੍ਰੀਨ ਮਾਡਲ ਟਾਊਨ ਵਿੱਚ ਜਮਾਤ ਗਿਆਰ੍ਹਵੀਂ ਅਤੇ ਬਾਰ੍ਹਵੀਂ ਦੇ ਵਿਦਿਆਰਥੀਆਂ ਲਈ ਇੱਕ ਜਾਣਕਾਰੀਪੂਰਨ ਕਰੀਅਰ ਗਾਈਡੈਂਸ ਸੈਮੀਨਾਰ ਕਰਵਾਇਆ ਗਿਆ। ਇਸ ਸੈਸ਼ਨ ਦਾ ਸੰਚਾਲਨ ਸਿੱਖਿਆਵਿਦ ਅਤੇ ਕਰੀਅਰ ਕੋਚ ਮਨਪ੍ਰੀਤ ਆਨੰਦ ਨੇ ਕੀਤਾ। ਉਨ੍ਹਾਂ ਨੇ ਨੌਜਵਾਨ ਵਿਦਿਆਰਥੀਆਂ ਨੂੰ ਕਰੀਅਰ ਸਬੰਧੀ ਮਾਰਗਦਰਸ਼ਨ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਅਤੇ ਐਪਟੈਕ ਲਿਮਿਟੇਡ ਰਾਹੀਂ 3,000 ਤੋਂ ਵੱਧ ਵਿਦਿਆਰਥੀਆਂ ਨੂੰ ਪਲੇਸਮੈਂਟ ਦਿਵਾਉਣ ਵਿੱਚ ਯੋਗਦਾਨ ਪਾਇਆ ਹੈ। ਸੈਸ਼ਨ ਦੌਰਾਨ ਵਿਦਿਆਰਥੀਆਂ ਨੂੰ ਤੇਜ਼ੀ ਨਾਲ ਵਿਕਸਤ ਹੋ ਰਹੇ ਐਨੀਮੇਸ਼ਨ, ਵਿਜ਼ੂਅਲ ਇਫੈਕਟਸ, ਗੇਮਿੰਗ ਅਤੇ ਕਾਮਿਕਸ ਨਾਲ ਜਾਣੂ ਕਰਵਾਇਆ ਗਿਆ।ਉਨ੍ਹਾਂ ਨੇ ਸਮਝਾਇਆ ਕਿ ਇਹ ਤਕਨੀਕਾਂ ਮਨੋਰੰਜਨ ਉਦਯੋਗ ਵਿੱਚ ਕਿਵੇਂ ਕ੍ਰਾਂਤੀ ਲਿਆ ਰਹੀਆਂ ਹਨ ਅਤੇ ਫ਼ਿਲਮਾਂ ਤੇ ਗੇਮਾਂ ਵਿੱਚ ਸ਼ਾਨਦਾਰ ਦ੍ਰਿਸ਼ ਤਿਆਰ ਕਰਨ ਲਈ ਵੀ ਐਫ ਐਕਸ ਅਤੇ 379 ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ। ਬਾਲੀਵੁੱਡ ਦੀਆਂ ਮਸ਼ਹੂਰ ਫ਼ਿਲਮਾਂ ਡੰਕੀ ਅਤੇ ਬਾਹੂਬਲੀ ਦੇ ਉਦਾਹਰਨਾਂ ਰਾਹੀਂ ਉਨ੍ਹਾਂ ਦਿਖਾਇਆ ਕਿ ਆਧੁਨਿਕ ਫ਼ਿਲਮ ਨਿਰਮਾਣ ਵਿੱਚ ਵੀ ਐਫ ਐਕਸ ਨੂੰ ਕਿੰਨੀ ਸੁਚੱਜੀ ਤਰ੍ਹਾਂ ਸ਼ਾਮਲ ਕੀਤਾ ਜਾਂਦਾ ਹੈ। ਉਨ੍ਹਾਂ ਜੀਵਨ ਵਿੱਚ ਸਫਲਤਾ ਲਈ ਤਿੰਨ ਮਹੱਤਵਪੂਰਨ ਸਿਧਾਂਤ ਵੀ ਸਾਂਝੇ ਕੀਤੇ—ਛੋਟੇ ਸਮੇਂ ਦੇ ਟੀਚੇ ਨਿਰਧਾਰਤ ਕਰਨਾ ਅਤੇ ਸਮੇਂ ਦਾ ਸਹੀ ਪ੍ਰਬੰਧਨ ਕਰਨਾ, ਅਸਫਲਤਾਵਾਂ ਨੂੰ ਸਵੀਕਾਰ ਕਰਕੇ ਉਨ੍ਹਾਂ ਤੋਂ ਸਿੱਖਣਾ ਅਤੇ ਹਮੇਸ਼ਾ ਜਿਗਿਆਸੂ ਰਹਿੰਦੇ ਹੋਏ ਸਵਾਲ ਪੁੱਛਣਾ। ਇੰਨੋਸੈਂਟ ਹਾਰਟਸ ਗਰੁੱਪ ਦੀ ਡਾਇਰੈਕਟਰ ਸੀ ਐਸ ਆਰ ਡਾ. ਪਲਕ ਗੁਪਤਾ ਬੌਰੀ ਨੇ ਕਿਹਾ ਕਿ ਦਿਸ਼ਾ ਤਹਿਤ ਇਸ ਤਰ੍ਹਾਂ ਦੇ ਉਪਰਾਲਿਆਂ ਦਾ ਉਦੇਸ਼ ਵਿਦਿਆਰਥੀਆਂ ਨੂੰ ਉਭਰਦੇ ਕਰੀਅਰ ਖੇਤਰਾਂ ਨਾਲ ਜਾਣੂ ਕਰਵਾਉਣਾ ਅਤੇ ਉਨ੍ਹਾਂ ਨੂੰ ਆਪਣੇ ਭਵਿੱਖ ਲਈ ਸਹੀ ਫ਼ੈਸਲੇ ਕਰਨ ਵਾਸਤੇ ਲੋੜੀਂਦੀ ਜਾਣਕਾਰੀ, ਆਤਮਵਿਸ਼ਵਾਸ ਅਤੇ ਹੁਨਰ ਪ੍ਰਦਾਨ ਕਰਨਾ ਹੈ। ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਰਾਜੀਵ ਪਾਲੀਵਾਲ ਨੇ ਵਾਈਸ ਪ੍ਰਿੰਸੀਪਲ ਅਮਿਤ, ਡਿਪਟੀ ਡਾਇਰੈਕਟਰ (ਸਕੂਲਜ਼ ਐਂਡ ਕਾਲਜਜ਼) ਪ੍ਰੋ. ਰਾਹੁਲ ਜੈਨ ਅਤੇ ਅੰਗਰੇਜ਼ੀ ਵਿਭਾਗ ਦੀ ਮੁਖੀ ਅਤੇ ਐਕਟੀਵਿਟੀ ਇੰਚਾਰਜ ਅੰਬਿਕਾ ਪਸਰੀਜਾ ਦੀ ਹਾਜ਼ਰੀ ਵਿੱਚ ਮੁੱਖ ਵਕਤਾ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ।




## ਐਂਟੀ ਕ੍ਰਾਈਮ ਸਮਾਜ ਸੁਰੱਖਿਆ ਸੈੱਲ ਨੇ ਮੁਹੰਮਦ ਸ਼ਹਿਜ਼ਾਦ ਨੂੰ ਬਣਾਇਆ ਜ਼ਿਲ੍ਹਾ ਸ਼ਹਿਰੀ ਮੀਤ ਪ੍ਰਧਾਨ



**ਜਲੰਧਰ (ਲਖਵਿੰਦਰ ਸਿੰਘ ਆਧੀ)**- ਐਂਟੀ ਕ੍ਰਾਈਮ ਸਮਾਜ ਸੁਰੱਖਿਆ ਸੈੱਲ ਪੰਜਾਬ ਨੇ ਸੰਗਠਨ ਦੇ ਵਿਸਥਾਰ ਅਤੇ ਸਮਾਜ ਸੇਵਾ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਫ਼ੈਸਲਾ ਲੈਂਦਿਆਂ ਮੁਹੰਮਦ ਸ਼ਹਿਜ਼ਾਦ ਨੂੰ ਜ਼ਿਲ੍ਹਾ ਸ਼ਹਿਰੀ ਮੀਤ ਪ੍ਰਧਾਨ ਨਿਯੁਕਤ ਕੀਤਾ ਹੈ।ਇਹ ਨਿਯੁਕਤੀ ਪੰਜਾਬ ਚੇਅਰਮੈਨ ਸੁਭਾਸ਼ ਗੋਰੀਆ ਅਤੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਫਹੀਮ ਅਹਿਮਦ ਦੀ ਮੌਜੂਦਗੀ ਵਿੱਚ ਕੀਤੀ ਗਈ। ਦੋਵਾਂ ਅਹੁਦੇਦਾਰਾਂ ਨੇ ਮੁਹੰਮਦ ਸ਼ਹਿਜ਼ਾਦ ਨੂੰ ਨਵੀਂ ਜ਼ੁੰਮੇਵਾਰੀ ਦੀਆਂ ਸ਼ੁੱਭਕਾਮਨਾਵਾਂ ਦਿੰਦਿਆਂ ਵਿਸ਼ਵਾਸ ਪ੍ਰਗਟ ਕੀਤਾ ਕਿ ਉਹ ਸੰਗਠਨ ਦੀ ਵਿਚਾਰਧਾਰਾ ਨੂੰ ਘਰ-ਘਰ ਤੱਕ ਪਹੁੰਚਾਉਣ ਅਤੇ ਅਪਰਾਧ ਮੁਕਤ ਸਮਾਜ ਦੀ ਸਿਰਜਣਾ ਵਿੱਚ ਸਰਗਰਮ ਭੂਮਿਕਾ ਨਿਭਾਉਣਗੇ। ਨਵ-ਨਿਯੁਕਤ ਜ਼ਿਲ੍ਹਾ ਸ਼ਹਿਰੀ ਮੀਤ ਪ੍ਰਧਾਨ ਮੁਹੰਮਦ ਸ਼ਹਿਜ਼ਾਦ ਨੇ ਸੰਗਠਨ ਦੇ ਚੋਟੀ ਦੇ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪੂਰੀ ਇਮਾਨਦਾਰੀ, ਨਿਸ਼ਠਾ ਅਤੇ ਸਮਰਪਣ ਨਾਲ ਆਪਣੀ ਜ਼ੁੰਮੇਵਾਰੀ ਨਿਭਾਉਣਗੇ ਅਤੇ ਸਮਾਜ ਸੇਵਾ ਤੇ ਜਨਹਿਤ ਦੇ ਕਾਰਜਾਂ ਨੂੰ ਨਵੀਂ ਰਫ਼ਤਾਰ ਦੇਣਗੇ।


## ਬੱਚੇ ਨੂੰ ਦੇਖਭਾਲ ਦਾ ਹੱਕ, ਹਰ ਮਾਂ ਨੂੰ ਸਹਿਯੋਗ ਦੀ ਲੋੜ : ਡਾ. ਈਸ਼ਾਂਕ ਕੁਮਾਰ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਮਹਿਲਾ ਸਸ਼ਕਤੀਕਰਨ ਦੇ ਖੇਤਰ ਵਿੱਚ ਇੱਕ ਨਵੇਂ ਅਧਿਆਏ ਦੀ ਸ਼ੁਰੂਆਤ ਕਰਦਿਆਂ ਚੱਬੇਵਾਲ ਹਲਕੇ ਦੀਆਂ 55 ਨਵ-ਨਿਯੁਕਤ ਆਂਗਣਵਾੜੀ ਵਰਕਰਾਂ ਨੂੰ ਕਮਿਊਨਿਟੀ ਸੈਂਟਰ ਚੱਬੇਵਾਲ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਵਿਧਾਇਕ ਡਾ. ਈਸ਼ਾਂਕ ਕੁਮਾਰ ਵੱਲੋਂ ਨਿਯੁਕਤੀ ਪੱਤਰ ਸੌਂਪੇ ਗਏ। ਵਿਧਾਇਕ ਨੇ ਸਾਰੀਆਂ ਨਵ-ਨਿਯੁਕਤ ਵਰਕਰਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੀਆਂ ਭਵਿੱਖ ਦੀਆਂ ਜ਼ਿੰਮੇਵਾਰੀਆਂ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸੰਬੋਧਨ ਕਰਦਿਆਂ ਡਾ. ਈਸ਼ਾਂਕ ਕੁਮਾਰ ਨੇ ਕਿਹਾ ਕਿ ਆਂਗਣਵਾੜੀ ਵਰਕਰਾਂ ਸਮਾਜ ਦੀ ਮਜ਼ਬੂਤ ਨੀਂਹ ਤਿਆਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ, ਕਿਉਂਕਿ ਉਹ ਮਾਵਾਂ ਅਤੇ ਬੱਚਿਆਂ ਦੀ ਸਿਹਤ, ਪੋਸ਼ਣ ਅਤੇ ਸਰਵਪੱਖੀ ਵਿਕਾਸ ਨਾਲ ਸਿੱਧੇ ਤੌਰ 'ਤੇ ਜੁੜੀਆਂ ਹੋਈਆਂ ਹਨ।ਨਵ-ਨਿਯੁਕਤ ਆਂਗਣਵਾੜੀ ਵਰਕਰਾਂ ਨੂੰ ਵਧਾਈ ਦਿੰਦਿਆਂ ਵਿਧਾਇਕ ਨੇ ਕਿਹਾ, ਇਹ ਤੁਹਾਡੇ ਦੁਆਰਾ ਜਨਸੇਵਾ ਦੇ ਇੱਕ ਅਰਥਪੂਰਨ ਸਫ਼ਰ ਦੀ ਸ਼ੁਰੂਆਤ ਹੈ। ਡਾ. ਈਸ਼ਾਂਕ ਕੁਮਾਰ ਨੇ ਨਵ-ਨਿਯੁਕਤ ਆਂਗਣਵਾੜੀ ਵਰਕਰਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਪੂਰੀ ਇਮਾਨਦਾਰੀ ਅਤੇ ਸਮਰਪਣ ਨਾਲ ਨਿਭਾਉਣ ਅਤੇ ਪਿੰਡਾਂ ਵਿੱਚ ਲੋਕਾਂ ਨਾਲ ਨਜ਼ਦੀਕੀ ਤਾਲਮੇਲ ਬਣਾਈ ਰੱਖਣ ਦੀ ਅਪੀਲ ਕੀਤੀ। ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗਗਨਦੀਪ ਸਿੰਘ, ਸੀ.ਡੀ.ਪੀ.ਓ. ਮਨਪ੍ਰੀਤ ਸਿੰਘ, ਸੁਪਰਵਾਈਜ਼ਰ ਹਰਜਿੰਦਰ ਕੌਰ, ਅਰਸ਼ਦੀਪ ਕੌਰ, ਪਰਮਿੰਦਰ ਕੌਰ ਅਤੇ ਨਵ-ਨਿਯੁਕਤ ਆਂਗਣਵਾੜੀ ਵਰਕਰਾਂ ਹਾਜ਼ਰ ਸਨ।



## ਸ੍ਰੀ ਗੁਰੂ ਹਰਿਕ੍ਰਿਸ਼ਨ ਦੇ ਪ੍ਰਕਾਸ਼ ਪੁਰਬ ਸੰਬੰਧੀ ਸਮਾਗਮ

**ਸੁਲਤਾਨਪੁਰ ਲੋਧੀ (ਹਨੀ)** ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਸ਼ਾਸਕ ਇੰਜੀ. ਨਿਮਰਤਾ ਕੌਰ ਦੀ ਅਗਵਾਹੀ ਹੇਠ ਸ੍ਰੀ ਗੁਰੂ ਹਰਿਕ੍ਰਿਸ਼ਨ ਦੇ ਪਾਵਨ ਪ੍ਰਕਾਸ਼ ਪੁਰਬ ਨਾਲ ਸੰਬੰਧਿਤ ਸਮਾਗਮ ਬਹੁਤ ਹੀ ਸ਼ਰਧਾ, ਉਤਸ਼ਾਹ ਅਤੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਜਿਸ ਦੀ ਸ਼ੁਰੂਆਤ ਸ਼ਬਦ ਕੀਰਤਨ ਨਾਲ ਹੋਈ, ਉਪਰੰਤ ਵਿਦਿਆਰਥੀਆਂ ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਨਾਲ ਸੰਬੰਧਿਤ ਭਾਸ਼ਣ, ਕਵਿਤਾਵਾਂ ਅਤੇ ਵਿਚਾਰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤੇ ਗਏ। ਵਿਦਿਆਰਥੀਆਂ ਨੇ ਆਪਣੀਆਂ ਪੇਸ਼ਕਾਰੀਆਂ ਰਾਹੀਂ ਗੁਰੂ ਸਾਹਿਬ ਦੀ ਨਿਮਰਤਾ, ਦਇਆ, ਸੇਵਾ ਅਤੇ ਮਨੁੱਖਤਾ ਪ੍ਰਤੀ ਪਿਆਰ ਦੇ ਸੰਦੇਸ਼ ਨੂੰ ਉਜਾਗਰ ਕੀਤਾ।ਇਸ ਮੌਕੇ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੇ ਛੋਟੇ ਪਰ ਮਹਾਨ ਜੀਵਨ ਤੋਂ ਪ੍ਰੇਰਨਾ ਲੈ ਕੇ ਨਿਸ਼ਕਾਮ ਸੇਵਾ, ਦਇਆ ਅਤੇ ਨਿਮਰਤਾ ਦੇ ਗੁਣ ਆਪਣੇ ਜੀਵਨ ਵਿੱਚ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ 1ਮੈਂਬਰ ਸ਼੍ਰੋਮਣੀ ਕਮੇਟੀ, ਇੰਜੀ.ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਅਤੇ ਸਕੂਲ ਡਾਇਰੈਕਟਰ ਇੰਜੀ. ਹਰਨਿਆਮਤ ਕੌਰ ਨੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ ਅਤੇ ਸਮਾਜ ਵਿੱਚ ਪਿਆਰ, ਸੇਵਾ, ਸਦਭਾਵਨਾ ਅਤੇ ਮਨੁੱਖਤਾ ਦੀ ਭਾਵਨਾ ਨੂੰ ਮਜ਼ਬੂਤ ਕਰਨ ਲਈ ਪ੍ਰੇਰਿਤ ਕੀਤਾ।



# ਸਿਲਵਰ ਓਕ ਸਕੂਲ ਦੀ ਸ਼ੂਟਿੰਗ ਟੀਮ ਦੇ ਖਿਡਾਰੀਆਂ ਨੇ ਨੈਸ਼ਨਲ ਲਈ ਕੁਆਲੀਫਾਈ ਕੀਤਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਪੰਡਿਤ ਮਿਥਲੇਸ਼)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਅਤੇ ਖੇਡ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਾਬਾਸ਼ਪੁਰ ਨੇ ਆਪਣੇ ਖੇਡ ਇਤਿਹਾਸ ਦੇ ਵਿੱਚ ਇੱਕ ਸ਼ਾਨਦਾਰ ਅਧਿਆਏ ਉਸ ਵੇਲੇ ਜੋੜ ਦਿੱਤਾ ਜਦੋਂ ਸਿਲਵਰ ਓਕ ਸਕੂਲ ਦੀ ਸ਼ੂਟਿੰਗ ਟੀਮ ਦੇ ਪੰਜ ਖਿਡਾਰੀਆਂ ਨੇ ਆਪਣੀ ਸ਼ਾਨਦਾਰ ਖੇਡ ਦੀ ਬਦੌਲਤ ਨੈਸ਼ਨਲ ਦੇ ਲਈ ਕੁਆਲੀਫਾਈ ਕੀਤਾ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਵਿੱਚ ਕੋਚ ਪੰਕਜ ਕੁਮਾਰ ਦੀ ਇਸ ਟੀਮ ਨੇ ਪੰਜਾਬ ਸਟੇਟ ਇੰਟਰ ਸਕੂਲ ਸ਼ੂਟਿੰਗ ਚੈਂਪੀਅਨਸ਼ਿਪ 2026 ਜੋ ਕਿ ਚੰਡੀਗੜ੍ਹ ਵਿਖੇ ਚੱਲ ਰਹੀ ਸੀ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਨੈਸ਼ਨਲ ਖੇਡਾਂ ਦੇ ਲਈ ਕੁਆਲੀਫਾਈ ਕਰ ਲਿਆ।ਇਸ ਬਾਰੇ ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਮਨੀਸ਼ਾ ਸੰਗਰ ਅਤੇ ਕੋਚ ਪੰਕਜ ਕੁਮਾਰ ਨੇ ਦੱਸਿਆ ਕਿ ਸਕੂਲ ਦੀ ਸ਼ੂਟਿੰਗ ਟੀਮ ਦੇ ਖਿਡਾਰੀ ਹਰਕੀਰਤ ਸਿੰਘ, ਅੰਗਦਜੋਤ ਸਿੰਘ, ਏਕਮਨੂਰ ਕੌਰ, ਲਕਸੈ ਟੰਡਨ ਅਤੇ ਸਿਮਰਨਪ੍ਰੀਤ ਸਿੰਘ ਨੇ ਚੋਟੀ ਦਾ ਪ੍ਰਦਰਸ਼ਨ ਕਰਦੇ ਹੋਏ ਇਸ ਚੈਂਪੀਅਨਸ਼ਿਪ ਦੇ ਵਿੱਚ ਨੈਸ਼ਨਲ ਖੇਡਾਂ ਦੇ ਲਈ ਕੁਆਲੀਫਾਈ ਕੀਤਾ। ਚੇਅਰਮੈਨ ਤਰਲੋਚਨ ਸਿੰਘ ਨੇ ਬੱਚਿਆਂ ਨੂੰ ਮੁਬਾਰਕਬਾਦ ਦਿੱਤੀ। ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਦੱਸਿਆ ਕਿ ਸਿਲਵਰ ਓਕ ਸਕੂਲ ਖਿਡਾਰੀਆਂ ਨੂੰ ਹਰ ਤਰ੍ਹਾਂ ਦੀ ਸੁਵਿਧਾ ਦੇਣ ਦੇ ਲਈ ਹਮੇਸ਼ਾ ਤਤਪਰ ਹੈ ਅਤੇ ਇਹ ਬੱਚਿਆਂ ਤੇ ਉਹਨਾਂ ਦੇ ਕੋਚ ਸਾਹਿਬ ਦੀ ਅਣਥੱਕ ਮਿਹਨਤ ਦਾ ਨਤੀਜਾ ਹੈ ਕਿ ਉਹ ਦਿਨ ਰਾਤ ਇਹ ਕਰਕੇ ਇਸ ਮੁਕਾਮ 'ਤੇ ਪਹੁੰਚੇ ਹਨ। ਇਸ ਮੌਕੇ ਮੈਨੇਜਰ ਗਜਿੰਦਰ ਪਾਲ ਸਿੰਘ, ਤਰਨ ਸੈਣੀ, ਰਿਸੋਰਸ ਕੋਆਰਡੀਨੇਟਰ ਬਿਕਰਮਜੀਤ ਸਿੰਘ ਭੇਲਾ, ਜਗਬੰਧਨ ਸਿੰਘ, ਅਮਰਜੀਤ ਕੌਰ ਸੈਣੀ, ਵਿਸ਼ਾਲੀ, ਗੁਰਪ੍ਰੀਤ, ਅਰਚਨਾ, ਰਾਜਵਿੰਦਰ, ਰਾਜਵੀਰ, ਨੇਹਾ, ਸੁਮਨ, ਸੁਮਿਤ, ਪਰਮਜੀਤ, ਬਲਜੀਤ, ਕੰਚਨ, ਗੁਰਿੰਦਰ, ਹਰਜਿੰਦਰ, ਆਰਤੀ ਆਸ਼ਾ, ਕੁਲਦੀਪ, ਸੁਸ਼ੀਲ, ਸੁਰੇਸ਼, ਬਲਦੇਵ, ਰੁਪਿੰਦਰ, ਰਜਮੀਤ, ਹਰਮਿੰਦਰ ਹਰਜੀਤ, ਗੁਰਦੇਵ, ਅਜੇ ਅਤੇ ਬਾਕੀ ਸਟਾਫ ਮੌਜੂਦ ਸੀ।



# ਸਪੀਕਰ ਵੱਲੋਂ ਪੰਜਾਬੀ ਫਿਲਮ 'ਦੀ ਗ੍ਰੇਟ ਪੰਜਾਬ ਰੌਬਰੀ' ਦੀ ਟੀਮ ਨਾਲ ਮੁਲਾਕਾਤ

**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪੰਜਾਬ ਵਿਧਾਨ ਸਭਾ ਸਕੱਤਰੇਤ ਵਿਖੇ ਪੰਜਾਬੀ ਫਿਲਮ 'ਦੀ ਗ੍ਰੇਟ ਪੰਜਾਬ ਰੌਬਰੀ' ਦੇ ਸਟਾਰ ਕਾਸਟ ਅਤੇ ਕਰੂ ਮੈਂਬਰਾਂ ਨਾਲ ਮੁਲਾਕਾਤ ਕੀਤੀ।ਫਿਲਮ ਦੇਖਣ ਤੋਂ ਬਾਅਦ ਸਪੀਕਰ ਨੇ ਇਸ ਫਿਲਮ ਦੀ ਕਹਾਣੀ, ਮੁੱਖ ਸੰਦੇਸ਼ ਅਤੇ ਇਸ ਵਿੱਚ ਦਿਖਾਏ ਪੰਜਾਬ ਰਾਜ ਦੇ ਸਾਰਥਕ ਚਿਤਰਣ ਦੀ ਭਰਪੂਰ ਸ਼ਲਾਘਾ ਕੀਤੀ।ਇਸ ਵਫ਼ਦ ਵਿੱਚ ਫਿਲਮ ਜਗਤ ਦੀਆਂ ਪ੍ਰਮੁੱਖ ਸ਼ਖਸੀਅਤਾਂ ਰਾਜ ਕੁੰਦਰਾ, ਸ੍ਰੀਮਤੀ ਪਾਇਲ ਰਾਜਪੂਤ, ਪਰਮਵੀਰ ਸਿੰਘ, ਫਿਲਮ ਨਿਰਦੇਸ਼ਕ ਸੌਰਭ ਵਰਮਾ ਅਤੇ ਸ੍ਰੀਮਤੀ ਗੁਰਪ੍ਰੀਤ ਕੌਰ ਚੱਢਾ ਸ਼ਾਮਲ ਸਨ। ਗੱਲਬਾਤ ਦੌਰਾਨ ਸਪੀਕਰ ਸੰਧਵਾਂ ਅਤੇ ਫਿਲਮ ਟੀਮ ਦਰਮਿਆਨ ਪੰਜਾਬ, ਪੰਜਾਬੀਅਤ, ਖੇਤਰੀ ਸਿਨੇਮਾ ਅਤੇ ਰਾਜ ਦੇ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਬਾਰੇ ਵਿਸਥਾਰਪੂਰਵਕ ਚਰਚਾ ਅਤੇ ਅਹਿਮ ਸੁਝਾਵਾਂ ਦਾ ਆਦਾਨ-ਪ੍ਰਦਾਨ ਹੋਇਆ। ਫਿਲਮ ਟੀਮ ਨੇ ਸਪੀਕਰ ਅੱਗੇ ਕੁਝ ਮੁੱਖ ਪ੍ਰਸਤਾਵ ਰੱਖੇ, ਜਿਨ੍ਹਾਂ ਵਿੱਚ ਨਿਰਮਾਤਾਵਾਂ ਨੂੰ ਮੁੰਬਈ ਅਤੇ ਦਿੱਲੀ ਵਿੱਚ ਸੈਂਸਰਸ਼ਿਪ ਨਾਲ ਸਬੰਧਤ ਆਉਂਦੀਆਂ ਚੁਣੌਤੀਆਂ ਅਤੇ ਦੇਰੀ ਨੂੰ ਹੱਲ ਕਰਨ ਲਈ ਪੰਜਾਬ ਵਿੱਚ ਕੇਂਦਰੀ ਫਿਲਮ ਪ੍ਰਮਾਣਨ ਬੋਰਡ (ਸੀਬੀਐਫਸੀ) ਦੀ ਇੱਕ ਸਮਰਪਿਤ ਸ਼ਾਖਾ ਸਥਾਪਤ ਕਰਨਾ।

ਪ੍ਰਸਤਾਵਾਂ ਦਾ ਜਵਾਬ ਦਿੰਦਿਆਂ ਸਪੀਕਰ ਨੇ ਕਿਹਾ ਕਿ ਪੰਜਾਬੀ ਸਿਨੇਮਾ ਰਾਜ ਦੇ ਜੀਵੰਤ ਸੱਭਿਆਚਾਰ ਅਤੇ ਸੈਰ-ਸਪਾਟੇ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਉਣ ਲਈ ਇੱਕ ਸ਼ਕਤੀਸ਼ਾਲੀ ਮਾਧਿਅਮ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਹਾਂ-ਪੱਖੀ ਸੁਨੇਹਾ ਦੇਣ ਵਾਲੀਆਂ ਫਿਲਮਾਂ ਸਮਾਜ ਨੂੰ ਸਹੀ ਦਿਸ਼ਾ ਦਿੰਦੀਆਂ ਹਨ ਅਤੇ ਪੰਜਾਬ ਦੀ ਮਾਣਮੱਤੀ ਪਛਾਣ ਨੂੰ ਮਜ਼ਬੂਤ ਕਰਦੀਆਂ ਹਨ।

# ਕੁਤਬੇਵਾਲ ਤੋਂ 'ਆਪ' ਬਲਾਕ ਪ੍ਰਧਾਨ, ਸਰਪੰਚ, ਪੰਚਾਇਤ ਮੈਂਬਰ ਬਸਪਾ 'ਚ ਸ਼ਾਮਲ




**ਗੁਰਾਇਆ (ਬਿੰਦਰ ਸੁਮਨ)** ਵਿਧਾਨ ਸਭਾ ਹਲਕਾ ਫਿਲੌਰ 'ਚ ਆਮ ਆਦਮੀ ਪਾਰਟੀ ਦੇ ਕੁਤਬੇਵਾਲ ਪਿੰਡ ਤੋਂ ਬਲਾਕ ਪ੍ਰਧਾਨ ਰਹੇ ਅਤੇ ਬਲਾਕ ਸੰਮਤੀ ਦੀ ਚੋਣਾ ਪਾਰਟੀ ਵੱਲੋਂ ਲੜ ਚੁੱਕੇ ਪ੍ਰੋਫੈਸਰ ਕ੍ਰਾਂਤੀ ਕੁਮਾਰ, ਪਿੰਡ ਦੇ ਮੌਜੂਦਾ ਸਰਪੰਚ ਲਵਦੀਪ ਕੌਰ, ਸੁਨੀਤਾ ਰਾਣੀ ਪੰਚ, ਹਰਬੰਸ ਲਾਲ ਪੰਚ, ਰਛਪਾਲ ਸਿੰਘ ਪੰਚ, ਵਿਜੈ ਕੁਮਾਰ, ਸੁਖਵਿੰਦਰ ਰਾਮ ਸੋਹਨ ਲਾਲ, ਸਤਪਾਲ, ਬਲਵਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਆਮ ਆਦਮੀ ਪਾਰਟੀ ਨੂੰ ਛੱਡ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਲ ਹੋ ਗਏ, ਜਿਨਾਂ ਨੂੰ ਬਸਪਾ ਦੇ ਪੰਜਾਬ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਪਾਰਟੀ ਵਿੱਚ ਸ਼ਾਮਿਲ ਕੀਤਾ। ਇਸ ਮੌਕੇ ਸਾਬਕਾ ਬਲਾਕ ਪ੍ਰਧਾਨ ਅਤੇ ਪਿੰਡ ਦੀ ਮੌਜੂਦਾ ਸਰਪੰਚ ਦੇ ਪਤੀ ਪ੍ਰੋਫੈਸਰ ਕ੍ਰਾਂਤੀ ਕੁਮਾਰ ਨੇ ਕਿਹਾ ਪਿੰਡ ਦੀ ਮੌਜੂਦਾ ਸਰਪੰਚ ਦੀ ਹੀ ਸੁਣਵਾਈ ਨਹੀਂ ਕੀਤੀ ਗਈ ਅੱਜ ਵੀ ਇਨਸਾਫ ਲਈ ਉਹ ਦਰ ਦਰ ਭਟਕ ਰਹੇ ਹਨ। ਉਨ੍ਹਾਂ ਨੇ ਪਾਰਟੀ ਨੂੰ ਅਲਵਿਦਾ ਆਖਿਆ ਹੈ ਅਤੇ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਬਹੁਜਨ ਸਮਾਜ ਪਾਰਟੀ ਹਰੇਕ ਵਰਗ ਨਾਲ ਡਟ ਕੇ ਖੜੀ ਹੈ ਕਿਸੇ ਨਾਲ ਵੀ ਕੋਈ ਧੱਕੇਸ਼ਾਹੀ ਨਹੀਂ ਹੋਣ ਦਿੱਤੀ ਜਾਵੇਗੀ ਅਤੇ ਇਸ ਪਰਿਵਾਰ ਨੂੰ ਵੀ ਇਨਸਾਫ ਦਵਾਇਆ ਜਾਵੇਗਾ।

## ਫੂਡ ਸੇਫਟੀ ਟੀਮ ਵੱਲੋਂ ਚੈਕਿੰਗ ਅਭਿਆਨ

**ਫਗਵਾੜਾ (ਡਾ. ਰਮਨ)** ਡਿਪਟੀ ਕਮਿਸ਼ਨਰ ਅਕਾਸ਼ ਬਾਂਸਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸਿਵਲ ਸਰਜਨ ਡਾ. ਰਾਜੀਵ ਪਰਾਸ਼ਰ ਦੀ ਨਿਗਰਾਨੀ ਹੇਠ, ਫੂਡ ਸੇਫਟੀ ਵਿੰਗ ਕਪੂਰਥਲਾ ਵੱਲੋਂ ਫਗਵਾੜਾ ਵਿਖੇ ਵਿਸ਼ੇਸ਼ ਚੈਕਿੰਗ ਅਭਿਆਨ ਚਲਾਇਆ ਗਿਆ।ਇਸ ਦੌਰਾਨ ਟੀਮ ਨੇ ਫਗਵਾੜੇ ਤੋਂ ਛੋਲੇ-ਭਟੂਰਿਆਂ ਦਾ ਸੈਂਪਲ ਅਤੇ ਪਿੰਡ ਸਿਕਰੀ ਦੇ ਨੇੜਲੇ ਖੇਤਰਾਂ ਵਿੱਚ ਲੱਗਣ ਵਾਲੇ ਫੂਡ ਸਟਾਲਾਂ ਤੋਂ ਖਾਣ-ਪੀਣ ਵਾਲੀਆਂ ਵਸਤੂਆਂ ਦੇ ਸੈਂਪਲ ਇਕੱਤਰ ਕੀਤੇ।ਇਸ ਤੋਂ ਇਲਾਵਾ, ਪਿੰਡ ਸਿਕਰੀ ਦੇ ਸਰਕਾਰੀ ਸਕੂਲ ਵਿਖੇ ਇੱਕ ਜਾਗਰੂਕਤਾ ਅਭਿਆਨ ਵੀ ਚਲਾਇਆ ਗਿਆ।ਇਸ ਦੌਰਾਨ ਸਕੂਲੀ ਬੱਚਿਆਂ ਨੂੰ ਫਾਸਟ ਫੂਡ ਦੀ ਵਰਤੋਂ ਘੱਟ ਤੋਂ ਘੱਟ ਕਰਨ ਅਤੇ ਐਨਰਜੀ ਡਰਿੰਕਸ ਦੀ ਵਰਤੋਂ ਬਿਲਕੁਲ ਨਾ ਕਰਨ ਲਈ ਪ੍ਰੇਰਿਤ ਕੀਤਾ ਗਿਆ। ਟੀਮ ਨੇ ਦੱਸਿਆ ਕਿ ਸਕੂਲਾਂ ਦੇ 50 ਮੀਟਰ ਅਤੇ ਪਿੰਡਾਂ ਦੇ ਆਲੇ-ਦੁਆਲੇ 100 ਮੀਟਰ ਦੇ ਘੇਰੇ ਵਿੱਚ ਐਨਰਜੀ ਡਰਿੰਕਸ ਦੀ ਵਿਕਰੀ 'ਤੇ ਬੈਨ ਹੈ। ਇਸ ਚੈਕਿੰਗ ਅਤੇ ਜਾਗਰੂਕਤਾ ਅਭਿਆਨ ਦੀ ਅਗਵਾਈ ਡਾ. ਹਰਜੋਤ ਪਾਲ ਸਿੰਘ (ਸਹਾਇਕ ਕਮਿਸ਼ਨਰ, ਫੂਡ) ਵੱਲੋਂ ਕੀਤੀ ਗਈ, ਜਦਕਿ ਫੂਡ ਸੇਫਟੀ ਅਫ਼ਸਰ ਸ਼੍ਰੀਮਤੀ ਮਹਿਕ ਸੈਨੀ ਵੀ ਟੀਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ।




# ਸਰਕਾਰੀ ਅਣਦੇਖੀ ਦੀ ਭੇਟ ਚੜ੍ਹਿਆ ਮੁਬਾਰਕਪੁਰ ਦਾ ਆਧੁਨਿਕ ਬੱਸ ਅੱਡਾ



**ਡੇਰਾਬੱਸੀ, (ਵਿਨੈ ਕੁਮਾਰ ਜੈਨ):** ਪੰਜਾਬ ਸਰਕਾਰ ਅਤੇ ਨਗਰ ਕੌਂਸਲ ਡੇਰਾਬੱਸੀ ਵੱਲੋਂ ਪਿੰਡ ਮੁਬਾਰਕਪੁਰ ਵਿਖੇ ਆਮ ਜਨਤਾ ਅਤੇ ਮੁਸਾਫ਼ਰਾਂ ਦੀ ਸਹੂਲਤ ਲਈ ਬਣਾਇਆ ਆਧੁਨਿਕ ਬੱਸ ਅੱਡਾ ਸਰਕਾਰੀ ਅਣਦੇਖੀ ਕਾਰਨ ਮਹਿਜ਼ ਇੱਕ 'ਬਿਨਾਂ ਬੱਸਾਂ ਵਾਲਾ ਅੱਡਾ' ਬਣ ਕੇ ਰਹਿ ਗਿਆ ਹੈ।ਲਗਭਗ ਦੋ ਸਾਲ ਪਹਿਲਾਂ ਬਣ ਕੇ ਤਿਆਰ ਹੋਏ ਇਸ ਬੱਸ ਅੱਡੇ ਵਿੱਚ ਅੱਜ ਤੱਕ ਸਰਕਾਰੀ ਬੱਸਾਂ ਦੀ ਨਿਯਮਤ ਆਮਦ ਸ਼ੁਰੂ ਨਹੀਂ ਹੋ ਸਕੀ।ਇਲਾਕਾ ਨਿਵਾਸੀਆਂ ਅਨੁਸਾਰ ਸਰਕਾਰ ਵੱਲੋਂ ਬੱਸ ਅੱਡੇ ਦੀ ਇਮਾਰਤ, ਛੱਤ (ਸ਼ੈੱਡ) ਅਤੇ ਸਾਫ਼-ਸਫ਼ਾਈ ਦੇ ਤਾਂ ਵਧੀਆ ਪ੍ਰਬੰਧ ਕੀਤੇ ਗਏ ਹਨ, ਪਰ ਸਭ ਤੋਂ ਵੱਡੀ ਸਮੱਸਿਆ ਇੱਥੋਂ ਲੰਘਦੀਆਂ ਬਿਜਲੀ ਦੀਆਂ ਤਾਰਾਂ ਹਨ।ਬੱਸ ਸਟੈਂਡ ਬਣਨ ਤੋਂ ਬਾਅਦ ਵੀ ਇਹਨਾਂ ਤਾਰਾਂ ਨੂੰ ਹਟਾਉਣ ਦਾ ਕੰਮ ਲਗਾਤਾਰ ਲਟਕਦਾ ਆ ਰਿਹਾ ਹੈ, ਜਿਸ ਕਾਰਨ ਪੰਜਾਬ ਰੋਡਵੇਜ਼ ਜਾਂ ਹੋਰ ਸਰਕਾਰੀ ਬੱਸਾਂ ਅੰਦਰ ਨਹੀਂ ਆਉਂਦੀਆਂ। ਮੀਡੀਆ ਵੱਲੋਂ ਵਾਰ-ਵਾਰ ਮੁੱਦਾ ਉਠਾਉਣ ਦੇ ਬਾਵਜੂਦ ਪ੍ਰਸ਼ਾਸਨ ਨੇ ਇਸ ਦਾ ਕੋਈ ਹੱਲ ਨਹੀਂ ਕੱਢਿਆ।ਮੌਜੂਦਾ ਬਰਸਾਤ ਦੇ ਮੌਸਮ ਵਿੱਚ ਇਹ ਸਮੱਸਿਆ ਹੋਰ ਗੰਭੀਰ ਹੋ ਗਈ ਹੈ ਅਤੇ ਲੋਕ ਸ਼ੈਲਟਰ ਦੀ ਵਰਤੋਂ ਕਰਨ ਦੀ ਬਜਾਏ ਬਾਹਰ ਖੜ੍ਹ ਕੇ ਬੱਸਾਂ ਦੀ ਉਡੀਕ ਕਰਨ ਲਈ ਮਜਬੂਰ ਹਨ।


ਚੰਡੀਗੜ੍ਹ (ਸੈਕਟਰ 17, 32) ਜਾਂ ਪੰਚਕੂਲਾ ਜਾਣ ਲਈ ਮਹਿਜ਼ ਸੀ.ਟੀ.ਯੂ. ਦੀ ਰੂਟ ਨੰਬਰ 34 ਦੀ ਬੱਸ ਹੀ ਲੰਘਦੀ ਹੈ।ਸੁੰਡਰਾਂ ਵੱਲੋਂ ਆਉਣ ਵਾਲੀ ਬੱਸ ਵੀ ਹਫ਼ਤੇ ਵਿੱਚ ਮਹਿਜ਼ ਦੋ ਦਿਨ ਹੀ ਆਉਂਦੀ ਹੈ ਅਤੇ ਬਾਕੀ 5 ਦਿਨ ਸਰਵਿਸ ਠੱਪ ਰਹਿੰਦੀ ਹੈ।ਮੁਬਾਰਕਪੁਰ ਦੇ ਵਸਨੀਕਾਂ ਨੇ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ, ਵਿਧਾਇਕ ਦੇ ਓ.ਐਸ.ਡੀ. ਤੇ ਮੁਬਾਰਕਪੁਰ ਨਿਵਾਸੀ ਰਾਹੁਲ ਕੌਸ਼ਿਕ, ਨਗਰ ਕੌਂਸਲ ਪ੍ਰਧਾਨ ਆਸ਼ੂ ਉਪਨੇਜਾ, ਸਥਾਨਕ ਐਮ.ਸੀ. ਹਰੀਸ਼ਪਾਲ ਵਿੱਕੀ ਅਤੇ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਬਿਜਲੀ ਦੀਆਂ ਤਾਰਾਂ ਦੀ ਸਮੱਸਿਆ ਹੱਲ ਕਰਕੇ ਮੁਬਾਰਕਪੁਰ ਬੱਸ ਅੱਡੇ ਤੋਂ ਸਰਕਾਰੀ ਅਤੇ ਪੰਜਾਬ ਰੋਡਵੇਜ਼ ਦੀਆਂ ਬੱਸਾਂ ਦੇ ਰੂਟ ਤੁਰੰਤ ਸ਼ੁਰੂ ਕੀਤੇ ਜਾਣ।

# 'ਹਰ ਬੂਥ, ਕਾਂਗਰਸ ਮਜ਼ਬੂਤ' ਮੁਹਿੰਮ ਤਹਿਤ ਬਲਾਚੌਰ ਪਹੁੰਚੀ ਸਮੁੱਚੀ ਕਾਂਗਰਸ ਲੀਡਰਸ਼ਿਪ



**ਬਲਾਚੌਰ (ਜਸਵਿੰਦਰ ਬੈਂਸ)** ਕਾਂਗਰਸ ਪਾਰਟੀ ਵੱਲੋਂ ਸੂਬੇ ਵਿੱਚ ਚਲਾਈ ਜਾ ਰਹੀ 'ਹਰ ਬੂਥ, ਕਾਂਗਰਸ ਮਜ਼ਬੂਤ' ਮੁਹਿੰਮ ਤਹਿਤ ਬਲਾਚੌਰ ਵਿਖੇ ਵਿਸ਼ਾਲ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਪੰਜਾਬ ਕਾਂਗਰਸ ਦੀ ਸਮੁੱਚੀ ਸੀਨੀਅਰ ਲੀਡਰਸ਼ਿਪ ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਆਗੂ ਅਤੇ ਵਰਕਰ ਸ਼ਾਮਲ ਹੋਏ।ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਏਆਈਸੀਸੀ ਜਨਰਲ ਸਕੱਤਰ ਅਤੇ ਪੰਜਾਬ ਇੰਚਾਰਜ ਭੂਪੇਸ਼ ਬਘੇਲ ਨੇ ਕਾਂਗਰਸੀ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਛੋਟੇ-ਮੋਟੇ ਮਤਭੇਦਾਂ ਨੂੰ ਪਾਸੇ ਰੱਖ ਕੇ ਆਉਣ ਵਾਲੀ ਵੱਡੀ ਸਿਆਸੀ ਲੜਾਈ ਲਈ ਪੂਰੀ ਤਰ੍ਹਾਂ ਤਿਆਰ ਹੋਣ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਦਿਨਾਂ ਦੌਰਾਨ ਸੂਬੇ ਦੇ ਵੱਖ-ਵੱਖ ਹਿੱਸਿਆਂ ਦਾ ਦੌਰਾ ਕਰਦਿਆਂ ਉਨ੍ਹਾਂ ਨੂੰ ਮਹਿਸੂਸ ਹੋਇਆ ਹੈ ਕਿ ਪੰਜਾਬ ਦੇ ਲੋਕ ਕਾਂਗਰਸ ਵੱਲ ਉਮੀਦ ਭਰੀਆਂ ਨਜ਼ਰਾਂ ਨਾਲ ਦੇਖ ਰਹੇ ਹਨ। ਇਸ ਮੌਕੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ 'ਹਰ ਬੂਥ, ਕਾਂਗਰਸ ਮਜ਼ਬੂਤ' ਪ੍ਰੋਗਰਾਮ ਨੂੰ ਪੰਜਾਬ ਭਰ ਵਿੱਚ ਮਿਲ ਰਹੇ ਹੁੰਗਾਰੇ ਲਈ ਲੋਕਾਂ ਅਤੇ ਕਾਂਗਰਸੀ ਵਰਕਰਾਂ ਦਾ ਧੰਨਵਾਦ ਕੀਤਾ।ਰਾਜਾ ਵੜਿੰਗ ਨੇ ਕਿਹਾ ਕਿ ਕਾਂਗਰਸ ਦੇ ਪ੍ਰੋਗਰਾਮਾਂ ਨੂੰ ਮਿਲ ਰਹੇ ਭਰਵੇਂ ਹੁੰਗਾਰੇ ਤੋਂ ਵਿਰੋਧੀ ਪਾਰਟੀਆਂ ਘਬਰਾਈਆਂ ਹੋਈਆਂ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਆਰ ਐਸ ਐਸ ਅਤੇ 'ਆਪ' ਨਾਲ ਜੁੜੇ ਲੋਕ ਕਾਂਗਰਸ ਦੇ ਪ੍ਰੋਗਰਾਮਾਂ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਨੂੰ ਆਪਣੇ ਆਗੂਆਂ ਦੇ ਹੱਕ ਵਿੱਚ ਵਰਕਰਾਂ ਵੱਲੋਂ ਲਗਾਏ ਜਾਂਦੇ ਨਾਅਰਿਆਂ 'ਤੇ ਕੋਈ ਇਤਰਾਜ਼ ਨਹੀਂ, ਪਰ ਪ੍ਰੋਗਰਾਮ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਪੰਜਾਬ ਕਾਂਗਰਸ ਦੇ ਸਹਿ-ਇੰਚਾਰਜ ਸੂਰਜ ਠਾਕੁਰ, ਏਆਈਸੀਸੀ ਜਨਰਲ ਸਕੱਤਰ ਸੁਖਵਿੰਦਰ ਸਿੰਘ ਡੈਨੀ ਬੰਡਾਲਾ, ਸਾਬਕਾ ਵਿਧਾਇਕ ਚੌਧਰੀ ਦਰਸ਼ਨ ਲਾਲ ਮੰਗੂਪੁਰ, ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ, ਵਿਕਾਸ ਸੰਗਤ, ਅੰਮ੍ਰਿਤਪਾਲ ਭੌਂਸਲੇ, ਬਲਜਿੰਦਰ ਸਿੰਘ, ਮੀਨਾ ਕੁਮਾਰੀ, ਸਾਬਕਾ ਵਿਧਾਇਕਾ ਤਰਲੋਚਨ ਸੁੰਢ, ਰਾਜ ਕੁਮਾਰ, ਸਤਵੀਰ ਸਿੰਘ ਪੱਲੀਝਿੱਕੀ, ਤਿਲਕ ਰਾਜ ਸੂਦ, ਕੁਲਵਰਨ ਸਿੰਘ, ਰਾਮਦਾਸ ਸਿੰਘ, ਸਰਬਜੀਤ ਸਿੰਘ, ਰੋਹਿਤ ਚੋਪੜਾ, ਪ੍ਰੇਮ ਚੌਧਰੀ, ਨਾਨਕ ਸਿੰਘ, ਬਲਜੀਤ ਸਿੰਘ, ਕੁਲਦੀਪ ਸਿੰਘ, ਜਿੰਦਰ ਕੁਮਾਰ, ਜਤਿੰਦਰ ਸਿੰਘ ਸਮੇਤ ਵੱਖ-ਵੱਖ ਬਲਾਕਾਂ ਦੇ ਪ੍ਰਧਾਨ, ਸੈੱਲਾਂ ਦੇ ਆਗੂ ਅਤੇ ਸੈਂਕੜੇ ਕਾਂਗਰਸੀ ਵਰਕਰ ਹਾਜ਼ਰ ਸਨ।


# ਪੱਤਰਕਾਰ ਅਮਰਜੀਤ ਸਿੰਘ ਜੰਡੀਰ ਸੈਣੀ ਨੂੰ ਭਾਰੀ ਸਦਮਾ, ਸਹੁਰਾ ਸਾਹਿਬ ਦਾ ਦੇਹਾਂਤ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਪੱਤਰਕਾਰ ਅਮਰਜੀਤ ਸਿੰਘ ਜੰਡੀਰ ਸੈਣੀ ਨੂੰ ਉਸ ਵੇਲੇ ਭਾਰੀ ਸਦਮਾ ਲੱਗਾ ਜਦ ਉਹਨਾਂ ਦੇ ਸਹੁਰਾ ਸਾਹਿਬ ਦੀਦਾਰ ਸਿੰਘ ਡੱਲੀ ਅਚਾਨਕ ਆਪਣੀ ਜੀਵਨ ਯਾਤਰਾ ਨੂੰ ਪੂਰਾ ਕਰਦੇ ਹੋਏ ਅਲਵਿਦਾ ਆਖ ਗਏ। ਸਰਦਾਰ ਡੱਲੀ (77) ਨੇ ਆਪਣੇ ਜੀਵਨ ਵਿੱਚ ਭਾਰੀ ਮਿਹਨਤ ਕੀਤੀ। ਦੀਦਾਰ ਸਿੰਘ ਨੇ ਦੋ ਆਪਣੇ ਵੱਡੇ ਬੇਟੇ ਵਿਦੇਸ਼ ਵਿੱਚ ਸੈਟ ਕਰਵਾਏ ਅਤੇ ਛੋਟੇ ਬੇਟੇ ਨੂੰ ਦੇਸ਼ ਵਿੱਚ ਜ਼ਿਮੀਦਾਰਾ ਸੌਂਪਿਆ। ਦੀਦਾਰ ਸਿੰਘ ਆਪਣੇ ਪਿੱਛੇ 3 ਸਪੁੱਤਰ ਦੋ ਸਪੁੱਤਰੀਆਂ, 4 ਪੋਤਰੇ, ਤਿੰਨ ਦੋਹਤੇ ਅਤੇ ਧਰਮ ਪਤਨੀ ਨੂੰ ਛੱਡ ਕੇ ਸਦਾ ਲਈ ਅਲਵਿਦਾ ਕਰ ਗਏ। ਦੀਦਾਰ ਸਿੰਘ ਦਾ ਸ਼ਨੀਵਾਰ ਭੋਗਪੁਰ ਨਾਲ ਪਿੰਡ ਡੱਲੀ ਦੇ ਸ਼ਮਸ਼ਾਨਘਾਟ ਵਿੱਚ ਸਸਕਾਰ ਕਰ ਦਿੱਤਾ ਗਿਆ। ਉਹਨਾਂ ਦੀ ਅੰਤਿਮ ਅਰਦਾਸ 12 ਅਗਸਤ ਨੂੰ ਪਿੰਡ ਡੱਲੀ ਦੀਦਾਰ ਸਿੰਘ ਦੇ ਗ੍ਰਹਿ ਗੁਰਦੁਆਰਾ ਬਾਬਾ ਬਦੋਆਣਾ ਦੇ ਨਾਲ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਜਾਣਗੇ। ਅੰਤਿਮ ਅਰਦਾਸ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ। ਪਰਵਾਰ ਵੱਲੋਂ ਸੰਗਤਾਂ ਨੂੰ ਦੀਦਾਰ ਸਿੰਘ ਦੇ ਗ੍ਰਹਿ ਪਿੰਡ ਡੱਲੀ ਵਿਖੇ 12 ਅਗਸਤ ਨੂੰ ਪਹੁੰਚਣ ਦੀ ਬੇਨਤੀ ਕੀਤੀ ਗਈ ਹੈ।

## ਕਿਸਾਨ ਆਗੂ ਤਲਵਿੰਦਰ ਹੀਰ ਨੂੰ ਸਦਮਾ, ਭਾਣਜੇ ਹਰਪ੍ਰੀਤ ਢਿੱਲੋਂ ਦਾ ਦੇਹਾਂਤ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)** ਕਿਸਾਨ ਆਗੂ ਤੇ ਸਮਾਜ ਸੇਵੀ ਤਲਵਿੰਦਰ ਸਿੰਘ ਹੀਰ ਨੰਗਲ ਦੇ ਭਾਣਜੇ ਹਰਪ੍ਰੀਤ ਸਿੰਘ ਢਿੱਲੋਂ ਕੈਨੇਡਾ ਦੀ 'ਚ ਹੋਈ ਮੌਤ ਦੀ ਮੰਦਭਾਗੀ ਖ਼ਬਰ ਸੁਣਨ ਨੂੰ ਮਿਲੀ।



ਹਰਪ੍ਰੀਤ ਸਿੰਘ ਢਿੱਲੋਂ ਦੀ ਬੇਵਕਤ ਮੌਤ ਨੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਤੇ ਦੋਸਤਾਂ ਨੂੰ ਗਹਿਰਾ ਸਦਮਾ ਪਹੁੰਚਾਇਆ। ਉਹ ਲੱਗਭੱਗ ਅੱਠ ਸਾਲ ਪਹਿਲਾਂ ਕੈਨੇਡਾ ਦੀ ਧਰਤੀ 'ਤੇ ਗਿਆ ਸੀ। ਹੈਪੀ ਢਿੱਲੋਂ ਦੇ ਮ੍ਰਿਤਕ ਸਰੀਰ ਦਾ ਅੰਤਿਮ ਸੰਸਕਾਰ ਐਡਮਿੰਟਨ 'ਚ ਹੀ ਐਤਵਾਰ ਨੂੰ ਕੀਤਾ ਜਾਵੇਗਾ। ਉਹ ਇਸ ਵਕਤ ਆਪਣੀ ਵੱਡੀ ਭੈਣ, ਭਣੋਈਏ, ਭਾਣਜਿਆਂ ਤੇ ਆਪਣੀ ਬਿਰਧ ਦੁਖਿਆਰੀ ਨਾਨੀ ਸਿਮਰਜੀਤ ਕੌਰ ਹੀਰ ਨਾਲ ਰਹਿ ਰਿਹਾ ਸੀ।ਇੰਡੀਆ ਵਿੱਚ ਹੀਰ ਪਰਿਵਾਰ ਵੱਲੋਂ ਵਿਛੜੀ ਆਤਮਾ ਦੀ ਆਤਮਿਕ ਸ਼ਾਂਤੀ ਨਮਿੱਤ ਆਖੰਡ ਪਾਠ ਦੇ ਭੋਗ 10 ਅਗਸਤ ਸੋਮਵਾਰ ਨੂੰ ਗੁਰਦੁਆਰਾ ਸਾਹਿਬ ਬਜਵਾੜਾ ਵਿਖੇ ਹੀ ਪਾਏ ਜਾਣਗੇ। ਇਸ ਦੁਖਦਾਈ ਸਮੇਂ ਹੀਰ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਜਥੇਦਾਰ ਬਾਬਾ ਗੁਰਦੇਵ ਸਿੰਘ, ਸੰਤ ਦਰਸ਼ਨ ਸਿੰਘ, ਡੀ ਐਸ ਪੀ ਸੁਰਿੰਦਰਪਾਲ ਸਿੰਘ ਲਿੱਧੜ, ਰਿਟਾ: ਇੰਸਪੈਕਟਰ ਦਲਜੀਤ ਸਿੰਘ ਬਿੱਟੂ, ਕਾਮਰੇਡ ਦਰਸ਼ਨ ਸਿੰਘ ਮੱਟੂ, ਗੀਤਕਾਰ ਗੁਰਮਿੰਦਰ ਕੈਂਡੋਵਾਲ, ਦਰਸ਼ਨ ਸਿੰਘ ਮਜਾਰਾ ਡੀਂਗਰੀਆਂ, ਠੇਕੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਸਰਪੰਚ ਬਲਵਿੰਦਰ ਕੁਮਾਰ, ਪਰਵਿੰਦਰ ਕਿੱਤਣਾਂ, ਐਡਵੋਕੇਟ ਰਣਜੀਤ ਸਿੰਘ ਕਲਸੀ, ਲਵਪ੍ਰੀਤ ਸਿੰਘ, ਮਨਜਿੰਦਰ ਸਿੰਘ ਮਾਹਿਲਪੁਰ, ਸਰਪੰਚ ਕੁਲਦੀਪ ਸਿੰਘ, ਜਸਵਿੰਦਰ ਸਿੰਘ ਬੰਗਾ, ਹਰਜਿੰਦਰ ਸਿੰਘ, ਸਰਬਜੀਤ ਸਿੰਘ, ਵੇਦ ਪ੍ਰਕਾਸ਼, ਮਦਨ ਲਾਲ, ਕਾਮਰੇਡ ਮਹਿੰਦਰ ਸਿੰਘ ਖੈਰੜ, ਜੁਝਾਰ ਸਿੰਘ ਮਹਿਨਾ, ਲਹਿੰਬਰ ਸਿੰਘ, ਹਰਜੋਤ ਸਿੰਘ ਚਾਵਲਾ, ਸਰਪੰਚ ਹਰਦੀਪ ਸਿੰਘ, ਪ੍ਰਦੀਪ ਭਾਰਦਵਾਜ, ਪਰਵੀਨ ਕੁਮਾਰ, ਨਵਨੀਤ ਕੁਮਾਰ ਆਦਿ ਪਿੰਡ ਨੰਗਲ ਖਿਲਾੜੀਆਂ ਘਰ ਪਹੁੰਚੇ ਤੇ ਪਰਿਵਾਰ ਨਾਲ ਹਰ ਤਰ੍ਹਾਂ ਦਾ ਸਾਥ ਨਿਭਾਉਣ ਦਾ ਭਰੋਸਾ ਦਿਵਾਇਆ।

### ਗੈਰ-ਕਾਨੂੰਨੀ ਖੋਖਾ ਹਟਾਇਆ, ਕਬਜ਼ੇ ਕਰਵਾਏ ਖਾਲੀ

# ਈ ਐੱਨ ਟੀ ਹਸਪਤਾਲ ਦੇ ਬਾਹਰੋਂ ਸਾਮਾਨ ਕੀਤਾ ਜ਼ਬਤ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਜਨਤਕ ਸੜਕਾਂ ਅਤੇ ਫੁੱਟਪਾਥਾਂ 'ਤੇ ਕੀਤੇ ਜਾ ਰਹੇ ਗੈਰ-ਕਾਨੂੰਨੀ ਕਬਜ਼ਿਆਂ ਖ਼ਿਲਾਫ਼ ਚਲਾਈ ਜਾ ਰਹੀ ਸਖ਼ਤ ਮੁਹਿੰਮ ਨੂੰ ਜਾਰੀ ਰੱਖਦਿਆਂ ਨਗਰ ਨਿਗਮ ਅੰਮ੍ਰਿਤਸਰ (ਐੱਮ. ਸੀ. ਏ.) ਵੱਲੋਂ ਕ੍ਰਿਸਟਲ ਚੌਕ ਵਿਖੇ ਕਾਰਵਾਈ ਕਰਦਿਆਂ ਇੱਕ ਗੈਰ-ਕਾਨੂੰਨੀ ਖੋਖਾ ਹਟਾਇਆ ਗਿਆ ਅਤੇ ਕਬਜ਼ੇ ਖਾਲੀ ਕਰਵਾਏ ਗਏ। ਈ. ਐੱਨ. ਟੀ. ਹਸਪਤਾਲ ਦੇ ਬਾਹਰ ਜਨਤਕ ਥਾਂ 'ਤੇ ਕੀਤੇ ਗਏ ਕਬਜ਼ੇ ਨੂੰ ਵੀ ਹਟਾਇਆ ਗਿਆ। ਜਨਤਕ ਥਾਂ 'ਤੇ ਕਬਜ਼ਾ ਕਰਕੇ ਰੱਖਿਆ ਗਿਆ ਸਮਾਨ/ਸਾਮੱਗਰੀ ਇਨਫੋਰਸਮੈਂਟ ਟੀਮ ਵੱਲੋਂ ਜ਼ਬਤ ਕਰ ਲਈ ਗਈ। ਇਹ ਕਾਰਵਾਈ ਨਗਰ ਨਿਗਮ ਕਮਿਸ਼ਨਰ ਬਿਕਰਮਜੀਤ ਸਿੰਘ ਸ਼ੇਰਗਿੱਲ ਅਤੇ ਵਧੀਕ ਨਗਰ ਨਿਗਮ ਕਮਿਸ਼ਨਰ ਡਾ. ਜੈ ਇੰਦਰ ਸਿੰਘ ਦੇ ਨਿਰਦੇਸ਼ਾਂ 'ਤੇ, ਸਕੱਤਰ/ਅਸਟੇਟ ਅਫ਼ਸਰ ਸੁਸ਼ਾਂਤ ਭਾਟੀਆ ਅਤੇ ਅਸਟੇਟ ਅਫ਼ਸਰ ਧਰਮਿੰਦਰ ਜੀਤ ਸਿੰਘ ਦੀ ਨਿਗਰਾਨੀ ਹੇਠ ਕੀਤੀ ਗਈ। ਇਨਫੋਰਸਮੈਂਟ ਕਾਰਵਾਈ ਇੰਸਪੈਕਟਰ ਪ੍ਰੀਤੀ ਚੌਹਾਨ ਅਤੇ ਉਨ੍ਹਾਂ ਦੀ ਟੀਮ ਵੱਲੋਂ ਪੁਲਸ ਟੀਮ ਦੀ ਸਹਾਇਤਾ ਨਾਲ ਕੀਤੀ ਗਈ। ਟੀਮ ਵੱਲੋਂ ਸੜਕ ਅਤੇ ਫੁੱਟਪਾਥ ਦੇ ਕਬਜ਼ੇ ਵਾਲੇ ਹਿੱਸਿਆਂ ਨੂੰ ਖਾਲੀ ਕਰਵਾਇਆ ਗਿਆ ਅਤੇ ਆਮ ਲੋਕਾਂ ਦੀ ਆਵਾਜਾਈ ਵਿੱਚ ਰੁਕਾਵਟ ਪੈਦਾ ਕਰਨ ਵਾਲਾ ਸਮਾਨ ਹਟਾ ਕੇ ਜ਼ਬਤ ਕੀਤਾ ਗਿਆ। ਨਗਰ ਨਿਗਮ ਅਧਿਕਾਰੀਆਂ ਨੇ ਕਿਹਾ ਕਿ ਸੜਕਾਂ, ਫੁੱਟਪਾਥਾਂ ਅਤੇ ਹੋਰ ਜਨਤਕ ਥਾਵਾਂ 'ਤੇ ਗੈਰ-ਕਾਨੂੰਨੀ ਕਬਜ਼ਿਆਂ ਕਾਰਨ ਪੈਦਲ ਚੱਲਣ ਵਾਲੇ ਲੋਕਾਂ ਅਤੇ ਵਾਹਨ ਚਾਲਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਨਾਲ ਆਵਾਜਾਈ ਵਿੱਚ ਵਿਘਨ ਪੈਣ ਦੇ ਨਾਲ-ਨਾਲ ਸੁਰੱਖਿਆ ਸਬੰਧੀ ਸਮੱਸਿਆਵਾਂ ਵੀ ਪੈਦਾ ਹੋ ਸਕਦੀਆਂ ਹਨ। ਐੱਮ. ਸੀ. ਏ. ਵੱਲੋਂ ਅਜਿਹੀਆਂ ਉਲੰਘਣਾਵਾਂ ਖ਼ਿਲਾਫ਼ ਸਖ਼ਤ ਕਾਰਵਾਈ ਲਗਾਤਾਰ ਜਾਰੀ ਰਹੇਗੀ। ਨਗਰ ਨਿਗਮ ਕਮਿਸ਼ਨਰ ਬਿਕਰਮਜੀਤ ਸਿੰਘ ਸ਼ੇਰਗਿੱਲ ਅਤੇ ਵਧੀਕ ਕਮਿਸ਼ਨਰ ਡਾ. ਜੈ ਇੰਦਰ ਸਿੰਘ ਨੇ ਮੁੜ ਸਪੱਸ਼ਟ ਕੀਤਾ ਕਿ ਗੈਰ-ਕਾਨੂੰਨੀ ਕਬਜ਼ਿਆਂ ਦੇ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਨਹੀਂ ਵਰਤੀ ਜਾਵੇਗੀ। ਉਨ੍ਹਾਂ ਨੇ ਇਨਫੋਰਸਮੈਂਟ ਟੀਮਾਂ ਨੂੰ ਸਖ਼ਤ ਨਿਗਰਾਨੀ ਰੱਖਣ ਅਤੇ ਜਿੱਥੇ ਵੀ ਸੜਕਾਂ ਜਾਂ ਫੁੱਟਪਾਥਾਂ 'ਤੇ ਗੈਰ-ਕਾਨੂੰਨੀ ਕਬਜ਼ਾ ਪਾਇਆ ਜਾਵੇ, ਉੱਥੇ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਅਧਿਕਾਰੀਆਂ ਨੇ ਦੁਕਾਨਦਾਰਾਂ, ਰੇਹੜੀ-ਫੜ੍ਹੀ ਵਾਲਿਆਂ ਅਤੇ ਹੋਰ ਅਦਾਰਿਆਂ ਨੂੰ ਅਪੀਲ ਕੀਤੀ ਕਿ ਉਹ ਜਨਤਕ ਥਾਵਾਂ ਤੋਂ ਆਪਣੇ ਪੱਧਰ 'ਤੇ ਕਬਜ਼ੇ ਹਟਾ ਲੈਣ ਅਤੇ ਆਮ ਲੋਕਾਂ ਦੀ ਸਹੂਲਤ ਅਤੇ ਸੁਰੱਖਿਆ ਲਈ ਸੜਕਾਂ ਅਤੇ ਫੁੱਟਪਾਥਾਂ ਨੂੰ ਪੂਰੀ ਤਰ੍ਹਾਂ ਖੁੱਲ੍ਹਾ ਰੱਖਣ। ਐੱਮ. ਸੀ. ਏ. ਨੇ ਸਪੱਸ਼ਟ ਕੀਤਾ ਹੈ ਕਿ ਸ਼ਹਿਰ ਭਰ ਵਿੱਚ ਕਬਜ਼ਾ ਵਿਰੋਧੀ ਮੁਹਿੰਮ ਲਗਾਤਾਰ ਜਾਰੀ ਰਹੇਗੀ ਅਤੇ ਵਾਰ-ਵਾਰ ਕਬਜ਼ਾ ਕਰਨ ਵਾਲਿਆਂ ਖ਼ਿਲਾਫ਼ ਨਿਯਮਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਭਾਰਤ ਦਾ ਪਲੇਠਾ ਆਰ ਈ ਆਈ ਟੀ-ਆਧਾਰਿਤ ਇੰਡੈਕਸ ਫੰਡ ਲਾਂਚ

ਅੰਮ੍ਰਿਤਸਰ : ਐਡਲਵਾਈਜ਼ ਅਸੇਟ ਮੈਨੇਜਮੈਂਟ ਕੰਪਨੀ ਲਿਮਿਟਡ ਨੇ ਐਡਲਵਾਈਜ਼ ਨਿਫਟੀ ਆਰਈਆਈਟੀ ਐਂਡ ਰਿਐਲਟੀ ਇੰਡੈਕਸ ਫੰਡ ਲਾਂਚ ਕਰਨ ਦਾ ਐਲਾਨ ਕੀਤਾ ਹੈ।ਭਾਰਤ ਦਾ ਇਹ ਪਹਿਲਾ ਆਰਈਆਈਟੀ-ਆਧਾਰਿਤ ਇੰਡੈਕਸ ਫੰਡ ਹੈ, ਜਿਸ ਦਾ ਨਵਾਂ ਫੰਡ ਆਫਰ (ਐੱਨ. ਐੱਫ. ਓ.) 5 ਤੋਂ 19 ਅਗਸਤ 2026 ਤੱਕ ਖੁੱਲ੍ਹਾ ਰਹੇਗਾ। ਓਪਨ-ਐਂਡਿਡ ਫੰਡ ਦਾ ਉਦੇਸ਼ ਨਿਫਟੀ ਆਰਈਆਈਟੀ ਐਂਡ ਰਿਐਲਟੀ ਟੋਟਲ ਰਿਟਰਨ ਇੰਡੈਕਸ ਦੇ ਪ੍ਰਦਰਸ਼ਨ ਨੂੰ ਟ੍ਰੈਕ ਕਰਨਾ ਹੈ।ਫੰਡ ਸੂਚੀਬੱਧ ਆਰਈਆਈਟੀ ਅਤੇ ਰੀਅਲ ਅਸਟੇਟ ਕੰਪਨੀਆਂ ਵਿੱਚ ਨਿਵੇਸ਼ ਕਰੇਗਾ।

ਐਡਲਵਾਈਜ਼ ਦੀ ਐੱਮਡੀ ਅਤੇ ਸੀਈਓ ਰਾਧਿਕਾ ਗੁਪਤਾ ਨੇ ਕਿਹਾ ਕਿ ਆਰਈਆਈਟੀ ਨੇ ਨਿਵੇਸ਼ਕਾਂ ਲਈ ਉੱਚ-ਗੁਣਵੱਤਾ ਵਾਲੀਆਂ ਰੀਅਲ ਐਸਟੇਟ ਸੰਪਤੀਆਂ ਤੱਕ ਪਹੁੰਚ ਆਸਾਨ ਬਣਾਈ ਹੈ।

# ਡਾ. ਓਬਰਾਏ ਦੇ ਯਤਨਾਂ ਸਦਕਾ ਅਸ਼ੋਕ ਕੁਮਾਰ ਦਾ ਮ੍ਰਿਤਕ ਸਰੀਰ ਗਰੀਸ ਤੋਂ ਭਾਰਤ ਪਹੁੰਚਿਆ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਲੋੜਵੰਦਾਂ ਦੇ ਮਸੀਹਾ ਵਜੋਂ ਜਾਣੇ ਜਾਂਦੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐੱਸ. ਪੀ. ਸਿੰਘ ਓਬਰਾਏ ਦੇ ਯਤਨਾਂ ਸਦਕਾ ਜਲੰਧਰ ਨਾਲ ਸਬੰਧਿਤ 55 ਸਾਲਾ ਅਸ਼ੋਕ ਕੁਮਾਰ ਪੁੱਤਰ ਪ੍ਰਕਾਸ਼ ਰਾਮ ਦਾ ਮ੍ਰਿਤਕ ਸਰੀਰ ਗਰੀਸ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪਹੁੰਚਿਆ। ਡਾ. ਓਬਰਾਏ ਨੇ ਦੱਸਿਆ ਕਿ ਅਸ਼ੋਕ ਕੁਮਾਰ ਵੀ ਹੋਰਨਾਂ ਨੌਜਵਾਨਾਂ ਵਾਂਗ ਆਪਣੇ ਬਿਹਤਰ ਭਵਿੱਖ ਦੇ ਸੁਪਨੇ ਲੈ ਕੇ ਕਰੀਬ 30 ਸਾਲ ਪਹਿਲਾਂ ਗਰੀਸ ਗਿਆ ਸੀ ਕਿ ਬੀਤੀ 22 ਜੁਲਾਈ ਨੂੰ ਅਚਾਨਕ ਦਿਲ ਦਾ ਦੌਰਾ ਪੈ ਜਾਣ ਕਾਰਨ ਉਸਦੀ ਮੌਤ ਹੋ ਗਈ। ਇਸ ਘਟਨਾ ਸਬੰਧੀ ਕੁਝ ਦਿਨ ਪਹਿਲਾਂ ਅਸ਼ੋਕ ਕੁਮਾਰ ਦੀ ਪਤਨੀ ਰੇਖਾ ਨੇ ਉਨ੍ਹਾਂ ਨਾਲ ਸੰਪਰਕ ਕਰਕੇ ਦੱਸਿਆ ਸੀ ਕਿ ਉਸਦੇ ਪਤੀ ਦੀ ਗਰੀਸ ਵਿੱਚ ਮੌਤ ਹੋ ਗਈ ਹੈ ਅਤੇ ਗਰੀਸ ਤੋਂ ਕੋਈ ਅਣਜਾਣ ਵਿਅਕਤੀ ਉਨ੍ਹਾਂ ਨੂੰ ਟੈਲੀਫੋਨ ਕਰ ਕੇ ਪੈਸਿਆਂ ਦੀ ਮੰਗ ਕਰ ਰਿਹਾ ਹੈ ਅਤੇ ਕਹਿ ਰਿਹਾ ਹੈ ਕਿ ਜੇਕਰ ਤੁਸੀਂ ਤੁਰੰਤ ਪੈਸੇ ਨਾ ਭੇਜੇ ਤਾਂ ਅਸ਼ੋਕ ਕੁਮਾਰ ਨੂੰ ਲਵਾਰਿਸ ਕਰਾਰ ਦਿੰਦਿਆਂ ਉਸ ਦਾ ਗਰੀਸ 'ਚ ਹੀ ਅੰਤਿਮ ਸਸਕਾਰ ਕਰ ਦਿੱਤਾ ਜਾਵੇਗਾ। ਜਿਸ ਤੇ ਉਨ੍ਹਾਂ ਗਰੀਸ ਦੇ ਐਥਨ ਵਿਖੇ ਸਥਿਤ ਗੁਰਦੁਆਰਾ ਸਾਹਿਬ ਨਾਨਕ ਦਰਬਾਰ ਦੇ ਪ੍ਰਧਾਨ ਦਲਜੀਤ ਸਿੰਘ ਜੋ ਟਰੱਸਟ ਦੇ ਵੀ ਮੈਂਬਰ ਹਨ, ਨਾਲ ਰਾਬਤਾ ਕਰ ਕੇ ਉਕਤ ਮਸਲਾ ਹੱਲ ਕਰਵਾਉਣ ਤੋਂ ਬਾਅਦ ਅੱਜ ਅਸ਼ੋਕ ਕੁਮਾਰ ਦਾ ਮ੍ਰਿਤਕ ਸਰੀਰ ਅੰਮ੍ਰਿਤਸਰ ਵਿਖੇ ਭੇਜਿਆ ਹੈ ਜਿਸ ਉਪਰੰਤ ਟਰੱਸਟ ਦੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ ਅਤੇ ਮਨਪ੍ਰੀਤ ਸਿੰਘ ਸੰਧੂ ਦੀ ਦੇਖ-ਰੇਖ 'ਚ ਟਰੱਸਟ ਦੀ ਮੁਫ਼ਤ ਐਂਬੂਲੈਂਸ ਰਾਹੀਂ ਹਵਾਈ ਅੱਡੇ ਤੋਂ ਅਸ਼ੋਕ ਕੁਮਾਰ ਦੇ ਮ੍ਰਿਤਕ ਸਰੀਰ ਨੂੰ ਉਸਦੇ ਘਰ ਤੱਕ ਵੀ ਪਹੁੰਚਾਇਆ ਗਿਆ ਹੈ।

ਡਾ. ਓਬਰਾਏ ਨੇ ਇਹ ਵੀ ਦੱਸਿਆ ਕਿ ਅਸ਼ੋਕ ਕੁਮਾਰ ਦੇ ਮ੍ਰਿਤਕ ਸਰੀਰ ਨੂੰ ਭੇਜਣ ਦਾ ਖਰਚ ਉਸ ਦੇ ਨਾਲ ਕੰਮ ਕਰਨ ਵਾਲੇ ਉਸਦੇ ਸਾਥੀਆਂ ਅਤੇ ਗਰੀਸ ਦੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਅਤੇ ਸਾਧ ਸੰਗਤ ਦੇ ਸਹਿਯੋਗ ਨਾਲ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਡਾ. ਓਬਰਾਏ ਦੇ ਯਤਨਾਂ ਸਦਕਾ ਹੁਣ ਤੱਕ 475 ਦੇ ਕਰੀਬ ਬਦਨਸੀਬ ਲੋਕਾਂ ਦੇ ਮ੍ਰਿਤਕ ਸਰੀਰ ਉਨ੍ਹਾਂ ਦੇ ਵਾਰਸਾਂ ਤੱਕ ਪਹੁੰਚਦੇ ਜਾ ਚੁੱਕੇ ਹਨ।

ਹਵਾਈ ਅੱਡੇ 'ਤੇ ਮ੍ਰਿਤਕ ਦੇਹ ਲੈਣ ਪਹੁੰਚੇ ਅਸ਼ੋਕ ਕੁਮਾਰ ਦਾ ਭਰਾ ਕਾਲਾ ਅਤੇ ਬੇਟੇ ਵਿਵੇਕ ਕੁਮਾਰ ਤੋਂ ਇਲਾਵਾ ਪਤਨੀ ਰੇਖਾ ਤੇ ਹੋਰਨਾਂ ਰਿਸ਼ਤੇਦਾਰਾਂ ਨੇ ਡਾ. ਐੱਸ. ਪੀ. ਸਿੰਘ ਓਬਰਾਏ ਦਾ ਇਸ ਵੱਡੇ ਉਪਰਾਲੇ ਲਈ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਯਤਨਾਂ ਦੀ ਬਦੌਲਤ ਹੀ ਪਰਿਵਾਰ ਨੂੰ ਅਸ਼ੋਕ ਕੁਮਾਰ ਦੇ ਅੰਤਿਮ ਦਰਸ਼ਨ ਨਸੀਬ ਹੋ ਸਕੇ ਹਨ।

## ਟੀ ਐੱਸ ਯੂ ਮਾਛੀਵਾੜਾ ਸਬ-ਡਵੀਜ਼ਨ ਦੇ ਪਰਵੇਸ਼ ਕੁਮਾਰ ਕੈਸ਼ੀਅਰ



ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਟੈਕਨੀਕਲ ਸਰਵਿਸਜ਼ ਯੂਨੀਅਨ (ਟੀ.ਐੱਸ.ਯੂ.) ਖੰਨਾ ਦੀ ਮਾਛੀਵਾੜਾ ਸਾਹਿਬ ਸਬ-ਡਵੀਜ਼ਨ ਦੀ ਮੀਟਿੰਗ ਸਾਥੀ ਰਾਜ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਹਾਜ਼ਰ ਯੂਨੀਅਨ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਸਾਥੀ ਪਰਵੇਸ਼ ਕੁਮਾਰ ਨੂੰ ਮਾਛੀਵਾੜਾ ਸਾਹਿਬ ਸਬ-ਡਵੀਜ਼ਨ ਦਾ ਕੈਸ਼ੀਅਰ ਚੁਣਿਆ ਗਿਆ। ਇਸ ਮੌਕੇ ਜੁਆਇੰਟ ਸਕੱਤਰ ਜਰਨੈਲ ਸਿੰਘ ਜੇ. ਈ., ਸਕੱਤਰ ਜਤਿੰਦਰ ਕੁਮਾਰ, ਦਲਜੀਤ ਸਿੰਘ ਜੇ.ਈ. ਤੇ ਸੂਬਾ ਪ੍ਰਧਾਨ ਕੁਲਦੀਪ ਸਿੰਘ ਖੰਨਾ ਸਮੇਤ ਹੋਰ ਸਾਥੀ ਹਾਜ਼ਰ ਸਨ।

ਨਵੇਂ ਚੁਣੇ ਗਏ ਕੈਸ਼ੀਅਰ ਪਰਵੇਸ਼ ਕੁਮਾਰ ਨੂੰ ਯੂਨੀਅਨ ਆਗੂਆਂ ਤੇ ਮੈਂਬਰਾਂ ਵੱਲੋਂ ਵਧਾਈ ਦਿੱਤੀ ਗਈ। ਆਗੂਆਂ ਨੇ ਆਸ ਪ੍ਰਗਟਾਈ ਕਿ ਉਹ ਯੂਨੀਅਨ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ।

# ਸੀ ਬੀ ਐੱਸ ਈ ਦੀ ਕੈਪੇਸਿਟੀ ਬਿਲਡਿੰਗ ਵਰਕਸ਼ਾਪ ਦਾ ਸਫਲ ਆਯੋਜਨ



ਪਠਾਨਕੋਟ (ਦਵਿੰਦਰ ਸਿੰਘ)- ਜੇ. ਐੱਮ. ਕੇ. ਇੰਟਰਨੈਸ਼ਨਲ ਸਕੂਲ ਪਠਾਨਕੋਟ ਵਿਖੇ ਸੀ. ਬੀ. ਐੱਸ. ਈ. ਵੱਲੋਂ ਆਯੋਜਿਤ ਕੈਪੇਸਿਟੀ ਬਿਲਡਿੰਗ ਪ੍ਰੋਗਰਾਮ ਅਧੀਨ ਲਰਨਿੰਗ ਆਊਟਕਮਜ਼ ਅਤੇ ਪੈਡਾਗੌਜੀਜ਼ ਵਿਸ਼ੇ 'ਤੇ ਇੱਕ ਰੋਜ਼ਾ ਵਰਕਸ਼ਾਪ ਦਾ ਸਫਲ ਆਯੋਜਨ ਕੀਤਾ ਗਿਆ।ਇਹ ਵਰਕਸ਼ਾਪ ਸਕੂਲ ਦੇ ਚੇਅਰਮੈਨ ਅਨੁਜ ਸੂਦ ਅਤੇ ਡਾਇਰੈਕਟਰ ਤਾਨਿਆ ਸੂਦ ਦੇ ਮਾਰਗਦਰਸ਼ਨ ਹੇਠ ਅਤੇ ਡਾਇਰੈਕਟਰ ਅਤੇ ਪ੍ਰਿੰਸੀਪਲ ਡਾ. ਨੀਰਜ ਮੋਹਨ ਪੁਰੀ ਦੀ ਅਗਵਾਈ ਵਿੱਚ ਆਯੋਜਿਤ ਕੀਤੀ ਗਈ।ਵਰਕਸ਼ਾਪ ਦਾ ਮੁੱਖ ਉਦੇਸ਼ ਅਧਿਆਪਕਾਂ ਨੂੰ ਨਵੀਆਂ ਸਿੱਖਿਆ ਪੱਧਤੀਆਂ, ਨਤੀਜਾ-ਆਧਾਰਿਤ ਸਿੱਖਿਆ ਅਤੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਨਾਲ ਸਬੰਧਤ ਪ੍ਰਭਾਵਸ਼ਾਲੀ ਤਰੀਕਿਆਂ ਨਾਲ ਜਾਣੂ ਕਰਵਾਉਣਾ ਸੀ।ਵਰਕਸ਼ਾਪ ਵਿੱਚ ਰਿਸੋਰਸਪਰਸਨ ਯੋਗੇਸ਼ਵਰ ਸਿੰਘ ਬਟਿਆਲ (ਪ੍ਰਿੰਸੀਪਲ, ਸੱਤਿਆ ਭਾਰਤੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਅੰਮ੍ਰਿਤਸਰ) ਅਤੇ ਜਾਗ੍ਰਿਤੀ ਵਰਮਾ (ਸੇਂਟ ਥਾਮਸ ਸੀਨੀਅਰ ਸੈਕੰਡਰੀ ਸਕੂਲ, ਮਿਸ਼ਨ ਰੋਡ, ਪਠਾਨਕੋਟ) ਨੇ ਅਧਿਆਪਕਾਂ ਨੂੰ ਲਰਨਿੰਗ ਆਊਟਕਮਜ਼ ਅਤੇ ਪੈਡਾਗੌਜੀਜ਼ ਵਿਸ਼ੇ 'ਤੇ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕੀਤੀ।ਉਨ੍ਹਾਂ ਨੇ ਨਤੀਜਾ-ਆਧਾਰਿਤ ਸਿੱਖਿਆ, ਪ੍ਰਭਾਵਸ਼ਾਲੀ ਕਲਾਸਰੂਮ ਅਧਿਆਪਨ, ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ, ਗਤੀਵਿਧੀ-ਆਧਾਰਿਤ ਸਿੱਖਿਆ, ਵਿਦਿਆਰਥੀ-ਕੇਂਦਰਿਤ ਸਿੱਖਣ ਪੱਧਤੀ ਅਤੇ ਪ੍ਰਭਾਵਸ਼ਾਲੀ ਮੁਲਾਂਕਣ ਤਕਨੀਕਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ।ਵਰਕਸ਼ਾਪ ਦੌਰਾਨ ਅਧਿਆਪਕਾਂ ਨੇ ਉਤਸ਼ਾਹ ਨਾਲ ਭਾਗ ਲੈਂਦਿਆਂ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲਿਆ ਅਤੇ ਆਪਣੇ ਤਜਰਬੇ ਸਾਂਝੇ ਕੀਤੇ।ਇਸ ਤੋਂ ਇਲਾਵਾ ਉਨ੍ਹਾਂ ਨੇ ਵਿਸ਼ਾ ਮਾਹਿਰਾਂ ਨਾਲ ਵੱਖ-ਵੱਖ ਸਿੱਖਿਆ ਸੰਬੰਧੀ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਵੀ ਕੀਤਾ।ਇਸ ਸੰਵਾਦਾਤਮਕ ਸੈਸ਼ਨ ਨੇ ਅਧਿਆਪਕਾਂ ਨੂੰ ਆਪਣੇ ਅਧਿਆਪਨ ਹੁਨਰਾਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਨਵੀਂ ਸੋਚ ਅਤੇ ਵਿਹਾਰਕ ਦ੍ਰਿਸ਼ਟੀਕੋਣ ਪ੍ਰਦਾਨ ਕੀਤਾ। ਡਾਇਰੈਕਟਰ ਅਤੇ ਪ੍ਰਿੰ. ਡਾ. ਨੀਰਜ ਮੋਹਨ ਪੁਰੀ ਨੇ ਦੋਵੇਂ ਰਿਸੋਰਸਪਰਸਨਜ਼ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਵਰਕਸ਼ਾਪਾਂ ਅਧਿਆਪਕਾਂ ਦੇ ਪੇਸ਼ੇਵਰ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ ਅਤੇ ਵਿਦਿਆਰਥੀਆਂ ਨੂੰ ਗੁਣਵੱਤਾਪੂਰਨ ਅਤੇ ਨਤੀਜਾ-ਮੁਖੀ ਸਿੱਖਿਆ ਪ੍ਰਦਾਨ ਕਰਨ ਵਿੱਚ ਬਹੁਤ ਸਹਾਇਕ ਸਾਬਤ ਹੁੰਦੀਆਂ ਹਨ।

## ਝਾੜ ਸਾਹਿਬ ਕਾਲਜ ਦੀਆਂ ਵਿਦਿਆਰਥਣਾਂ 'ਵਰਸਿਟੀ ਪੱਧਰ 'ਤੇ ਮਾਰੀਆਂ ਮੱਲਾਂ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਰਪ੍ਰਸਤੀ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ ਝਾੜ ਸਾਹਿਬ ਦਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨਿਆ ਬੀ.ਐੱਸ.ਸੀ. ਫੈਸ਼ਨ ਡਿਜ਼ਾਈਨਿੰਗ ਸਮੈਸਟਰ ਚੌਥੇ ਦਾ ਨਤੀਜਾ ਸ਼ਾਨਦਾਰ ਰਿਹਾ।

ਬੀ. ਐੱਸ. ਸੀ. ਫੈਸ਼ਨ ਡਿਜ਼ਾਈਨਿੰਗ ਸਮੈਸਟਰ ਚੌਥਾ ਦੀ ਵਿਦਿਆਰਥਣ ਜਸਪ੍ਰੀਤ ਕੌਰ ਤੇ ਖੁਸ਼ਪ੍ਰੀਤ ਕੌਰ ਨੇ ਐੱਸ.ਜੀ.ਪੀ.ਏ. 9.25 ਅੰਕ ਹਾਸਲ ਕਰਕੇ ਯੂਨੀਵਰਸਿਟੀ ਪੱਧਰ 'ਤੇ ਤੀਜਾ ਤੇ ਕਾਲਜ 'ਚੋਂ ਪਹਿਲਾ ਸਥਾਨ ਹਾਸਲ ਕੀਤਾ। ਪੁਨੀਤ ਕੌਰ ਨੇ ਐੱਸ.ਜੀ.ਪੀ.ਏ. 9.17 ਅੰਕ ਹਾਸਲ ਕਰਕੇ ਯੂਨੀਵਰਸਿਟੀ ਪੱਧਰ 'ਤੇ ਚੌਥਾ ਤੇ ਕਾਲਜ ਪੱਧਰ 'ਤੇ ਦੂਜਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਅਮਨਦੀਪ ਕੌਰ ਤੇ ਮਹਿਕਪ੍ਰੀਤ ਕੌਰ ਨੇ ਐੱਸ.ਜੀ.ਪੀ.ਏ. 9.00 ਅੰਕ ਹਾਸਲ ਕਰਕੇ ਕਾਲਜ 'ਚੋਂ ਤੀਜਾ ਸਥਾਨ ਪ੍ਰਾਪਤ ਕੀਤਾ। ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਵਿਦਿਆਰਥਣਾਂ ਤੇ ਬੀ.ਐੱਸ.ਸੀ. ਫੈਸ਼ਨ ਡਿਜ਼ਾਈਨਿੰਗ ਦੇ ਮੁਖੀ ਅਸਿ. ਪ੍ਰੋ. ਹਰਪ੍ਰੀਤ ਕੌਰ ਤੇ ਅਸਿ. ਪ੍ਰੋ. ਸੁਖਨਪ੍ਰੀਤ ਕੌਰ ਨੂੰ ਵਧਾਈ ਦਿੱਤੀ ਅਤੇ ਸ਼ੁੱਭ-ਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਇਹ ਸੰਸਥਾ ਵਿਦਿਆਰਥਣਾਂ ਦੇ ਸਰਵਪੱਖੀ ਵਿਕਾਸ ਦੀ ਪੂਰਤੀ ਲਈ ਸਦਾ ਯਤਨਸ਼ੀਲ ਰਹਿੰਦੀ ਹੈ। ਸਾਨੂੰ ਉਮੀਦ ਹੈ ਕਿ ਸਾਡੀਆਂ ਵਿਦਿਆਰਥਣਾਂ ਇਸੇ ਤਰ੍ਹਾਂ ਦ੍ਰਿੜ੍ਹ ਮਿਹਨਤ ਤੇ ਲਗਨ ਸਦਕਾ ਵਧੀਆ ਨਤੀਜਾ ਪ੍ਰਾਪਤ ਕਰਕੇ ਆਪਣੇ ਮਾਪਿਆਂ ਦਾ ਨਾਂ ਰੌਸ਼ਨ ਕਰਨਗੀਆਂ।

ਕਾਲਜ ਦੀ ਲੋਕਲ ਮੈਨੇਜਮੈਂਟ ਕਮੇਟੀ ਵੱਲੋਂ ਵਿਦਿਆਰਥਣਾਂ ਦੀ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਗਈ। ਉਨ੍ਹਾਂ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਪਟਿਆਲਾ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਵਿਸ਼ੇਸ਼ ਸਨਮਾਨ ਕਰਨ ਸਬੰਧੀ ਜਾਣਕਾਰੀ ਸਾਂਝੀ ਕੀਤੀ।

# ਪੰਜਾਬ ਦੇ ਲੋਕ ਇਸ ਵਾਰ ਸੋਚ-ਸਮਝ ਕੇ ਕਰਨਗੇ ਵੋਟ ਦਾ ਇਸਤੇਮਾਲ: ਸੱਚਰ



ਜੈਂਤੀਪੁਰ (ਸੁਖਬੀਰ ਸਿੰਘ ਸਿੱਧੂ)- ਸੀਨੀਅਰ ਕਾਂਗਰਸੀ ਆਗੂ ਅਤੇ ਹਲਕਾ ਇੰਚਾਰਜ ਮਜੀਠਾ ਭਗਵੰਤ ਪਾਲ ਸਿੰਘ ਸੱਚਰ ਨੇ ਸਾਬਕਾ ਸਰਪੰਚ ਸਤਨਾਮ ਸਿੰਘ ਚਾਚੋਵਾਲੀ ਦੇ ਗ੍ਰਹਿ ਵਿਖੇ ਮੀਟਿੰਗ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕ ਇਸ ਵਾਰ ਆਪਣੀ ਵੋਟ ਦਾ ਇਸਤੇਮਾਲ ਪੂਰੀ ਸੋਚ-ਸਮਝ ਅਤੇ ਸੂਝਬੂਝ ਨਾਲ ਕਰਨਗੇ।ਉਨ੍ਹਾਂ ਕਿਹਾ ਕਿ ਪਿਛਲੇ ਕੁੱਝ ਸਾਲਾਂ ਦੌਰਾਨ ਸੂਬੇ ਦੇ ਲੋਕਾਂ ਨੇ ਕਈ ਚੁਣੌਤੀਆਂ ਦਾ ਸਾਹਮਣਾ ਕੀਤਾ ਹੈ ਅਤੇ ਹੁਣ ਉਹ ਅਜਿਹੀ ਸਰਕਾਰ ਚਾਹੁੰਦੇ ਹਨ ਜੋ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਉਤਰੇ ਅਤੇ ਪੰਜਾਬ ਦੇ ਵਿਕਾਸ ਲਈ ਠੋਸ ਕਦਮ ਚੁੱਕੇ। ਸੱਚਰ ਨੇ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਨੌਜਵਾਨਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੋਵੇਗੀ।ਉਨ੍ਹਾਂ ਕਿਹਾ ਕਿ ਨੌਜਵਾਨ ਵਰਗ ਪੰਜਾਬ ਦੇ ਭਵਿੱਖ ਦੀ ਤਾਕਤ ਹੈ ਅਤੇ ਉਹ ਸੂਬੇ ਵਿੱਚ ਬਦਲਾਅ ਲਿਆਉਣ ਲਈ ਅਹਿਮ ਯੋਗਦਾਨ ਪਾਵੇਗਾ।ਉਨ੍ਹਾਂ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਵੱਧ ਤੋਂ ਵੱਧ ਗਿਣਤੀ ਵਿੱਚ ਵੋਟ ਪਾਉਣ ਅਤੇ ਲੋਕਾਂ ਦੇ ਮੁੱਦਿਆਂ ਨੂੰ ਕੇਂਦਰ ਵਿੱਚ ਰੱਖ ਕੇ ਫ਼ੈਸਲਾ ਕਰਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਬੇਰੁਜ਼ਗਾਰੀ, ਕਿਸਾਨਾਂ ਦੀਆਂ ਸਮੱਸਿਆਵਾਂ, ਨਸ਼ਿਆਂ ਦਾ ਫੈਲਾਅ, ਮਹਿੰਗਾਈ ਅਤੇ ਵਿਕਾਸ ਕਾਰਜਾਂ ਵਿੱਚ ਆਈ ਰੁਕਾਵਟ ਵਰਗੇ ਮੁੱਦੇ ਲੋਕਾਂ ਲਈ ਵੱਡੀ ਚਿੰਤਾ ਦਾ ਵਿਸ਼ਾ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਮੌਜੂਦਾ ਸਰਕਾਰ ਇਨ੍ਹਾਂ ਮੁੱਦਿਆਂ ਦੇ ਹੱਲ ਲਈ ਪ੍ਰਭਾਵਸ਼ਾਲੀ ਕਦਮ ਚੁੱਕਣ ਵਿੱਚ ਅਸਫਲ ਰਹੀ ਹੈ, ਜਿਸ ਕਾਰਨ ਲੋਕਾਂ ਵਿੱਚ ਨਿਰਾਸ਼ਾ ਵਧੀ ਹੈ।ਸੱਚਰ ਨੇ ਕਿਹਾ ਕਿ ਕਾਂਗਰਸ ਪਾਰਟੀ ਲੋਕਾਂ ਦੇ ਹੱਕਾਂ ਦੀ ਆਵਾਜ਼ ਬਣ ਕੇ ਸੂਬੇ ਦੇ ਹਰ ਵਰਗ ਦੀਆਂ ਸਮੱਸਿਆਵਾਂ ਨੂੰ ਉਠਾਉਂਦੀ ਰਹੇਗੀ।ਉਨ੍ਹਾਂ ਪਾਰਟੀ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਪਿੰਡ-ਪਿੰਡ ਅਤੇ ਘਰ-ਘਰ ਜਾ ਕੇ ਲੋਕਾਂ ਨਾਲ ਸੰਪਰਕ ਕਰਨ, ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ।ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਪੰਜਾਬ ਦੇ ਲੋਕ ਇਸ ਵਾਰ ਸੂਬੇ ਦੇ ਹਿੱਤ, ਵਿਕਾਸ ਅਤੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੀ ਵੋਟ ਦਾ ਇਸਤੇਮਾਲ ਕਰਨਗੇ ਅਤੇ ਨੌਜਵਾਨ ਇਸ ਮਿਸ਼ਨ ਵਿੱਚ ਅਗਵਾਈ ਵਾਲੀ ਭੂਮਿਕਾ ਨਿਭਾਉਣਗੇ। ਇਸ ਮੌਕੇ ਸਾਬਕਾ ਸਰਪੰਚ ਸਤਨਾਮ ਸਿੰਘ, ਸਾਬਕਾ ਸਰਪੰਚ ਅਵਤਾਰ ਸਿੰਘ, ਕੁਲਦੀਪ ਸਿੰਘ, ਮੈਂਬਰ ਸਤਵਿੰਦਰ ਸਿੰਘ, ਬਲਵਿੰਦਰ ਸਿੰਘ, ਸਲਵਿੰਦਰ ਸਿੰਘ, ਕੁਲਦੀਪ ਸਿਘ ਨਹਿਰ ਵਾਲੇ, ਲਖਵਿੰਦਰ ਸਿੰਘ ਫ਼ੌਜੀ, ਸੰਤੋਖ ਸਿੰਘ,ਦਲਜੀਤ ਸਿੰਘ ਪਾਖਰਪੁਰ, ਸੁਲੱਖਣ ਸਿੰਘ, ਹਰਪ੍ਰੀਤ ਸਿੰਘ, ਸੁਖਵਿੰਦਰ ਸਿੰਘ ਰੰਧਾਵਾ, ਡਾ ਮੋਹਨ ਸਿੰਘ ਤੇ ਹੋਰ ਵੀ ਆਗੂ ਹਾਜ਼ਰ ਸਨ।

## ਲੋਕ ਮਿਲਣੀਆਂ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਸੁਣ ਰਹੇ 'ਆਪ' ਦੇ ਆਗੂ



ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)- ਆਮ ਆਦਮੀ ਪਾਰਟੀ ਵੱਲੋਂ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਨ ਲਈ ਪਿੰਡ-ਪਿੰਡ ਲੋਕ ਮਿਲਣੀਆਂ ਕੀਤੀਆਂ ਜਾ ਰਹੀਆਂ ਹਨ।ਇਨ੍ਹਾਂ ਲੋਕ ਮਿਲਣੀਆਂ ਦੌਰਾਨ ਪਾਰਟੀ ਦੇ ਆਗੂਆਂ ਵੱਲੋਂ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਦੇ ਹੱਲ ਲਈ ਮੌਕੇ 'ਤੇ ਹੀ ਸਬੰਧਤ ਵਿਭਾਗਾਂ ਨਾਲ ਰਾਬਤਾ ਕਰਕੇ ਕਾਰਵਾਈ ਕੀਤੀ ਜਾ ਰਹੀ ਹੈ।ਇਸੇ ਲੜੀ ਤਹਿਤ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਵੱਲੋਂ ਪਿੰਡ-ਪਿੰਡ ਲੋਕ ਮਿਲਣੀਆਂ ਕੀਤੀਆਂ ਜਾ ਰਹੀਆਂ ਹਨ।ਉਹ ਪਿੰਡ ਭੋਏਵਾਲ ਵਿਖੇ ਲੋਕ ਮਿਲਣੀ ਦੌਰਾਨ ਪਹੁੰਚੇ, ਜਿੱਥੇ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ।ਇਸ ਮੌਕੇ ਸਿਕੰਦਰ ਸਿੰਘ ਨੇ ਲੋਕ ਮਿਲਣੀ ਦੌਰਾਨ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਵੱਲੋਂ ਹਲਕੇ ਵਿੱਚ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਉਹ ਲੋਕਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣ ਕੇ ਉਨ੍ਹਾਂ ਦੇ ਹੱਲ ਲਈ ਯਤਨ ਕਰ ਰਹੇ ਹਨ।ਲੋਕ ਮਿਲਣੀ ਦੌਰਾਨ ਤਲਬੀਰ ਸਿੰਘ ਗਿੱਲ ਨੇ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਅਤੇ ਮੰਗਾਂ ਨੂੰ ਧਿਆਨ ਨਾਲ ਸੁਣਿਆ।ਇਸ ਮੌਕੇ ਕਿਸਾਨ ਯੂਨੀਅਨ ਰਾਜੇਵਾਲ ਇਕਾਈ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਵੱਲੋਂ ਪਿੰਡ ਦੀਆਂ ਸਮੱਸਿਆਵਾਂ ਸਬੰਧੀ ਮੰਗ ਪੱਤਰ ਵੀ ਸੌਂਪਿਆ ਗਿਆ।ਤਲਬੀਰ ਸਿੰਘ ਗਿੱਲ ਨੇ ਪਿੰਡ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਪਿੰਡ ਦੀਆਂ ਸਮੱਸਿਆਵਾਂ ਅਤੇ ਮੰਗ ਪੱਤਰ ਵਿੱਚ ਦਰਜ ਮੰਗਾਂ ਨੂੰ ਸਬੰਧਤ ਵਿਭਾਗਾਂ ਦੇ ਧਿਆਨ ਵਿੱਚ ਲਿਆ ਕੇ ਜਲਦ ਤੋਂ ਜਲਦ ਹੱਲ ਕਰਵਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ।ਇਸ ਮੌਕੇ ਸਰਪੰਚ ਸੁਰਜੀਤ ਸਿੰਘ, ਮੈਂਬਰ ਸੁਖਵਿੰਦਰ ਸਿੰਘ ਖਿੰਦੀ, ਮੈਂਬਰ ਗੁਰਪਿੰਦਰ ਸਿੰਘ, ਮੈਡਮ ਅਮਰਜੀਤ ਕੌਰ, ਨੰਬਰਦਾਰ ਸਤਨਾਮ ਸਿੰਘ, ਨੰਬਰਦਾਰ ਮਹਿੰਦਰ ਸਿੰਘ, ਨੰਬਰਦਾਰ ਅਜਮੇਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

## 2027 'ਚ ਬਣਾਵਾਂਗੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ : ਸੰਨੀ ਗਿੱਲ



ਮੋਗਾ (ਇਕਬਾਲ ਸਿੰਘ ਖਹਿਰਾ)-ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨੀ ਤਹਿ ਹੈ, ਕਿਉਂਕਿ ਆਪ ਸਰਕਾਰ ਤੋਂ ਅੱਜ ਹਰ ਵਰਗ ਦੁਖੀ ਹੈ ਤੇ ਹਰ ਮਹਿਕਮੇ ਦੇ ਕਰਮਚਾਰੀ ਧਰਨੇ ਲਾਉਣ ਲਈ ਮਜਬੂਰ ਹਨ ਤੇ ਜੇਕਰ ਪੰਜਾਬ ਰੋਡਵੇਜ਼ ਤੇ ਬਿਜਲੀ ਵਿਭਾਗ ਦੀ ਗੱਲ ਕੀਤੀ ਜਾਵੇ ਤਾਂ ਆਪ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਡੁੱਬਣ ਦੀ ਕਗਾਰ ਤੇ ਹਨ ਤੇ ਬਿਜਲੀ ਵਿਭਾਗ ਦੇ ਕਾਮੇ ਅਣਮਿੱਥੇ ਸਮੇਂ ਲਈ ਹੜਤਾਲ 'ਤੇ ਬੈਠੇ ਹਨ ਅਤੇ ਕਰਮਚਾਰੀਆਂ ਨੂੰ ਤਨਖਾਹਾਂ ਵੀ ਨਹੀਂ ਦਿੱਤੀਆਂ ਜਾ ਰਹੀਆਂ ਤੇ ਉਨ੍ਹਾਂ ਦੀਆਂ ਮੰਗਾਂ ਮੰਨਣ ਦੀ ਬਜਾਏ ਡਾਂਗਾਂ ਵਰ੍ਹਾਈਆਂ ਜਾ ਰਹੀਆਂ ਹਨ ਅਤੇ ਸੂਬੇ ਦੇ ਲੋਕ ਹੁਣ ਆਪ ਸਰਕਾਰ ਤੋਂ ਅੱਕੇ ਆਪਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਲਿਆਉਣ ਲਈ ਤਿਆਰ ਬੈਠੇ ਹਨ।ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਵਿਕਾਸ ਸਿਖਰਾਂ 'ਤੇ ਹੋਣ ਦੇ ਨਾਲ ਹਰੇਕ ਵਰਗ ਨੂੰ ਬਣਦੀਆਂ ਸਹੂਲਤਾਂ ਨਾਲ ਨਿਵਾਜਿਆ, ਪਰ ਆਪ ਸਰਕਾਰ ਨੇ ਉਹ ਸਭ ਸਹੂਲਤਾਂ ਬੰਦ ਕਰ ਦਿੱਤੀਆਂ, ਪਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਬੰਦ ਕੀਤੀਆਂ ਸਹੂਲਤਾਂ ਵਿੱਚ ਵਾਧਾ ਕਰਕੇ ਮੁੜ ਤੋਂ ਚਾਲੂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਇੱਕੋ ਇੱਕ ਪੰਜਾਬ ਦੀ ਖੇਤਰੀ ਪਾਰਟੀ ਹੈ, ਜੋ ਪੰਜਾਬ ਵਿੱਚ ਹੀ ਪੈਦਾ ਹੋਈ ਤੇ ਪੰਜਾਬ ਤੋਂ ਹੀ ਚੱਲਦੀ ਹੈ, ਜਦਕਿ ਦੂਸਰੀਆਂ ਪਾਰਟੀਆਂ ਦਿੱਲੀ ਤੋਂ ਚੱਲਦੀਆਂ ਹਨ, ਇਸ ਲਈ ਲੋਕ ਹੁਣ ਦੂਸਰੀਆਂ ਪਾਰਟੀਆਂ ਦੇ ਝਾਂਸੇ ਵਿੱਚ ਨਹੀਂ ਆਉਣਗੇ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਲਿਆਉਣਗੇ।

# ਪਦਮ ਐਵਾਰਡਾਂ ਲਈ ਆਨਲਾਈਨ ਨਾਮਜ਼ਦਗੀਆਂ ਭੇਜਣ ਦਾ ਸਮਾਂ 15 ਤੱਕ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਭਾਰਤ ਸਰਕਾਰ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਵਿਲੱਖਣ ਅਤੇ ਸ਼ਲਾਘਾਯੋਗ ਯੋਗਦਾਨ ਪਾਉਣ ਵਾਲੇ ਵਿਅਕਤੀਆਂ ਅਤੇ ਬੱਚਿਆਂ ਨੂੰ ਸਨਮਾਨਿਤ ਕਰਨ ਲਈ ਪਦਮ ਐਵਾਰਡ (ਪਦਮ ਵਿਭੂਸ਼ਣ, ਪਦਮ ਭੂਸ਼ਣ ਅਤੇ ਪਦਮ ਸ਼੍ਰੀ) ਲਈ ਨਾਮਜ਼ਦਗੀਆਂ ਮੰਗੀਆਂ ਗਈਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦਲਵਿੰਦਰਜੀਤ ਸਿੰਘ, ਆਈ.ਏ.ਐਸ., ਨੇ ਦੱਸਿਆ ਕਿ ਕਲਾ, ਸਾਹਿਤ ਅਤੇ ਸਿੱਖਿਆ, ਖੇਡਾਂ, ਦਵਾਈ, ਸਮਾਜਿਕ ਕਾਰਜ, ਵਿਗਿਆਨ ਅਤੇ ਇੰਜੀਨੀਅਰਿੰਗ, ਜਨਤਕ ਮਾਮਲੇ, ਸਿਵਲ ਸੇਵਾ, ਵਪਾਰ ਅਤੇ ਉਦਯੋਗ ਸਮੇਤ ਵੱਖ-ਵੱਖ ਖੇਤਰਾਂ ਵਿੱਚ ਵਿਸ਼ੇਸ਼ ਪ੍ਰਾਪਤੀਆਂ ਹਾਸਲ ਕਰਨ ਵਾਲੇ ਯੋਗ ਵਿਅਕਤੀ ਅਤੇ ਬੱਚੇ ਪਦਮ ਐਵਾਰਡਾਂ ਲਈ ਆਪਣੀਆਂ ਨਾਮਜ਼ਦਗੀਆਂ ਭੇਜ ਸਕਦੇ ਹਨ। ਉਨ੍ਹਾਂ ਜ਼ਿਲ੍ਹੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਸ-ਪਾਸ ਅਜਿਹੀਆਂ ਸ਼ਖ਼ਸੀਅਤਾਂ ਦੀ ਪਛਾਣ ਕਰਨ ਜਿਨ੍ਹਾਂ ਨੇ ਸਮਾਜ ਅਤੇ ਦੇਸ਼ ਲਈ ਮਹੱਤਵਪੂਰਨ ਯੋਗਦਾਨ ਪਾਇਆ ਹੈ ਅਤੇ ਉਨ੍ਹਾਂ ਨੂੰ ਪਦਮ ਅਵਾਰਡਾਂ ਲਈ ਨਾਮਜ਼ਦ ਕਰਨ ਲਈ ਅੱਗੇ ਆਉਣ।

## ਜੀਨਾ ਸੀਖੋ ਲਾਈਫਕੇਅਰ ਲਿਮਟਿਡ

Jeena Sikho LIFECARE

ਸੀ ਆਈ ਐੱਨ : ਐੱਲ 52601 ਪੀ ਬੀ 2017 ਪੀ ਐੱਲ ਸੀ046545
ਰਜਿ. ਦਫ਼ਤਰ :- ਐੱਸ ਸੀ ਓ 11 ਪਹਿਲੀ ਮੰਜ਼ਲ, ਕਲਗੀਧਰ ਇਨਕਲੇਵ, ਮੋਹਾਲੀ, ਜ਼ੀਰਕਪੁਰ, ਪੰਜਾਬ, ਭਾਰਤ, 140604
ਵੈੱਬਸਾਈਟ : www.jeenasikho.com/ । ਈ-ਮੇਲ ਆਈ ਡੀ : cs@jeenasikho.com ਸੰਪਰਕ : 91-0172-513185

**30 ਜੂਨ 2026 ਨੂੰ ਖਤਮ ਹੋਈ ਤਿਮਾਹੀ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ**

(ਰੁ. ਲੱਖਾਂ 'ਚ, ਹੋਰ ਤਰ੍ਹਾਂ ਦੱਸੇ ਤੋਂ ਇਲਾਵਾ)

| ਵੇਰਵੇ | ਸਟੈਂਡਲੋਨ ਵਿੱਤੀ ਨਤੀਜਾ | | | | ਏਕੀਕ੍ਰਿਤ ਵਿੱਤੀ ਨਤੀਜਾ | | | |
|---|---|---|---|---|---|---|---|---|
| | ਤਿਮਾਹੀ ਖਤਮ 30.06.2026 (ਅਣ-ਪੜਤਾਲੇ) | ਤਿਮਾਹੀ ਖਤਮ 31.03.2026 (ਪੜਤਾਲੇ) | ਤਿਮਾਹੀ ਖਤਮ 30.06.2025 (ਅਣ-ਪੜਤਾਲੇ) | ਸਾਲ ਖਤਮ 31.03.2026 (ਪੜਤਾਲੇ) | ਤਿਮਾਹੀ ਖਤਮ 30.06.2026 (ਅਣ-ਪੜਤਾਲੇ) | ਤਿਮਾਹੀ ਖਤਮ 31.03.2026 (ਪੜਤਾਲੇ) | ਤਿਮਾਹੀ ਖਤਮ 30.06.2025 (ਅਣ-ਪੜਤਾਲੇ) | ਸਾਲ ਖਤਮ 31.03.2026 (ਪੜਤਾਲੇ) |
| ਕਾਰੋਬਾਰਾਂ ਤੋਂ ਕੁੱਲ ਵਿਆਪਕ ਆਮਦਨ (ਸ਼ੁੱਧ) | 23,481.99 | 21,912.94 | 17,535.44 | 81,000.53 | 23,873.13 | 21,896.91 | 17,535.44 | 80,986.00 |
| ਸ਼ੁੱਧ ਲਾਭ / (ਹਾਨੀ) ਮਿਆਦ ਲਈ (ਟੈਕਸ ਤੋਂ ਪਹਿਲਾਂ, ਖਾਸ ਅਤੇ/ਜਾਂ ਅਸਧਾਰਨ ਆਈਟਮਾਂ) | 8,733.57 | 6,150.32 | 6,855.03 | 29,787.47 | 8,752.99 | 6,122.61 | 6,850.98 | 29,739.35 |
| ਸ਼ੁੱਧ ਲਾਭ / (ਹਾਨੀ) ਟੈਕਸ ਤੋਂ ਪਹਿਲਾਂ ਮਿਆਦ ਲਈ (ਖਾਸ ਅਤੇ ਤੋਂ ਮਗਰੋਂ /ਜਾਂ ਅਸਧਾਰਨ ਆਈਟਮਾਂ) | 8,733.57 | 6,150.32 | 6,855.03 | 29,787.47 | 8,752.99 | 6,122.61 | 6,850.98 | 29,739.35 |
| ਸ਼ੁੱਧ ਲਾਭ / (ਹਾਨੀ) ਟੈਕਸ ਤੋਂ ਬਾਅਦ ਮਿਆਦ ਲਈ (ਖਾਸ ਅਤੇ ਜਾਂ ਅਸਧਾਰਨ ਆਈਟਮਾਂ ਤੋਂ ਮਗਰੋਂ) | 6,569.18 | 4,535.18 | 5,131.14 | 22,217.57 | 6,589.01 | 4,507.77 | 5,127.14 | 22,169.81 |
| ਮਿਆਦ ਲਈ ਕੁੱਲ ਵਿਆਪਕ ਆਮਦਨ ਮਿਆਦ ਲਈ (ਟੈਕਸ ਤੋਂ ਬਾਅਦ ਹੋਰ ਵਿਆਪਕ ਆਮਦਨ ਅਤੇ ਟੈਕਸ ਤੋਂ ਬਾਅਦ ਮਿਆਦ ਲਈ ਲਾਭ ਸ਼ਾਮਲ) | 6,616.39 | 4,540.37 | 5,175.31 | 22,276.70 | 6,636.23 | 4,513.28 | 5,171.31 | 22,229.26 |
| ਇਕੁਇਟੀ ਸ਼ੇਅਰ ਕੈਪੀਟਲ | 2,486.01 | 2,486.01 | 2,486.01 | 2,486.01 | 2,486.01 | 2,486.01 | 2,486.01 | 2,486.01 |
| ਹੋਰ ਇਕੁਇਟੀ | 0.00 | 0.00 | 0.00 | 44,254.04 | 0.00 | 0.00 | 0.00 | 44,221.87 |
| ਕਮਾਈ ਪ੍ਰਤੀ ਸ਼ੇਅਰ (ਸਾਲਾਨਾ ਨਹੀਂ) (10/- ਹਰੇਕ ਫੇਸ ਵੈਲਿਊ ਲਈ) | | | | | | | | |
| ਬੇਸਿਕ : | 5.28 | 3.65 | 4.13 | 17.87 | 5.30 | 3.63 | 4.12 | 17.84 |
| ਡਿਲਿਊਟਿਡ : | 5.28 | 3.64 | 4.12 | 17.85 | 5.29 | 3.62 | 4.12 | 17.81 |

ਟਿੱਪਣੀ :-
1. ਉਕਤ ਸੇਬੀ (ਲਿਸਟਿੰਗ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨ 2015 ਤਹਿਤ ਸਟਾਕ ਐਕਸਚੇਂਜਿਜ਼ 30 ਜੂਨ 2026 ਨੂੰ ਖਤਮ ਹੋਈ ਤਿਮਾਹੀ ਲਈ ਅਣਪੜਤਾਲੇ ਸੰਚਿਤ ਅਤੇ ਸਟੈਂਡਲੋਨ ਵਿੱਤੀ ਨਤੀਜਿਆਂ ਦੇ ਵਿਸਥਾਰਤ ਫਾਰਮੇਟ ਦਾ ਸਾਰ ਹੈ। 30 ਜੂਨ 2026 ਦੀ ਖਤਮ ਹੋਈ ਤਿਮਾਹੀ ਲਈ ਅਣਪੜਤਾਲੇ ਸੰਚਿਤ ਅਤੇ ਸਟੈਂਡਲੋਨ ਵਿੱਤੀ ਨਤੀਜਿਆਂ ਦਾ ਮੁਕੰਮਲ ਫਾਰਮੈਟ ਐਕਸਚੇਂਜਿਜ਼ ਦੀਆਂ ਵੈੱਬਸਾਈਟਾਂ www.bseindia.com, www.nseindia.com ਅਤੇ ਕੰਪਨੀ ਦੀ ਵੈੱਬਸਾਈਟ www.jeenasikho.com 'ਤੇ ਉਪਲੱਬਧ ਹੈ।
2. ਉਕਤ ਅਣਪੜਤਾਲੇ ਵਿੱਤੀ ਨਤੀਜਿਆਂ ਨੂੰ ਆਡਿਟ ਕਮੇਟੀ ਦੀ 07 ਅਗਸਤ 2026 ਨੂੰ ਹੋਈ ਮੀਟਿੰਗ 'ਚ ਨਜ਼ਰਸਾਨੀ ਕੀਤਾ ਗਿਆ ਅਤੇ ਸਿਫਾਰਸ਼ ਕੀਤਾ ਗਿਆ ਹੈ। ਇਸ ਤੋਂ ਅੱਗੇ ਬੋਰਡ ਦੇ ਡਾਇਰੈਕਟਰਾਂ ਦੀ 07 ਅਗਸਤ 2026 ਨੂੰ ਹੋਈ ਮੀਟਿੰਗ 'ਚ ਉਕਤ ਨਤੀਜਿਆਂ ਨੂੰ ਮਨਜ਼ੂਰ ਕੀਤਾ ਗਿਆ ਅਤੇ ਉਨ੍ਹਾਂ ਨੂੰ ਰਿਕਾਰਡ 'ਚ ਲਿਆ ਗਿਆ ਹੈ। ਇਨ੍ਹਾਂ ਨੂੰ ਹੇਠਾਂ ਦਰਸਾਏ ਕਿਊ ਆਰ ਕੋਡ ਤੋਂ ਵੀ ਦੇਖਿਆ ਜਾ ਸਕਦਾ ਹੈ।

ਸਥਾਨ : ਜ਼ੀਰਕਪੁਰ, ਪੰਜਾਬ
ਮਿਤੀ : 09.08.2026

ਡਾਇਰੈਕਟਰਾਂ ਦੇ ਬੋਰਡ ਦੇ ਹੁਕਮ ਰਾਹੀਂ
ਵਾਸਤੇ, ਜੀਨਾ ਸੀਖੋ ਲਾਈਫਕੇਅਰ ਲਿਮਟਿਡ
ਸਹੀ/-
ਮਨੀਸ਼ ਗਰੋਵਰ
ਮੈਨੇਜਿੰਗ ਡਾਇਰੈਕਟਰ
ਡੀ ਆਈ ਐੱਨ : 07557886

## ANMOL INDIA LIMITED

CIN: L51909PB1998PLC050300
Registered Office: 2nd Floor, 2/43, B- Block, Aggar Nagar, Ludhiana, Punjab- 141001.
Tel.: 0161-4503400, Website: www.anmolindialtd.com, Email: csprabhjot@anmolindialtd.com

**EXTRACT OF AUDITED STANDALONE FINANCIAL RESULTS FOR THE QUARTER ENDED 30TH JUNE, 2026**

(Amount in Crores except EPS)

| Particulars | Quarter Ended 30.06.2026 (Un-audited) | Quarter Ended 31.03.2026 (Un-audited) | Quarter Ended 30.06.2025 (Un-audited) | Year Ended 31.03.2026 (Audited) |
|---|---|---|---|---|
| Total Income from Operations | 458.33 | 310.98 | 579.90 | 1426.41 |
| Net Profit/ (Loss) for the period (before Tax, Exceptional and/ or Extraordinary items#) | 8.02 | 3.51 | 7.65 | 15.26 |
| Net Profit/ (Loss) for the period before tax (after Exceptional and/or Extraordinary items#) | 8.02 | 3.51 | 7.65 | 15.26 |
| Net Profit/ (Loss) for the period after tax (after Exceptional and/or extraordinary items#) | 6.00 | 2.51 | 5.72 | 11.30 |
| Total Comprehensive Income for the period [Comprising Profit/ (Loss) for the period (after tax) and Other Comprehensive Income (after tax)] | 6.00 | 2.63 | 5.72 | 11.42 |
| Paid Up Equity Share Capital | 56.91 | 56.91 | 56.91 | 56.91 |
| Reserves (excluding Revaluation Reserve) As shown in the audited balance sheet of previous year | 62.05 | 62.05 | 50.56 | 62.05 |
| Earnings Per Share (of Rs.10/-each) (for continuing and discontinued operations) - | | | | |
| 1. Basic : | 1.05 | 0.44 | 1.01 | 1.99 |
| 2. Diluted : | 1.05 | 0.44 | 1.01 | 1.99 |

**Notes:** The above is an extract of the detailed format of result for Quarter ended 30th June, 2026 filed with the Stock Exchanges under Regulation 33 of the SEBI (Listing and Other Disclosure Requirements) Regulations, 2015. The full format of the said results are available on the websites of the Stock Exchanges websites at www.bseindia.com, www.nseindia.com and also on website of the Company at www.anmolindialtd.com. The Standalone Financial Results have been prepared in accordance with principles of Indian Accounting Standards (Ind AS) as prescribed under Section 133 of the Companies Act, 2013 read with relevant rules issued thereunder.

Place : Ludhiana
Date : 09.08.2026

For & On behalf of Anmol India Limited
Sd/-
Parabhjot Kaur
Company Secretary & Compliance Officer

## PUBLIC NOTICE

Under the instruction of RBL Bank Limited I hereby informed the general public that Monika w/o Raman Khosla is absolute owner of Property House no 4271/1 Khana Shumari, Total Area 85 Square Yards bearing Khasra no. 4346/2124/895, 4398/2127/895/1 min, situated at Amritsar Urban Circle no. 108, Abadi Gurbax Nagar, Navi Gali, Tehsil & District Amritsar Bounded as : Front : Gali, Backside : House of Dharampal, One Side : House of Vipan Kumar, Other side : Others. That in the Jamabandi for the year 2010-11 Hardev Singh s/o Gurbachan Singh is the owner of 6 Marlas of property and in the Jamabandi for the year 2015-16, 2020-21 Hardev Singh s/o Gurbachan Singh shown as owner of 3.5 Marlas of property. Then Hardev Singh s/o Gurbachan Singh sold 3.5 Marlas of property to Chiman Lal s/o Daulat Ram Vide sale deed regd dated 11.4.1979 as doc no.102 of which mutation no. 27098 has been sanctioned by revenue authorities. Then after the death of Chiman Lal s/o Daulat Ram his 3.5 Marlas of property was inherited by Satya Wati wd/o Chiman Lal, Vipan, Raman sons of Chiman Lal, Parveen, Sushma, Rama, Reeta & Dipika daughters of Chiman Lal of which mutation no. 27162 Has been sanctioned by revenue authorities. And after the death of Satya Wati wd/o Chiman Lal her 1/8 share of Property was inherited by Vipan, Raman sons of Chiman Lal, Parveen, Sushma, Rama, Reeta & Dipika daughters of Chiman Lal of which mutation no. 27163 has been sanctioned by revenue authorities. Then Vipan, Raman sons of Chiman Lal, Parveen, Sushma, Rama, Reeta & Dipika daughters of Chiman Lal sold 85 sq yards of Property to Monika w/o Raman Khosla vide sale deed regd dated 04.01.2022 as doc no. 2021-22/89/1/7888 of which mutation no. 27380 has been sanctioned by revenue authorities. Monika w/o Raman Khosla is taking loan from RBL Bank Limited. Monika w/o Raman Khosla has lost following original title document 1, Original Sale Deed executed by Hardev Singh s/o Gurbachan Singh in favour of Chiman Lal s/o Daulat Ram vide sale deed. regd dated 11.4.1979 as doc no.102. DDR report got registered bearing no 060 dt. 31.7.98 PS Gate Hakima. Anybody having claim or claiming any prior rights or Interest in any manner in this property or has raised loan by depositing the aforesaid sale deed to any person/bank/corporation/financial institution may approach the undersigned in writing and may submit objection in writing 7 days from the date of this Public notice. After the expiry of the period of this notice, no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with RBL Bank Limited.

**Vikas Verma (Advocate)**
Distt. Courts, Amritsar
MB. 9815156302

# ਕਲਾਸੀਫਾਈਡ ਇਸ਼ਤਿਹਾਰ

### LOST/FOUND

**I, Lakshay Mahajan S/o Amit Kumar R/o opposite Pal hospital , Dhariwal district Gurdaspur have lost my matriculation detail marks certificate of ICSE board bearing unique ID number 7885125. If anybody found please inform on above said address.**

### Public Notice

**I, Gurmeet Masih S/o Gurbachan Masih R/o 16/2380, Ajit Nagar, Verka, Amritsar, Punjab (India) do declare that I am Parmanent Resident of above said Address. Angel is my real daughter her School Record in my name is Gurmit Masih. But my name is Gurmit Masih and I am also known Gurmeet Masih and both are one and same Persons.**

### ਪਬਲਿਕ ਨੋਟਿਸ

ਇਹ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਰਮਾਨ ਹਸਪਤਾਲ, 188, ਆਦਰਸ਼ ਨਗਰ, ਫੁੱਟਬਾਲ ਚੌਕ ਦੇ ਨੇੜੇ, ਜਲੰਧਰ ਵੱਲੋਂ 01.01.2020 ਤੋਂ 31.12.2020 ਤੱਕ ਦੇ ਇਨਡੋਰ ਮਰੀਜ਼ਾਂ ਦਾ ਪੁਰਾਣਾ ਰਿਕਾਰਡ ਨਸ਼ਟ ਕੀਤਾ ਜਾਣਾ ਹੈ। ਜੇਕਰ ਕੋਈ ਵਿਅਕਤੀ/ਮਰੀਜ਼ ਇਹ ਰਿਕਾਰਡ ਦੇਖਣਾ ਚਾਹੁੰਦਾ ਹੈ ਤਾਂ ਉਹ 31.08.2026 ਤੋਂ ਪਹਿਲਾਂ 9501734617 'ਤੇ ਸੰਪਰਕ ਕਰੇ, ਨਹੀਂ ਤਾਂ ਇਸ ਤੋਂ ਬਾਅਦ ਹਸਪਤਾਲ ਕਿਸੇ ਵੀ ਜ਼ਿੰਮੇਵਾਰੀ ਲਈ ਜਵਾਬਦੇਹ ਨਹੀਂ ਹੋਵੇਗਾ। (ਹਸਪਤਾਲ ਪ੍ਰਸ਼ਾਸਕ)

### ਆਮ ਸੂਚਨਾ

ਖਾਤਾ ਨੰ. ਕੇ ਆਰ ਏ ਪੀ/59, ਜੋ ਕਿ ਪਿੰਡ ਕੁਲਰੀਆਂ ਵਿਖੇ ਦਰਸ਼ਨ ਸਿੰਘ ਪੁੱਤਰ ਕਲਿਆਣ ਸਿੰਘ ਵਾਸੀ ਕੁਲਰੀਆਂ ਦੇ ਨਾਂਅ 'ਤੇ ਚੱਲਦਾ ਹੈ। ਇਸ ਕੁਨੈਕਸ਼ਨ ਨੂੰ ਬਲਵੀਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਕੁਲਰੀਆਂ ਆਪਣੇ ਨਾਂਅ ਕਰਵਾਉਣਾ ਚਾਹੁੰਦਾ ਹੈ। ਇਸ ਸੰਬੰਧੀ ਜੇਕਰ ਕਿਸੇ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ ਐੱਸ ਪੀ ਸੀ ਐੱਲ ਦਫਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ।

### ਬੇਦਖਲੀ ਨੋਟਿਸ

ਮੈਂ ਸੁਖਚੈਨ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਮਕਾਨ ਨੰਬਰ 19/821 ਗਲੀ ਨੰਬਰ 6 ਨਰੋਤਮ ਵਿਹਾਰ ਕਪੂਰਥਲਾ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕਰਮਜੀਤ ਸਿੰਘ ਸ਼ਾਦੀ ਸ਼ੁਦਾ ਹੈ ਅਤੇ ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ-ਅੱਚਲ ਤਮਾਮ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਕਰਮਜੀਤ ਸਿੰਘ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੁਖਜੀਤ ਕੌਰ ਰੰਧਾਵਾ ਪਤਨੀ ਲੇਟ ਸਰਬਜੀਤ ਸਿੰਘ ਰੰਧਾਵਾ ਵਾਸੀ ਪਿੰਡ ਉਧੋ ਨੰਗਲ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਇਮਪ੍ਰੀਤ ਸਿੰਘ ਅਤੇ ਮੇਰੀ ਨੂੰਹ ਹਰਵਿੰਦਰ ਕੌਰ ਅਤੇ ਮੇਰਾ ਪੋਤਰਾ ਸਰਤਾਜ ਸਿੰਘ ਰੰਧਾਵਾ ਮੇਰੇ ਕਹਿਣੇ ਤੋਂ ਬਿਲਕੁੱਲ ਬਾਹਰ ਹਨ, ਜਿਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਆਪ ਜ਼ਿੰਮੇਵਾਰ ਹੋਏਗਾ। ਸੰਬੰਧਿਤ ਨੋਟ ਕਰਨ।

ਮੈਂ, ਅਖਤਰ ਪਤਨੀ ਤਰਸੇਮ ਵਾਸੀ ਵੀ ਪੀ ਓ ਕਾਲਾ ਅਫਗਾਨਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰੀ ਬੇਟੀ ਅਰਮੀਲਾ ਮੇਰੇ ਕਹਿਣੇ ਤੋਂ ਬਾਹਰ ਹੈ। ਸਾਡਾ ਇਸ ਨਾਲ ਕੋਈ ਵੀ ਰਿਸਤਾ ਨਹੀਂ ਹੈ।ਉਸ ਨਾਲ ਲੈਣ-ਦੇਣ ਵਾਲਾ ਖੁਦ ਜੁਮੇਵਾਰ ਹੋਵੇਗਾ। ਮੈਂ ਇਸ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਸੰਬੰਧਤ ਨੋਟ ਕਰਨ।

ਮੈਂ ਜੋਗਿੰਦਰ ਕੌਰ ਪਤਨੀ ਬਲਵਿੰਦਰ ਸਿੰਘ ਵਾਸੀ ਮਕਾਨ ਨੰ:125, ਗਲੀ ਨੰ:1, ਆਸ਼ਿਆਨਾ ਇਨਕਲੇਵ, ਨੇੜੇ ਜੰਡਪੀਰ ਖੰਡਵਾਲਾ ਛੇਹਰਟਾ ਅੰਮ੍ਰਿਤਸਰ ਆਪਣੀ ਬੇਟੀ ਅਮਰਜੀਤ ਕੌਰ, ਜੋ ਮੇਰੇ ਕਹਿਣੇ ਵਿੱਚ ਨਹੀ ਹੈ, ਮੇਰੀ ਕੋਈ ਗੱਲ ਨਹੀਂ ਮੰਨਦੀ, ਆਪਣੀ ਮਰਜ਼ੀ ਕਰਦੀ ਹੈ ਅਤੇ ਆਪਣੇ ਪਤੀ ਦੀ ਮੌਤ ਤੋ ਬਾਅਦ ਬਿਨਾਂ ਦੱਸੇ ਆਪਣੀ ਮਰਜ਼ੀ ਦੇ ਨਾਲ ਕਿਤੇ ਚਲੀ ਗਈ ਹੈ, ਨੂੰ ਪਰਿਵਾਰ ਸਮੇਤ ਆਪਣੀ ਚੱਲ-ਅਚੱਲ, ਝੁੱਕਵੀ ਅਣਝੁਕਵੀ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸਦੇ ਕਿਸੇ ਵੀ ਮਾੜੇ ਚੰਗੇ ਕੰਮ, ਨਫ਼ੇ-ਨੁਕਸਾਨ, ਲੈਣ-ਦੇਣ, ਲੜਾਈ ਝਗੜੇ ਲਈ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਮੈਂਬਰ ਜਿੰਮੇਵਾਰ ਨਹੀ ਹੋਵੇਗਾ। ਮੇਰਾ ਅਮਰਜੀਤ ਕੌਰ ਨਾਲ ਕੋਈ ਸੰਬੰਧ ਨਹੀ ਹੈ।

### ਬੇਦਖਲੀ ਨੋਟਿਸ

ਅਸੀਂ, ਜਸਵੰਤ ਸਿੰਘ ਪੁੱਤਰ ਮਹਿੰਦਰ ਸਿੰਘ ਅਤੇ ਅਮਰਜੀਤ ਕੌਰ ਪਤਨੀ ਜਸਵੰਤ ਸਿੰਘ ਵਾਸੀਆਨ ਸਾਹਮਣੇ ਜੀ ਐੱਨ ਡੀ ਯੂ ਯੂਨੀਵਰਸਿਟੀ ਬਸੰਤ ਵਿਹਾਰ, ਡਾਕਖਾਨਾ ਲੱਧੇਵਾਲੀ, ਜ਼ਿਲ੍ਹਾ ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਅਤਿੰਦਰ ਸਿੰਘ (ਸ਼ਾਦੀਸ਼ੁਦਾ) ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸ਼ਸ਼ੀ ਬਾਲਾ ਪਤਨੀ ਲੀਲਾ ਸਿੰਘ ਵਾਸੀ ਪਿੰਡ ਅਕਬਰਪੁਰ-ਖੁਰਾਲ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਸੂਚਿਤ ਕਰਦੀ ਹਾਂ ਕਿ ਮੇਰੇ ਲੜਕੀ ਸੁਮਨਜੀਤ ਕੌਰ ਵਿਧਵਾ ਸਾਂਬਰ ਸਿੰਘ ਵਾਸੀ ਖੰਡੇਬਾਦ, ਜ਼ਿਲ੍ਹਾ ਸੰਗਰੂਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸੁਰਿੰਦਰ ਕੌਰ ਪਤਨੀ ਹਰਦੀਪ ਸਿੰਘ ਵਾਸੀ ਪਿੰਡ ਗੜ੍ਹੀ, ਡਾਕ: ਗੜ੍ਹੀ ਮੱਟੋਂ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਨਰੇਸ਼ ਕੁਮਾਰ ਅਤੇ ਉਸਦੀ ਪਤਨੀ ਪ੍ਰਿਅੰਕਾ ਰਾਣੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਜਸਵਿੰਦਰ ਸਿੰਘ ਪੁੱਤਰ ਅਰਬੇਲ ਸਿੰਘ ਵਾਸੀ ਪੰਡਤਾਂ ਵਾਲਾ ਮੁਹੱਲਾ, ਕੋਟ ਈਸੇ ਖਾਂ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਮਨਦੀਪ ਸਿੰਘ ਅਤੇ ਨੂੰਹ ਗੁਰਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਕਮਲੇਸ਼ ਕੌਰ ਪਤਨੀ ਕੁਲਵਿੰਦਰ ਸਿੰਘ ਵਾਸੀ ਪਿੰਡ ਠੱਟਾ ਨਵਾਂ, ਜ਼ਿਲ੍ਹਾ ਕਪੂਰਥਲਾ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਸੁਮਨ ਉਰਫ ਨਿਸ਼ੂ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਮੀਰ ਹਮਜਾ ਪੁੱਤਰ ਕਾਸਮ ਦੀਨ ਵਾਸੀ ਪਿੰਡ ਬੇਨੜਾ, ਤਹਿਸੀਲ ਧੂਰੀ (ਸੰਗਰੂਰ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਤੀਫ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਪਰਮਿੰਦਰ ਕੌਰ ਪਤਨੀ ਭੁਪਿੰਦਰ ਸਿੰਘ ਵਾਸੀ ਮੁਹੱਲਾ ਸੁੰਦਰ ਨਗਰ, ਨਕੋਦਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਕੰਵਰਪਾਲ ਸਿੰਘ ਅਤੇ ਮੇਰੀ ਨੂੰਹ ਅਮਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਗੁਰਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਮਕਾਨ ਨੰ. 62, ਪਿੰਡ ਸੂਫੀਆਂ, ਡਾਕਖਾਨਾ ਗੱਗੋਮਾਹਲ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਕੁਲਦੀਪ ਸਿੰਘ ਪੁੱਤਰ ਕਸ਼ਮੀਰੀ ਲਾਲ ਵਾਸੀ ਪਿੰਡ ਏਕਲਗੱਡਾ, ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰੋਮਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਹੋਵੇਗੀ। ਸੰਬੰਧਤ ਨੋਟ ਕਰਨ।

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

**'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।**

## ਮੁੱਖ ਮੰਤਰੀ ਦੀ ਆਮਦ ਦੇ ਮੱਦੇਨਜ਼ਰ 'ਨੋ ਫਲਾਈ ਜ਼ੋਨ' ਸੰਬੰਧੀ ਹੁਕਮ

ਜਲੰਧਰ (ਸੁਰਿੰਦਰ ਕੁਮਾਰ)-ਜਲੰਧਰ ਜ਼ਿਲ੍ਹੇ ਵਿੱਚ ਪੈਂਦੇਂ ਪਿੰਡ ਬੱਲਾਂ ਵਿਖੇ ਡੇਰਾ ਸੱਚਖੰਡ ਬੱਲਾਂ ਵਿਖੇ ਬਣਨ ਵਾਲੇ ਸ੍ਰੀ ਗੁਰੂ ਰਵਿਦਾਸ ਜੀ ਬਾਣੀ ਅਧਿਐਨ ਕੇਂਦਰ ਦੇ ਨੀਂਹ ਪੱਥਰ ਸਮਾਗਮ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਆਮਦ ਦੇ ਮੱਦੇਨਜ਼ਰ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਅਮਨਿੰਦਰ ਕੌਰ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਪਿੰਡ ਬੱਲਾਂ ਵਿਖੇ ਲੈਂਡਿੰਗ ਪੁਆਇੰਟ ਦੇ ਆਲੇ-ਦੁਆਲੇ, ਬੱਲਾਂ ਤੋਂ ਪਿੰਡ ਨੌਗੱਜਾ ਤੱਕ ਦੇ ਰੂਟ ਅਤੇ ਪਿੰਡ ਨੌਗੱਜਾ, ਜ਼ਿਲ੍ਹਾ ਜਲੰਧਰ ਵਿਖੇ ਸਮਾਗਮ ਵਾਲਾ ਸਥਾਨ 9 ਅਗਸਤ ਨੂੰ ਨੋ ਫਲਾਈ ਜ਼ੋਨ ਘੋਸ਼ਿਤ ਕੀਤਾ ਗਿਆ ਹੈ ਅਤੇ ਕੋਈ ਵੀ ਵਿਅਕਤੀ ਸਮਰੱਥ ਅਧਿਕਾਰੀ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਉਕਤ ਖੇਤਰ ਵਿੱਚ ਕੋਈ ਵੀ ਡਰੋਨ, ਯੂ.ਏ.ਵੀ., ਗਲਾਈਡਰ, ਰਿਮੋਟ ਨਾਲ ਚੱਲਣ ਵਾਲੇ ਏਅਰਕਰਾਫ਼ਟ ਜਾਂ ਹੋਰ ਮਾਨਵ ਰਹਿਤ/ਉਡਣ ਵਾਲੀ ਵਸਤੂ ਨਹੀਂ ਉਡਾਏਗਾ।ਇਹ ਹੁਕਮ ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗਾ ਅਤੇ ਦੱਸੀ ਗਈ ਮਿਆਦ ਤੱਕ ਲਾਗੂ ਰਹੇਗਾ।

### Change of Name

**I Ashok Gill Bittu S/o Sadik Masih R/o VPO: Kala Afghana Teh. Batala Distt. Gurdaspur declare that I have changed my name from Ashok Gill Bittu to Ashok Kumar. Concerned note.**

**I Rubby W/o Ashok Kumar R/o VPO: Kala Afghana Teh. Batala Distt. Gurdaspur declare that I have changed my name from Rubby to Ruby. Concerned note.**

**I, Jasmeet Singh S/o Gurnam Singh R/o Gali No. 05, Friends Colony, Phagwara, Distt Kapurthala, Punjab have changed my name from Jasmeet Singh To Singh Jasmeet. Singh as my surname. All concerned please note.**

**I, Hitherto known as Sukhwinder Singh S/o Avtar Singh R/o V.P.O. Zahura, Tehsil Dasuya (Hoshiarpur), Punjab-144204, have changed my name and shall hereafter be known as Singh Sukhwinder.**

**I, Shivika D/o Late Sameer Mahajan Resident of Smeer Crokery Emporium, Bijli wala Chowk, Hall Bazar, Amritsar-I, Amritsar. I have changed my name from Shivika to Shagun Mahajan. All concerned please note.**

**I, Jobanjeet Singh S/o Gulzar Singh R/o Village Dadupura, PO Majitha District Amritsar have declare that Jobanjeet is my Given name and Singh is my Surname**

**I, Kaushal Chauhan S/o Prem Kumar R/o H.No.EA, Sehaj Enclave, Majitha Road, Near Gopal Mandir, Amritsar have changed my name from Kaushal Chauhan to Kaushal Kumar**

**I, Ritu Kumari W/o Kaushal Chauhan R/o H.No.EA, Sehaj Enclave, Majitha Road, Near Gopal Mandir, Amritsar have changed my name from Ritu Kumari to Ritu Chauhan**


**I, Sabjit Kaur W/o Kulwant Singh R/o Majitha Road, Pandori Waraich, Amritsar have changed my name from Sabjit Kaur to Sarabjeet Kaur**

**I Gurpreet singh S/O Kulwant Singh R/O Vill Chomon PO Adampur Distt. Jalandhar Punjab. Inform that my given name is GURPREET and surname is SINGH**

### ਨਾਂਅ ਦੀ ਬਦਲੀ

ਮੈਂ, ਸਹਿਜਪਾਲ ਸਿੰਘ ਪੁੱਤਰ ਨਿਸ਼ਾਨ ਸਿੰਘ ਨਿਵਾਸੀ ਇੰਦਰਾ ਕਾਲੋਨੀ, ਮੀਰਾਂ ਕੋਟ ਕਲਾਂ, ਜਿਲਾ ਅੰਮ੍ਰਿਤਸਰ, ਪੰਜਾਬ- 143101 ਨੇ ਆਪਣਾ ਨਾਮ ਸਹਿਜਪਾਲ ਸਿੰਘ ਤੋਂ ਬਦਲ ਕੇ ਸਤਪਾਲ ਸਿੰਘ ਕਰ ਲਿਆ ਹੈ।

ਮੈਂ, ਸ਼ਕਤੀ ਸੁਮਨ ਪੁੱਤਰ ਪ੍ਰੇਮ ਨਾਥ ਵਾਸੀ 97-98, ਨਿਊ ਗਰੀਨ ਫੀਲਡ, ਮਜੀਠਾ ਰੋਡ, ਨਜ਼ਦੀਕ ਸੰਧੂ ਗੁਰਦੁਆਰਾ, ਅੰਮ੍ਰਿਤਸਰ, ਪੰਜਾਬ ਨੇ ਆਪਣਾ ਨਾਂਅ ਸ਼ਕਤੀ ਸੁਮਨ ਤੋਂ ਬਦਲ ਕੇ ਸ਼ਕਤੀ ਸੁਮਨ ਰਾਏ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।



ਮਾਰਕਸਵਾਦ ਸਰਬ ਸ਼ਕਤੀਮਾਨ
(ਆਖਰੀ ਸਫੇ 'ਤੇ)

ਨਵਾਂ ਜ਼ਮਾਨਾ
ਐਤਵਾਰਤਾ

ਅਟਕੀ ਹੈ ਹੋਰ ਥਾਂ ਕਿਤੇ,
ਜਾਣੀ ਹੈ ਹੋਰ ਥਾਂ।
ਮਿੱਟੀ ਨੂੰ ਲੱਗੀ ਪਿਆਸ ਦਾ,
ਪਾਣੀ ਹੈ ਹੋਰ ਥਾਂ।
ਵਸਤੂ ਸੁਣੀ ਜਿਹੜੀ ਦਿਸ਼ਾ,
ਓਧਰ ਨਹੀਂ ਗਏ,
ਛਾਣੀ ਹੈ ਆਪਾਂ ਖਾਕ,
ਪਰ ਛਾਣੀ ਹੈ ਹੋਰ ਥਾਂ।
- ਗੁਰਤੇਜ ਕੁਹਾਰਵਾਲਾ

Regd. No : L-4/Pb-JL-0023/2024-26, (R.N.I.)-00068/57
ਜਲੰਧਰ : ਐਤਵਾਰ, 9 ਅਗਸਤ 2026
www.nawanzamana.in
ਕੀਮਤ 5.00 ਰੁਪਏ

# ਹੌਸਲੇ ਦਾ ਨਾਂਅ ਨਿਮਸ ਦਾਈ



ਪਹਾੜ ਜਿੰਨੇ ਦੂਰੋਂ ਦੇਖਣ ਨੂੰ ਖ਼ੂਬਸੂਰਤ ਲੱਗਦੇ ਹਨ, ਓਨੇ ਹੀ ਖ਼ਤਰਨਾਕ ਉਦੋਂ ਲੱਗਦੇ ਹਨ, ਜਦ ਤੁਸੀਂ ਉਨ੍ਹਾਂ 'ਤੇ ਚੜ੍ਹਾਈ ਕਰਦੇ ਹੋ। ਮਾਊਂਟਨੇਰਿੰਗ ਖੇਡ ਇੱਕ ਇਸ ਤਰ੍ਹਾਂ ਦੀ ਖੇਡ ਹੈ, ਜਿਸ 'ਚ ਖਿਡਾਰੀ ਵੀ ਤੁਸੀਂ ਹੁੰਦੇ ਤੇ ਦਰਸ਼ਕ ਵੀ ਤੁਸੀਂ ਖੁਦ ਹੀ ਹੁੰਦੇ ਹੋ। ਪਹਾੜਾਂ 'ਤੇ ਚੜ੍ਹਾਈ ਸਮੇਂ ਲੜਾਈ ਵੀ ਆਪਣੇ ਆਪ ਨਾਲ ਹੀ ਹੁੰਦੀ ਹੈ, ਉਥੇ ਤੁਹਾਡਾ ਹੌਸਲਾ ਵਧਾਉਣ ਵਾਲਾ ਕੋਈ ਦਰਸ਼ਕ ਨਹੀਂ ਹੁੰਦਾ ਤੇ ਆਖਰ 'ਚ ਸਿਖਰ 'ਤੇ ਪਹੁੰਚ ਕੇ ਕੁਦਰਤ ਦਾ ਨਜ਼ਾਰਾ ਵੀ ਸਿਰਫ਼ ਤੁਸੀਂ ਹੀ ਮਾਣਦੇ ਹੋ, ਫਿਰ ਸਫ਼ਰ ਦੀਆਂ ਰੁਕਾਵਟਾਂ ਸਭ ਕਿਤੇ ਹਵਾ ਹੋ ਜਾਂਦੀਆਂ। ਇਸ ਦੇ ਨਾਲ ਹੀ ਇਨ੍ਹਾਂ ਪਹਾੜਾਂ 'ਤੇ ਮੌਤ ਵੀ ਹਰ ਸਮੇਂ ਮੰਡਰਾਉਂਦੇ ਰਹਿੰਦੀ ਹੈ, ਜਾਨ ਦਾ ਖ਼ਤਰਾ ਹਰ ਪਲ ਤੁਹਾਡੇ ਉਪਰ ਹੁੰਦਾ, ਖਾਸ ਕਰਕੇ ਉਚਾਈ ਵਾਲੇ ਪਹਾੜ ਜਿੱਥੇ ਬਰਫ਼ ਦੇ ਗਲੇਸ਼ੀਅਰ ਹੁੰਦੇ। ਉਨ੍ਹਾਂ 'ਤੇ ਚੜ੍ਹਾਈ ਦਾ ਮਤਲਬ ਹੁੰਦਾ ਹੈ ਮੌਤ ਨਾਲ ਹਰ ਸਮੇਂ ਦੋ-ਚਾਰ ਹੋਣਾ। ਇਸ ਤਰ੍ਹਾਂ ਦਾ ਹਾਦਸਾ ਪਿਛਲੇ ਦਿਨੀਂ ਪਾਕਿਸਤਾਨ ਦੀ ਬ੍ਰਾਡ ਪੀਕ 'ਤੇ ਚੜ੍ਹਾਈ ਸਮੇਂ ਵਾਪਰਿਆ ਤੇ ਨੇਪਾਲ ਹੀ ਨਹੀਂ, ਵਿਸ਼ਵ ਦੇ ਚੋਟੀ ਦੇ ਕਈ ਪਰਬਤਰੋਹੀਆਂ ਨੂੰ ਆਪਣੇ ਆਗੋਸ਼ 'ਚ ਲੈ ਗਿਆ। ਇਸ 'ਚ ਵਿਸ਼ਵ ਨੇ ਇੱਕ ਮਹਾਨ ਪਰਬਤਰੋਹੀ ਅਤੇ ਇਸ ਤਰ੍ਹਾਂ ਦੇ ਲੀਡਰ ਨੂੰ ਗੁਆ ਦਿੱਤਾ, ਜਿਸ ਨੇ ਆਪਣੀ ਹਿੰਮਤ, ਸ਼ਾਂਤ ਸੁਭਾਅ ਅਤੇ ਦ੍ਰਿੜ ਵਿਸ਼ਵਾਸ ਨਾਲ ਲੱਖਾਂ ਲੋਕਾਂ ਨੂੰ ਪ੍ਰੇਰਿਤ ਕੀਤਾ।

ਪਰਬਤਰੋਹਣ 'ਚ ਕਈ ਰਿਕਾਰਡ ਬਣਾਉਣ ਵਾਲੇ ਨਿਮਸ ਦਾਈ ਦੀ 1 ਅਗਸਤ, 2026 ਨੂੰ ਪਾਕਿਸਤਾਨ ਦੇ ਕਾਰਾਕੋਰਮ ਰੇਂਜ 'ਚ ਸਥਿਤ ਬ੍ਰਾਡ ਪੀਕ 'ਤੇ ਚੜ੍ਹਾਈ ਕਰਦੇ ਸਮੇਂ ਮੌਤ ਹੋ ਗਈ। ਉਨ੍ਹਾ ਨਾਲ ਅੰਤਰਰਾਸ਼ਟਰੀ ਪੱਧਰ ਦੇ ਨੇਪਾਲੀ ਪਰਬਤਰੋਹੀ ਪੁਰ ਬਹਾਦਰ ਗੁਰੰਗ ਯੁਕਤਾ, ਕਿਲੀ ਪੇਂਬਾ ਸ਼ੇਰਪਾ 'ਕਿੱਲੂ', ਨੀਮ ਸ਼ੇਰਪਾ ਅਤੇ ਨਵਾਂਗ ਥਿੰਦੂ ਸ਼ੇਰਪਾ ਨੇ ਵੀ ਬ੍ਰਾਡ ਪੀਕ 'ਤੇ ਆਪਣੀ ਜਾਨ ਗੁਆਈ। ਇਸ ਦੇ ਨਾਲ ਹੀ ਓਮਾਨ ਦੀ ਨਾਧਿਰਾ ਅਹਿਮਦ ਅਬਦੁੱਲਾ ਅਲ ਹਾਰਥੀ, ਪਾਕਿਸਤਾਨ ਦੇ ਸੋਹੇਲ ਸਖੀ, ਚੀਨ ਦੇ ਵਾਂਗ ਝੌਂਗ ਅਤੇ ਅਮਰੀਕਾ ਦੀ ਮੈਲੋਰੀ ਗਾਇਜ਼ ਦੀ ਵੀ ਮੌਤ ਹੋ ਗਈ।

ਨਿਰਮਲ ਪੁਰਜਾ ਨੇ ਆਪਣੀਆਂ ਉਪਲੱਬਧੀਆਂ ਜ਼ਰੀਏ ਦੁਨੀਆ ਨੂੰ ਦਿਖਾਇਆ ਕਿ ਵੱਡੇ-ਵੱਡੇ ਸੁਪਨੇ ਦੇਖਣ ਅਤੇ ਆਪਣੀਆਂ ਹੱਦਾਂ ਨੂੰ ਚੁਣੌਤੀ ਦੇਣ ਨਾਲ ਅਸੰਭਵ ਲੱਗਣ ਵਾਲੇ ਟੀਚੇ ਵੀ ਹਾਸਲ

**ਕਮਲਜੀਤ ਥਾਬਲਕੇ**

ਕੀਤੇ ਜਾ ਸਕਦੇ ਹਨ। ਅੱਜ ਗੱਲ ਸਾਬਕਾ ਬ੍ਰਿਟਿਸ਼ ਸੈਨਿਕ ਨਿਰਮਲ ਪੁਰਜਾ ਦੀ ਕਰ ਰਹੇ ਹਾਂ, ਜਿਨ੍ਹਾ ਛੇ ਮਹੀਨਿਆਂ 'ਚ ਵਿਸ਼ਵ ਦੀਆਂ 14 ਉਚੀਆਂ ਚੋਟੀਆਂ, ਜਿਨ੍ਹਾਂ ਦੀ ਉਚਾਈ 8000 ਮੀਟਰ ਤੋਂ ਵੱਧ ਹੈ 'ਤੇ ਚੜ੍ਹ ਕੇ ਪਰਬਤਰੋਹਣ ਜਗਤ ਨੂੰ ਹੈਰਾਨ ਕਰ ਦਿੱਤਾ ਸੀ।




ਨਿਰਮਲ ਪੁਰਜਾ ਦਾ ਜਨਮ 25 ਜੁਲਾਈ 1983 ਨੂੰ ਨੇਪਾਲ ਦੇ ਧੌਲਾਗਿਰੀ ਕੋਲ ਦੁਨੀਆ ਦੇ ਸੱਤਵੇਂ ਸਭ ਤੋਂ ਉਚਾਈ ਵਾਲੇ ਪਹਾੜ ਦੇ ਨੇੜੇ ਮਯਾਗਦੀ ਜ਼ਿਲ੍ਹੇ ਦੇ ਦਾਨਾ ਪਿੰਡ 'ਚ ਹੋਇਆ ਸੀ। ਉਸ ਦਾ ਬਚਪਨ ਜ਼ਮੀਨੀ ਇਲਾਕੇ ਵਾਲੇ ਚਿਤਵਨ ਜ਼ਿਲ੍ਹੇ 'ਚ ਬੀਤਿਆ। ਉਸ ਦਾ ਪਰਵਾਰ ਫੌਜੀ ਸੇਵਾਵਾਂ ਨਾਲ ਜੁੜਿਆ ਰਿਹਾ, ਉਸ ਦੇ ਪਿਤਾ ਅਤੇ ਤਿੰਨ ਵੱਡੇ ਭਰਾ ਸਾਰੇ ਨੇਪਾਲ ਦੀ ਗੋਰਖਾ ਰੈਜੀਮੈਂਟ 'ਚ ਭਰਤੀ ਸਨ। ਪੁਰਜਾ ਨੇ ਵੀ ਉਸੇ ਰਸਤੇ 'ਤੇ ਚਲਦੇ ਹੋਏ 16 ਸਾਲ ਤੱਕ ਬ੍ਰਿਟਿਸ਼ ਗੋਰਖਾ ਰੈਜੀਮੈਂਟ 'ਚ ਫੌਜੀ ਦੀ ਨੌਕਰੀ ਕੀਤੀ। ਉਹ 18 ਸਾਲ ਦੀ ਉਮਰ 'ਚ ਬ੍ਰਿਟਿਸ਼ ਫੌਜ ਦੇ ਗੋਰਖਾ ਬ੍ਰਿਗੇਡ 'ਚ ਭਰਤੀ ਹੋ ਗਿਆ। ਫਿਰ ਰਾਇਲ ਨੇਵੀ ਦੀ ਇੱਕ ਇਕਾਈ ਬ੍ਰਿਟਿਸ਼ ਸਪੈਸ਼ਲ ਸਰਵਿਸ 'ਚ ਵੀ ਰਿਹਾ। ਇਹ ਉਪਲੱਬਧੀ ਪ੍ਰਾਪਤ ਕਰਨ ਵਾਲੇ ਉਹ ਨੇਪਾਲ ਦੇ ਪਹਿਲੇ ਵਿਅਕਤੀ ਬਣੇ। ਉਸ ਨੂੰ ਫੌਜੀ ਸੇਵਾਵਾਂ ਅਤੇ ਪਰਬਤਰੋਹੀ ਉਪਲੱਬਧੀਆਂ ਲਈ 2018 'ਚ 'ਆਰਡਰ ਆਫ਼ ਦਿ ਬ੍ਰਿਟਿਸ਼ ਇੰਪਾਇਰ' (ਐੱਮ ਬੀ ਈ) ਨਾਲ ਸਨਮਾਨਤ ਕੀਤਾ ਗਿਆ। ਨਿਰਮਲ ਦਾ ਵਿਆਹ ਗੋਰਖਾ ਫੌਜੀ ਦੀ ਪੁੱਤਰੀ ਸੂਚੀ ਪੁਰਜਾ ਨਾਲ ਹੋਇਆ ਅਤੇ ਉਸ ਤੋਂ ਇੱਕ ਬੇਟੀ ਹਿਮਾਨੀ ਹੈ।

ਨਿਰਮਲ ਪੁਰਜਾ ਨੂੰ 'ਨਿਮਸ ਦਾਈ' ਦੇ ਨਾਂਅ ਨਾਲ ਵੀ ਜਾਣਿਆ ਜਾਂਦਾ। 2018 'ਚ ਨਿਰਮਲ ਨੇ ਫੌਜ ਦੀ ਨੌਕਰੀ ਛੱਡ ਦਿੱਤੀ। ਪੁਰਜਾ ਦੇ ਪਰਬਤਰੋਹੀ ਬਣਨ ਦੇ ਕੈਰੀਅਰ ਦੀ ਸ਼ੁਰੂਆਤ 2012 'ਚ ਉਸ ਸਮੇਂ ਹੋਈ, ਜਦ ਉਹ ਐਵਰੈਸਟ ਬੇਸ ਕੈਂਪ ਦੀ ਟਰੈਕਿੰਗ 'ਤੇ ਨਿਕਲਿਆ, ਉਸ ਸਮੇਂ ਉਹ ਬ੍ਰਿਟਿਸ ਫੌਜ 'ਚ ਹੀ ਸੀ। ਬੇਸ ਕੈਂਪ 'ਤੇ ਪਹੁੰਚ ਕੇ ਉਸ ਦੇ ਮਨ 'ਚ ਐਵਰੈੱਸਟ ਚੋਟੀ ਫਤਿਹ ਕਰਨ ਦੇ ਖਿਆਲ ਨੇ ਜਨਮ ਲਿਆ। ਇਸ ਲਈ ਉਸ ਨੇ ਟ੍ਰੇਨਿੰਗ ਸ਼ੁਰੂ ਕੀਤੀ ਤੇ ਕਰੀਬ ਦੋ ਸਾਲ ਬਾਅਦ 2014 'ਚ ਉਸ ਨੇ ਪਹਿਲੀ ਵਾਰ ਮਾਊਂਟ ਐਵਰੈੱਸਟ ਫਤਿਹ ਕਰ ਲਈ। ਬਸ ਫਿਰ ਕੀ ਸੀ, ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਇਸ ਤੋਂ ਬਾਅਦ ਹੀ ਉਸ 'ਤੇ ਪਰਬਤਰੋਹੀ ਬਣਨ ਦਾ ਜਨੂੰਨ ਚੜ੍ਹ ਗਿਆ। ਪੁਰਜਾ ਨੇ ਐਵਰੈੱਸਟ, ਮਕਾਲੂ ਅਤੇ ਲਹੋਤਸੇ ਨੂੰ ਸਿਰਫ਼ 48 ਘੰਟਿਆਂ 'ਚ ਫਤਿਹ ਕਰ ਲਿਆ। ਪੁਰਜਾ ਦਾ ਕੱਦ ਭਾਵੇਂ 5 ਫੁੱਟ ਤੋਂ ਵੀ ਘੱਟ ਸੀ, ਪਰ ਆਪਣੇ ਛੋਟੇ ਕਦਮਾਂ ਨਾਲ ਉਸ ਨੇ ਦੁਨੀਆ ਦੇ ਉਚੇ ਤੋਂ ਉਚੇ ਪਰਬਤਾਂ ਨੂੰ ਪਾਰ ਕੀਤਾ। ਨਿਰਮਲ ਪੁਰਜਾ ਦੇ ਨਾਂਅ ਕਈ ਰਿਕਾਰਡ ਹਨ। ਉਸ ਨੇ ਉਸ ਕੰਮ ਨੂੰ, ਜਿਸ ਨੂੰ ਪਰਬਤਰੋਹੀ ਆਮ ਤੌਰ 'ਤੇ ਕਈ ਸਾਲ ਲਾਉਂਦੇ ਹਨ, ਨੂੰ ਕੁਝ ਹੀ ਮਹੀਨਿਆਂ 'ਚ ਪੂਰਾ ਕਰਕੇ ਦਿਖਾਇਆ। ਨੇਪਾਲ ਅਤੇ ਵਿਸ਼ਵ ਪਰਬਤਰੋਹਣ ਜਗਤ 'ਚ 'ਨਿਮਸ ਦਾਈ' ਦੇ ਨਾਂਅ ਨਾਲ ਮਸ਼ਹੂਰ ਪੁਰਜਾ 2019 'ਚ ਆਪਣੇ 'ਪ੍ਰੋਜੈਕਟ ਪਾਸੀਬਲ' ਨਾਂਅ ਦੇ ਟੀਚੇ ਨੂੰ ਪੂਰਾ ਕਰਨ ਤੋਂ ਬਾਅਦ ਆਧੁਨਿਕ ਪਰਬਤਰੋਹੀਆਂ ਦੀ ਦੁਨੀਆ 'ਚ ਮਸ਼ਹੂਰ ਹਸਤੀਆਂ 'ਚੋਂ ਇੱਕ ਬਣ ਗਏ ਸਨ। 'ਪ੍ਰੋਜੈਕਟ ਪਾਸੀਬਲ' ਨੂੰ ਪੂਰਾ ਕਰਨ ਲਈ ਉਸ ਨੇ ਆਪਣੀ ਨੌਕਰੀ ਛੱਡ ਕੇ ਸਾਰਾ ਪੈਸਾ ਤੇ ਧਿਆਨ ਇਸ 'ਤੇ ਲਾ ਦਿੱਤਾ। ਉਸ ਨੇ 2019 'ਚ ਵਿਸ਼ਵ ਦੀਆਂ 8000 ਮੀਟਰ (ਲਗਭਗ 26000 ਫੁੱਟ) ਤੋਂ ਜ਼ਿਆਦਾ ਉਚਾਈ ਵਾਲੀਆਂ ਸਾਰੀਆਂ 14 ਚੋਟੀਆਂ। ਮਾਊਂਟ ਐਵਰੈੱਸਟ (8848 ਮੀਟਰ, ਚੀਨ/ ਨੇਪਾਲ), ਕੇ-2 (8611 ਮੀਟਰ, ਪਾਕਿਸਤਾਨ), ਕੰਚਨਜੰਗਾ (85,86 ਮੀਟਰ, ਨੇਪਾਲ/ਭਾਰਤ), ਲਹੋਤਸੇ (8516 ਮੀਟਰ, ਨੇਪਾਲ/ਚੀਨ), ਮਕਾਲੂ (8485 ਮੀਟਰ, ਨੇਪਾਲ/ਚੀਨ), ਚੋ ਓਯੂ (8188 ਮੀਟਰ, ਨੇਪਾਲ/ਚੀਨ), ਧੌਲਾਗਿਰੀ (8167 ਮੀਟਰ, ਨੇਪਾਲ), ਮਨਾਸਲੂ (8163 ਮੀਟਰ, ਨੇਪਾਲ), ਨੰਗਾ ਪਰਬਤ (8126 ਮੀਟਰ, ਪਾਕਿਸਤਾਨ), ਅੰਨਾਪੂਰਨਾ (8091 ਮੀਟਰ, ਨੇਪਾਲ), ਗੈਸ਼ਰਬ੍ਰੂਮ-1 (8080 ਮੀਟਰ, ਪਾਕਿਸਤਾਨ/ਚੀਨ), ਬ੍ਰਾਡ ਪੀਕ (8051 ਮੀਟਰ, ਗਿਲਗਿਤ ਬਾਲਿਸਤਾਨ), ਗੈਸ਼ਰਬ੍ਰੂਮ-1 (8035 ਮੀਟਰ, ਪਾਕਿਸਤਾਨ/ਚੀਨ), ਸ਼ਿਸ਼ਾਪਾਂਗਮਾ (8027 ਮੀਟਰ, ਚੀਨ/ਤਿੱਬਤ) ਨੂੰ ਸਿਰਫ਼ ਛੇ ਮਹੀਨਿਆਂ 'ਚ ਫਤਿਹ ਕਰ ਲਿਆ। ਇਸ ਰਿਕਾਰਡ ਨਾਲ ਉਹ ਪੂਰੇ ਵਿਸ਼ਵ 'ਚ ਮਸ਼ਹੂਰ ਹੋ ਗਿਆ। ਬਾਅਦ 'ਚ ਇਸ ਉਪਲਬੱਧੀ 'ਤੇ ਇੱਕ ਡਾਕੂਮੈਂਟਰੀ '14 ਪੀਕਸ : ਨਥਿੰਗ ਇਜ ਇੰਪਾਸੀਬਲ' ਬਣੀ। ਇਸ 'ਚ ਉਸ ਦੇ ਫੌਜੀ ਕੈਰੀਆਂ ਤੋਂ ਲੈ ਰਿਕਾਰਡ ਬਣਾਉਣ ਵਾਲੇ ਪਰਬਤਰੋਹੀ ਤੱਕ ਦੇ ਪੂਰੇ ਸਫ਼ਰ ਨੂੰ ਦਰਸਾਇਆ ਹੈ। ਇਸ ਤੋਂ ਪਹਿਲਾ ਇਹ ਰਿਕਾਰਡ 1987 'ਚ ਪੋਲਿਸ਼ ਪਰਬਤਰੋਹੀ ਜੇਰਜੀ ਕੁਕਜਕਾ ਦੇ ਨਾਂਅ ਸੀ। ਜੇਰਜੀ ਨੇ ਇਹ ਰਿਕਾਰਡ 8 ਸਾਲਾਂ ਦੇ ਲੰਮੇ ਸੰਘਰਸ਼ਾਂ ਤੋਂ ਬਾਅਦ ਬਣਾਇਆ ਸੀ। ਵੈਸੇ ਰਿਕਾਰਡ ਬਣਦੇ ਹੀ ਟੁੱਟਣ ਲਈ ਹੁੰਦੇ ਹਨ। ਇਹ 14 ਚੋਟੀਆਂ, ਜੋ 8000 ਮੀਟਰ ਉਚੀਆਂ ਹਨ, ਦਾ ਰਿਕਾਰਡ 23 ਜੁਲਾਈ 2023 ਨੂੰ ਉਸ ਸਮੇਂ ਟੁੱਟਿਆ, ਜਦ ਨਾਰਵੇ ਦੀ ਪਰਬਤਰੋਹੀ ਕ੍ਰਿਸਟੀਅਨ ਹਰੀਲਾ ਅਤੇ ਉਸ ਦੇ ਨਾਲ ਨੇਪਾਲੀ ਪਰਬਤਰੋਹੀ ਸਾਥੀ ਤੇਨਜੇਨ (ਲਾਮਾ) ਸ਼ੇਰਪਾ ਨੇ ਸਿਰਫ਼ 92 ਦਿਨਾਂ 'ਚ ਇਹ ਸਾਰੀਆਂ ਚੋਟੀਆਂ 'ਤੇ ਫਤਿਹ ਪਾ ਲਈ।




ਨਿਰਮਲ ਪੁਰਜਾ ਦੀ ਅਗਵਾਈ 'ਚ 10 ਨੇਪਾਲੀਆਂ ਨੇ 17 ਜਨਵਰੀ ਨੂੰ ਸਰਦੀ ਦੇ ਮੌਸਮ 'ਚ ਪਹਿਲੀ ਵਾਰ 28,251 ਉੱਚੇ ਸਭ ਤੋਂ ਖ਼ਤਰਨਾਕ ਪਹਾੜ 'ਕੇ-2' ਜਿਸ 'ਤੇ ਗਰਮੀ ਦੇ ਮੌਸਮ ਵਿੱਚ ਚੜ੍ਹਨਾ ਵੀ ਅਸਾਨ ਨਹੀਂ ਹੁੰਦਾ, ਉਸ ਨੇ ਅਤੇ ਉਸ ਦੇ ਟੀਮ ਮੈਂਬਰਾਂ ਨੇ ਇਸ ਨੂੰ ਸਿਰਫ਼ 21 ਦਿਨਾਂ 'ਚ ਫਤਿਹ ਕਰਕੇ ਵਿਸ਼ਵ ਰਿਕਾਰਡ ਬਣਾਇਆ ਸੀ। ਕਈ ਰਿਕਾਰਡ ਆਪਣੇ ਨਾਂਅ ਕਰਨ ਦੇ ਬਾਵਜੂਦ ਪੁਰਜਾ ਲਗਾਤਾਰ ਨਵੇਂ ਰੋਮਾਂਚ ਦੀ ਤਲਾਸ਼ 'ਚ ਰਹਿੰਦਾ ਸੀ। ਉਸ ਦਾ ਕਹਿਣਾ ਸੀ ਕਿ ਜੇਕਰ ਤੁਸੀਂ ਨੇਪਾਲ ਤੋਂ ਹੋ ਤਾਂ ਹਰ ਕੋਈ ਤੁਹਾਨੂੰ ਐਵਰੈੱਸਟ ਬਾਰੇ ਪੁੱਛਦਾ, ਇਸ ਲਈ ਵੀ ਮੈਂ ਪਰਬਤਰੋਹੀ ਬਣਿਆ।

'ਕੇ-2' 'ਤੇ ਚੜ੍ਹਨ ਦੀ ਕੋਸ਼ਿਸ਼ ਕਰਨ ਵਾਲਿਆਂ 'ਚੋਂ ਲਗਭਗ ਹਰ 6 ਪਰਬਤਰੋਹੀਆਂ 'ਚੋਂ 1 ਦੀ ਮੌਤ ਹੋ ਜਾਂਦੀ ਹੈ, ਜਦਕਿ ਮਾਊਂਟ ਐਵਰੈੱਸਟ 'ਚ 34 ਪਰਬਤਰੋਹੀਆਂ 'ਚੋਂ 1 ਦੀ ਮੌਤ ਹੋ ਜਾਂਦੀ ਹੈ। ਇਸ ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ 'ਕੇ-2' ਕਿੰਨਾ ਖਤਰਨਾਕ ਪਹਾੜ ਹੈ। ਮਾਊਂਟ ਐਵਰੈੱਸਟ ਦੁਨੀਆ ਦਾ ਸਭ ਤੋਂ ਖ਼ਤਰਨਾਕ ਪਹਾੜ ਹੈ ਅਤੇ 'ਕੇ-2' ਦੂਜੇ ਨੰਬਰ 'ਤੇ ਆਉਂਦਾ ਹੈ, ਫਿਰ 'ਕੇ-2' ਨੂੰ ਜ਼ਿਆਦਾ ਖ਼ਤਰਨਾਕ ਕਿਉਂ ਮੰਨਿਆ ਜਾਂਦਾ ਹੈ। ਪੁਰਜਾ ਨੇ ਇੱਕ ਵਾਰ ਇੱਕ ਇੰਟਰਵਿਊ 'ਚ ਇਸ ਦਾ ਜਵਾਬ ਦਿੰਦਿਆ ਕਿਹਾ ਸੀ ਕਿ 'ਕੇ-2' 'ਤੇ ਮੌਸਮ ਦਾ ਕੋਈ ਭਰੋਸਾ ਨਹੀਂ ਹੁੰਦਾ। ਦੂਜਾ ਇੱਥੇ ਸਿਰਫ਼ ਤਜਰਬੇਕਾਰ ਪਰਬਤਰੋਹੀ ਹੀ ਜਾ ਸਕਦਾ ਹੈ। ਉਸ ਦਾ ਮੰਨਣਾ ਸੀ ਕਿ ਲੋਕਾਂ ਨੂੰ ਲੱਗਦਾ ਹੈ ਕਿ ਐਵਰੈੱਸਟ 'ਤੇ ਚੜ੍ਹਨਾ ਆਸਾਨ ਹੈ, ਪਰ ਇਸ ਤਰ੍ਹਾਂ ਨਹੀ, ਜੇਕਰ ਉਥੋਂ ਸਾਰੇ ਸ਼ੇਰਪਾਓ ਨੂੰ ਹਟਾ ਦਿੱਤਾ ਜਾਵੇ ਅਤੇ ਐਵਰੈੱਸਟ 'ਤੇ ਸੋਲੋ ਚੜ੍ਹਨਾ ਹੋਵੇ ਤਾਂ ਇਹ ਸਭ ਤੋਂ ਮੁਸ਼ਕਲ ਹੋਵੇਗਾ। ਐਵਰੈਸਟ ਨੂੰ ਨੇਪਾਲੀਆਂ ਨੇ ਸੌਖਾ ਕਰ ਦਿੱਤਾ ਹੈ, ਕਿਉਂਕਿ ਅਸੀਂ ਇੱਥੇ ਕੰਮ ਕਰਦੇ ਹਾਂ। 'ਕੇ-2' ਗਿਲਗਿਤ-ਬਲਿਸਤਾਨ 'ਚ ਕਾਰਾਕੋਰਮ ਰੇਂਜ ਦਾ ਦੂਜਾ ਸਭ ਤੋਂ ਉਚਾ ਪਰਬਤ ਹੈ, ਦੋਵੇਂ ਵੱਖੋ-ਵੱਖ ਪਹਾੜ ਹਨ। ਐਵਰੈੱਸਟ 9000 ਮੀਟਰ ਉੱਚਾ ਹੈ। 'ਕੇ-2' ਦੇ ਖ਼ਤਰਨਾਕ ਹੋਣ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਇਸ 'ਤੇ ਇੱਕ ਸੀਜ਼ਨ 'ਚ ਮੁਸ਼ਕਲ ਨਾਲ 50 ਪਰਬਤਰੋਹੀ ਹੀ ਚੜ੍ਹ ਪਾਉਂਦੇ ਹਨ, ਜਦਕਿ ਮਾਊਂਟ ਐਵਰੈੱਸਟ 'ਤੇ ਲਗਭਗ 2000 ਤੋਂ ਵੱਧ ਲੋਕ ਚੜ੍ਹ ਜਾਂਦੇ ਹਨ।

ਪੁਰਜਾ ਲਈ ਰਿਕਾਰਡ ਦਾ ਮਤਲਬ ਸਿਰਫ਼ ਪ੍ਰਸੰਸਾ ਜਾਂ ਸਨਮਾਨ ਨਹੀਂ, ਉਹ ਕਿਸੇ ਵੀ ਪਹਾੜ 'ਤੇ ਚੜ੍ਹਾਈ ਸਮੇਂ ਆਪਣੇ ਸਾਥੀਆਂ ਦੀ ਮਦਦ ਲਈ ਹਮੇਸ਼ਾ ਤਿਆਰ ਰਹਿੰਦਾ ਸੀ। ਇਸ ਦੀ ਇੱਕ ਮਿਸਾਲ ਇਹ ਵੀ ਹੈ, ਜਦ 23 ਅਪ੍ਰੈਲ 2019 ਨੂੰ ਅੰਨਾਪੂਰਨਾ ਚੋਟੀ ਤੋਂ ਉਤਰਦੇ ਸਮੇਂ ਪੁਰਜਾ ਨੇ ਆਪਣੇ ਅਭਿਆਨ ਨੂੰ ਰੋਕ ਕੇ ਇੱਕ ਮਲੇਸ਼ੀਆਈ ਪਰਬਤਰੋਹੀ ਨੂੰ ਬਚਾਇਆ, ਜੋ ਲਗਭਗ 40 ਘੰਟੇ ਤੋਂ ਫਸਿਆ ਹੋਇਆ ਸੀ। ਉਸ ਨੂੰ ਬਚਾਉਣ ਲਈ ਨਿਰਮਲ ਨੇ ਆਪਣੀ ਸਾਰੀ ਤਾਕਤ ਲਾ ਦਿੱਤੀ ਸੀ। ਇਸੇ ਤਰ੍ਹਾਂ ਕੰਚਨਜੰਗਾ ਦੀ ਚੜ੍ਹਾਈ ਦੌਰਾਨ ਪੁਰਜਾ ਨੇ ਹੋਰ ਪਰਬਤਰੋਹੀਆਂ ਨੂੰ ਬਚਾਉਣ ਲਈ ਆਪਣਾ ਅਭਿਆਨ ਵਿਚਾਲੇ ਹੀ ਛੱਡ ਦਿੱਤਾ। ਇਸ ਬਾਰੇ ਉਸ ਨੇ ਆਪਣੀ ਜੀਵਨੀ 'ਚ ਲਿਖਿਆ, 'ਕਿਸ ਤਰ੍ਹਾਂ 8450 ਮੀਟਰ ਦੀ ਉਚਾਈ 'ਤੇ ਅਸੀਂ ਤਿੰਨ ਪਰਬਤਰੋਹੀਆਂ ਨੂੰ ਬਚਾਉਣ ਲਈ ਆਪਣੀ ਆਕਸੀਜਨ ਦੇ ਦਿੱਤੀ। ਇਹ ਸਾਡੇ ਲਈ ਵੀ ਖੁਦਕੁਸ਼ੀ ਵਰਗਾ ਕਦਮ ਸੀ।' ਉਹ ਲਿਖਦਾ ਹੈ, 'ਸ਼ਾਇਦ ਇਹ ਮੇਰੇ ਜੀਵਨ ਦਾ ਸਭ ਤੋਂ ਮੁਸ਼ਕਲ ਸਮਾਂ ਸੀ।' ਪੁਰਜਾ ਨੇ ਆਪਣੇ ਕੈਰੀਅਰ ਦਾ ਜ਼ਿਆਦਾਤਰ ਸਮਾਂ ਆਪਣੀ ਸਹਿਣਸ਼ਕਤੀ ਦੀਆਂ ਹੱਦਾਂ ਦੀ ਪ੍ਰੀਖਿਆ ਲੈਣ 'ਚ ਹੀ ਬਤਾਇਆ। ਹਰ ਇੱਕ ਚੋਟੀ ਫਤਿਹ ਕਰਨ ਤੋਂ ਬਾਅਦ ਉਸ ਅੰਦਰ ਇਸ ਤੋਂ ਹੋਰ ਉਪਰ ਜਾਣ ਦੀ ਲਾਲਸਾ ਰਹਿੰਦੀ ਸੀ।

ਫੌਜ ਦੀ ਨੌਕਰੀ ਛੱਡਣ ਤੋਂ ਬਾਅਦ ਉਸ ਨੇ ਪਰਬਤਾਰੋਹਣ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਅਤੇ ਸੁਰੱਖਿਅਤ ਪਰਬਤਾਰੋਹਣ ਨੂੰ ਉਤਸ਼ਾਹਤ ਕਰਨ ਲਈ 'ਇਲੀਅਟ ਐਕਸਪਿਡ' ਨਾਂਅ ਦੀ ਸੰਸਥਾ ਦੀ ਸਥਾਪਨਾ ਕੀਤੀ।ਇਸ ਸੰਸਥਾ ਰਾਹੀਂ ਉਸ ਨੇ ਨਾ ਸਿਰਫ਼ ਉੱਚਾਈ ਵਾਲੇ ਪਰਬਤਾਰੋਹਣ ਮੁਹਿੰਮਾਂ ਦੀ ਅਗਵਾਈ ਕੀਤੀ, ਨਾਲ ਹੀ ਇਹ ਵੀ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਕਿ ਨੇਪਾਲੀ ਸ਼ੇਰਪਿਆਂ ਅਤੇ ਸਥਾਨਕ ਪਰਬਤਾਰੋਹੀਆਂ ਨੂੰ ਉਨ੍ਹਾਂ ਦੇ ਯੋਗਦਾਨ ਅਨੁਸਾਰ ਅੰਤਰਰਾਸ਼ਟਰੀ ਮਾਣ-ਸਨਮਾਨ ਮਿਲੇ। ਉਸ ਦਾ ਕਹਿਣਾ ਸੀ ਕਿ ਹਿਮਾਲਿਆ ਦੀਆਂ ਕਹਾਣੀਆਂ ਕੇਵਲ ਸਿਖਰ 'ਤੇ ਪਹੁੰਚਣ ਵਾਲਿਆਂ ਦੀਆਂ ਨਹੀਂ ਹੁੰਦੀਆਂ, ਸਗੋਂ ਉਨ੍ਹਾਂ ਸ਼ੇਰਪਾ ਦੀਆਂ ਵੀ ਹੁੰਦੀਆਂ ਹਨ, ਜੋ ਆਪਣੀ ਜਾਨ ਨੂੰ ਖ਼ਤਰੇ 'ਚ ਪਾ ਕੇ ਦੂਜਿਆਂ ਦੇ ਸੁਪਨਿਆਂ ਨੂੰ ਪੂਰਾ ਕਰਦੇ ਹਨ।

ਨਿਰਮਲ ਪੁਰਜਾ ਦੀ ਮੌਤ ਨਾਲ ਪਰਬਤਾਰੋਹਣ ਨਾਲ ਜੁੜੇ ਲੋਕਾਂ ਦੇ ਦਿਲਾਂ ਅੰਦਰ ਡੂੰਘਾ ਸੋਗ ਹੈ। ਪੁਰਜਾ ਦੀ ਮੌਤ ਨਾਲ ਉਸ ਦੇ ਪਰਵਾਰ ਤੇ ਪਰਬਤਰੋਹਣ ਜਗਤ ਲਈ ਵੀ ਵੱਡਾ ਘਾਟਾ ਹੈ।

ਬ੍ਰਾਡ ਪੀਕ 'ਤੇ ਚੜ੍ਹਾਈ ਕਰਨ ਤੋਂ ਪਹਿਲਾ ਪੁਰਜਾ ਨੇ ਆਪਣੇ ਸ਼ੋਸ਼ਲ ਮੀਡੀਆ ਅਕਾਊਂਟ 'ਤੇ 27 ਜੁਲਾਈ, 2026 ਨੂੰ ਪੋਸਟ ਵਿੱਚ ਲਿਖਿਆ ਸੀ, The Mission Shifts, The Compass Holds , ਮਤਲਬ, 'ਮੰਜ਼ਲ ਬਦਲ ਗਈ ਹੈ, ਪਰ ਦਿਸ਼ਾ ਉਹੀ ਹੈ।' ਨਿਮਸ ਦੀ ਸ਼ੁਰੂਆਤੀ ਯੋਜਨਾ ਸਿਰਫ਼ ਪਾਕਿਸਤਾਨ ਵਿੱਚ ਗੈਸ਼ਰਬ੍ਰਮ-2 'ਤੇ ਚੜ੍ਹਾਈ ਕਰਨ ਦੀ ਸੀ, ਪਰ ਪਾਕਿਸਤਾਨ ਰਵਾਨਾ ਹੋਣ ਤੋਂ ਪਹਿਲਾਂ ਉਨ੍ਹਾ ਨੂੰ ਯਾਦ ਆਇਆ ਕਿ 8,000 ਮੀਟਰ ਤੋਂ ਉੱਚੀਆਂ ਚੋਟੀਆਂ 'ਚੋਂ ਬ੍ਰਾਡ ਪੀਕ ਅਤੇ ਨੇਪਾਲ ਦੀ ਚੋਓਯੂ ਹੀ ਅਜਿਹੀਆਂ ਚੋਟੀਆਂ ਹਨ, ਜਿਨ੍ਹਾਂ 'ਤੇ ਉਹ ਅਜੇ ਤੱਕ ਬਿਨਾਂ ਆਕਸੀਜਨ ਦੇ ਦੋ ਵਾਰ ਨਹੀਂ ਚੜ੍ਹਿਆ। ਉਨ੍ਹਾ ਫੇਸਬੁਕ 'ਤੇ ਲਿਖਿਆ ਕਿ ਜੇ ਪਾਕਿਸਤਾਨ 'ਚ ਰਹਿੰਦਿਆਂ ਹੀ ਬ੍ਰਾਡ ਪੀਕ ਦੀ ਚੜ੍ਹਾਈ ਵੀ ਸਫਲਤਾਪੂਰਵਕ ਕਰ ਲਈ ਜਾਵੇ, ਤਾਂ ਫਿਰ ਨੇਪਾਲ ਦੀ ਚੋਓਯੂ ਨੂੰ ਦੂਜੀ ਵਾਰ ਬਿਨਾਂ ਆਕਸੀਜਨ ਦੇ ਚੜ੍ਹਨਾ ਹੀ ਬਾਕੀ ਰਹਿ ਜਾਵੇਗਾ।ਇਸੇ ਸੋਚ ਨਾਲ ਉਨ੍ਹਾ ਇਸ ਮਿਸ਼ਨ ਪੂਰਾ ਕਰਨ ਦੀ ਯੋਜਨਾ ਬਣਾਈ।

ਉਨ੍ਹਾ ਅੱਗੇ ਲਿਖਿਆ ਕਿ ਇਹ ਮੇਰੀ ਪਹਿਲਾਂ ਤੋਂ ਬਣਾਈ ਯੋਜਨਾ ਦਾ ਹਿੱਸਾ ਨਹੀਂ ਸੀ।ਸ਼ੁਰੂਆਤੀ ਯੋਜਨਾ ਸਿਰਫ਼ ਗੈਸ਼ਰਬ੍ਰਮ-2 ਦੀ ਚੜ੍ਹਾਈ ਕਰਨ ਦੀ ਸੀ, ਪਰ ਪਾਕਿਸਤਾਨ ਜਾਣ ਤੋਂ ਪਹਿਲਾਂ ਮੈਂ ਆਪਣੇ 8,000 ਮੀਟਰ ਤੋਂ ਉੱਚੀਆਂ ਚੋਟੀਆਂ 'ਤੇ ਚੜ੍ਹਨ ਬਾਰੇ ਸੋਚਿਆ।ਉਸੇ ਵੇਲੇ ਮੈਨੂੰ ਅਹਿਸਾਸ ਹੋਇਆ ਕਿ ਜੇ ਮੈਂ ਇੱਥੇ ਰਹਿੰਦਿਆਂ ਬ੍ਰਾਡ ਪੀਕ 'ਤੇ ਵੀ ਸਫਲ ਚੜ੍ਹਾਈ ਕਰ ਲਵਾਂ, ਤਾਂ ਮੇਰੇ ਲਈ ਸਿਰਫ਼ ਇੱਕ ਹੀ ਚੋਟੀ ਬਾਕੀ ਰਹਿ ਜਾਵੇਗੀ ਚੋਓਯੂ, ਇਸ ਤੋਂ ਬਾਅਦ ਮੈਂ ਬਿਨਾਂ ਕਿਸੇ ਆਕਸੀਜਨ ਦੇ ਦੁਨੀਆ ਦੀਆਂ 8,000 ਮੀਟਰ ਤੋਂ ਉੱਚੀਆਂ ਸਾਰੀਆਂ 14 ਚੋਟੀਆਂ ਨੂੰ ਦੋ-ਦੋ ਵਾਰ ਫਤਿਹ ਕਰਨ ਵਾਲਾ ਇਤਿਹਾਸ ਦਾ ਪਹਿਲਾ ਵਿਅਕਤੀ ਬਣ ਜਾਵਾਂਗਾ।

ਉਹ ਲਿਖਦਾ ਹੈ ਕਿ ਇੱਕ ਰਾਜ਼ ਹੈ, ਜੋ ਮੈਂ ਹਰ ਮੁਹਿੰਮ ਦੌਰਾਨ ਆਪਣੇ ਨਾਲ ਲੈ ਕੇ ਚਲਦਾ ਹਾਂ, 'ਮੈਂ ਕਦੇ ਵੀ ਕਿਸੇ ਹੋਰ ਨਾਲ ਮੁਕਾਬਲਾ ਨਹੀਂ ਕਰਦਾ, ਮੇਰਾ ਮੁਕਾਬਲਾ ਸਿਰਫ਼ ਆਪਣੇ ਆਪ ਨਾਲ ਹੀ ਹੁੰਦਾ ਹੈ। ਮੈਂ ਕੱਲ੍ਹ ਜੋ ਸੀ, ਅੱਜ ਉਸ ਤੋਂ ਬਿਹਤਰ ਬਣਨ ਦੀ ਕੋਸ਼ਿਸ਼ ਕਰਦਾ ਹਾਂ।ਹਰ ਦਿਨ ਮੈਂ ਆਪਣੀਆਂ ਹੀ ਹੱਦਾਂ ਨੂੰ ਚੁਣੌਤੀ ਦਿੰਦਾ ਹਾਂ, ਕਿਉਂਕਿ ਜਿਸ ਪਲ ਤੁਸੀਂ ਸੱਜੇ-ਖੱਬੇ ਦੇਖਣਾ ਸ਼ੁਰੂ ਕਰ ਦਿੰਦੇ ਹੋ, ਇਹ ਸੋਚਣ ਲੱਗ ਪੈਂਦੇ ਹੋ ਕਿ ਦੂਜੇ ਲੋਕ ਕੀ ਕਰ ਰਹੇ ਹਨ, ਕੀ ਕਹਿ ਰਹੇ ਹਨ ਜਾਂ ਕੀ ਹਾਸਲ ਕਰ ਰਹੇ ਹਨ, ਉਸੇ ਪਲ ਤੁਸੀਂ ਆਪਣੇ ਟੀਚੇ ਤੋਂ ਭਟਕ ਜਾਂਦੇ ਹੋ।ਤੁਹਾਡੀ ਮੰਜ਼ਲ ਅਤੇ ਤੁਹਾਡੀ ਦਿਸ਼ਾ ਸਿਰਫ਼ ਤੁਹਾਡੀ ਆਪਣੀ ਹੈ।

ਅੱਜ ਮੈਂ ਬਿਨਾਂ ਆਕਸੀਜਨ ਦੇ ਇਨ੍ਹਾਂ ਚੋਟੀਆਂ ਨੂੰ ਮੁੜ ਫਤਿਹ ਕਰਨ ਵੱਲ ਹਾਂ, ਕੁੱਲ ਮਿਲਾ ਕੇ ਤੀਜੀ ਵਾਰ।ਬਾਹਰ ਦਾ ਰੌਲਾ ਅਜੇ ਵੀ ਜਾਰੀ ਹੈ, ਪਰ ਮੈਂ ਉਸ ਰੌਲੇ ਨੂੰ ਸੁਣਨਾ ਛੱਡ ਦਿੱਤਾ ਹੈ।ਜਿਨ੍ਹਾਂ ਨੂੰ ਹਾਲੇ ਵੀ ਸ਼ੱਕ ਹੈ, ਮੈਂ ਉਨ੍ਹਾਂ ਨੂੰ ਇਹੀ ਕਹਿਣਾ ਚਾਹੁੰਦਾ ਹਾਂ, ਮੈਂ ਪਹਿਲਾਂ ਹੀ ਪਾਕਿਸਤਾਨ ਦੀਆਂ 8,000 ਮੀਟਰ ਤੋਂ ਉੱਚੀਆਂ ਸਾਰੀਆਂ ਪੰਜ ਚੋਟੀਆਂ ਸਿਰਫ਼ 26 ਦਿਨਾਂ 'ਚ ਫਤਿਹ ਕਰ ਚੁੱਕਾ ਹਾਂ। ਇਨ੍ਹਾਂ ਸਾਰੀਆਂ ਚੜ੍ਹਾਈਆਂ 'ਚ ਮੈਂ ਟੀਮ ਦੀ ਅਗਵਾਈ ਕੀਤੀ, ਗਾਈਡ ਦੀ ਭੂਮਿਕਾ ਨਿਭਾਈ ਅਤੇ ਇਹ ਸਭ ਬਿਨਾਂ ਆਕਸੀਜਨ ਦੇ ਸਫ਼ਲਤਾਪੂਰਕ ਫਤਿਹ ਕੀਤੀਆਂ ਅਤੇ ਜਿਨ੍ਹਾਂ ਲੋਕਾਂ ਨੇ ਆਕਸੀਜਨ ਦੀ ਵਰਤੋਂ ਕਰਕੇ ਮੇਰੇ ਰਿਕਾਰਡ ਤੋੜੇ ਸਨ, ਅੱਜ ਮੈਂ ਉਹ ਰਿਕਾਰਡ ਮੁੜ ਆਪਣੇ ਨਾਂਅ ਕਰ ਰਿਹਾ ਹਾਂ।

ਮੈਂ ਕਿਸੇ ਵੀ ਪਹਾੜ ਨੂੰ ਕਦੇ ਹਲਕੇ 'ਚ ਨਹੀਂ ਲੈਂਦਾ, ਜਦੋਂ ਵੀ ਮੈਂ ਬੇਸ ਕੈਂਪ ਤੋਂ ਆਪਣਾ ਪਹਿਲਾ ਕਦਮ ਅੱਗੇ ਵਧਾਉਂਦਾ ਹਾਂ, ਉਸੇ ਪਲ ਤੋਂ ਮੇਰਾ ਸੌ ਫ਼ੀਸਦੀ ਸਮਰਪਣ ਉਸ ਮੁਹਿੰਮ ਲਈ ਹੁੰਦਾ ਹੈ।ਮੇਰਾ ਇਹ ਸਮਰਪਣ ਹਮੇਸ਼ਾ ਅਜਿਹਾ ਹੀ ਰਿਹਾ ਹੈ ਅਤੇ ਹਮੇਸ਼ਾ ਅਜਿਹਾ ਹੀ ਰਹੇਗਾ।ਇਹ ਚੜ੍ਹਾਈ ਉਸ ਹਰ ਇੱਕ ਵਿਅਕਤੀ ਨੂੰ ਸਮਰਪਤ ਹੈ, ਜਿਸ ਨੇ ਮੈਨੂੰ ਇੱਥੋਂ ਤੱਕ ਪਹੁੰਚਣ 'ਚ ਕਿਸੇ ਨਾ ਕਿਸੇ ਤਰੀਕੇ ਨਾਲ ਸਹਿਯੋਗ ਦਿੱਤਾ।ਮੇਰੇ ਸਮਰਥਕ, ਮੇਰੇ ਆਲੋਚਕ ਤੁਸੀਂ ਸਾਰੇ ਇਸ ਯਾਤਰਾ ਦਾ ਹਿੱਸਾ ਹੋ।ਇਸ ਲਈ ਮੈਂ ਤੁਹਾਡਾ ਸਭ ਦਾ ਦਿਲੋਂ ਧੰਨਵਾਦ ਕਰਦਾ ਹਾਂ।

ਬ੍ਰਾਡ ਪੀਕ, ਮੈਂ ਆ ਰਿਹਾ ਹਾਂ! ਮੈਂ ਸਿਰਫ਼ ਇਹੀ ਅਰਦਾਸ ਕਰਦਾ ਹਾਂ ਕਿ ਮੈਂ ਸੁਰੱਖਿਅਤ ਢੰਗ ਨਾਲ ਚੋਟੀ ਤੱਕ ਪਹੁੰਚਾਂ ਅਤੇ ਸਹੀ-ਸਲਾਮਤ ਵਾਪਸ ਪਰਤ ਆਵਾਂ।

# ਫਿਲਮ 'ਸਤਲੁਜ' : ਸਿਰਜਣਾਤਮਕਤਾ ਕਿ ਅਸੁਹਿਰਦਤਾ

ਹਨੀ ਤ੍ਰੇਹਣ ਦੁਆਰਾ ਨਿਰਦੇਸ਼ਤ ਅੱਜ-ਕੱਲ੍ਹ ਦੀ ਚਰਚਿਤ ਫਿਲਮ 'ਸਤਲੁਜ' ਬਾਰੇ ਵਿਸਥਾਰ ਵਿੱਚ ਗੱਲ ਕਰਨ ਤੋਂ ਪਹਿਲਾਂ ਇਹ ਵਿਚਾਰ ਬਹੁਤ ਜ਼ੋਰ ਨਾਲ ਪੇਸ਼ ਕਰਨ ਦੀ ਜ਼ਰੂਰਤ ਹੈ ਕਿ ਕਿਸੇ ਵੀ ਤਰ੍ਹਾਂ ਦੀ ਕਲਾ ਕ੍ਰਿਤ ਨੂੰ ਸਰਕਾਰ, ਇਸ ਦੁਆਰਾ ਸਥਾਪਤ ਸੰਸਥਾਵਾਂ ਜਾਂ ਕਿਸੇ ਵੀ ਧਰਮ ਅਤੇ ਫਿਰਕੇ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਦੇ ਅਦਾਰਿਆਂ ਵੱਲੋਂ ਲੋਕਾਂ ਤੱਕ ਪਹੁੰਚਣ ਤੋਂ ਰੋਕਣਾ ਗ਼ਲਤ ਅਤੇ ਨਿੰਦਣਯੋਗ ਕਾਰਵਾਈ ਹੈ। ਅਜਿਹੀ ਕਾਰਵਾਈ ਭਾਵੇਂ ਮੁਕੰਮਲ ਰੋਕ ਦੀ ਸ਼ਕਲ ਵਿੱਚ ਕੀਤੀ ਜਾਵੇ ਜਾਂ ਉਸ ਕਲਾਕ੍ਰਿਤ ਦੇ ਕੁਝ ਹਿੱਸਿਆਂ ਨੂੰ ਕੱਟਣ ਜਾਂ ਬਦਲਣ ਦੀ ਸੂਰਤ ਵਿੱਚ। ਅਜਿਹੀ ਕਾਰਵਾਈ ਮਨੁੱਖੀ ਸਿਰਜਣਾਤਮਕਤਾ ਉੱਪਰ ਇਕ ਸਿੱਧਾ ਜਮਹੂਰੀਅਤ ਵਿਰੋਧੀ ਹਮਲਾ ਹੀ ਹੁੰਦਾ ਹੈ। ਇਸ ਸੰਦਰਭ ਵਿੱਚ ਕੇਂਦਰ ਸਰਕਾਰ ਦੁਆਰਾ ਸਥਾਪਤ ਸੈਂਟਰਲ ਬੋਰਡ ਆਫ਼ ਫਿਲਮ ਸਰਟੀਫਿਕੇਸ਼ਨ (ਆਮ ਭਾਸ਼ਾ ਵਿੱਚ ਸੈਂਸਰ ਬੋਰਡ) ਦੇ ਹੱਥੋਂ ਲਗਾਤਾਰ ਚਾਰ ਸਾਲਾਂ ਲਈ ਫਿਲਮ "ਸਤਲੁਜ" ਨੂੰ ਪਹਿਲਾਂ "ਘੱਲੂਘਾਰਾ" ਅਤੇ ਫਿਰ "ਪੰਜਾਬ 95" ਵਰਗੇ ਨਾਵਾਂ ਵਿੱਚ ਤਬਦੀਲੀ ਕਰਨ, ਫਿਲਮ ਵਿੱਚ 127 ਕੱਟ ਲਗਾਉਣ ਅਤੇ ਇਸ ਦੇ ਕੇਂਦਰੀ ਕਿਰਦਾਰ ਜਸਵੰਤ ਸਿੰਘ ਖਾਲੜਾ ਦਾ ਨਾਮ ਤੱਕ ਬਦਲਣ ਵਰਗੀਆਂ ਦੁਸ਼ਵਾਰੀਆਂ ਵਿੱਚ ਲੰਘਣ ਲਈ ਮਜਬੂਰ ਕਰਨਾ ਅਤੇ ਫਿਲਮ ਨੂੰ ਸਿਨਮਾ ਘਰਾਂ ਵਿੱਚ ਦਿਖਾਉਣ ਲਈ ਲੋੜੀਂਦਾ ਸਰਟੀਫਿਕੇਟ ਨਾ ਦੇਣਾ ਜਮਹੂਰੀਅਤ ਵਿਰੋਧੀ ਕਾਰਵਾਈਆਂ ਹੀ ਸਨ। ਇਹ ਭੇਦ ਵੀ ਅਜੇ ਤੱਕ ਬਣਿਆ ਹੋਇਆ ਹੈ ਕਿ ਜ਼ੀ 5 ਨਾਂਅ ਦੇ ਓ.ਟੀ.ਟੀ. ਚੈਨਲ 'ਤੇ ਦਿਖਾਉਣ ਦੀ ਆਗਿਆ ਸਰਕਾਰ ਨੇ ਦਿੱਤੀ ਸੀ ਜਾਂ ਨਹੀਂ ਅਤੇ ਫਿਰ ਦੋ ਦਿਨਾਂ ਦੇ ਬਾਅਦ ਹੀ ਇਸ 'ਤੇ ਲਗਾਈ ਰੋਕ ਵੀ ਉਤਨੀ ਹੀ ਧੱਕੜ ਕਾਰਵਾਈ ਸੀ। ਹੁਣ ਆਈ.ਬੀ. ਮਨਿਸਟਰੀ ਦੁਆਰਾ ਗਠਿਤ ਕਮੇਟੀ ਵੱਲੋਂ ਇਸ ਨੂੰ ਦੇਸ਼ ਦੀ ਸੁਰੱਖਿਅਤਾ ਲਈ ਖਤਰਾ ਕਹਿਣਾ ਵੀ ਸਚਾਈ ਤੋਂ ਕੋਹਾਂ ਦੂਰ ਹੈ। ਇਸ ਫਿਲਮ ਨੂੰ ਦਿਖਾਉਣ ਦੀ ਮੰਗ ਜਮਹੂਰੀ ਅਤੇ ਸਿਰਜਣਾਤਮਕਤਾ ਦੀ ਅਜ਼ਾਦੀ ਦੇ ਤਕਾਜ਼ਿਆਂ 'ਤੇ ਪੂਰੀ ਉਤਰਨ ਵਾਲੀ ਮੰਗ ਹੈ।

ਜੇਕਰ ਫਿਲਮ ਜਾਂ ਕਿਸੇ ਵੀ ਕਿਸਮ ਦੀ ਕਲਾਕ੍ਰਿਤ ਦੀ ਸਿਰਜਣਾ ਅਤੇ ਪ੍ਰਦਰਸ਼ਿਤ ਕਰਨ ਦਾ ਅਧਿਕਾਰ ਬੁਨਿਆਦੀ ਹੈ ਤਾਂ ਉਸ ਕਲਾਕ੍ਰਿਤ ਨੂੰ ਪਰਖਣ ਅਤੇ ਉਸ ਦੀ ਪੜਚੋਲ ਕਰਨ ਦਾ ਅਧਿਕਾਰ ਵੀ ਹਰ ਦਰਸ਼ਕ ਅਤੇ ਪਾਠਕ ਕੋਲ ਹੁੰਦਾ ਹੈ। ਇਸ ਸੰਖੇਪ ਜਿਹੇ ਲੇਖ ਵਿੱਚ ਫਿਲਮ 'ਸਤਲੁਜ' ਨੂੰ ਪਰਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਮੂਲ ਰੂਪ ਵਿੱਚ ਇਸ ਲਈ ਫਿਲਮ ਦੇ ਬਿਰਤਾਂਤ ਅਤੇ ਉਸ ਦੀ ਬਣਤਰ ਨੂੰ ਇਸ ਦੇ ਅੰਦਰੋਂ ਹੀ ਪਰਖ ਕੇ ਪਰਖਣ ਦੀ ਕੋਸ਼ਿਸ਼ ਹੈ, ਪਰ ਲੋੜ ਪੈਣ 'ਤੇ ਇਸ ਫਿਲਮ ਤੋਂ ਬਾਹਰ ਰਹਿ ਗਈ ਅਤੇ ਕੁਝ ਖਾਸ ਕਾਰਨਾਂ ਕਰਕੇ ਛੱਡੀ ਗਈ ਸਥਿਤੀ ਨੂੰ ਵੀ ਛੋਹਿਆ ਗਿਆ ਹੈ। ਹਨੀ ਤ੍ਰੇਹਣ ਦੁਆਰਾ ਆਪਣੀ ਇਕ ਇੰਟਰਵਿਊ ਵਿੱਚ ਇਸ ਫਿਲਮ ਨੂੰ ਕਿਸੇ ਵਿਅਕਤੀ ਦੇ ਜੀਵਨ ਦੇ ਅਧਾਰ 'ਤੇ ਬਣਾਈ ਫਿਲਮ (ਭੌਂਪਿਚ) ਦੇ ਤੌਰ 'ਤੇ ਪ੍ਰੀਭਾਸ਼ਤ ਕਰਨ ਕਰਕੇ ਜਸਵੰਤ ਸਿੰਘ ਖਾਲੜਾ ਦੇ ਜੀਵਨ ਦੇ ਅਧਾਰ 'ਤੇ ਵੀ ਇਸ ਫਿਲਮ ਨੂੰ ਪਰਖਿਆ ਗਿਆ ਹੈ।

ਸਭ ਤੋਂ ਪਹਿਲਾਂ ਇਸ ਫਿਲਮ ਦੇ ਬਿਰਤਾਂਤ ਵਿੱਚ ਪ੍ਰਮੁੱਖਤਾ ਨਾਲ ਪੇਸ਼ ਕੀਤੇ ਪੁਲਸ ਤਸ਼ੱਦਦ ਬਾਰੇ ਜ਼ਿਕਰ ਕਰਨਾ ਜ਼ਰੂਰੀ ਹੈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਖ਼ਾਲਿਸਤਾਨੀ ਦਹਿਸ਼ਤਗਰਦਾਂ ਅਤੇ ਆਮ ਅਣਭੋਲ ਨੌਜਵਾਨਾਂ ਨੂੰ ਤਸੀਹੇ ਦੇ ਕੇ ਝੂਠੇ ਮੁਕਾਬਲਿਆਂ ਵਿੱਚ ਮਾਰ ਮੁਕਾਇਆ ਗਿਆ। ਪੁਲਸ ਤਸ਼ੱਦਦ ਦੇ ਇਸ ਦੌਰ ਵਿੱਚ ਕੋਈ ਵੀ ਸੁਰੱਖਿਅਤ ਨਹੀਂ ਸੀ। ਇਸ ਵਿੱਚ ਮਰਨ ਵਾਲਿਆਂ ਦੀ ਗਿਣਤੀ ਦੇ ਝਮੇਲਿਆਂ ਵਿੱਚ ਪਏ ਬਗੈਰ ਕਿ ਉਹ 25000 ਸਨ ਜਾਂ 6500 ਜਾਂ 2500 ਸਨ, ਇਹ ਕਹਿਣਾ ਜ਼ਰੂਰੀ ਹੈ ਕਿ ਇਹ ਹਕੂਮਤੀ ਦਹਿਸ਼ਤਗਰਦੀ ਦਾ ਅਜਿਹਾ ਰੂਪ ਸੀ, ਜਿਸ ਨੇ ਕਾਨੂੰਨ ਦੇ ਅਧਾਰ ਨੂੰ ਹੀ ਮਿਟਾ ਦਿੱਤਾ ਸੀ, ਜਿਸ ਅਨੁਸਾਰ ਕਿਸੇ ਨੂੰ ਵੀ ਹਿਰਾਸਤ ਵਿੱਚ ਲੈਣ ਤੋਂ ਬਾਅਦ ਅਦਾਲਤ ਵਿੱਚ ਉਸ ਉਪਰ ਲੱਗੇ ਦੋਸ਼ਾਂ ਨੂੰ ਸਾਬਤ ਕਰਕੇ ਹੀ ਕਾਨੂੰਨੀ ਤੌਰ 'ਤੇ ਵਾਜਬ ਸਜ਼ਾ ਦਿੱਤੀ ਜਾ ਸਕਦੀ ਹੈ। ਕਾਨੂੰਨ ਦੇ ਰਾਜ ਵਿੱਚ ਪੁਲਸ ਜਾਂ ਰਾਜ ਦੇ ਕਿਸੇ ਵੀ ਹੋਰ ਹਥਿਆਰਬੰਦ ਅਦਾਰੇ ਨੂੰ ਸਰੀਰਕ ਅਤੇ ਮਾਨਸਿਕ ਤਸ਼ੱਦਦ ਕਰਨ ਦੀ ਮਨਾਹੀ ਹੁੰਦੀ ਹੈ। 1948 ਵਿੱਚ ਪਾਸ ਕੀਤੇ ਅਤੇ ਅੰਤਰਰਾਸ਼ਟਰੀ ਤੌਰ 'ਤੇ ਪ੍ਰਵਾਨਿਤ ਮਨੁੱਖੀ ਅਧਿਕਾਰਾਂ ਦੇ ਐਲਾਨਨਾਮੇ ਦੀਆਂ ਮੁੱਢਲੀਆਂ ਧਾਰਾਵਾਂ ਵਿੱਚ ਆਧੁਨਿਕ ਕਾਨੂੰਨ ਪ੍ਰਣਾਲੀ ਦੀਆਂ ਇਹਨਾਂ ਬੁਨਿਆਦੀ ਧਾਰਨਾਵਾਂ ਨੂੰ ਹੀ ਦਰਜ ਕੀਤਾ ਗਿਆ ਹੈ। ਪੰਜਾਬ ਵਿੱਚ ਵੀਹਵੀਂ ਸਦੀ ਦੇ ਅੱਸੀਵਿਆਂ ਅਤੇ ਮੁੱਢਲੇ ਨੱਬੇਵਿਆਂ ਦੌਰਾਨ ਹਕੂਮਤੀ ਹਥਿਆਰਬੰਦ ਅਦਾਰਿਆਂ ਨੇ ਨਾ ਸਿਰਫ ਝੂਠੇ ਮੁਕਾਬਲੇ ਹੀ ਬਣਾਏ, ਬਲਕਿ ਵੱਡੀ ਗਿਣਤੀ ਵਿੱਚ ਹਰ ਇਕ ਉਮਰ ਦੇ ਵਿਅਕਤੀਆਂ ਨੂੰ ਮਾਰ ਮੁਕਾਉਣ ਤੋਂ ਬਾਅਦ ਜਾਂ ਤਾਂ ਅਣਪਛਾਤੇ ਕਹਿ ਕੇ ਅੱਡ-ਅੱਡ ਸ਼ਮਸ਼ਾਨਘਾਟਾਂ ਵਿੱਚ ਸਾੜ ਦਿੱਤਾ ਜਾਂ ਇਹਨਾਂ ਲਾਸ਼ਾਂ ਨੂੰ ਕਿਸੇ ਵੀ ਰਿਕਾਰਡ ਵਿੱਚ ਲਿਆਉਣ ਤੋਂ ਬਗੈਰ ਹੀ ਸਤਲੁਜ ਦਰਿਆ ਜਾਂ ਇਸ ਵਿੱਚੋਂ ਨਿਕਲਦੀਆਂ ਨਹਿਰਾਂ ਵਿੱਚ ਰੋੜ੍ਹ ਦਿੱਤਾ। ਪੰਜਾਬ ਪੁਲਸ ਦੁਆਰਾ ਝੂਠੇ ਮੁਕਾਬਲੇ ਬਣਾਉਣ ਦਾ ਅਮਲ ਇਸ ਸਮੇਂ ਦੌਰਾਨ ਪਹਿਲੀ ਵਾਰ ਹੀ ਨਹੀਂ ਅਜ਼ਮਾਇਆ ਗਿਆ ਸੀ। ਇਸ ਤੋਂ ਪਹਿਲਾਂ ਵੀ 1970-71 ਵਿੱਚ ਅਕਾਲੀ ਦਲ ਦੀ ਹਕੂਮਤ ਹੇਠ ਵੀ ਨਕਸਲਬਾੜੀ ਲਹਿਰ ਦੇ ਅਨੇਕਾਂ ਹੀ ਇਨਕਲਾਬੀਆਂ ਨੂੰ ਇਸ ਤਰ੍ਹਾਂ ਹੀ ਝੂਠੇ ਮੁਕਾਬਲਿਆਂ ਵਿੱਚ ਮਾਰ ਦਿੱਤਾ ਗਿਆ ਸੀ। ਫਿਲਮ "ਸਤਲੁਜ" ਦਾ ਕੇਂਦਰ ਬਿੰਦੂ ਜਸਵੰਤ ਸਿੰਘ ਖਾਲੜਾ ਵੀ ਪੁਲਸ ਦੇ ਅਜਿਹੇ ਹੀ ਅਮਲ ਦਾ ਸ਼ਿਕਾਰ ਬਣਿਆ।

ਇਹ ਫਿਲਮ ਜਸਵੰਤ ਸਿੰਘ ਖਾਲੜਾ ਦੁਆਰਾ ਅਣਪਛਾਤੀਆਂ ਲਾਸ਼ਾਂ ਨੂੰ ਸਾੜਨ ਦੀ ਪ੍ਰਕ੍ਰਿਆ ਦੀ ਖੋਜ ਕਰਕੇ ਇਹਨਾਂ ਨੂੰ ਲੋਕਾਂ ਦੇ ਸਾਹਮਣੇ ਨਸ਼ਰ ਕਰਨ ਦੇ ਅਮਲ ਨੂੰ ਬਾਖੂਬੀ ਪੇਸ਼ ਕਰਦੀ ਹੈ। ਫਿਲਮ ਇਹ ਦਿਖਾਉਣ ਵਿੱਚ ਵੀ ਕਾਮਯਾਬ ਹੈ ਕਿ ਪੁਲਸ ਦੀਆਂ ਅਜਿਹੀਆਂ ਕਾਰਵਾਈਆਂ ਕੋਈ ਮਾਮੂਲੀ ਕਾਨੂੰਨੀ ਉਲੰਘਣਾਵਾਂ ਨਾ ਹੋ ਕੇ ਦਹਿਸ਼ਤਗਰਦ ਕਾਰਵਾਈਆਂ ਸਨ। ਇਹਨਾਂ ਦਾ ਅਸਲ ਮਕਸਦ ਲੋਕਾਂ ਦੇ ਅੰਦਰ ਇਕ ਸਹਿਮ ਦਾ ਮਹੌਲ ਪੈਦਾ ਕਰਨਾ ਸੀ। ਇਸ ਤਰ੍ਹਾਂ ਦੇਖਿਆਂ ਇਹ ਫਿਲਮ ਜਸਵੰਤ ਸਿੰਘ ਖਾਲੜਾ ਦੀ ਇੱਕ ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਵਜੋਂ ਸਫਲ ਪੇਸ਼ਕਾਰੀ ਹੈ, ਪਰ ਅਜਿਹਾ ਕਰਦੇ ਹੋਏ ਇਹ ਫਿਲਮ ਉਸ ਵੇਲੇ ਦੇ ਇਤਿਹਾਸ ਨੂੰ ਆਪਣੇ ਦੁਆਰਾ ਸਿਰਜੇ ਪੈਮਾਨਿਆਂ ਦੇ ਅਨੁਸਾਰ ਹੀ ਪੇਸ਼ ਕਰਦੀ ਹੈ।

(2)

ਫਿਲਮ 'ਸਤਲੁਜ' ਦਾ ਬਿਰਤਾਂਤ ਵਿਉਂਤਣ ਅਤੇ ਉਸਾਰਨ ਵੇਲੇ ਹਨੀ ਤ੍ਰੇਹਣ ਨੇ ਕੁਝ ਅਜਿਹੀਆਂ ਜੁਗਤਾਂ ਦਾ ਇਸਤੇਮਾਲ ਕੀਤਾ ਹੈ, ਜਿਨ੍ਹਾਂ ਦੀ ਸਿਰਫ ਉਸ ਦੀ ਸਿਰਜਣਾਤਮਕ ਅਜ਼ਾਦੀ ਦੇ ਅਧਾਰ 'ਤੇ ਹੀ ਵਿਆਖਿਆ ਨਹੀਂ ਕੀਤੀ ਜਾ ਸਕਦੀ ਹੈ। ਇਸ ਦੀ ਪਹਿਲੀ ਅਤੇ ਸਭ ਤੋਂ ਮਹੱਤਵਪੂਰਨ ਜੁਗਤ ਇਕ ਅਜਿਹੇ ਕਥਾਵਾਚਕ ਜਾਂ ਟਿੱਪਣੀਕਾਰ ਨੂੰ ਘੜਨਾ ਹੈ, ਜੋ ਇਕ ਅਦਿੱਖ ਅਤੇ ਬ੍ਰਹਿਮੰਡੀ ਆਵਾਜ਼ ਨਾ ਹੋ ਕੇ ਸੀ.ਬੀ.ਆਈ. ਦੇ ਇਕ ਅਫਸਰ ਸਮੁੰਦਰ ਸਿੰਘ ਦੀ ਅਵਾਜ਼ ਹੈ। ਸਮੁੰਦਰ ਸਿੰਘ ਨੂੰ ਇਕ ਅਜਿਹੇ

**ਪਰਮਿੰਦਰ ਸਿੰਘ**

ਅਫਸਰ ਦੇ ਵਾਂਗ ਪੇਸ਼ ਕੀਤਾ ਗਿਆ ਹੈ, ਜੋ ਬਹੁਤ ਈਮਾਨਦਾਰ ਹੈ ਅਤੇ ਮਨੁੱਖੀ ਤਕਾਜ਼ਿਆਂ 'ਤੇ ਪੂਰੀ ਉਤਰਨ ਵਾਲੀ ਤਫਤੀਸ਼ ਕਰਦਾ ਹੈ, ਪਰ ਉਸ ਦੇ ਸੀ.ਬੀ.ਆਈ. ਵਿਚਲੇ ਇਸ ਰੋਲ ਦੀ ਅਸਲੀਅਤ ਤੋਂ ਪਰਦਾ ਤਰਨ ਤਾਰਨ ਦਾ ਐੱਸ.ਐੱਸ.ਪੀ. ਸੁੱਗਾ ਹੀ ਚੁੱਕ ਦਿੰਦਾ ਹੈ, ਜਦੋਂ ਉਹ ਸਮੁੰਦਰ ਸਿੰਘ ਨੂੰ 1984 ਵਿੱਚ ਦਿੱਲੀ ਵਿਚਲੇ ਸਿੱਖਾਂ ਦੇ ਕਤਲੇਆਮ ਦੌਰਾਨ ਤ੍ਰਿਲੋਕਪੁਰੀ ਵਿੱਚ ਹੋਏ ਕਤਲਾਂ ਬਾਰੇ ਪੁੱਛਦਾ ਹੈ ਕਿ ਉਹ ਕਤਲ ਅਦਾਲਤੀ ਸਨ ਜਾਂ ਗ਼ੈਰ ਅਦਾਲਤੀ ਉਹ ਇਹ ਵੀ ਪੁੱਛਦਾ ਹੈ ਕਿ ਉਸ ਤੋਂ ਬਾਅਦ ਉਸ ਨੇ ਦਿੱਲੀ ਪੁਲਸ ਛੱਡ ਕੇ ਸੀ.ਬੀ.ਆਈ ਕਿਉਂ ਜੁਆਇੰਨ ਕਰ ਲਈ। ਭਾਵੇਂ ਸੁੱਗਾ ਦਾ ਇਹ ਪ੍ਰਸ਼ਨ ਆਪਣੇ-ਆਪ ਨੂੰ ਬਚਾਉਣ ਵਾਲਾ ਇਕ ਬਣਾਉਟੀ ਅਤੇ ਭਾਸ਼ਣਕਾਰੀ ਪ੍ਰਸ਼ਨ ਹੀ ਸੀ, ਪਰ ਸਮੁੰਦਰ ਸਿੰਘ ਇਸ ਦਾ ਕੋਈ ਜਵਾਬ ਨਹੀਂ ਦੇ ਸਕਿਆ। ਇਸ ਲਿਖਤ ਦੇ ਇਸ ਹਿੱਸੇ ਵਿੱਚ ਐਨਾ ਕਹਿਣਾ ਹੀ ਕਾਫ਼ੀ ਹੈ ਕਿ ਫਿਲਮ ਨਿਰਦੇਸ਼ਕ ਦੁਆਰਾ ਭਾਰਤੀ ਰਾਜ ਅਤੇ ਇਸ ਦੇ ਰਾਜਸੀ, ਪ੍ਰਬੰਧਕੀ ਅਤੇ ਪੁਲਸ ਤੇ ਸੁਰੱਖਿਆ ਬਲਾਂ ਨੂੰ ਕਾਨੂੰਨ ਅਨੁਸਾਰ ਚੱਲਣ ਵਾਲੇ ਅਤੇ ਈਮਾਨਦਾਰ ਦਿਖਾਉਣ ਦੀ ਕੋਸ਼ਿਸ਼ ਇਸ ਫਿਲਮ ਦੇ ਬਿਰਤਾਂਤ ਦੀ ਬਣਤਰ ਦੇ ਆਪਣੇ ਹੀ ਸਮੱਸਿਆਕਾਰਾਂ ਵਿੱਚ ਉਲਝੀ ਹੋਈ ਹੈ। ਇਸ ਬਾਰੇ ਚਰਚਾ ਇਸ ਲੇਖ ਵਿੱਚ ਬਾਅਦ ਵਿੱਚ ਕੀਤੀ ਜਾਵੇਗੀ। ਇਸ ਰੋਸ਼ਨੀ ਵਿੱਚ ਸਮੁੰਦਰ ਸਿੰਘ ਦੀ ਕਥਾਵਾਚਕ ਅਤੇ ਟਿੱਪਣੀਕਾਰ ਵਜੋਂ ਪੇਸ਼ਕਾਰੀ ਨਿਰਪੱਖ ਨਹੀਂ ਕਹੀ ਜਾ ਸਕਦੀ। ਉਹ ਭਾਰਤੀ ਰਾਜ ਦੀ ਉਸ ਵੇਲੇ ਦੀ ਸੋਚ ਦੀ ਨੁਮਾਇੰਦਗੀ ਹੀ ਕਰਦੀ ਹੈ। ਇਸ ਬਾਰੇ ਵਿਸਥਾਰਤ ਜ਼ਿਕਰ ਬਾਅਦ ਵਿੱਚ ਕੀਤਾ ਜਾਵੇਗਾ।

ਸਮੁੰਦਰ ਸਿੰਘ ਦੀਆਂ ਮੁੱਢਲੀਆਂ ਟਿੱਪਣੀਆਂ ਦੇ ਕੁਝ ਹੋਰ ਪਹਿਲੂ ਵੀ ਪ੍ਰਸ਼ਨਾਂ ਦੇ ਘੇਰੇ ਵਿੱਚ ਆ ਜਾਂਦੇ ਹਨ। ਉਸ ਦੀਆਂ ਮੁੱਢਲੀਆਂ ਦੋ ਟਿੱਪਣੀਆਂ ਫਿਲਮ ਦੇ ਬਿਰਤਾਂਤ ਵਿੱਚ ਸਭ ਤੋਂ ਮਹੱਤਵਪੂਰਨ ਹਨ। ਉਹਨਾਂ ਵਿਚ ਇਕ ਹੈ : "ਪੰਜਾਬ ਵਿੱਚ ਅਫਰਾਤਫ਼ਰੀ ਦੇ ਦੌਰ ਨੂੰ ਪੂਰੇ ਦਸ ਸਾਲ ਹੋ ਚੁੱਕੇ ਸਨ।" ਇਸ ਦਾ ਅਰਥ ਇਹ ਹੈ ਕਿ ਇਹ ਦੌਰ 1984 ਯਾਨੀ ਕਿ ਓਪਰੇਸ਼ਨ ਬਲੂ ਸਟਾਰ ਵੇਲੇ ਸ਼ੁਰੂ ਹੋਇਆ। ਇਸ ਤਰ੍ਹਾਂ ਇਸ ਨੇ ਉਸ ਵੇਲੇ ਦੇ ਪੰਜਾਬ ਦੇ ਇਤਿਹਾਸ ਦੇ ਛੇ ਵਰ੍ਹੇ ਯਾਨੀ 1978 ਤੋਂ 1984 ਤੱਕ ਨੂੰ ਬਿਲਕੁਲ ਹੀ ਗ਼ਾਇਬ ਕਰ ਦਿੱਤਾ। ਇਸ ਸਮੇਂ ਦੌਰਾਨ ਅੰਮ੍ਰਿਤਸਰ ਵਿੱਚ ਸਿੱਖ (ਅਖੰਡ ਕੀਰਤਨੀ ਜਥਾ)/ਨਿਰੰਕਾਰੀ ਟੱਕਰ, ਲਾਲਾ ਜਗਤ ਨਰਾਇਣ ਦਾ ਕਤਲ, ਨਿਰੰਕਾਰੀਆਂ ਦੇ ਕਤਲ, ਹਿੰਦੂ ਸਵਾਰੀਆਂ ਨੂੰ ਢਿੱਲਵਾਂ ਆਦਿ ਵਿਖੇ ਬੱਸਾਂ 'ਚੋਂ ਕੱਢ ਕੇ ਮਾਰਨ ਦੀਆਂ ਘਟਨਾਵਾਂ, ਸੰਤ ਭਿੰਡਰਾਂਵਾਲਿਆਂ ਦੀ ਪ੍ਰਮੁੱਖਤਾ ਦਾ ਉਭਰਨਾ, ਦਰਬਾਰ ਸਾਹਿਬ ਦੇ ਪ੍ਰਵੇਸ਼ ਦੁਆਰ ਦੇ ਕੋਲ ਡੀ.ਆਈ.ਜੀ. ਅਟਵਾਲ ਦਾ ਕਤਲ ਆਦਿ ਕੁਝ ਪ੍ਰਮੁੱਖ ਘਟਨਾਵਾਂ ਹਨ। ਇਸ ਸਮੇਂ ਹੀ ਓਪਰੇਸ਼ਨ ਬਲੂ ਸਟਾਰ ਦੀ ਵਾਜਬੀਅਤ ਬਣਾਉਣ ਲਈ ਦਰਬਾਰ ਸਾਹਿਬ ਅੰਦਰ ਹਥਿਆਰਾਂ ਦਾ ਜ਼ਖੀਰਾ ਬਣਨ ਦਿੱਤਾ ਗਿਆ। ਇਹ ਉਹ ਸਮਾਂ ਸੀ ਜਦੋਂ ਕੁਝ ਫਿਰਕਾਪ੍ਰਸਤ ਹਿੰਦੂ ਸੰਗਠਨਾਂ ਨੇ ਸੋਟੀਆਂ ਉਪਰ ਸਿਗਰਟਾਂ ਦੀਆਂ ਡੱਬੀਆਂ ਟੰਗ ਕੇ ਉਤੇਜਤ ਭਰਪੂਰ ਫਿਰਕੂ ਜਲੂਸ ਕੱਢੇ। ਕਈ ਪਿੰਡਾਂ ਅਤੇ ਕਸਬਿਆਂ ਵਿੱਚ ਅੰਨ੍ਹੇਵਾਹ ਗੋਲੀਆਂ ਚਲਾ ਕੇ ਖਾਲਿਸਤਾਨੀ ਦਹਿਸ਼ਤਗਰਦਾਂ ਨੇ ਪੰਜਾਬ ਵਿੱਚ ਇਕ ਵਿਆਪਕ ਦਹਿਸ਼ਤ ਦਾ ਮਹੌਲ ਸਿਰਜ ਦਿੱਤਾ। ਇਸੇ ਵੇਲੇ ਹੀ 1982 ਵਿੱਚ ਕੁਲਵੰਤ ਸਿੰਘ ਨਾਗੋਕੇ ਦਾ ਪਹਿਲਾ ਝੂਠਾ ਪੁਲਸ ਮੁਕਾਬਲਾ ਬਣਾਇਆ ਗਿਆ। ਅਜਿਹੇ ਸਾਲਾਂ ਨੂੰ ਫਿਲਮ ਦੇ ਬਿਰਤਾਂਤ ਵਿਚ ਕੇਂਦਰੀ ਏਜੰਸੀ ਦੇ ਕਿਸੇ ਅਫਸਰ ਵੱਲੋਂ ਬਿਲਕੁਲ ਹੀ ਮਨਫੀ ਕਰ ਦੇਣਾ ਫਿਲਮ ਦੀ ਰਾਜਨੀਤੀ ਦੀ ਅਸਲੀਅਤ ਤੋਂ ਹੀ ਪਰਦਾ ਉਠਾਉਂਦਾ ਹੈ। ਇਹ ਰਾਜਨੀਤੀ ਅਸਲ ਵਿੱਚ ਖਾਲਿਸਤਾਨੀ ਦਹਿਸ਼ਤਗਰਦੀ ਨੂੰ ਅੱਖੋਂ-ਪਰੋਖੇ ਕਰਨ ਦੀ ਹੈ।

ਸਮੁੰਦਰ ਸਿੰਘ ਦੀ ਟਿੱਪਣੀ ਦਾ ਦੂਜਾ ਮਹੱਤਵਪੂਰਨ ਸ਼ਬਦ ਹੈ ਨਿਸੁਰਗਏਨਚੇ। ਇਸ ਸ਼ਬਦ ਦੇ ਅਰਥ ਹਨ ਵਿਦਰੋਹ ਜਾਂ ਬਗ਼ਾਵਤ। ਬਗ਼ਾਵਤ ਵਿੱਚ ਆਮ ਲੋਕਾਂ ਦੇ ਹਿੱਤਾਂ ਨਾਲ ਅਨੁਕੂਲਤਾ ਅਤੇ ਉਹਨਾਂ ਦੀ ਸ਼ਮੂਲੀਅਤ (ਭਾਵੇਂ ਕਿਸੇ ਵੀ ਪੱਧਰ ਦੀ ਹੋਵੇ) ਜ਼ਰੂਰੀ ਹੁੰਦੀ ਹੈ। ਕੀ 1980ਵਿਆਂ ਦੇ ਦੌਰਾਨ ਅਜਿਹੀ ਬਗ਼ਾਵਤ ਦੇ ਚਿੰਨ੍ਹ ਸਨ? ਜਿਵੇਂ ਕਿ ਉਪਰ ਕੁਝ ਘਟਨਾਵਾਂ ਦਾ ਜ਼ਿਕਰ ਹੈ। ਉਸ ਸਮੇਂ ਦਹਿਸ਼ਤਗਰਦ ਕਾਰਵਾਈਆਂ ਤਾਂ ਹੋ ਰਹੀਆਂ ਸਨ, ਪਰ ਆਮ ਲੋਕਾਈ ਦੀ ਸ਼ਮੂਲੀਅਤ ਤਾਂ ਦੂਰ ਦੀ ਗੱਲ ਸੀ। ਇਸ ਦੇ ਉਲਟ ਲੋਕ ਭਾਵੇਂ ਕਿਸੇ ਵੀ ਧਰਮ ਦੇ ਹੋਣ, ਸਹਿਮ ਦੇ ਪਰਛਾਵੇਂ ਹੇਠ ਜਿਉਂ ਰਹੇ ਸਨ। ਇਹ ਕਾਰਵਾਈਆਂ ਵੀ ਆਪਣੀ ਤਾਸੀਰ ਵਿੱਚ ਫਿਰਕੂ ਸਨ। ਪੰਜਾਬ ਦੇ ਲੋਕਾਂ ਦਾ ਹਾਲ ਜਾਨਣ ਲਈ ਕਿ ਉਹ ਕਿਵੇਂ ਹਕੂਮਤੀ ਅਤੇ ਖ਼ਾਲਿਸਤਾਨੀ ਦਹਿਸ਼ਤਗਰਦੀ ਦੇ ਡਰ ਹੇਠ ਆਪਣੀ ਜ਼ਿੰਦਗੀ ਜਿਉਂ ਰਹੇ ਸਨ, ਗੁਰਵਿੰਦਰ ਦੁਆਰਾ ਨਿਰਦੇਸ਼ਤ ਅਤੇ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ 'ਤੇ ਅਧਾਰਤ ਫਿਲਮ 'ਚੌਥੀ ਕੂਟ" ਦੇਖ ਲੈਣੀ ਚਾਹੀਦੀ ਹੈ।

ਫਿਲਮ 'ਸਤਲੁਜ' ਨੂੰ ਹਨੀ ਤ੍ਰੇਹਣ ਨੇ ਆਪ ਇਕ ਇੰਟਰਵਿਊ ਵਿੱਚ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ ਨੂੰ ਬਾਗੀ ਤੌਰ 'ਤੇ ਪ੍ਰੀਭਾਸ਼ਤ ਕੀਤਾ ਹੈ। ਉਸ ਦੇ ਕੋਲ ਇਹ ਸਿਰਜਣਾਤਮਕ ਅਜ਼ਾਦੀ ਸੀ ਕਿ ਉਹ ਖਾਲੜਾ ਦੀ ਜ਼ਿੰਦਗੀ ਦੇ ਕਿਸ ਹਿੱਸੇ 'ਤੇ ਆਪਣਾ ਫੋਕਸ ਰੱਖਣਾ ਚਾਹੁੰਦਾ ਸੀ। ਇਸ ਲਈ ਉਸ ਨੇ ਉਸ ਦੀ ਜ਼ਿੰਦਗੀ ਦਾ ਉਹ ਹਿੱਸਾ ਚੁਣਿਆ, ਜਿਸ ਵਿੱਚ ਉਸ ਨੇ ਅਣਪਛਾਤੀਆਂ ਲਾਸ਼ਾਂ ਦੀ ਸ਼ਨਾਖਤ ਇਕ ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਵਜੋਂ ਕੀਤੀ, ਭਾਵੇਂ ਕਿ ਉਸ ਦਾ ਸੰਗਠਨ ਨਿਰਪੱਖ ਨਾ ਹੋ ਕੇ ਸ਼੍ਰੋਮਣੀ ਅਕਾਲੀ ਦਲ ਦਾ ਅੰਗ ਸੀ, ਪਰ ਅਜਿਹਾ ਕਰਦੇ ਹੋਏ ਹਨੀ ਤ੍ਰੇਹਣ ਕੋਲ ਤੱਥਾਂ ਨੂੰ ਤੋੜਨ-ਮਰੋੜਨ ਦੀ ਖੁੱਲ੍ਹ ਨਹੀਂ ਸੀ। ਜੋ 1980ਵਿਆਂ ਦੀਆਂ ਘਟਨਾਵਾਂ ਤੋਂ ਜਾਣੂ ਹਨ, ਉਹਨਾਂ ਨੂੰ ਪਤਾ ਹੈ ਕਿ ਕਿਸੇ ਵਿਅਕਤੀ ਨੂੰ ਪੁਲਸ ਦੁਆਰਾ ਮਾਰ ਕੇ ਲਿਆਉਣ, ਹਸਪਤਾਲ ਵਿੱਚ ਉਸ ਦੇ ਜਿਉਂਦਾ ਨਿਕਲ ਆਉਣ ਅਤੇ ਪੁਲਸ ਦੁਆਰਾ ਉਸ ਨੂੰ ਉਥੋਂ ਲਿਜਾ ਕੇ ਦੁਬਾਰਾ ਮਾਰ ਕੇ ਲਿਆਉਣ ਦੀ ਘਟਨਾ ਪੱਟੀ ਦੇ ਸਿਵਲ ਹਸਪਤਾਲ ਵਿੱਚ ਵਾਪਰੀ ਸੀ। ਇਸ ਦਾ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ ਜਾਂ ਉਸ ਦੀਆਂ ਗਤੀਵਿਧੀਆਂ ਨਾਲ ਕੋਈ ਸੰਬੰਧ ਨਹੀਂ ਸੀ ਜਿਵੇਂ ਕਿ ਫਿਲਮ ਵਿੱਚ ਦਿਖਾਇਆ ਗਿਆ ਹੈ। ਫਿਲਮ ਵਿਚ ਇਸ ਘਟਨਾ ਵਿੱਚ ਦੁਬਾਰਾ ਮਾਰੇ ਗਏ ਨੌਜਵਾਨ ਨੂੰ ਖਾਲੜਾ ਦੇ ਇਕ ਦੋਸਤ ਕਿਰਪਾਲ ਸਿੰਘ ਦੀ ਮਾਂ ਵਜੋਂ ਪੇਸ਼ ਕੀਤਾ ਹੈ ਤਾਂ ਕਿ ਇਸ ਦਾ ਸੰਬੰਧ ਉਸ ਨਾਲ ਦਿਖਾਇਆ ਜਾ ਸਕੇ। ਇਸ ਘਟਨਾ ਦੀ ਦੂਜੀ ਸਚਾਈ ਇਹ ਹੈ ਕਿ ਇਸ ਦਾ ਪਰਦਾਫਾਸ਼ ਸੀ.ਪੀ.ਆਈ ਦੇ ਮੈਂਬਰ ਮਹਾਂਵੀਰ ਸਿੰਘ ਗਿੱਲ ਅਤੇ ਪੱਟੀ ਦੇ ਇਕ ਵਕੀਲ ਸੁਰਿੰਦਰ ਸਿੰਘ ਘਰਿਆਲਾ ਨੇ ਕੀਤਾ ਸੀ। ਇਸ ਘਟਨਾ ਨੂੰ ਵਿਆਪਕ ਪੱਧਰ 'ਤੇ ਲਿਆਉਣ ਅਤੇ ਇਸ ਦੀ ਉੱਚ ਪੱਧਰੀ ਕਾਰਵਾਈ ਦੀ ਜ਼ਿੰਮੇਵਾਰੀ ਕਾਮਰੇਡ ਸਤਿਆ ਪਾਲ ਡਾਂਗ ਨੇ ਨਿਭਾਈ ਸੀ। ਫਿਲਮ ਨਿਰਦੇਸ਼ਕ ਦੁਆਰਾ ਇਸ ਘਟਨਾ ਦੇ ਇਹਨਾਂ ਤੱਥਾਂ ਨੂੰ ਲੁਕਾ ਲੈਣਾ ਕਿਸੇ ਵੀ ਤਰ੍ਹਾਂ ਨਾਲ ਵਾਜਬ ਨਹੀਂ ਠਹਿਰਾਇਆ ਜਾ ਸਕਦਾ। ਇਹ ਤਾਂ ਸਗੋਂ ਉਸ ਦੀ ਰਾਜਸੀ ਪਹੁੰਚ ਨੂੰ ਹੀ ਉਜਾਗਰ ਕਰਦਾ ਹੈ ਜਿਸ ਅਨੁਸਾਰ ਉਸ ਨੇ ਫਿਰਕੂ ਦਹਿਸ਼ਤਗਰਦੀ ਦੁਆਰਾ ਕੀਤੀਆਂ ਕਾਰਵਾਈਆਂ ਨਾਲ ਸੰਬੰਧਤ ਇਕ ਪੱਖ ਮੁਕੰਮਲ ਤੌਰ 'ਤੇ ਨਜ਼ਰ-ਅੰਦਾਜ਼ ਕਰ ਦਿੱਤਾ। ਉਸ ਨੇ ਅਜਿਹਾ ਇਸ ਕਰਕੇ ਕੀਤਾ ਤਾਂ ਕਿ ਪੰਜਾਬ ਵਿੱਚ ਲੋਕਾਂ ਦੇ ਏਕੇ, ਭਾਈਚਾਰਕ ਸਾਂਝ, ਹਕੂਮਤੀ ਅਤੇ ਖ਼ਾਲਿਸਤਾਨੀ ਦਹਿਸ਼ਤਗਰਦੀ ਦੀ ਵਿਰੋਧਤਾ ਕਰਨ ਵਾਲੇ ਰਾਜਸੀ ਤੇ ਸੱਭਿਆਚਾਰਕ ਕਾਰਕੁੰਨਾਂ, ਕਵੀਆਂ ਅਤੇ ਬੁੱਧੀਜੀਵੀਆਂ ਦੇ ਕਤਲਾਂ ਅਤੇ ਉਹਨਾਂ ਦੇ ਰੋਲ ਨੂੰ ਆਪਣੇ ਵਿਚਾਰਧਾਰਕ ਪ੍ਰੋਜੈਕਟ ਵਿੱਚ ਸ਼ਾਮਲ ਨਾ ਹੀ ਕੀਤਾ ਜਾਵੇ। ਪੱਟੀ ਵਾਲੀ ਘਟਨਾ ਵਿਚੋਂ ਇਸ ਨੂੰ ਸਾਹਮਣੇ ਲਿਆਉਣ ਵਾਲੇ ਵਿਅਕਤੀਆਂ ਨੂੰ ਲੁਕੋ ਲੈਣਾ ਉਸ ਦੀ ਇਸੇ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸਿਆਸਤ ਦੀ ਮੌਨਸੂਨ

**ਮੂੰਹ ਆਈ ਬਾਤ-3**

**ਭਗਵੰਤ ਰਸੂਲਪੁਰੀ**

ਦਾਨੀ ਪੈਂਚਰਾਂ ਵਾਲੇ ਨੇ ਅਜੇ ਆਪਣਾ ਖੋਖਾ ਖੋਲ੍ਹਿਆ ਹੀ ਸੀ ਕਿ ਮੀਂਹ ਧਰਲ ਧਰਲ ਡਿੱਗਣ ਲੱਗ ਪਿਆ। ਸੜਕ ਉੱਤੇ ਏਧਰ ਓਧਰ ਟਾਹਿਲਦਾ ਹੋਇਆ ਫ਼ੌਜੀ ਗੁਰਦੇਵ ਉੱਚੀ ਆਵਾਜ਼ ਵਿੱਚ ਕਹਿਣ ਲੱਗਾ, "ਲੈ ਬਈ ਦਾਨੀ... ਅਸਲ 'ਚ ਹੁਣ ਆਈ ਆ ਮੌਨਸੂਨ... ਦੋ ਦਿਨ ਹੋ ਗਏ ਮੀਂਹ ਲਗਾਤਾਰ ਪੈ ਰਿਹਾ। ਬੱਦਲ ਦੇਖ ਲੈ ਕਿੰਨੇ ਕਾਲੇ ਆ। ਦਾਨੀ ਲਗਦਾ ਅੱਜ ਤੇਰਾ ਖੋਖਾ ਪਾਣੀ ਨੇ ਰੋੜ ਕੇ ਲੈ ਜਾਣਾ। ਹੁਣ ਹੜ੍ਹ ਈ ਆਊਗਾ...ਸਿਆਸਤ ਦਾ ਹੜ੍ਹ।"

ਦਾਨੀ ਹੱਸ ਪਿਆ, "ਤੂੰ ਆਪਣੇ ਢਿੱਡ ਦੀ ਗੱਲ ਨ੍ਹੀਂ ਕਰਦਾ... ਮੈਨੂੰ ਲੱਗਦਾ ਇਨ੍ਹਾਂ ਦਿਨ੍ਹਾਂ 'ਚ ਸਿਆਸਤ ਦੀ ਮੌਨਸੂਨ ਰੁੱਤ ਆਈ ਹੋਈ ਆ। ਦੇਸ ਦੀ ਰਾਜਧਾਨੀ 'ਚ ਠਾਹ-ਠੂੰਹ ਤਿੰਨ ਚਾਰ ਦਿਨਾਂ ਤੋਂ ਹੋ ਰਹੀ ਆ... ਸਿਆਸੀ ਨੇਤਾ ਲੋਕ ਰੈਲੀਆਂ, ਮੁਜ਼ਾਰਿਆ ਤੇ ਠਾਹ ਠਾਹ ਡਿੱਗਦੇ ਜਿਵੇਂ ਪਸ਼ੂਆਂ ਦੇ ਮੌਰਾ 'ਤੇ ਗੜ੍ਹੇ ਠਾਹ ਠਾਹ ਡਿੱਗਦੇ ਹੋਣ... ਮੌਨਸੂਨ 'ਚ ਡੱਡੂ ਤਾਂ ਟਪੂਸੀਆਂ ਮਾਰਦੇ ਈ ਆ... ਗਲ਼ਾਂ 'ਚ ਕਾਲ਼ੇ ਸਾਫ਼ੇ ਪਾ ਕੇ ਨੇਤਾ ਲੋਕ ਹਰ ਮੁਜਾਰੇ 'ਤੇ ਜਾ ਕੇ ਟਪੂਸੀਆਂ ਮਾਰਨ ਲੱਗ ਪਏ ਆ।"

"ਉਏ ਮੂਰਖਾ ਤੂੰ ਕਮਲਾ ਏਂ... ਇਨ੍ਹਾਂ ਦਿਨ੍ਹਾਂ ਵਿੱਚ ਦੇਸ ਨੂੰ ਚਲਾਉਣ ਵਾਲੇ ਮੰਤਰੀਆਂ ਸੰਤਰੀਆਂ ਨੇ ਆਪਣੇ ਵਰਗੇ ਗਰੀਬ ਗੁਰਬਿਆਂ ਦੇ ਹੱਕਾਂ ਲਈ ਹਾਅ ਦਾ ਨਾਅਰਾ ਮਾਰਨਾ ਹੁੰਦਾ। ਕਾਗਜ਼ਾਂ ਵਿੱਚ ਕਈ ਤਰਾਂ ਦੇ ਰੰਗ ਬਰੰਗੇ ਕਾਨੂੰਨ ਤਿਆਰ ਕਰਨੇ ਹੁੰਦੇ... ਜਿਨ੍ਹਾਂ ਨੂੰ ਉਹ ਬਿੱਲ ਕਹਿ ਦਿੰਦੇ ਆ...ਸੱਤਾ ਚਲਾਉਣ ਵਾਲੇ ਤਖ਼ਤ 'ਤੇ ਬੈਠੇ ਸਿਆਸੀ ਨੇਤਾ ਲੋਕ ਹਿੱਕ ਠੋਕ ਠੋਕ ਕੇ ਕਹਿੰਦੇ ਫਿਰਦੇ ਨੇ ਅਸੀਂ ਆਹ ਕੀਤਾ... ਅਸੀਂ ਐਨੀਆਂ ਨੌਕਰੀਆਂ 'ਤੇ ਪਾੜ੍ਹੇ ਲਾਏ... ਅਸੀਂ ਟੂ-ਟੂ ਕੀਤੀ... ਅਸੀਂ ਪੂੰ ਪੂੰ ਕੀਤੀ...ਅਸੀਂ ਐਨੇ ਕਰੋੜ ਐਥੇ ਖਰਚਿਆਂ... ਭਾਈ ਉਨ੍ਹਾਂ ਨੇ ਦੱਸਣਾ ਹੁੰਦਾ ਅਸੀਂ ਪਹਿਲਾਂ ਨਾਲੋਂ ਲੱਖ ਦਰਜੇ ਚੰਗੇ ਕੰਮ ਕਰਦੇ ਆ...।" ਦਾਨੀ ਟੁੱਟੇ ਭੱਜੇ ਸਾਇਕਲਾਂ 'ਤੇ ਤਰਪਾਲ ਪਾਉਂਦਾ ਬੋਲਿਆ।

ਡਲਿਵਰੀ ਮੈਨ ਛਾਲ ਮਾਰਕੇ ਦਾਨੀ ਦੇ ਖੋਖੇ ਵਿੱਚ ਵੜਦਾ ਬੋਲਿਆ, "ਚਾਚਾ! ਰਾਜੇ ਦਾ ਦਰਬਾਰ ਵਿੱਚ ਉਹਦਾ 'ਸੰਤਰੀ' ਵਿਰੋਧੀ ਨੇਤਾਵਾਂ ਦੇ ਸਪੀਕਰ ਬੰਦ ਕਰ ਦਿੰਦਾ ਆ... ਆਪ ਜਿੰਨਾ ਮਰਜ਼ੀ ਕਾਂ ਕਾਂ ਕਰੀ ਜਾਣ... ਦੂਜੇ ਨੂੰ ਬੋਲਣ ਨ੍ਹੀਂ ਦਿੰਦੇ... ਸੈਂਟਰ ਵਿੱਚ ਵੇਖ ਲੈ ਰਾਹੁਲ ਗਾਂਧੀ ਪੂਰੇ ਸੈਂਟਰ ਦੀ ਗੁੱਡੀ ਘੁਮਾਈ ਜਾਂਦਾ। ਜੇ ਉਹਨੂੰ ਅੰਦਰ ਨੂੰ ਬੋਲਣ ਦਿੰਦੇ ਉਹ ਬਾਹਰ ਬੋਲਣ ਲੱਗ ਪੈਂਦਾ। ਪਾੜ੍ਹਿਆਂ ਦੇ ਜੰਤਰ ਮੰਤਰ ਵਾਲੇ ਵਿਰੋਧ ਵਿੱਚ ਉਹ ਕਿਵੇਂ ਨੱਠਾ ਭੱਜਾ ਫਿਰਦਾ ਸੀ। ਉਹ ਪਾੜ੍ਹਿਆਂ ਨੂੰ ਪੱਤਰਕਾਰਾਂ ਸਾਹਮਣੇ ਲੈ ਆਉਂਦਾ ਜਿਨ੍ਹਾਂ 'ਤੇ ਡਾਂਗਾ ਵਰ੍ਹੀਆਂ... ਉਹ ਆਵਾਜ਼ ਤਾਂ ਚੁੱਕ ਰਿਹਾ ਨਾ... ਮਾਮਤਾ ਨੂੰ ਓਂ ਖੂੰਜੇ ਲਾ 'ਤਾ... ਕੰਨ 'ਚ ਪਾਇਆ ਨ੍ਹੀਂ ਰੜਕਦੀ... ਬਾਕੀ ਪਾਰਟੀਆਂ ਦੇ ਲੋਕਾਂ ਦਾ ਵੀ ਏਹੀ ਹਾਲ ਆ... ਮਾਇਆਵਤੀ ਦਾ ਉਂਝ ਸੰਸਦ 'ਚ ਭੋਗ ਪੈ ਗਿਆ। ਹਰ ਕੋਈ ਆਪਣੇ ਆਪਣੇ ਚੁੱਲ੍ਹੇ ਅੱਗੇ ਬੈਠ ਡੱਫਲੀ ਬਜਾਈ ਜਾਂਦਾ। ਜਿਸ ਦੇਸ ਵਿੱਚ ਜਿੰਨੀ ਸ਼ਕਤੀਸ਼ਾਲੀ ਆਪੋਜੀਸ਼ਨ ਹੋਵੇਗੀ... ਲੋਕਤੰਤਰ ਓਨੀਂ ਮਜ਼ਬੂਤ ਹੋਵੇਗੀ।"

ਫੌਜੀ ਗੁਰਦੇਵ ਕਹਿਣ ਲੱਗਾ, "ਖੇਹ ਤੇ ਸੁਆਹ, ਜਿਹਦੇ ਹੱਥ ਕੁਰਸੀ ਆ ਜਾਂਦੀ ਆ ਨਾ... ਉਹ ਕਹਿੰਦਾ ਤੁਸੀਂ ਬੋਲੀ ਜਾਓ... ਅਸੀਂ ਆਪਣਾ ਕੰਮ ਕਰਨਾ... ਇਸ ਮੌਨਸੂਨ ਵਿੱਚ 'ਕੱਲੇ ਨੇਤਾ ਲੋਕ ਨ੍ਹੀਂ ਬਾਹਰ ਨਿਕਲਦੇ। ਕੱਚੇ, ਅੱਧ ਪੱਕੇ ਮੁਲਾਜ਼ਮ, ਠੇਕੇ 'ਤੇ ਰੱਖੇ ਦਿਹਾੜੀਦਾਰ ਗੱਲ ਕੀ ਹਰ ਬੰਦਾ ਝੰਡੇ ਚੁੱਕ ਲੈਂਦਾ... ਕੋਈ ਕਹਿੰਦਾ ਸਾਨੂੰ ਪੱਕੇ ਕਰੋ...ਕੋਈ ਕਹਿੰਦਾ ਅਸੀਂ ਪੱਕੇ ਤਾਂ ਹਾਂ ਸਾਨੂੰ ਹੋਰ ਪੱਕੇ ਕਰੋ... ਸਾਡੀਆਂ ਤਨਖਾਹਾਂ ਵਧਾਓ... ਮੁਲਾਜ਼ਮ ਕਹਿੰਦੇ ਤਨਖਾਹਾਂ ਤਾਂ ਮਿਲਦੀਆਂ ਸਾਨੂੰ ਬਕਾਏ ਦਿਓ...ਸਾਡੀਆਂ ਤਰੱਕੀਆਂ ਕਰੋ... ਸਾਨੂੰ ਆਹ ਦਿਓ... ਗੱਲ ਕੀ ਮੌਨਸੂਨ ਵਿੱਚ ਹਰ ਮੁਲਾਜ਼ਮ ਆਪਣੀ ਜਥੇਬੰਦੇ ਵਿੱਚ ਜਾ ਵੜਦਾ ਤੇ ਝੰਡੇ ਚੁੱਕ ਕੇ ਮੁਰਦਾਬਾਦ-ਜ਼ਿੰਦਾਬਾਦ ਕਰਨ ਲੱਗ ਪੈਂਦਾ... ਜਿਹੜਾ ਬੇਰੁਜ਼ਗਾਰ ਆ... ਉਹ ਕਹਿੰਦੇ ਸਾਨੂੰ ਨੌਕਰੀਆਂ ਦਿਓ... ਅਸੀਂ ਐਨੇ ਪੈਸੇ ਖਰਚ ਕੇ ਪੇਪਰ ਦਿੱਤੇ... ਲੀਕ ਹੋ ਗਏ ਜਾਂ ਠੰਢੇ ਬਸਤੇ 'ਚ ਪਾ ਦਿੱਤੇ। ਨਿੱਕੀਆਂ ਮੋਟੀਆਂ ਪਾਰਟੀਆਂ ਆਪਣੇ ਸੁੱਤੇ ਪਏ ਕਾਡਰ ਨੂੰ ਜਗਾ ਲੈਂਦੀਆਂ...ਉੱਠੋ ਓਏ ਮੂਰਖੋ ਚੁੱਕੋ ਝੰਡੇ ਤੇ ਤੁਰ ਪਓ ਰਾਜੇ ਦੇ ਤਖ਼ਤ ਵੱਲ...ਜੰਨਤਾ ਐਨੀ ਦੁੱਖੀ ਆ... ਐਨੀ ਵਿਹਲੀ ਆ... ਰੱਜਿਆ ਵੀ ਕਹਿੰਦਾ ਮੈਂ ਭੁੱਖਾ... ਭੁੱਖੇ ਨੇ ਤਾਂ ਰੋਟੀ ਮੰਗਣੀ ਈ ਆ...।"

ਡਲਿਵਰੀ ਮੈਨ ਆਪਣੇ ਆਪ ਨੂੰ ਭਿੱਜਣ ਤੋਂ ਬਚਾਉਂਦਾ ਬੋਲਿਆ, "ਮੌਨਸੂਨ 'ਚ ਲੋਕਾਂ ਦੀ ਕਾਂਵਾਂ ਰੌਲੀ ਤਾਂ ਪੈਂਦੀ ਆ ਬਈ ਸਰਕਾਰਾਂ ਦੇ ਸੈਸ਼ਨ ਚੱਲਦੇ ਆ... ਉੱਥੇ ਕਈ ਤਰ੍ਹਾਂ ਦੇ ਬਿੱਲ ਪਾਸ ਹੋਣੇ ਹੁੰਦੇ ਆ... ਕਈ ਨੀਤੀਆਂ ਲਾਗੂ ਕਰਨੀਆਂ ਹੁੰਦੀਆਂ... ਹਰ ਬੰਦਾ ਕਹਿੰਦਾ ਕਾਲੇ, ਲਾਲ, ਹਰੇ ਝੰਡੇ ਲੈ ਕੇ ਮੁਜ਼ਾਹਰੇ ਕਰੀਏ... ਸਰਕਾਰ ਨੂੰ ਡਰਾਈਏ... ਸਾਡੀ ਆਵਾਜ਼ ਉਨ੍ਹਾਂ ਦੇ ਕੰਨਾਂ ਤੱਕ ਪੁੱਜੇ... ਕਈ ਵਾਰ ਵੱਡੇ ਅੰਦੋਲਨ ਤਖ਼ਤਾਂ ਨੂੰ ਡੋਲਣ ਵੀ ਲਾ ਦਿੰਦੇ ਆ... ਹੁਣੇ ਜਿਹੇ ਪਾੜ੍ਹਿਆਂ ਨੇ ਜੰਤਰ ਮੰਤਰ 'ਤੇ ਦਿੱਲੀ ਦਾ ਤਖ਼ਤ ਹਿਲਾ ਦਿੱਤਾ ਨਾ। ਬੱਸ ਏਸੇ ਕਰਕੇ।"

ਐਨੇ ਨੂੰ ਉਨ੍ਹਾਂ ਦੇ ਮੋਹਰਿਓ ਦੀ ਉਨ੍ਹਾਂ ਦੇ ਇਲਾਕੇ ਦਾ ਨੇਤਾ ਲੰਘਦਾ ਏ। ਗੱਡੀ ਵੱਲ ਦੇਖ ਦੇ ਫੌਜੀ ਕਹਿੰਦਾ ਏ, "ਲੈ ਬਈ ਸਿਆਸਤ ਦੀ ਮੌਨਸੂਨ ਵਿੱਚ ਇਹ ਵੀ ਨਹਾਉਣ ਚੱਲਾ...।"

ਕੌਣ ਭਲਾ... ਓ ਅੱਛਾ ਅੱਛਾ... ਜਿਹੜਾ ਪਿੱਛੇ ਜਿਹਾ ਚੌਥੀ ਪਾਰਟੀ ਬਦਲ ਕੇ ਗਿਆ... ਵੇਖ ਲੈ ਹਾਰਿਆਂ ਹੋਇਆ ਐਮ ਐਲ ਏ ਈ ਨੀਂਹ ਪੱਥਰ ਰੱਖੀ ਜਾਂਦਾ... ਪਿੱਛੇ ਜਿਹੇ ਇਹੀ ਆਪਣੇ ਹੈਲਥ ਸੈਂਟਰ ਦਾ ਉਦਘਾਟਨ ਕਰਕੇ ਗਿਆ।"

"ਬਈ ਉਨ੍ਹਾਂ ਦੀ ਸੈਂਟਰ ਵਿੱਚ ਸਰਕਾਰ ਆ... ਉਹ ਜੋ ਮਰਜ਼ੀ ਕਰਨ।" ਫਿਰ ਦਾਨੀ ਡਲਿਵਰੀ ਮੈਨ ਵੱਲ ਮੁੜਦਾ ਹੈ, "ਜਿਹੜੀ ਗੱਲ ਤੂੰ ਕਹਿੰਦਾ ਆ ਨਾ... ਇਹ ਤਖ਼ਤਾਂ 'ਤੇ ਬੈਠੀਆਂ ਸਰਕਾਰਾਂ ਬੜੀਆਂ ਚਾਲਬਾਜ਼ ਹੁੰਦੀਆਂ। ਹੁਣ ਦਿੱਲੀ ਪਾੜ੍ਹਿਆਂ ਦਾ ਅੰਦੋਲਨ ਹੋਇਆ... ਠੀਕ ਆ ਮੰਤਰੀ ਨੇ ਅਸਤੀਫ਼ਾ ਦੇ ਦਿੱਤਾ... ਉਸੇ ਕੁਰਸੀ ਤੇ ਉਸ ਦਾ ਵੀ ਪਿਓ ਬਿਠਾ ਦਿੱਤਾ... ਦੇਖੋਂ ਭਾਈ ਸਿਸਟਮ ਤਾਂ ਉਹੀ ਰਹਿਣਾ... ਬੰਦਾ ਜਿਹੜਾ ਮਰਜ਼ੀ ਬਦਲ ਜਾਵੇ। ਗੱਲ ਸਿਸਟਮ ਬਦਲਣ ਦੀ ਆ ਬੰਦੇ ਬਦਲਣ ਦੀ ਨਹੀਂ।"

"ਚਾਚਾ ਸਿਸਟਮ ਤਾਂ ਸਾਰਾ ਪ੍ਰਾਈਵੇਟ ਹੋਈ ਜਾਂਦਾ... ਸਰਕਾਰੀ ਨੌਕਰੀਆਂ ਆਟੇ 'ਚ ਲੂਣ ਬਰਾਬਰ ਰਹਿ ਗਈਆਂ... ਹਰ ਅਦਾਰਾ ਨਿੱਜੀ ਹੱਥਾਂ ਵਿੱਚ ਜਾ ਰਿਹਾ... ਸਾਨੂੰ ਕੰਮ ਕੋਈ ਦਿੰਦੇ ਨ੍ਹੀਂ... ਮੁਫ਼ਤ ਦੀਆਂ 'ਰਿਊੜੀਆਂ' ਨਾਲ ਬੰਦਾ ਮਸਾਂ ਜਿਉਂਦਾ......ਆਹ ਚਾਚੀ ਕਹਿੰਦੀ ਅਸੀਂ ਤਾਂ ਏਹੀ 'ਆਮ ਆਦਮੀ' ਲੈ ਕੇ ਆਉਣਾ ਇਸ ਨੇ ਸਾਡੇ ਮੁਬਾਇਲਾ ਤੇ 'ਟੂੰ-ਟੂੰ' ਸ਼ੁਰੂ ਕੀਤੀ ਆ... ਬਸ ਬੰਦਾ ਤਾਂ ਹੁਣ ਸਾਹ ਈ ਲੈਂਦਾ...ਜਾਂ 'ਟੂੰ-ਟੂੰ' ਵਰਗਿਆਂ ਠੁਮਣਿਆਂ ਦੇ ਆਸਰੇ ਜਿਉਂਦਾ...ਜਿਹੜਾ ਕੋਈ ਰੜਕਦਾ ਅਗਲਾ ਮੱਖਣ 'ਚੋਂ ਵਾਲ਼ ਵਾਂਗ ਕੱਢ ਕੇ ਸੁੱਟ ਦਿੰਦਾ। ਜਿਹੜਾ ਵੀ ਤਖ਼ਤ 'ਤੇ ਬੈਠਦਾ ਪਹਿਲੇ ਨਾਲੋਂ ਵੱਡਾ ਠੱਗ ਬਣ ਕੇ ਉਭਰਦਾ।" ਡਲਿਵਰੀ ਮੈਨ ਖੰਘੂਰਾ ਮਾਰਦਾ ਹੈ।

ਦਾਨੀ ਗੱਲ ਮੁਕਾਉਣ ਵਾਂਗ ਕਹਿੰਦਾ ਹੈ, "ਅੱਛਾਂ ਫ਼ੌਜੀਆਂ ਹੁਣ ਇਹ ਦੱਸ ਬਈ, ਅਗਲੀ ਕਿਹਦੀ ਸਰਕਾਰ ਆਊ।"

ਫ਼ੌਜੀ ਠਰੰਮੇ ਨਾਲ ਆਪਣੇ ਸਰਵੇ ਦੇ ਅਧਾਰ ਤੇ ਨਤੀਜਾ ਐਲਾਨ ਕਰਦਾ ਹੈ, "ਵੇਖ ਬਈ ਦਾਨੀ... ਅਕਾਲੀ ਤਾਂ ਖੂੰਜੇ ਲੱਗੇ ਹੋਏ ਨੇ... ਲੱਗਦਾ ਹੁਣ ਉੱਠਦੇ ਨ੍ਹੀਂ...ਮਾਇਆਵਤੀ ਦੀ ਪਾਲਟੀ ਦੇ ਵੋਟਰ ਏਧਰ ਓਧਰ ਖਿਸਕ ਗਏ...ਭੋਗ ਈ ਸਮਝ ਲੈ ਪੈ ਗਿਆ... ਬਸ ਹਰ ਥਾਂ ਦੋ ਚਾਰ ਲੀਡਰ ਈ ਦਿਸਦੇ ਆ...ਰਾਹੁਲ ਗਾਂਧੀ ਦੇ ਲੀਡਰ ਆਪਸ ਵਿੱਚ ਈ ਗੁੱਥਮ-ਗੁੱਥਾ ਹੋਈ ਜਾਂਦੇ ਆ... ਇਕ ਕਹਿੰਦਾ ਮੈਨੂੰ ਕੁਰਸੀ ਤੇ ਬਿਠਾਓ... ਦੂਜਾ ਕਹਿੰਦਾ ਮੈਨੂੰ... ਤੀਜਾ ਕਹਿੰਦਾ ਦੋਵੇਂ ਡਿੱਗਣ ਤੇ ਮੈਂ ਕੁਰਸੀ 'ਤੇ ਬੈਠਣ ਲਈ ਦੌੜਾ... ਇਹ ਹਾਲ ਆ। ਬਾਕੀ ਸੈਂਟਰ ਸਰਕਾਰ ਵੱਡੇ ਦਾਅ 'ਤੇ ਬੈਠੀ ਆ... ਪਤਾ ਨ੍ਹੀਂ ਉਹਨੇ ਕਿਹੜੀ ਗੇਮ ਖੇਡ ਜਾਣੀ ਏ... ਜਿਹੜੇ ਤਖ਼ਤ 'ਤੇ 'ਖਾਸ ਲੋਕ' ਬੈਠੇ ਨੇ... ਉਨ੍ਹਾਂ ਬਾਰੇ ਮੈਂ ਕੀ ਕਹਿਣਾ ਏ...ਜੇ ਵੋਟਰ ਚਾਰ ਪੰਜ ਥਾਵਾਂ ਵਿੱਚ ਵੰਡ ਹੋ ਗਏ ਜਾਂ ਲੱਖਾਂ ਵੋਟਾਂ ਕੱਟ ਹੋ ਗਈਆਂ ਤਾਂ ਪਤਾ ਨ੍ਹੀਂ ਲੱਗਣਾ ਤਖ਼ਤ ਕਿੰਨੇ ਲੈ ਜਾਣਾ।"

ਡਲਿਵਰੀ ਮੈਨ ਗੱਲ ਨਿਬੇੜਨ ਵਾਂਗ ਕਹਿੰਦਾ ਏ, "ਚਾਹੇ ਕੋਈ ਤਖ਼ਤ 'ਤੇ ਬੈਠ ਜਾਵੇ... ਦਾਨੀ ਚਾਚੇ ਨੇ ਸਾਇਕਲਾਂ ਨੂੰ ਪੈਂਚਰ ਲਾਈ ਜਾਣੇ ਨੇ... ਫੌਜੀ ਨੇ ਅੰਬਾਨੀ ਦਾ ਸੀਮੈਂਟ ਵੇਚੀ ਜਾਣਾ ਤੇ ਮੈਂ ਥਾਂ-ਥਾਂ ਸਰਮਾਏਦਾਰਾਂ ਦੀਆਂ ਡਲਿਵਰੀਆਂ ਦੇਈ ਜਾਣਾ।"

# ਮੇਲਸੀ ਮੁਸਲਮਾਨਾਂ ਦੇ ਹਿੰਦੂ ਪੁਰਖੇ ਧੀਰ ਨੇ ਵਸਾਇਆ ਸੀ ਮਲਸੀਆਂ

**ਖਿੰਡ ਫਸਿਆ-88**

**ਵਿਜੈ ਬੰਬੇਲੀ**

ਨਕੋਦਰ-ਲੋਹੀਆਂ ਭਰ-ਵਗਦੀ ਸੜਕ 'ਤੇ ਵਾਕਿਆ ਜ਼ਿਲ੍ਹਾ ਜਲੰਧਰ ਦਾ ਇਹ ਗੂੜ੍ਹਾ ਨਗਰ ਪਹਿਲਾਂ ਤਹਿਸੀਲ ਨਕੋਦਰ ਦਾ ਕਲਗੀ ਪਿੰਡ ਸੀ, ਫਿਰ ਇਸ ਦੀ ਤਹਿਸੀਲ ਸਦਰ ਸ਼ਾਹਕੋਟ ਨੀਅਤ ਹੋਈ। ਹੁਣ ਇਹ ਦੋਵੇਂ ਕਸਬਿਆਂ ਦੀ ਸਾਂਝੀ ਸੱਦ ਹੈ, "ਸ਼ਾਹਕੋਟ-ਮਲਸੀਆਂ"। ਭਾਵ; ਦੋਵੇਂ ਇੱਕ-ਦੂਜੇ ਬਿਨਾਂ ਅਧੂਰੇ ਹਨ।

ਇਤਿਹਾਸ-ਮਿਥਿਹਾਸ ਅਨੁਸਾਰ ਮਗਰੋਂ ਸਥਿਤੀਆਂ-ਪ੍ਰਸਥਿਤੀਆਂ ਵੱਸ, ਹਿੰਦੂ ਰਾਜਪੂਤਾਂ ਤੋਂ ਮੁਸਲਿਮ ਬਣੇ ਮੰਜ ਰਾਜਪੂਤਾਂ ਦੇ ਪੁਰਖਿਆਂ ਦੀ ਤੀਜੀ ਪੀੜ੍ਹੀ ਦੇ ਇੱਕ ਫਰਜ਼ੰਦ ਧੀਰ ਨੇ ਸਵਾ ਅੱਠ ਸੌ ਵਰ੍ਹੇ ਪਹਿਲਾਂ ਇਸ ਵਸੇਬ ਦੀ ਮੋੜ੍ਹੀ ਗੱਡੀ ਸੀ, ਜਿਹੜਾ ਆਪਣੇ ਮੇਲਸੀ ਨਾਓਂ ਦੇ ਕਿਸੇ ਉੱਘੇ ਪੁਰਖੇ ਮੇਲਸੀ ਦੀ ਅੱਲ ਵਜੋਂ "ਧੀਰ ਮੇਲਸੀ" ਸੱਦਿਆ ਜਾਂਦਾ ਸੀ। ਕਿਹਾ ਜਾਂਦਾ ਹੈ ਕਿ ਇਸੇ "ਮੇਲਸੀ ਅੱਲ" ਤੋਂ ਮੁਸਲਮਾਨਾਂ ਦੇ ਮਲਸੀਆਂ ਗੋਤ ਦਾ ਆਗਮਨ ਹੋਇਆ ਸੀ, ਜਿਸ ਕਰਕੇ ਦੇਰ-ਸਵੇਰ ਮੇਲਸੀ ਸੱਦ ਵਾਲੀ ਇਹ ਵਸੇਬ "ਮਲਸੀਆਂ" ਵਜੋਂ ਲੋਕ ਮਨਾਂ ਉੱਤੇ ਉੱਕਰ ਗਈ।

ਮਲਸੀਆਂ ਮੰਜਕੀ ਦੇ ਪੁਰਾਣੇ ਪਿੰਡਾਂ ਵਿੱਚੋਂ ਇੱਕ ਹੈ। ਸਮਾਂ ਪਾ ਇੱਥੇ ਬਹੁਤੀ ਆਬਾਦੀ ਮੰਜ ਮੁਸਲਮਾਨਾਂ ਅਤੇ ਮੁਸਲਮਾਨਾਂ ਦੀ ਨਿਮਨ ਕਿਸਾਨੀ ਧਿਰ ਅਰਾਂਈਆਂ, ਜਿਹੜੀ ਵੱਡੇ ਜ਼ਿਮੀਦਾਰ ਮੰਜ ਮੁਸਲਮਾਨਾਂ ਦੇ ਹਲਵਾਹਕ ਸਨ, ਦੀ ਹੋ ਗਈ। ਹਿੰਦੂ ਬੇਹੱਦ ਘੱਟ ਗਿਣਤੀ ਵਿੱਚ ਰਹਿ ਗਏ, ਪਰ ਤੌੜ ਸੰਤਾਲੀ ਤੱਕ ਭਰਾਤਰੀ ਮਿਲਵਰਤਨ ਸਦਭਾਵੀ ਹੀ ਰਿਹਾ। ਵੰਡ ਉਪਰੰਤ ਕੰਬੋਜ ਅਤੇ ਜੱਟ ਕਿਸਾਨੀ ਤੇ ਖੱਤਰੀ ਆ ਆਬਾਦ ਹੋਏ। ਕਦੇ, ਇਸ ਨਗਰ ਦੀਆਂ ਛੇ ਪੱਤੀਆਂ ਸਨ: ਮਲਸੀਹਾਂ, ਸਾਲ੍ਹਾ, ਖੁਰਮ, ਅਕਲ, ਹਵੇਲੀ ਅਤੇ ਲਕਸੀਆਂ। ਹੁਣ ਇਹ ਮੁਹੱਲਿਆਂ ਵਾਲੀ, ਸ਼ਹਿਰੀ ਦਿੱਖ ਅਖਤਿਆਰ ਕਰ ਗਿਆ ਹੈ।

ਦੱਸਿਆ ਗਿਆ ਕਿ ਇੱਥੋਂ ਦੇ ਮੇਲਸੀ (ਮੰਜ) ਮੁਸਲਮਾਨਾਂ, ਜਿਹਨਾਂ ਦਾ ਕੇਂਦਰ ਤਲਵਨ ਸੀ, ਦਾ ਇਸ ਵਸੇਬ ਦੇ ਅਗਲ-ਵੱਢੀਂ 27 ਪਿੰਡਾਂ 'ਤੇ ਦਬਾਦਬਾ (ਮਾਲਕੀ) ਸੀ। ਫਿਰ ਇਸ ਉੱਤੇ ਸਿੱਖ ਯੋਧਿਆਂ ਦੀ ਡੱਲੇਵਾਲੀਆਂ ਮਿਸਲ ਦੇ ਤਾਰਾ ਸਿੰਘ ਘੇਬਾ ਦਾ ਕਬਜ਼ਾ ਹੋ ਗਿਆ, ਜਦੋਂ ਨੇੜਲਾ ਕਸਬਾ ਨਕੋਦਰ ਉਸ ਦੇ ਹੱਥ ਆਇਆ। ਇਸ ਨਗਰ ਸੰਦਰਭ ਹੈਰਾਨੀ ਵਾਲੀ ਗੱਲ ਇਹ ਹੈ ਕਿ ਸਿੱਖ ਮਿਸਲਾਂ ਦੇ, ਸਤਲੁਜ ਉਰਲੇ, ਬਹੁਤ-ਬਹੁਤੇਰੇ ਖਿੱਤੇ ਜਾਂ ਪਿੰਡ ਮਹਾਰਾਜਾ ਰਣਜੀਤ ਸਿੰਘ ਦੀ ਸਲਤਨਤ ਦਾ ਹਿੱਸਾ ਬਣਨ ਦੇ ਬਾਵਜੂਦ ਇਹ ਨਗਰ ਉਸ ਦਾ ਅੰਗ ਨਹੀਂ ਬਣਾਇਆ ਜਾ ਸਕਿਆ ਜਾਂ ਨਹੀਂ ਬਣਿਆ।

ਕਿਉਂਕਿ ਇੱਥੇ ਸਾਧਨ-ਸੰਪੰਨ ਮੁਸਲਮਾਨ ਭਾਰੂ ਸਨ, ਸੋ ਉਹ ਚਾਹੁੰਦੇ ਸਨ ਕਿ ਇਹ ਖਿੱਤਾ ਪਾਕਿਸਤਾਨ ਸੰਗ ਜੁੜੇ, ਸਿੱਟਾ "ਆਜ਼ਾਦੀ" ਵਕਤ ਇੱਥੇ ਅਤੇ ਨਾਲ ਲੱਗਦੇ ਇਲਾਕਿਆਂ ਵਿੱਚ ਭਾਰੀ ਕਤਲੇਆਮ ਹੋਇਆ। ਕਬਰਿਸਤਾਨ ਅਤੇ ਹੋਰ ਇਮਾਰਤਾਂ ਦੇ ਖੰਡਰ ਮੁਗ਼ਲ ਅਤੇ ਮੁਸਲਮਾਨੀ ਸੰਸਕ੍ਰਿਤੀ ਅਤੇ ਵੰਡ ਵੇਲੇ ਹੋਈ ਵਿਆਪਕ ਹਿੱਲਜੁਲ ਦੀ ਬਾਤ ਹੁਣ ਵੀ ਪਾਉਂਦੇ ਹਨ। ਇਸ ਦੀ ਗਵਾਹ, ਸਾਬਤ-ਸਬੂਤ ਖੜ੍ਹੀ ਇੱਥੋਂ ਦੀ ਇੱਕ ਮਸਜਿਦ, ਜਿਸ ਵਿੱਚ ਹੁਣ ਗੁਰੂ ਘਰ ਹੈ, ਦੀ ਨਿਰਾਲੀ ਆਭਾ ਬਿਆਨਦੀ ਹੈ।

ਮਹਾਨ ਕੋਸ਼ ਭਾਈ ਕਾਹਨ ਸਿੰਘ ਨਾਭਾ ਅਨੁਸਾਰ ਸਿੱਖ ਗੁਰੂ ਕਾਲ ਸਮੇਂ ਇੱਥੋਂ ਦਾ ਇੱਕ ਦੇਵੀ ਪੂਜਕ ਚੌਧਰੀ, ਜਿਹੜਾ ਸਰਕਾਰੀ ਕਰ ਅਤੇ ਮਾਮਲਾ ਵੀ ਉਗਰਾਹੁੰਦਾ ਸੀ, ਬਾਬਾ ਨਾਨਕ ਜੀ ਦੇ ਮਾਰਗ ਦਾ ਦਾਨਿਸ਼ਵਰ ਅਨੁਆਈ ਬਣਿਆ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਬਾਬਾ ਨਾਨਕ ਜੀ ਵੀ ਇੱਥੇ ਆਏ ਸਨ ਅਤੇ ਕਿਸੇ ਭਗੀਰਥ ਨਾਮੀ ਸ਼ਖ਼ਸ ਨਾਲ ਵੀ ਉਹਨਾਂ ਦਾ ਸਹਿਜ-ਸੰਵਾਦ ਹੋਇਆ ਸੀ, ਪਰ ਇਹ ਗੱਲ ਦਰਿਆਫਤ ਨਹੀਂ ਹੋ ਸਕੀ। ਹਾਂ; ਇਹ ਜ਼ਰੂਰ ਦੱਸਿਆ ਗਿਆ ਕਿ ਇੱਥੋਂ ਦਾ ਹੀ ਇੱਕ ਭਗੀਰਥ, ਜਿਹੜਾ ਸਰੀਰ ਪੱਖੋਂ ਲੰਗੜਾ ਸੀ, ਗੋਇੰਦਵਾਲ ਨੂੰ ਗੁਰੂ ਅਮਰਦਾਸ ਜੀ ਦੇ ਲੰਗਰ ਹਿੱਤ, ਕਰੀਬ ਰੋਜ਼ਾਨਾ, ਸਿਰ ਮਟਕੀ ਚੁੱਕ ਦਹੀਂ ਲੈ ਕੇ ਜਾਂਦਾ ਸੀ, ਪਰ ਇਹ ਸਪੱਸ਼ਟ ਨਹੀਂ ਹੋਇਆ ਕਿ ਉਹ ਦਹੀਂ ਦਾਨ ਦਿੰਦਾ ਸੀ ਜਾਂ ਮੁੱਲ। ਸ਼ਾਇਦ ਇਹ ਉਸ ਦਾ ਵਣਜ ਹੋਵੇ। ਹਾਂ; ਇਹਨਾਂ ਦੋਵੇਂ ਨੇਕ ਰੂਹਾਂ ਦੇ ਸਿੱਖ-ਕਰਮਯੋਗ ਦਾ ਮਲਸੀਆਂ ਦੀ ਭਲੀ ਦਿੱਖ ਨਿਖਾਰਨ ਵਿੱਚ ਉੱਮਦਾ ਪੱਖ ਹੈ।

ਇਸ ਖੇੜੇ ਦੀ ਕਦੇ ਪ੍ਰਸਿੱਧੀ ਭੰਡਾਂ ਅਤੇ ਨਕਲੀਆਂ ਦੇ ਬੇ-ਜੋੜ ਕਰਮ ਕਾਰਨ ਹੋਈ ਅਤੇ ਕਦੇ ਬ੍ਰਿਟਿਸ਼ ਸਾਮਰਾਜ ਵੇਲੇ ਮੁਕਾਬਲੇ ਦੀ ਟਕਸਾਲ ਵਜੋਂ। ਕਿਹਾ ਜਾਂਦਾ ਹੈ ਕਿ ਇਥੋਂ ਦੇ ਇੱਕ ਹੁਨਰੀ ਕਾਰੀਗਰ (ਟਕਸਾਲੀਏ) ਨੇ ਮਲਕਾ ਦੇ ਰੁਪਈਏ ਵਰਗੇ, ਹੂ-ਬ-ਹੂ/ਇੰਨ-ਬਿੰਨ ਅਜਿਹੇ ਸਿੱਕੇ ਘੜਨੇ ਸ਼ੁਰੂ ਕਰ ਦਿੱਤੇ ਸਨ ਕਿ ਲੰਬਾ ਸਮਾਂ ਉਹਨਾਂ ਦੇ ਜਾਲ੍ਹੀ ਹੋਣ ਦਾ ਪਤਾ ਹੀ ਨਹੀਂ ਲੱਗਿਆ। ਅਖੀਰ ਉਸੇ ਟਕਸਾਲੀ ਦੀ ਇੱਕ ਫੜ੍ਹ ਤੋਂ ਗੱਲ ਖੁਦ ਹੀ ਬਾਹਰ ਨਿਕਲ ਗਈ। ਮਲਸੀਆਂ ਦਾ ਉਹ ਟਕਸਾਲੀ ਸਰਕਾਰ ਦੇ ਅੜਿੱਕੇ ਆ ਗਿਆ। ਕੇਸ ਸ਼ੁਰੂ ਹੋਇਆ, ਪਰ ਉਸ ਦੇ ਜੁਰਮ ਕਬੂਲ ਕਰਨ ਦੇ ਯੁਕਤੀ ਢੰਗ ਅਤੇ ਉਸ ਦੀ ਕਾਰਾਗਿਰੀ ਤੋਂ ਗੋਰਾ ਜੱਜ ਐਨਾ ਪ੍ਰਭਾਵਿਤ ਹੋਇਆ ਕਿ ਸਰਕਾਰ ਨੂੰ ਉਸ ਦੀ ਬੇਜੋੜ ਕਾਰਾਗਿਰੀ ਦਾ ਫਾਇਦਾ ਲੈਣ ਦਾ ਹੁਕਮ ਸਾਦਰ ਕਰਦਿਆਂ ਉਸ ਅਵੱਲੇ ਬੰਦੇ ਨੂੰ ਬਰੀ ਕਰ ਦਿੱਤਾ ਗਿਆ। ਮੁੱਕਦੀ ਗੱਲ, ਮਲਸੀਆਂ ਦਾ ਸਿਰ, ਅੰਗਰੇਜ਼ ਵਿਰੋਧੀ, ਇਸ "ਜੁਰਮ" ਬਦੌਲਤ ਵੀ ਉੱਚਾ ਹੋ ਗਿਆ।

ਮਲਸੀਆਂ ਦੀ ਪ੍ਰਸਿੱਧੀ ਨੂੰ ਹੋਰ ਬੁਲੰਦ ਕਰਨ ਵਿੱਚ ਦੋ ਸ਼ਾਇਰ, ਪਿਓ-ਪੁੱਤਰ ਦਾ ਵੀ ਗੂੜ੍ਹਾ ਹੱਥ ਹੈ। ਇਹ ਸਨ/ਹਨ : ਉਰਦੂ ਦਾ ਉੱਘਾ ਸ਼ਾਇਰ ਪੰ. ਲੱਭੂ ਰਾਮ "ਜੋਸ਼ ਮਲਸੀਆਨੀ" ਅਤੇ ਉਸ ਦਾ ਕਾਮਲ ਪੁੱਤਰ ਬਾਲ ਮੁਕੰਦ "ਅਰਸ਼ ਮਲਸੀਆਨੀ"। ਦੇਰ ਹੋ ਗਈ, ਮਲਸੀਆਂ ਦਾ ਕਲਗੀ ਪੁੱਤ "ਜੋਸ਼" ਚੜ੍ਹਾਈ ਕਰ ਗਿਆ ਅਤੇ "ਅਰਸ਼" ਦਿੱਲੀ ਜਾ ਵਸਿਆ ਸੀ। "ਅਰਸ਼" ਜਿਉਂਦਾ ਹੈ ਕਿ ਮਰ-ਮੁੱਕ ਗਿਆ ਹੈ, ਨਹੀਂ ਪਤਾ। ਢੇਰ ਸਮਾਂ ਹੋ ਗਿਆ, ਭਾਵੇਂ ਪਹਿਲਾਂ ਇਹ ਨਕੋਦਰ ਆ ਵਸੇ ਸਨ। ਪਰ ਇਹਨਾਂ ਦੋਵਾਂ ਬਦੌਲਤ ਇਹਨਾਂ ਦੇ ਸ਼ਾਇਰਾਨਾ ਸਕੂਲ "ਦਾਗ" ਅਤੇ ਮਲਸੀਆਂ ਦੀ ਗੱਲ ਹਾਲੇ ਵੀ ਤੁਰਦੀ ਹੈ। ਅਖੀਰ, ਤੁਸੀਂ ਮੈਨੂੰ "ਗ਼ਦਰ ਪਾਰਟੀ" ਦੇ ਭਰ-ਚਰਚਿਤ ਰੁਕਨ ਬਾਬਾ ਗੰਗਾ ਸਿੰਘ ਮਲਸੀਆਂ ਨੂੰ ਸਿਜਦਾ ਕਰਨ ਉਪਰੰਤ ਇਹ ਕਥਾ ਸਮਾਪਤ ਕਰਨ ਦੀ ਆਗਿਆ ਦਿਓ।

ਮੋਬਾ. 94634-39075

# ਖਿੰਡ ਗਏ ਗਾਨੀ ਦੇ ਮਣਕੇ

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇਂ-77**

**ਸੁਰਜੀਤ ਸੁਮਨ**

ਚਮਕੀਲਾ ਜੋੜੀ, ਮਾੜੇ-ਚੰਗੇ ਦੋਵੇਂ ਤਰ੍ਹਾਂ ਦੇ ਗੀਤਾਂ ਕਰਕੇ ਜਾਣੀ ਜਾਂਦੀ ਸੀ ਤੇ ਜਾਣੀ ਜਾਂਦੀ ਰਹੇਗੀ ਵੀ। ਗਾਇਕੀ ਦੇ ਪਿੜ ਵਿੱਚ ਮਾੜੇ ਗੀਤਾਂ ਵਿੱਚ ਉਹ ਬੁਰੇ ਦੇ ਘਰ ਤੱਕ ਗਏ ਤੇ ਚੰਗੇ ਗੀਤਾਂ ਵਿੱਚ ਵੀ ਉਸ ਦਾ ਕੋਈ ਸਾਨੀ ਨਹੀਂ ਕਿਹਾ ਜਾ ਸਕਦਾ। ਤਲਵਾਰ ਮੈਂ ਕਲਗੀ ਧਰ ਦੀ ਆਂ, ਸਰਹੰਦ ਦੀ ਦੀਵਾਰੇ, ਸਾਥੋਂ ਬਾਬਾ ਖੋਹ ਤੇਰਾ ਨਨਕਾਣਾ ਤੇ ਹੋਰ ਕਈ ਅਮਰ ਗੀਤ ਸਿਰਫ ਇਸੇ ਜੋੜੀ ਦੇ ਹਿੱਸੇ ਆਏ। ਅਮਰ ਸਿੰਘ ਚਮਕੀਲਾ ਕਿਸੇ ਵੇਲ਼ੇ ਜਿਨ੍ਹਾਂ ਗਾਇਕਾਂ ਦਾ ਪਾਣੀ ਭਰਿਆ ਕਰਦਾ ਸੀ, ਉਹੀ ਉਸ ਦੀ ਚੜ੍ਹਤ ਦੇ ਦਿਨੀਂ ਉਸ ਨੂੰ ਪਾਣੀ ਪੀ ਪੀ ਕੋਸਣ ਲੱਗ ਪਏ। ਕੁਝ ਵੀ ਹੋਵੇ ਇੱਕ ਵਾਰ ਤਾਂ ਗਾਇਕੀ ਦਾ ਪਿੜ ਅਮਰ ਸਿੰਘ ਚਮਕੀਲਾ ਤੇ ਅਮਰਜੋਤ ਨੇ ਆਪਣੇ ਨਾਂ ਪਟੇ 'ਤੇ ਲਿਖਵਾ ਲਿਆ ਸਮਝ ਲਿਆ ਗਿਆ। ਅੱਜ ਦੀ ਤਾਰੀਕ ਵਿੱਚ ਜਿੰਨੇ ਮੂੰਹ ਓਨੀਆਂ ਗੱਲਾਂ। ਕੋਈ ਇਸ ਨੂੰ ਉਸ ਦੇ ਸਮਕਾਲੀ ਗਾਇਕਾਂ ਦੀ ਗਾਇਕੀ ਦਾ ਬਾਜ਼ਾਰ ਡੁਬੋ ਦੇਣ ਵਾਲ਼ਾ ਆਖਦੈ। ਕੋਈ ਉਸ ਨੂੰ ਇਨ੍ਹਾਂ ਵੱਲੋਂ ਹੀ ਮਰਵਾਏ ਜਾਣ ਦੀਆਂ ਗੱਲਾਂ ਕਰਦੈ। ਕੁਝ ਵੀ ਹੋਵੇ ਇੱਕ ਵਾਰ ਤਾਂ ਉਸ ਨੇ ਆਪਣੇ ਸਮਕਾਲੀਆ ਨੂੰ ਸੱਚਮੁੱਚ ਹੀ ਡਿਪਰੈਸ਼ਨ ਵਿੱਚ ਭੇਜ ਦਿੱਤਾ ਸਮਝਿਆ ਜਾਣ ਲੱਗ ਪਿਆ ਸੀ। ਯੂਟਿਊਬ ਫਰੋਲਦਿਆਂ ਉਸ ਦਾ ਗੀਤ 'ਡਾਂਗਾਂ ਖੜਕ ਪਈਆਂ' ਸੁਣਦਿਆਂ ਅੱਜ ਮੈਨੂੰ ਸਾਰੀ ਦੁਨੀਆਂ ਵਿੱਚ ਹੀ ਖੜਕਦੀਆਂ ਡਾਂਗਾਂ ਚੇਤੇ ਆਉਣ ਲੱਗਦੀਆਂ ਹਨ। ਕੀ ਅਮਰੀਕਾ, ਕੈਨੇਡਾ, ਇਰਾਨ, ਇਜ਼ਰਾਈਲ, ਰੂਸ ਤੇ ਯੂਕਰੇਨ ਆਦਿ। ਆਪਣੇ ਤੇ ਗੁਆਂਢੀਆਂ ਬਾਰੇ ਤਾਂ ਕੀ ਕਹਿਣਾ। ਜਾਣੀ ਚਹੁੰ ਕੂਟਾਂ ਵਿੱਚ ਹੀ ਹੈਂਕੜ ਦੀਆਂ ਡਾਂਗਾਂ ਖੜਕ ਰਹੀਆਂ ਹਨ। ਆਪਣੇ ਆਪਣੇ ਬਾਜ਼ਾਰ ਨੂੰ ਹੋਰ ਮਜ਼ਬੂਤ ਕਰਨ ਲਈ ਲੱਠਮਾਰ ਤਿਆਰ-ਬਰ-ਤਿਆਰ ਖੜ੍ਹੇ ਦਿਖਾਈ ਦਿੰਦੇ ਹਨ। ਅੱਜ ਦੇ ਦੌਰ ਵਿੱਚ ਜਿੱਧਰ ਵੀ ਦੇਖੋ ਗਾਨੀ ਦੇ ਮਣਕੇ ਖਿੰਡੇ ਕੇ ਖਿੰਡੇ ਸਜਦੇ।

ਪਿਛਲੇ ਦਿਨੀਂ ਜਦੋਂ ਜੀਨ ਜੀ ਦਾ ਗੁੱਸਾ ਉਬਲਿਆ ਤਾਂ ਤਖ਼ਤ-ਤਾਜ ਕੰਬਦੇ ਦਿਖਾਈ ਦੇਣ ਲੱਗ ਪਏ ਸਨ। ਕਿਸੇ ਵੀ ਸਮਾਜ ਦਾ ਜੇ ਸਭ ਤੋਂ ਵੱਡਾ ਗਹਿਣਾ ਹੁੰਦਾ ਹੈ, ਉਹ ਹੁੰਦੀ ਹੈ ਉਸ ਸਮਾਜ ਦੀ ਨੌਜਵਾਨ ਪੀੜ੍ਹੀ। ਬਚਪਨ ਵੇਲ਼ੇ ਸਾਨੂੰ ਸਕੂਲਾਂ ਵਿੱਚ ਪੜ੍ਹਾਇਆ ਜਾਂਦਾ ਸੀ, 'ਅੱਜ ਦੇ ਬੱਚੇ ਕੱਲ੍ਹ ਦੇ ਨੇਤਾ।' ਬਿਹਾਰ ਦੇ ਬਾਂਕੀਪੁਰ ਨੇ ਅੱਜ ਸਾਰਿਆਂ ਦਾ ਧਿਆਨ ਖਿੱਚਿਆ ਹੈ। ਹੁਣ ਜੇ ਗਹੁ ਨਾਲ਼ ਦੇਖਿਆ ਜਾਵੇ ਤਾਂ ਅੱਜ ਦੇ ਬੱਚੇ ਜਦੋਂ ਅੱਜ ਦੇ ਨੇਤਾਵਾਂ ਦੇ ਰੂਬਰੂ ਹੋਏ ਤਾਂ ਉਨ੍ਹਾਂ ਨੂੰ ਤਰੇਲ਼ੀਆਂ ਛੁੱਟਣ ਲੱਗ ਪਈਆਂ। ਮੇਰੀ ਕੰਨੀਂ ਗਾਉਂਦੀ ਹੋਈ ਅਮਰਜੋਤ ਦੇ ਬੋਲ ਸੁਣਾਈ ਦੇਣ ਪੈਂਦੇ ਹਨ, 'ਵੇ ਚੁਗ ਲੈ ਹਾਣਦਿਆ ਖਿੰਡ ਗਏ ਗਾਨੀ ਦੇ ਮਣਕੇ।' ਕਿਸੇ ਜੋਬਨਮੱਤੀ ਮੁਟਿਆਰ ਦੀ ਚਾਵਾਂ ਲੱਦੀ ਗਾਨੀ ਦਾ ਟੁੱਟ ਜਾਣਾ ਓਹਦੇ ਲਈ ਕੋਈ ਬਹੁਤਾ ਸ਼ੁਭ ਸ਼ਗਨ ਨਹੀਂ ਹੁੰਦਾ। ਇਹਦਾ ਸਿੱਧਾ ਅਸਰ ਓਹਦੀ ਜ਼ਿੰਦਗੀ ਵਿੱਚ ਬੰਨ੍ਹੇ ਗਏ ਖੁਸ਼ੀਆਂ ਦੇ ਗਾਨੇ ਨੂੰ ਪੈਂਦਾ ਹੈ। ਗਾਨੀ ਜਾਂ ਗਾਨੇ ਦੇ ਟੁੱਟਣ ਨੂੰ ਅਸ਼ੁੱਭ ਮੰਨਿਆ ਜਾਣਾ ਕੁਥਾਂ ਵੀ ਨਹੀਂ। ਮਨੁੱਖ ਖੁਸ਼ੀਆਂ-ਖੇੜਿਆਂ, ਚਾਵਾਂ-ਮਲ੍ਹਾਰਾਂ ਨਾਲ਼ ਖੀਵਾ ਹੋਇਆ ਉੱਡੂੰ ਉੱਡੂੰ ਕਰਦਾ ਰਹਿੰਦਾ ਹੈ। ਪਰ ਦੁੱਖ ਉਸ ਨੂੰ ਤੋੜ ਕੇ ਰੱਖ ਦਿੰਦੇ ਹਨ। ਇਸੇ ਲਈ ਮਨੁੱਖ ਖਾਸ ਕਰਕੇ ਔਰਤ ਨਿੱਕੇ ਨਿੱਕੇ ਗਹਿਣਿਆਂ ਨਾਲ਼ ਪਰਚੀ ਦੁੱਖ-ਸੁੱਖ ਦੀ ਹਰ ਤੇਜ਼ ਨਦੀ ਨੂੰ ਅਛੋਪਲੇ ਜਿਹੇ ਤੈਰ ਜਾਂਦੀ ਹੈ। ਤੋਤੇ ਜਾਂ ਘੁੱਗੀ ਦੇ ਗਲ਼ੇ ਵਿੱਚ ਦਿਸਣ ਵਾਲ਼ੀ ਕੁਦਰਤਨ ਧਾਰੀ ਵੀ ਓਹਦੇ ਗਲ਼ ਵਿੱਚ ਗਾਨੀ ਵਾਂਗ ਦਿਖਾਈ ਦਿੰਦੀ ਹੈ, ਜਿਸ ਤੋਂ ਔਰਤ ਮਨ ਬੇਹੱਦ ਪ੍ਰਭਾਵਿਤ ਹੁੰਦਾ ਹੈ। ਇਹ ਗਾਨੀ ਇਨ੍ਹਾਂ ਪੰਛੀਆਂ ਦਾ ਕੁਦਰਤੀ ਗਹਿਣਾ ਹੈ। ਮਨੁੱਖ ਖਾਸ ਕਰ ਔਰਤ, ਗਹਿਣਿਆਂ ਨੂੰ ਲੈ ਕੇ ਪਹਿਲਾਂ ਪਹਿਲ ਤਾਂ ਇਨ੍ਹਾਂ ਪੰਛੀਆਂ ਤੋਂ ਹੀ ਪ੍ਰਭਾਵਿਤ ਹੋਈ ਹੋਵੇਗੀ। 'ਗੋਰੀ ਧੌਣ ਦੁਆਲੇ ਕਾਲੀ ਗਾਨੀ ਵੀ ਦੇ/ ਚੰਦਨ ਗੋਲੀ ਨੂੰ ਜਿਉਂ ਨਾਗਾਂ ਕੁੰਡਲੀ ਮਾਰੀ' ਕੁਲਦੀਪ ਮਾਣਕ ਦੇ ਗਾਏ ਇਸ ਗੀਤ ਵਿੱਚਲੀ ਇਹ ਸਤਰ ਜਦੋਂ ਥਰੀਕਿਆਂ ਵਾਲੇ ਦੇਵ ਨੇ ਗਾਨੀ ਦੀ ਤਸ਼ਬੀਹ ਲੈ ਕੇ ਲਿਖੀ ਹੋਵੇਗੀ, ਉਦੋਂ ਔਰਤ ਦੀ ਸੁਰਾਹੀ ਵਰਗੀ ਧੌਣ ਉੱਤੇ ਮੇਅਲਦੀ ਗਾਨੀ ਜ਼ਰੂਰ ਓਹਦੇ ਸੁਪਨਿਆਂ ਵਿੱਚ ਸ਼ਰੀਕ ਹੁੰਦੀ ਰਹੀ ਹੋਵੇਗੀ। ਸਾਡੇ ਸਭਿਆਚਾਰ ਵਿੱਚ ਔਰਤ ਲਈ ਗਾਨੀ ਦਾ ਵਿਸ਼ੇਸ਼ ਮਹੱਤਵ ਤੇ ਰੁਤਬਾ ਮੰਨਿਆ ਜਾਂਦਾ ਰਿਹਾ ਹੈ। ਸ਼ਾਇਦ ਇਨ੍ਹਾਂ ਪੰਛੀਆਂ ਤੋਂ ਪ੍ਰਭਾਵਿਤ ਹੋ ਕੇ ਹੀ ਗਾਨੀ ਹੋਂਦ ਵਿੱਚ ਆਈ ਹੋਵੇ। ਸੱਚ ਪੁੱਛੋ ਤਾਂ ਗਾਨੀ ਵਿੱਚ ਬੜੀ ਰੀਝ ਨਾਲ਼ ਪਰੋਏ ਆਕਰਸ਼ਕ ਮਣਕੇ, ਜੇਕਰ ਕਿਤੇ ਖਿੱਲਰ ਜਾਣ ਤਾਂ ਇੱਕ ਵਾਰ ਤਾਂ ਆਪਾ ਹੀ ਖਿੱਲਰ ਗਿਆ ਲਗਦਾ ਹੈ। ਫਿਰ ਭਲਾਂ ਇਹ ਸਿਆਸੀ ਲੋਕ ਪਲਾਂ ਵਿੱਚ ਹੀ ਗਾਨੀ ਦੇ ਮਣਕੇ ਖਿੰਡਾ ਕੇ ਖੁਸ਼ ਕਿਉਂ ਹੋਣ ਲਗਦੇ ਹਨ?

ਉਂਝ ਇਨ੍ਹਾਂ ਮਣਕਿਆਂ ਦਾ ਇਤਿਹਾਸ ਸਦੀਆਂ ਪੁਰਾਣਾ ਹੈ। ਕੱਚ, ਧਾਤ ਜਾਂ ਪੱਥਰ ਦੇ ਬਣੇ ਇਹ ਕੀਮਤੀ ਮਣਕੇ, ਹੀਰੇ-ਮੋਤੀ ਤੇ ਜਵਾਹਰਾਤ ਆਦਿ ਹਾਰਾਂ ਵਿੱਚ ਪਰੋਅ ਕੇ ਪਹਿਨਣ ਨੂੰ ਸ਼ਿੰਗਾਰ ਦਿੱਤੀ ਜਾਂਦੀ ਰਹੀ ਹੈ। ਹੋਰ ਪਿਛਾਂਹ ਝਾਤੀ ਮਾਰੀਏ ਤਾਂ ਸਿੰਧੂ ਘਾਟੀ ਦੀ ਸਭਿਅਤਾ ਵੇਲ਼ੇ ਤੋਂ ਹੀ ਇਨ੍ਹਾਂ ਨੂੰ ਗਹਿਣਿਆਂ ਦੇ ਰੂਪ ਵਿੱਚ ਪਹਿਨਿਆ ਜਾਂਦਾ ਰਿਹਾ ਹੈ। ਬੱਚਿਆਂ ਦੀ ਤੜਾਗੀ ਵਿੱਚ ਰੰਗ-ਬਰੰਗੇ ਮਣਕੇ ਪਰੋਏ ਜਾਂਦੇ ਰਹੇ ਹਨ। ਹਿੰਦੂਆਂ, ਬੋਧੀਆਂ, ਸਿੱਖਾਂ ਤੇ ਹੋਰ ਧਰਮਾਂ ਦੇ ਸਾਧੂਆਂ-ਸੰਤਾਂ ਵੱਲੋਂ ਇੱਕ ਸੌ ਅੱਠ ਮਣਕਿਆਂ ਦੀ ਮਾਲ਼ਾ ਫੇਰ ਕੁਦਰਤ ਦੇ ਕਾਦਰ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਰਹਿੰਦਾ ਹੈ। ਫਿਰ ਭਲਾਂ ਇਹ ਧਾਰਮਿਕ ਲੋਕ ਵੀ ਪਲਾਂ ਵਿੱਚ ਹੀ ਗਾਨੀ ਦੇ ਮਣਕੇ ਖਿੰਡਾ ਕੇ ਖੁਸ਼ ਕਿਉਂ ਹੋਣ ਲਗਦੇ ਹਨ? ਪੰਜਾਬ ਦੀ ਆਬੋ-ਹਵਾ ਵਿੱਚ ਅੱਜ ਹੋਰ ਹੀ ਤਰ੍ਹਾਂ ਦੀਆਂ ਸਰਗੋਸ਼ੀਆਂ ਸੁਣਾਈ ਦਿੰਦੀਆਂ ਹਨ। ਕਹਿੰਦੇ ਹਨ ਕਿ ਅਮਰੀਕਾ, ਕੈਨੇਡਾ ਵਿੱਚ ਵਸਦੇ ਪੰਜਾਬੀ ਜਿਨ੍ਹਾਂ ਦੇ ਵੀਜ਼ੇ ਖ਼ਤਮ ਹੋਣ ਜਾ ਰਹੇ ਹਨ, ਉਨ੍ਹਾਂ ਦੀ ਵੱਡੀ ਗਿਣਤੀ ਨੂੰ ਡਿਪੋਰਟ ਹੋਣ ਦਾ ਡਰ ਸਤਾਉਣ ਲੱਗਿਆ ਹੋਇਆ ਹੈ। ਜੇਕਰ ਉਨ੍ਹਾਂ ਦੀ ਗਾਨੀ ਦੇ ਇਹ ਮਣਕੇ ਖਿੰਡ ਗਏ, ਉਹ ਇਨ੍ਹਾਂ ਨੂੰ ਕਿੱਦਾਂ ਚੁਗਣਗੇ ਭਲਾਂ?

ਮੇਰੇ ਫੋਨ ਦੀ ਘੰਟੀ ਖੜਕੀ। ਵੱਡੇ ਵੀਰ ਦਲੇਰ ਸਿੰਘ ਦਾ ਫੋਨ ਸੁਣਨ ਲਗਦਾ ਹਾਂ। 'ਛੋਟੇ ਭਾਈ ਅੱਜ ਕਾਂਗਰਸੀ ਆਗੂ ਜੀਰੇ ਦਾ ਭਾਸ਼ਣ ਸੁਣਿਆ? ਓਹਨੇ ਸਤਾਈ ਦੀਆਂ ਚੋਣਾਂ ਵਿੱਚ ਕਾਂਗਰਸੀ ਬਾਹੂਬਲੀਆਂ ਨੂੰ ਦੂਜੀਆਂ ਪਾਰਟੀਆਂ ਦੇ ਬਾਹੂਬਲੀਆਂ ਨਾਲ਼ ਦਸਤਪੰਜਾ ਲੈਣ ਦੀ ਮੰਗ ਰੱਖਦਿਆਂ ਕਿਹਾ, 'ਬਘੇਲ ਸਾਅਬ, ਸੁਖਬੀਰ ਬਾਦਲ ਖਿਲਾਫ ਰਾਜਾ ਵੜਿੰਗ, ਭਗਵੰਤ ਮਾਨ ਖਿਲਾਫ ਚਰਨਜੀਤ ਚੰਨੀ, ਮਜੀਠੀਆ ਖਿਲਾਫ ਪ੍ਰਤਾਪ ਸਿੰਘ ਬਾਜਵਾ ਤੇ ਅੰਮ੍ਰਿਤਪਾਲ ਸਿੰਘ ਖਿਲਾਫ ਸੁਖਜਿੰਦਰ ਸਿੰਘ ਰੰਧਾਵਾ ਨੂੰ ਚੋਣ ਲੜਾਉਣੀ ਚਾਹੀਦੀ ਐ। ਉਹਨੇ ਤਾਂ ਇੱਥੋਂ ਤੱਕ ਆਖ ਦਿੱਤੈ ਬਈ ਜੇ ਸਾਡੀ ਸਰਕਾਰ ਆਈ ਤਾਂ ਜੇਤੂ ਐਮਐਲਏਜ਼ ਦੀ ਬਜਾਏ ਹਾਰੇ ਹੋਏ ਉਮੀਦਵਾਰਾਂ ਨੂੰ ਹੀ ਚੇਅਰਮੈਨ ਬਣਾਇਆ ਜਾਵੇ। ਕੁਝ ਵੀ ਹੋਵੇ ਛੋਟੇ ਭਾਈ, ਹਾਲ ਦੀ ਘੜੀ ਤਾਂ ਇਨ੍ਹਾਂ ਦੀ ਗਾਨੀ ਟੁੱਟ ਚੁੱਕੀ ਹੈ ਤੇ ਇਹਦੇ ਮਣਕੇ ਖਿੰਡੇ ਪਏ ਹਨ। ਇਨ੍ਹਾਂ ਤੋਂ ਚੁਗੇ ਵੀ ਜਾਣਗੇ ਜਾਂ ਨਹੀਂ? ਇਹ ਰੱਬ ਈ ਜਾਣਦੈ। ਉਂ ਇਹ ਵੀ ਕੋਈ ਪਤਾ ਨਹੀਂ ਬਈ ਕਿਹੜਾ ਮਣਕਾ ਕੌਣ ਹਾਈਜੈਕ ਕਰ ਲਿਜਾਵੇ? ਬਾਪੂ ਜੀ ਤੋਂ ਆਪਾਂ ਮਹਾਂਭਾਰਤ ਦੇ ਮਹਾਰਾਜ ਸ਼ੱਲਯ ਦੀ ਕਹਾਣੀ ਸੁਣਿਆਂ ਕਰਦੇ ਸੀ ਨਾ? ਯਾਦ ਐ? ਇਹ ਮਹਾਰਾਜ ਸ਼ੱਲਯ, ਨਕੁਲ ਤੇ ਸਹਿਦੇਵ ਦਾ ਮਾਮਾ ਸੀ। ਕੌਰਵਾਂ ਨੂੰ ਲੱਗਿਆ ਬਈ ਅਸੀਂ ਸ਼ੱਲਯ ਨੂੰ ਹਾਈਜੈਕ ਕਰ ਲਿਆ। ਪਰ ਸ੍ਰੀ ਕ੍ਰਿਸ਼ਨ ਦੇ ਦਿਲ ਦੀਆਂ ਕੌਣ ਜਾਣੇ? ਸ੍ਰੀ ਕ੍ਰਿਸ਼ਨ ਤਾਂ ਖ਼ੁਦ ਜਾਣੀ ਜਾਣ ਸਨ। ਉਨ੍ਹਾਂ ਕੂਟਨੀਤੀ ਅਨੁਸਾਰ ਮਹਾਰਾਜਾ ਸ਼ੱਲਯ ਨੂੰ ਜਾਣ-ਬੁੱਝ ਕੇ ਕੌਰਵਾਂ ਕੋਲ਼ੋਂ ਹਾਈਜੈਕ ਕਰਵਾਇਆ ਤੇ ਅੱਗੇ ਜਾ ਕੇ ਇਸੇ ਨੂੰ ਅੰਗਰਾਜ ਕਰਣ ਦਾ ਸਾਰਥੀ ਨਿਯੁਕਤ ਕਰਵਾ ਕੇ ਕਰਣ ਦਾ ਐਸਾ ਮਨੋਬਲ ਡੇਗਿਆ ਕਿ ਰਹੇ ਰੱਬ ਦਾ ਨਾਂ। ਬਾਕੀ ਛੋਟੇ ਭਾਈ ਜਦੋਂ ਦੁਨੀਆਂ ਸੌਂਅ ਜਾਂਦੀ ਐ ਨਾ, ਓਸ ਵੇਲ਼ੇ ਸਿਆਸੀ ਲੋਕ ਸ਼ਤਰੰਜ ਦੀਆਂ ਗੋਟੀਆਂ ਫਿੱਟ ਕਰਨ ਵਿੱਚ ਮਸ਼ਰੂਫ ਹੁੰਦੇ ਹਨ। ਇਹ ਕਦੋਂ ਸੌਂਦੇ ਹਨ? ਮਹਾਂਭਾਰਤ ਕਾਲ ਦਾ ਪਤਾ ਨਈਂ ਅਜੋਕੇ ਸਮਿਆਂ ਵਿੱਚ ਤਾਂ ਇਨ੍ਹਾਂ ਆਪਣੀਆਂ ਮਾਡਰਨ ਗੱਡੀਆਂ ਨੂੰ ਹੀ ਸੌਣ ਕਮਰਾ ਬਣਾਇਆ ਹੁੰਦੈ।

ਊਂ ਛੋਟੇ ਭਾਈ ਹੁਣ ਦੁਨੀਆਂ ਦਾ ਤਗ ਈ ਟੁੱਟ ਗਿਆ ਲਗਦੈ। ਕਿਹੋ ਜਿਹਾ ਵਕਤ ਚੱਲ ਰਿਹੈ? ਸੋਚ ਕੇ ਮਨ ਖਰਾਬ ਹੋ ਜਾਂਦੈ। ਉਹ ਖ਼ਬਰ ਪੜ੍ਹੀ? ਕਹਿੰਦੇ ਸੋਨੀਪਤ ਦੇ ਬਿਰਧ ਆਸ਼ਰਮ ਵਿਚ ਸ਼ਿਵਚਰਨ ਨਾਮਕ ਬਜ਼ੁਰਗ ਨੇ ਜਦੋਂ ਆਖਰੀ ਸਾਹ ਲਏ ਤਾਂ ਨੇਪਾਲ, ਉੱਤਰ ਪ੍ਰਦੇਸ਼ ਤੇ ਮੁੰਬਈ ਰਹਿੰਦੀਆਂ ਓਹਦੀਆਂ ਤਿੰਨ ਸਾਧਨ ਸੰਪਨ ਧੀਆਂ ਨੇ ਵੀਡੀਓ ਕਾਲ ਜ਼ਰੀਏ ਈ ਪਿਓ ਦੇ ਸਸਕਾਰ ਦੀ ਰਸਮ ਨੂੰ ਦੇਖਣਾ ਆਪਣਾ ਫਰਜ਼ ਸਮਝਿਆ। ਕਹਿੰਦੇ ਇਹ ਬਜ਼ੁਰਗ ਮੁੰਬਈ ਦਾ ਰਹਿਣ ਵਾਲ਼ਾ ਨਾਮੀ ਟੈਕਸਟਾਈਲ ਵਪਾਰੀ ਸੀ। ਪੁੱਤ ਨਾ ਸਹੀ, ਧੀਆਂ ਦੇ ਹੁੰਦਿਆਂ-ਸੁੰਦਿਆਂ ਉਹ ਸੋਨੀਪਤ ਦੇ ਬਿਰਧ ਆਸ਼ਰਮ ਵਿੱਚ ਰਹਿ ਰਿਹਾ ਸੀ, ਜਿਸ ਨੂੰ ਆਖਰੀ ਵਾਰ ਦੇਖਣਾ ਵੀ ਧੀਆਂ ਨੇ ਮੁਨਾਸਿਬ ਨਾ ਸਮਝਿਆ। ਮੈਨੂੰ ਲਗਦੈ ਸਾਡੀ ਸਿਆਸਤ, ਧਰਮ, ਸਮਾਜ ਨੂੰ ਜੋੜੀ ਰੱਖਣ ਵਾਲ਼ੀ ਗਾਨੀ ਥੋਦੀ ਹੀ ਕੇ ਟੁੱਟ ਗਈ ਏ ਭਰਾ। ਇਸ ਮੋਰਚੋਰੀ ਇਸ ਗਾਨੀ ਦੇ ਮਣਕੇ ਖਿੰਡ ਗਏ ਹਨ। ਕੋਈ ਹੈ ਜੋ ਚੁਗ ਸਕੇ ਇਨ੍ਹਾਂ ਮਣਕਿਆਂ ਨੂੰ? ਰੱਬ ਜਾਣੇ।

ਸੰਪਰਕ : 98144-30874

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਜਾਰੀ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।


ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਕੰਕਰੀਟ 'ਚੋਂ ਕਸ਼ੀਦਿਆ ਫੁੱਲ

ਫੋ
ਕ
ਸ

## ਚਰਚਾ ਇਕ ਪੁਸਤਕ ਦੀ

**ਡਾ. ਅਮਰਜੀਤ ਸਿੰਘ ਅਰਪਨ**





## ਤਲਖ ਹਕੀਕਤਾਂ

**(ਸਵੈ-ਜੀਵਨੀ)**
**ਰਾਮ ਸਰੂਪ ਰਿਖੀ**
**ਸਫੇ-301, ਮੁੱਲ-500 ਰੁਪਏ**
**ਲੋਕਗੀਤ ਪ੍ਰਕਾਸ਼ਨ, ਮੁਹਾਲੀ**

ਰੌਲ਼ਿਆਂ ਤੋਂ ਪਹਿਲੋਂ ਭਦੌੜ ਦੀ ਧਰਤੀ 'ਤੇ ਉੱਗਿਆ ਫੁੱਲ ਰਾਮ ਸਰੂਪ ਰਿਖੀ ਜੰਮਣ ਵੇਲੇ ਮਾਰੂ ਮਾਹੌਲ 'ਚ ਪਨਪਿਆ।ਰਹਿਣ ਹਾਲਤਾਂ ਓਸ ਲਈ ਓਨੀਆਂ ਸਾਵੀਆਂ ਨਹੀਂ ਸਨ, ਜਦੋਂ ਉਹ ਪੈਦਾ ਹੋਇਆ।ਹਾਲੇ ਸੂਝ ਨਿਆਣੀ ਸੀ ਜਦੋਂ ਬਾਪੂ ਜਹਾਨੋਂ ਤੁਰ ਗਿਆ।ਬਾਪੂ ਦੇ ਜਾਣ ਨਾਲ ਉਹਦੇ ਪੈਰਾਂ ਹੇਠ ਤਪਦੀ ਰੇਤ ਖਿੱਲਰ ਗਈ, ਇਹਦੇ 'ਚੋਂ ਫੁੱਲ ਤਾਂ ਉਹਦੀ ਮੁਸ਼ੱਕਤੀ ਤਪ-ਤੇਜ਼ 'ਚੋਂ ਉੱਗਿਆ।ਬਾਪੂ ਦੇ ਬਿਰਖ ਦਾ ਸਹਾਰਾ ਟੁੱਟਣ ਨਾਲ ਪੂਰੇ ਪਰਵਾਰ 'ਤੇ ਜਿਵੇਂ ਬਿੱਜ ਪੈ ਗਈ ਹੋਵੇ; ਜਿਵੇਂ ਜੇਠ-ਹਾੜ੍ਹ ਦੀ ਪਿੰਡਾ ਲੂੰਹਦੀ ਤੱਤੀ ਲੂ ਨੇ ਘੇਰ ਲਿਆ ਹੋਵੇ।ਰਾਮ ਸਰੂਪ ਰਿਖੀ ਤਿੰਨ ਭਰਾਵਾਂ ਤੇ ਚਾਰ ਭੈਣਾਂ ਵਿੱਚੋਂ ਸਭ ਤੋਂ ਛੋਟਾ ਅਣ-ਚਾਹਿਆ ਜਿਹਾ ਸ਼ੋਹਦਾ ਬਾਲ ਸੀ; ਤੇ ਇਸ ਅਣ-ਚਾਹੇ ਸ਼ੋਹਦੇ ਦੀ ਜ਼ਿੰਦਗੀ ਬਾਪੂ ਦੇ ਜਾਣ ਤੋਂ ਜਿਵੇਂ ਲੂਸੀ ਗਈ ਹੋਵੇ।ਵੱਡੇ ਭਰਾਵਾਂ ਦੇ ਅਵੈੜ ਸੁਭਾਅ ਕਾਰਨ ਸਹਿਮਿਆ ਘਰ ਦੇ ਖੂੰਜਿਆਂ ਦਾ ਓਟ-ਆਸਰਾ ਲੈਂਦਾ ਬੇਸਹਾਰਾ ਜਿਹਾ ਸੁਰਤ ਆਈ ਤੋਂ ਮਜ਼੍ਹਬੀਆਂ ਦੇ ਅਨਾਥ ਮੁੰਡੇ ਘੜੀਚੋ ਨਾਲ ਬਾਲੜੀ ਰੁੱਤੇ ਸਾਂਝ ਲਾ ਬੈਠਾ।ਇਹ ਸਾਂਝ ਵੀ ਬਾਹਮਣਾਂ ਦਾ ਮੁੰਡਾ ਹੋਣ ਕਾਰਨ ਮਾਂ ਨੂੰ ਪਤਾ ਲੱਗਣ 'ਤੇ ਜਾਤ-ਭਿੱਟ ਦੀ ਢਏ ਚੜ੍ਹਦੀ ਗਈ।ਬਾਲ ਉਮਰੇ ਇਹ ਸਮਝ ਨਾ ਪੈਂਦੀ ਕਿ ਘੜੀਚੋ ਸੰਗ ਖੇਡਣ ਨਾਲ ਮਾਂ ਨੁਹਾਉਂਦੀ, ਕੱਪੜੇ ਧੋਂਦੀ ਤੇ ਉਹਨੂੰ ਘੜੀਚੋ ਨਾਲ ਨਾ ਖੇਡਣ ਲਈ ਤਾੜਦੀ ਕਿਉਂ ਹੈ? ਪਰ ਘੜੀਚੋ ਲੇਖਕ ਨੂੰ ਸਦਾ ਪਿਆਰਾ ਲੱਗਦਾ ਰਿਹਾ; ਸ਼ਾਇਦ ਜਾਤ-ਪਾਤ ਵਿਰੁੱਧ ਬਾਲ ਉਮਰੇ ਹੀ ਲੇਖਕ ਦੇ ਮਨ-ਮਸਤਕ ਅੰਦਰ ਇਸ ਕੈੜੇ ਮਾਹੌਲ 'ਚੋਂ ਹੀ ਕੋਈ ਬੀਜ ਬੀਜ ਅੰਕੁਰਿਤ ਹੋ ਗਿਆ ਹੋਵੇ, ਜਿਹੜਾ ਉਹਦੇ ਲਿਖੇ ਨਾਵਲਾਂ ਦੀ ਪ੍ਰਾਨ-ਸੰਗਲੀ ਸਦਾ ਲਈ ਬਣਦਾ ਰਿਹਾ।...ਬੰਦੇ ਦੀ ਹਯਾਤੀ ਉਹਦੀ ਪਰਵਰਿਸ਼ ਔਰ ਪਰਵੇਸ਼ ਤਹਿ ਕਰਦੀ ਹੈ।ਬਾਲ-ਮਨ ਦੀ ਸੁੱਚੀ-ਸਲੇਟ 'ਤੇ ਇਹ ਸੁੱਚੇ ਅੱਖਰ ਇਹਦੇ 'ਚੋਂ ਹੀ ਜੁੰਬਿਸ਼ ਲੈਂਦੇ ਨੇ। ਇਹੀ ਉਹਦਾ ਅਵਚੇਤਨ ਬਣਦਾ ਹੈ ਤੇ ਤਾਉਮਰ ਕੀਤੀ ਘਾਲਣਾ ਉਹਦੇ ਅਵਚੇਤਨ ਨੂੰ ਭੰਨਦੀ ਤਰਾਸ਼ਦੀ ਰਹਿੰਦੀ ਹੈ।...ਵੱਡੇ ਭਰਾ ਦਾ ਬਾਪੂ ਦੀ ਥਾਂ ਲੈਣਾ ਤੇ ਉਹਦਾ ਅਵੈੜੀ ਸੁਭਾਅ, ਉਹਦੇ ਸਿਰ ਪਈ ਆਰਥਿਕ ਬਿਜ ਤੇ ਪੂਰੇ ਪਰਵਾਰ ਦਾ ਅਣ-ਕਿਆਸਿਆ ਭਾਰ ਸ਼ਾਇਦ ਉਹ ਕਿਉਟਣ ਤੋਂ ਆਰੀ ਹੋਵੇ, ਓਵੇਂ ਹੀ ਦੂਜਾ ਭਰਾ ਓਸੇ ਰਾਹੀਂ ਚੱਲਿਆ।ਏਸ ਕੈੜੇ ਮਾਹੌਲ ਅੰਦਰ ਛੋਟੇ ਬਾਲਾਂ ਦੀ ਜ਼ਿੰਦਗੀ ਤਪਦੀ ਰੇਤੇ 'ਤੇ ਤਰਨ ਬਰਾਬਰ ਹੰਦੀ ਹੈ।ਇਹ ਤਪਦੀ ਰੇਤ ਰਾਮ ਸਰੂਪ ਰਿਖੀ ਦੇ ਹਿੱਸੇ ਬਾਲ ਉਮਰੇ ਅੰਗ-ਸੰਗ ਰਹੀ ਜੀਹਦੇ 'ਤੇ ਤੁਰਦਿਆਂ ਅਨੇਕਾਂ ਦੁਸ਼ਵਾਰੀਆਂ ਆਈਆਂ।ਇਹਨਾਂ ਦੁਸ਼ਵਾਰੀਆਂ ਦੇ ਕਰੜੇ ਮਾਹੌਲ ਅੰਦਰ ਇਹ ਸੂਰਮਾ ਸਾਹਿਤਕਾਰ ਮੱਥਾ ਲਾਉਂਦਾ ਰਿਹਾ, ਡਿਗਦਾ-ਢਹਿੰਦਾ ਰਿਹਾ, ਪਰ ਸਬਰ, ਸੰਤੋਖ ਤੇ ਚੜ੍ਹਦੀ ਕਲਾ ਦਾ ਪੱਲਾ ਘੁੱਟ ਕੇ ਫੜੀ ਰੱਖਣ ਕਾਰਨ ਰਿਖੀ ਹਨੇਰਿਆਂ ਨੂੰ ਚਾਨਣ ਵਿਚ ਬਦਲਦਾ ਗਿਆ।

ਰਾਮ ਸਰੂਪ ਰਿਖੀ ਦੀ ਸਵੈ-ਜੀਵਨੀ 'ਤਲਖ਼ ਹਕੀਕਤਾਂ' ਉਹਦੇ ਆਪੇ ਦਾ ਕੌੜਾ ਯਥਾਰਥ ਹੈ। ਜਦੋਂ ਬਾਲ ਨੇ ਮਾਂ ਦੀ ਗੋਦ ਅੰਦਰ ਅਨੰਦਿਤ ਹੋਣਾ ਹੁੰਦੈ; ਤੜਾਗੀ ਪਾਈ ਨਿੱਕੇ-ਨਿੱਕੇ ਕਦਮ ਪੁੱਟਦਿਆਂ ਉਂਗਲ ਦੇ ਸਹਾਰੇ ਟੁਰਨਾ ਸਿੱਖਣਾ ਹੁੰਦੈ; ਉਹ ਹੋਰ ਵੱਡਾ ਹੁੰਦਿਆਂ ਬੋਲਣਾ ਸਿਖਦੈ, ਘਰੋਂ ਸਕੂਲ ਪੜ੍ਹਨ ਦੀ ਤਿਆਰੀ ਹੁੰਦੀ ਹੈ; ਪਰ ਜਦੋਂ ਬਾਲ ਦੀ ਏਸ ਹਯਾਤੀ ਮੌਕੇ ਘਰ 'ਤੇ ਕਾਲ਼ੇ ਬੱਦਲ ਛਾਅ ਗਏ ਹੋਣ ਤਾਂ ਫਿਰ ਸੋਚੋ ਓਸ ਬਾਲ ਨਾਲ ਕੀ ਬੀਤੇਗੀ?...ਰਾਮ ਸਰੂਪ ਰਿਖੀ ਜਦੋਂ ਆਪਣੀ ਬਾਲ-ਹਯਾਤੀ ਹਾੜਦੈ ਤਾਂ ਤਲਖ਼-ਹਕੀਕਤਾਂ ਦਾ ਚਿੱਤਰ-ਪੱਟ ਉਹਦੇ ਸਾਹਮਣੇ ਘੁੰਮਣ ਲੱਗ ਜਾਂਦੈ। ਸਾਰੇ ਭੈਣ ਭਰਾਵਾਂ 'ਚੋਂ ਛੋਟਾ ਹੋਣ ਕਾਰਨ ਆਪਣੀ ਬਾਲ-ਹਯਾਤੀ 'ਤੇ ਝੋਰਾ ਕਰਦਿਆਂ ਪਾਠਕਾਂ ਦੀ ਕਲਪਨਾ 'ਤੇ ਵਿਅੰਗ ਕਰਦਾ ਰਿਖੀ ਲਿਖਦੈ ਕਿ-

'ਪਾਠਕ ਵੀਰ ਕਲਪਨਾ ਕਰ ਸਕਦੇ ਹਨ ਕਿ ਮੈਨੂੰ ਵੱਡੇ ਭੈਣ-ਭਰਾਵਾਂ ਨੇ ਬੜੀਆਂ ਰੀਝਾਂ ਨਾਲ ਚੁੱਕ-ਚੁੱਕ ਖਿਡਾਇਆ ਹੋਵੇਗਾ। ਨਹੀਂ-ਓ-ਭੋਲਿਓ! ਸੱਤਵਾਂ ਬੱਚਾ, ਬੁੱਢੇ ਵਾਰੀ ਦਾ ਆਖਰੀ ਜਾਅ, ਅਣ-ਵਾਂਛਿਤ ਹੁੰਦਾ ਹੈ, ਖਾਸਕਰ ਰੂੜ੍ਹੀਵਾਦੀ ਹਿੰਦੂ ਪਰਵਾਰਾਂ ਵਿਚ।'

ਆਪਣੀਆਂ ਕੌੜੀਆਂ ਸਿਮਰਤੀਆਂ ਨੂੰ ਯਾਦ ਕਰਦਿਆਂ ਰਿਖੀ ਅੱਗੇ ਲਿਖਦੈ-

'ਮਾਂ ਨੇ ਜਦ ਵੀ ਝਿੜਕਿਆ 'ਨਿੱਜ-ਜੰਮਿਆ ਜਾਂ 'ਤੇਰੀ ਮਿੱਟੀ ਬਲ ਜਾਣੇ' ਆਖ ਕੇ ਝਿੜਕਿਆ, ਪਰ ਦੁਰਕਾਰਿਆ ਕਦੀ ਵੀ ਨਹੀਂ।'

ਦਰਅਸਲ ਜਦੋਂ ਵੀ ਸਾਹਿਤਕਾਰ ਆਪਣੀ ਹਯਾਤੀ ਬਾਰੇ ਲਿਖਦੈ ਤਾਂ ਉਹਦੇ ਅੰਦਰ ਕੇਵਲ ਉਹਦਾ ਆਪਾ ਹੀ ਨਹੀਂ ਹੁੰਦਾ, ਬਲਕਿ ਸਮਾਜ ਦੇ ਆਰਥਿਕ-ਸਮਾਜਿਕ ਢਾਂਚੇ ਦੇ ਭਾਰੂ ਤੱਤਾਂ ਦੇ ਨਾਲ-ਨਾਲ ਸੱਭਿਆਚਾਰਕ ਪਰਤਾਂ ਦੀਆਂ ਮਹੀਨ ਤੰਦਾਂ ਵੀ ਅਛੋਪਲੇ ਜਿਹੇ ਚਿਤਰਿਤ ਹੋ ਰਹੀਆਂ ਹੁੰਦੀਆਂ ਨੇ। ਵਿਧਵਾ ਮਾਂ ਦੇ ਸਿਰ ਪੂਰੇ ਪਰਵਾਰ ਦਾ ਭਾਰ, ਉਦਰ ਪੂਰਤੀ ਦੀ ਸਮੱਸਿਆ, ਨਿੱਕੇ ਜੰਮੇ ਬਾਲ ਦੀ ਪਰਵਰਿਸ਼ ਵੀ ਤੇ 'ਨਿੱਜ-ਜੰਮੇ' ਦੀ ਝਿੜਕ ਵੀ ਤੇ ਨਾਲ-ਨਾਲ ਮਾਂ ਦੀ ਮਮਤਾ ਵੀ। ਮਾਂ ਉਹਨੂੰ ਗੋਦ ਵੀ ਲੈਂਦੀ ਹੈ ਤੇ ਉਹਨੂੰ ਪੜ੍ਹਾਉਣਾ ਵੀ ਚਾਹੁੰਦੀ ਹੈ।ਮਾਂ ਨੇ ਪੜ੍ਹਨ ਲਈ ਭਾਈ ਚੰਦ ਸਿੰਘ ਨਾਲ ਲਾਇਆ, ਪਰ ਉਹ ਪੜ੍ਹਾਉਣ ਦੀ ਬਜਾਇ ਕੰਮ ਲਾਈ ਰੱਖਦਾ। ਇਹੀ ਹਾਲ ਸ਼ਿਵਾਲੇ ਦੇ ਬ੍ਰਹਮਚਾਰੀ ਨੇ ਕੀਤਾ।ਸੰਸਕ੍ਰਿਤ ਪੜ੍ਹਾਉਣ ਦੀ ਬਜਾਇ ਮੰਦਰ ਦੇ ਫਰਸ਼ ਧੋਣ, ਮੂਰਤੀਆਂ ਦਾ ਇਸ਼ਨਾਨ ਕਰਾਉਣ 'ਤੇ ਹੀ ਲਾਈ ਰੱਖਦਾ।ਕਦੀ ਬ੍ਰਹਮਚਾਰੀ ਦੀ ਚਿਲਮ ਭਰਨ ਤੇ ਕਦੀ ਮੁੱਠੀ-ਚਾਪੀ ਦੀ ਵਗਾਰ, ਇਹ ਹਾਲ ਸੀ ਏਸ ਬਾਲ ਦੀ ਬਾਲ-ਉਮਰੇ ਦੀ ਹਯਾਤੀ, ਜੀਹਨੇ ਏਸ 'ਮਿੱਟੀ-ਜਲੀ' ਵਿੱਚੋਂ ਫੁੱਲ ਬਣ ਕੇ ਬਾਅਦ ਖੁਸ਼ਬੋਈ ਖਲੇਰੀ।..ਜਦੋਂ ਇਸ ਬਾਲ ਅੰਦਰੋਂ ਕਲੀ ਫੁੱਟਣ 'ਤੇ ਜ਼ੋਰ ਮਾਰ ਰਹੀ ਹੋਵੇ ਤਾਂ ਇਹ ਬਾਲ ਤੁਰਦਾ-ਫਿਰਦਾ ਹੀ ਦੂਜੇ ਬਾਲਾਂ ਸੰਗ ਸਕੂਲੇ ਜਾ ਵੜਿਆ।ਰਿਖੀ ਆਪਣੀ ਬਾਲ-ਅਵਸਥਾ ਬਾਰੇ ਲਿਖਦੈ-

'ਪ੍ਰਾਰਥਨਾ ਖਤਮ ਹੋਈ ਮੁੰਡਿਆਂ ਦੇ ਨਾਲ ਹੀ ਪਹਿਲੀ, ਕੱਚੀ-ਪੱਕੀ ਜਮਾਤ ਵਿਚ ਬੈਠ ਗਿਆ।ਮਾਸਟਰ ਜੀ ਨੇ ਕੁਰਸੀ 'ਤੇ ਬੈਠ ਕੇ ੳ, ਅ ਕਹਾਉਣਾ ਸ਼ੁਰੂ ਕਰ ਦਿੱਤਾ।ਮੈਂ ਹੈਰਾਨ ਹੋਇਆ ਕਦੇ ਮਾਸਟਰ ਜੀ ਵੱਲ ਤੇ ਕਦੀ ਮੁੰਡਿਆਂ ਵੱਲ ਵੇਖਦਾ ਰਿਹਾ।'

ਕਮਾਲ ਇਹ ਕਿ ਇਹ ਅਣ-ਚਾਹਿਆ ਬਾਲ ਅਣਜਾਣੇ 'ਚ ਸਕੂਲੇ 'ੳ-ਅ' ਦੀ ਅਜਿਹੀ ਮੁਹਾਰਨੀ ਕੰਨਾਂ ਨਾਲ ਸੁਣੀ ਕਿ ਬਾਅਦ 'ਚ ਪੜ੍ਹ-ਲਿਖ ਕੇ ਵੱਡਾ ਨਾਵਲਕਾਰ ਹੀ ਨਹੀਂ ਬਣਿਆ, ਬਲਕਿ ਇਕ ਸਫ਼ਲ ਅਧਿਆਪਕ ਤੇ ਅਧਿਆਪਕ ਯੂਨੀਅਨ ਦਾ ਵੱਡਾ ਲੀਡਰ ਵੀ ਬਣਿਆ; ਉਵੇਂ ਜਿਵੇਂ ਜਿਸ ਤਰ੍ਹਾਂ ਵਿਰਾਨ ਥਾਵੇਂ ਕੰਕਰੀਟ 'ਚ ਉੱਗੇ ਐਸੇ ਫੁੱਲ ਨੇ, ਜਿਸ ਨੇ ਆਪਣੀ ਖੁਸ਼ਬੋਈ ਸਦਕਾ ਦੂਰ-ਦੂਰ ਤੱਕ ਮਹਿਕ ਖਿਲਾਰੀ ਹੋਵੇ।

ਭਦੌੜ ਦਾ ਸਰੂਪਾ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਦਾ ਝੰਬਿਆ ਜਿਵੇਂ-ਕਿਵੇਂ ਦਸਵੀਂ ਤੱਕ ਉੱਪੜ ਗਿਆ।...ਭੱਠੀ 'ਚ ਤਪਿਆ ਲੋਹਾ ਐਨਾ ਨਰਮ ਹੋ ਜਾਂਦੈ, ਫੇਰ ਉਸ ਨੂੰ ਜੋ ਮਰਜ਼ੀ ਦਾ ਆਕਾਰ ਦੇ ਦਿਓ। ਨਰਮ ਔਰ ਸਖ਼ਤੀ ਦਾ ਮਿਜ਼ਾਜ਼ ਬੰਦੇ ਦੀਆਂ ਤਲਖ਼ ਹਕੀਕਤਾਂ ਤਹਿ ਕਰਦੀਆਂ ਨੇ।ਤਲਖ਼ ਹਕੀਕਤਾਂ ਦੀ ਭੱਠੀ 'ਚ ਪਏ ਲੇਖਕ ਨੇ ਦਸਵੀਂ ਜਿਵੇਂ ਕੀਤੀ, ਇਹ ਤਾਂ ਉਹਨੂੰ ਹੀ ਪਤੈ। ਸਵੈ-ਜੀਵਨੀ 'ਚ ਜ਼ਿਕਰ ਤਾਂ 'ਟਿੱਪ ਆਫ਼ ਦਾ ਆਈਸਬਰਗ' ਵਰਗਾ ਹੁੰਦੈ, ਮਤਲਬ ਕਿ ਸਮੁੰਦਰ 'ਚ ਵਿਸ਼ਾਲਕਾਈ ਬਰਫ਼ ਦੇ ਉਸ ਤੋਦੇ ਵਰਗਾ, ਜਿਹੜਾ ਉਪਰੋਂ ਥੋੜ੍ਹਾ ਜਿਹਾ ਹੀ ਦਿਸਦੈ, ਪਰ ਸਮੁੰਦਰ ਦੇ ਪਾਣੀ ਅੰਦਰ ਵੱਡ-ਆਕਾਰੀ ਹੁੰਦੈ। ਬੰਦੇ ਦੀ ਹਯਾਤੀ ਵੀ ਗਮੀਆਂ-ਖੁਸ਼ੀਆਂ ਦੀ ਵਡੇਰੀ ਪੰਡ ਹੀ ਹੁੰਦੀ ਏ, ਪੇਸ਼ਕਾਰੀ ਤਾਂ ਬਸ ਲੱਪ ਕੁ ਜਿੰਨੀ ਹੀ ਹੁੰਦੀ ਏ।...ਛੇਵੀਂ ਜਦੋਂ ਉਹ ਚੜ੍ਹਿਆ, ਨਾ ਬਾਲ ਕੋਲ ਕੋਈ ਕਾਪੀ ਨਾ ਕਿਤਾਬ।ਸਬੱਬ ਇਹ ਬਣਿਆ ਕਿ ਭਦੌੜ ਸ਼ਹਿਰ ਅੰਦਰ ਗੋਰੇ ਲਾਲ ਦੀ ਕਾਪੀਆਂ-ਕਿਤਾਬਾਂ ਦੀ ਦੁਕਾਨ ਨੂੰ ਅੱਗ ਲੱਗ ਗਈ।ਅੱਗ ਬੁਝਾਉਣ ਉਪਰੰਤ ਉਹਨਾਂ ਕਾਪੀਆਂ-ਕਿਤਾਬਾਂ ਤੇ ਹੋਰ ਬਹੁਤ ਕੁੱਝ ਅੱਧ-ਜਲਿਆ ਵਿਰਾਨ 'ਚ ਸੁੱਟ ਦਿੱਤਾ, ਜਿਸ ਨੂੰ ਇਹ ਬਾਲ ਖ਼ਰਾਬ ਹੋ ਚੁੱਕੀਆਂ ਕਾਪੀਆਂ-ਕਿਤਾਬਾਂ ਗੱਟਾ ਭਰ ਕੇ ਚੁੱਕ ਕੇ ਘਰ ਲੈ ਆਇਆ, ਜਿਸ ਨੂੰ ਉਹ ਅੱਠਵੀਂ ਜਮਾਤ ਤੱਕ ਵਰਤਦਾ ਰਿਹਾ।...ਕਿਵੇਂ ਬੰਦੇ ਅੰਦਰ ਮਾੜੇ ਹਾਲਾਤ ਵਿੱਚੋਂ ਸਬਰ-ਸੰਤੋਖ ਤੇ ਨਿਸ਼ਠਾ ਜਨਮ ਲੈਂਦੀ ਹੈ।ਅਗਰ ਇਹ ਗੁਣ ਬੰਦੇ ਅੰਦਰ ਆ ਜਾਣ ਤਾਂ ਜ਼ਿੰਦਗੀ ਦਾ ਗੁਣੀਆ ਸੇਧੇ ਤੁਰਿਆ ਜਾਂਦੈ। ਐਸੇ ਪ੍ਰਾਣੀ ਨੂੰ ਜ਼ਿੰਦਗੀ ਮੌਕੇ ਦਿੰਦੀ ਹੈ, ਵਿਰਲਾਂ ਦਿੰਦੀ ਹੈ, 'ਉਦਮ ਅੱਗੇ ਲੱਛਮੀ, ਪੱਖੇ ਅੱਗੇ ਪੌਣ' ਅਖਾਣ ਉਹਦਾ ਰਾਹ ਦਰਸਾਵਾ ਬਣ ਜਾਂਦੈ।..ਰਿਖੀ ਨੇ ਵੀ ਸੂਤਰ ਇਹੀ ਅਖ਼ਤਿਆਰ ਕੀਤਾ।ਰਾਹ ਵਿੱਚ ਪਏ ਕੰਡੇ ਸਬਰ, ਸੰਤੋਖ ਤੇ ਨਿਸ਼ਠਾ ਅੱਗੇ ਹਾਰ ਮੰਨ ਗਏ।ਰਾਹ ਦੇ ਇਹਨਾਂ ਕੰਡਿਆਂ ਨੂੰ ਹੂੰਝਦਾ ਨਿਸ਼ਾਨੇ ਵੱਲ ਵਧਦਾ ਉਹ ਦਸਵੀਂ ਕਰ ਗਿਆ।ਦਸਵੀਂ ਤੋਂ ਬਾਅਦ ਜੇ ਬੀ ਟੀ ਲਈ ਦਾਖਲੇ ਲਈ ਫੀਸ ਪਹਾੜ ਬਣ ਖਲੋ ਗਈ।ਇਹ ਪਹਾੜ ਪਾਰ ਕਰਨ ਲਈ ਭਰਾ ਤੋਂ ਕਰਜ਼ਾ ਲਿਆ।ਨੌਕਰੀ ਲੱਗੀ ਤੋਂ ਭਰਾ ਨੂੰ ਸੱਤਰ ਰੁਪਏ ਮਹੀਨੇ ਦੇਣ ਦਾ ਅਹਿਦ ਕੀਤਾ।ਜੇ ਬੀ ਟੀ ਦੌਰਾਨ ਖਰਚਾ ਪੂਰਾ ਨਾ ਹੋਣ ਕਾਰਨ ਰੇਲਵੇ ਸਟੇਸ਼ਨ 'ਤੇ ਬੋਰੀਆਂ ਵੀ ਢੋਈਆਂ, ਟਿਊਸ਼ਨਾਂ ਵੀ ਪੜ੍ਹਾਈਆਂ ਤੇ ਫੇਰ ਜਾ ਕੇ ਜੇ ਬੀ ਟੀ ਕਰਨ ਉਪਰੰਤ ਨੌਕਰੀ ਲੱਗਣ 'ਤੇ ਕੁੱਝ ਕੁ 'ਸੁੱਖ ਦਾ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸਮਕਾਲੀ ਪੰਜਾਬੀ ਆਲੋਚਨਾ ਤੇ ਚਿੰਤਨ ਦਾ ਦ੍ਰਿਸ਼ ਪੇਸ਼ ਕਰਦੀਆਂ ਕਿਤਾਬਾਂ


## ਸਾਹਿਤ ਚਿੰਤਨ

**ਡਾ. ਸੁਖਪਾਲ ਕੌਰ ਸਮਰਾਲਾ**
ਸੰਪਰਕ : 97797-18007

## ਪੰਜਾਬੀ ਕਹਾਣੀ : ਮਲਵਈ ਪਿਛੋਕੜ ਅਤੇ ਨਵੀਨ ਦ੍ਰਿਸ਼ਟੀ

**ਡਾ. ਮਨਪ੍ਰੀਤ ਕੌਰ**
**ਸਫ਼ੇ : 308, ਮੁੱਲ : 495 ਰੁਪਏ**
**ਸੁਮਿਤ ਪ੍ਰਕਾਸ਼ਨ, ਲੁਧਿਆਣਾ**

ਮਲਵਈ ਆਂਚਲਿਕਤਾ ਦਾ ਪੰਜਾਬੀ ਕਹਾਣੀ ਵਿੱਚ ਗੂੜ੍ਹਾ ਰੰਗ ਦੇਖਣ ਨੂੰ ਮਿਲਦਾ ਹੈ। ਡਾ. ਮਨਪ੍ਰੀਤ ਕੌਰ ਨੇ ਮਲਵਈ ਆਂਚਲਿਕਤਾ ਨੂੰ ਆਪਣੀ ਕਹਾਣੀਆਂ ਵਿੱਚ ਪੇਸ਼ ਕਰਨ ਵਾਲੇ ਪ੍ਰਸਿੱਧ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ, ਮੋਹਨ ਭੰਡਾਰੀ ਤੇ ਗੁਰਦੇਵ ਸਿੰਘ ਰੁਪਾਣਾ ਦੀਆਂ ਕਹਾਣੀਆਂ ਦੇ ਅਧਾਰ ਉੱਤੇ ਮਲਵਈ ਸੱਭਿਆਚਾਰਕ ਰੂਪਾਂਤਰਣ ਦੇ ਸੰਦਰਭ ਵਿੱਚ ਵਿਸ਼ਲੇਸ਼ਣ ਕੀਤਾ ਹੈ। ਡਾ. ਗੁਰਇਕਬਾਲ ਨੇ ਪੁਸਤਕ ਨਾਲ ਪਛਾਣ ਕਰਵਾਈ ਹੈ। ਕਿਤਾਬ ਦਾ ਸਿਧਾਂਤਕ ਚੈਪਟਰ 'ਸੱਭਿਆਚਾਰ, ਮਲਵਈ ਸੱਭਿਆਚਾਰ ਰੂਪਾਂਤਰਣ : ਸਿਧਾਂਤਕ ਪਰਿਪੇਖ' ਅਹਿਮ ਹੈ। ਜਿਸ ਵਿੱਚ ਸੱਭਿਆਚਾਰ ਨੂੰ ਵਿਦਵਾਨਾਂ ਦੇ ਹਵਾਲਿਆਂ ਨਾਲ ਸਮਝਿਆ ਹੈ। ਅੱਗੇ ਉਸ ਨੇ ਪਰਿਭਾਸ਼ਾ, ਸਰੂਪ, ਸੰਕਲਪ, ਸੱਭਿਆਚਾਰਕ ਰੂਪਾਂਤਰ ਦੇ ਸਮਾਜਿਕ, ਆਰਥਿਕ, ਰਾਜਨੀਤਿਕ, ਭੂਗੋਲਿਕ ਪਾਸਾਰਾਂ ਦਾ ਅਧਿਐਨ ਕੀਤਾ ਹੈ। ਕਿਤਾਬ ਦੇ ਤਿੰਨ ਚੈਪਟਰਾਂ ਵਿੱਚ ਤਿੰਨੋਂ ਕਹਾਣੀਕਾਰਾਂ ਦੀਆਂ ਕਹਾਣੀਆਂ ਦੇ ਹਵਾਲਿਆਂ ਨਾਲ ਮਲਵਈ ਸੱਭਿਆਚਾਰ ਦੀ ਪੇਸ਼ਕਾਰੀ ਨੂੰ ਸਮਝਿਆ ਗਿਆ ਹੈ। ਇਹ ਕਹਾਣੀਕਾਰ ਸੱਭਿਆਚਾਰ ਦੀਆਂ ਕਦਰਾਂ-ਕੀਮਤਾਂ ਕਿਸ ਤਰ੍ਹਾਂ ਦੀਆਂ ਪੇਸ਼ ਕਰਦੇ ਹਨ। ਉਨ੍ਹਾਂ ਦਾ ਰਿਸ਼ਤਾ-ਨਾਤਾ ਪ੍ਰਬੰਧ ਕਿਵੇਂ ਕਹਾਣੀਆਂ ਵਿੱਚ ਪੇਸ਼ ਹੁੰਦਾ ਹੈ ਅਤੇ ਉਹ ਸੱਭਿਆਚਾਰਕ ਪੈਟਰਨ ਦਾ ਪ੍ਰਗਟਾਵਾ ਕਰਨ ਲਈ ਕਿਸ ਤਰ੍ਹਾਂ ਦੀਆਂ ਜੁਗਤਾਂ ਤੇ ਵਿਧੀ ਵਿਧਾਨ ਵਰਤਦੇ ਹਨ। ਤਿੰਨੋਂ ਕਹਾਣੀਕਾਰਾਂ ਦੇ ਪਾਤਰਾਂ ਦਾ ਵਰਤਾਓ, ਸੰਵਾਦ ਵਿੱਚ ਮੁਹਾਵਰਾ ਵਿਧੀ ਵਿਧਾਨ ਤੇ ਸੰਵਾਦੀ ਸ਼ੈਲੀ ਨੂੰ ਪੁਸਤਕ ਵਿੱਚ ਸਮਝਿਆ ਗਿਆ ਹੈ। 'ਪੰਜਾਬੀ ਕਹਾਣੀ ਅਤੇ ਮਲਵਈ ਪੰਜਾਬੀ ਕਹਾਣੀ : ਮੁੱਲ ਅਤੇ ਮੁਲਾਂਕਣ' ਲੇਖ 'ਚ ਸਮੁੱਚੇ ਪੰਜਾਬੀ ਕਹਾਣੀਕਾਰਾਂ ਦੇ ਪ੍ਰਸੰਗ ਵਿੱਚ ਇਨ੍ਹਾਂ ਮਲਵਈ ਕਹਾਣੀਕਾਰਾਂ ਦੀ ਵਿਲੱਖਣਤਾ ਤੇ ਪੇਸ਼ਕਾਰੀ ਵਜੋਂ ਸਥਾਨ ਨਿਰਧਾਰਤ ਕੀਤਾ ਹੈ। ਅੰਤ ਵਿੱਚ ਇਸ ਸਮੁੱਚੀ ਖੋਜ ਵਿੱਚ ਮਨਪ੍ਰੀਤ ਕੌਰ ਨੇ ਕੁੱਝ ਸਿੱਟੇ ਕੱਢੇ ਹਨ। ਕਹਾਣੀ ਦਾ ਚੰਗੇ ਤਰੀਕੇ ਨਾਲ ਵਿਸ਼ਲੇਸ਼ਣ ਕੀਤਾ ਗਿਆ ਹੈ।




## ਸੂਰਮਗਤੀ ਨਾਲ ਸੰਬੰਧਤ ਕਿੱਸਾ ਕਾਵਿ ਦਾ ਅਧਿਐਨ

**(ਸਾਮੰਤਵਾਦੀ ਵਿਵਸਥਾ ਦੇ ਪ੍ਰਸੰਗ ਵਿੱਚ)**
**ਡਾ. ਸਰਬਜੀਤ ਕੌਰ**
**ਸਫ਼ੇ : 273, ਮੁੱਲ : 495 ਰੁਪਏ**
**ਲੋਕਗੀਤ ਪ੍ਰਕਾਸ਼ਨ, ਮੁਹਾਲੀ**

ਹੱਥਲੀ ਆਲੋਚਨਾ ਪੁਸਤਕ ਵਿੱਚ ਡਾ. ਸਰਬਜੀਤ ਨੇ ਕਿੱਸਾ ਕਾਵਿ 'ਤੇ ਬਹੁਤ ਸਾਰਥਕ ਕਾਰਜ ਕੀਤਾ ਹੈ। ਵਿਸ਼ਲੇਸ਼ਣਕਾਰ ਨੇ ਜਿਊਣਾ ਮੌੜ, ਦੁੱਲਾ ਭੱਟੀ ਤੇ ਸੁੱਚਾ ਸਿੰਘ ਸੂਰਮਾ ਦੇ ਸੰਦਰਭ 'ਚ ਸੂਰਮਗਤੀ ਦੇ ਸੰਕਲਪ ਦਾ ਵਿਸ਼ਲੇਸ਼ਣ ਕੀਤਾ ਹੈ। ਇਨ੍ਹਾਂ ਕਿੱਸਿਆਂ ਦੇ ਨਾਇਕਾਂ ਦਾ ਵਿਸ਼ਲੇਸ਼ਣ ਕਰਦਿਆਂ ਵਿਆਖਿਆਕਾਰ ਨੇ ਨਾਇਕ ਦੇ ਸਵੈਮਾਨ ਤੇ ਅਣਖ ਦੀ ਪੜਚੋਲ ਕੀਤੀ ਹੈ। ਪੜਚੋਲ ਲਈ ਉਸ ਨੇ ਸੂਰਮਗਤੀ ਦੇ ਟੂਲ ਨੂੰ ਅਧਾਰ ਬਣਾਇਆ ਹੈ। ਕਿਤਾਬ ਵਿੱਚ ਸੂਰਮਗਤੀ ਦੇ ਸੰਕਲਪ ਦੀ ਵਿਆਖਿਆ ਮਿਲਦੀ ਹੈ। ਉਪਰੰਤ ਕਿੱਸਿਆਂ ਦਾ ਵਰਗੀਕਰਣ, ਜਿਊਣਾ ਮੌੜ ਨਾਲ ਸੰਬੰਧਤ ਕਿੱਸਿਆਂ ਵਿੱਚ ਸੂਰਮਗਤੀ ਦਾ ਸਰੂਪ ਦੁੱਲਾ ਭੱਟੀ ਤੇ ਸੁੱਚਾ ਸਿੰਘ ਸੂਰਮਾ ਦੇ ਕਿੱਸਿਆਂ 'ਚ ਸੂਰਮਗਤੀ ਦੇ ਸਰੂਪ ਦੀ ਪੜਚੋਲ ਕੀਤੀ ਹੈ। ਅੰਤਲੇ ਲੇਖ 'ਚ ਸਮੁੱਚੇ ਕਿੱਸਿਆਂ ਦੇ ਸੰਦਰਭ 'ਚ ਸੂਰਮਗਤੀ ਦੇ ਪ੍ਰਤਿਮਾਨ ਨੂੰ ਉਭਾਰਿਆ ਹੈ। ਸਰਬਜੀਤ ਨੇ ਮੱਧਕਾਲ ਦੇ ਕਿੱਸਾ ਕਾਵਿ ਦੇ ਨਾਇਕਾਂ ਦੀ ਸੂਰਮਗਤੀ ਨੂੰ ਤੱਥਾਂ ਤੇ ਤਰਕ ਨਾਲ ਉਭਾਰਿਆ ਹੈ। ਕਿੱਸਾ ਕਾਵਿ ਉੱਤੇ ਢੇਰਾਂ ਦਾ ਢੇਰ ਖੋਜ ਦਾ ਕਾਰਜ ਹੋ ਚੁੱਕਾ ਹੈ। ਇਹ ਪੁਸਤਕ ਗਿਣਾਤਮਿਕ ਵਾਧਾ ਕਰਦੀ ਹੈ।



## ਪੰਜਾਬੀ ਦਲਿਤ ਕਹਾਣੀ ਦ੍ਰਿਸ਼ ਤੇ ਦ੍ਰਿਸ਼ਟੀ

**ਸੰਪਾਦਕ : ਡਾ. ਨਵਜੋਤ ਕੌਰ**
**ਸਫੇ : 160, ਮੁੱਲ : 395 ਰੁਪਏ**
**ਯੂਨੀਸਟਾਰ ਬੁੱਕਸ, ਮੁਹਾਲੀ**

ਡਾ. ਨਵਜੋਤ ਕੌਰ ਪਿਛਲੇ ਸਮੇਂ ਤੋਂ ਪੰਜਾਬੀ ਕਹਾਣੀ 'ਤੇ ਖੋਜ ਕਾਰਜ ਕਰ ਰਹੀ ਹੈ। ਹੱਥਲੀ ਪੁਸਤਕ ਵਿੱਚ ਪ੍ਰਸਿੱਧ ਕਹਾਣੀਕਾਰਾਂ ਦੀਆਂ ਦਲਿਤ ਸਮਾਜ ਬਾਰੇ ਵੱਖ-ਵੱਖ ਕਹਾਣੀਆਂ ਨੂੰ ਲੈ ਕੇ ਉਨ੍ਹਾਂ ਦਾ ਵਿਸ਼ਲੇਸ਼ਣ ਨੌਜਵਾਨ ਅਲੋਚਕਾਂ ਕੋਲੋਂ ਕਰਵਾ ਕੇ ਕੁਝ ਅਛੂਤੀਆਂ ਧਾਰਨਾਵਾਂ ਪੇਸ਼ ਕੀਤੀਆਂ ਹਨ। ਪੁਸਤਕ ਵਿੱਚ 32 ਕਹਾਣੀਆਂ ਦਾ 16 ਨਵੇਂ ਆਲੋਚਕਾਂ ਕੋਲੋਂ ਵਿਸ਼ਲੇਸ਼ਣ ਵਿਧੀ ਨਾਲ ਖੋਜ ਕਾਰਜ ਕਰਵਾਇਆ ਹੈ। ਪੁਸਤਕ ਵਿੱਚ ਡਾ. ਅਮਨਦੀਪ ਕੌਰ, ਡਾ. ਸ਼ਰਨਜੀਤ ਕੌਰ, ਡਾ. ਸੁਖਬੀਰ ਕੌਰ, ਡਾ. ਕੰਵਲਜੀਤ ਕੌਰ, ਡਾ. ਗੁਰਸ਼ਰਨ ਸਿੰਘ, ਡਾ. ਕਾਰਜ ਸਿੰਘ, ਡਾ. ਕਿਰਨਪ੍ਰੀਤ ਕੌਰ, ਡਾ. ਨਵਜੋਤ ਕੌਰ, ਡਾ. ਪਲਵਿੰਦਰ ਕੌਰ ਰੰਧਾਵਾ, ਡਾ. ਨਵਦੀਪ ਕੌਰ, ਡਾ. ਪਰਮਜੀਤ ਕੌਰ, ਪ੍ਰੋ. ਮਨਦੀਪ ਕੌਰ, ਡਾ. ਪ੍ਰੀਤੀ, ਡਾ. ਜਸਬੀਰ ਸਿੰਘ, ਪ੍ਰੋ. ਬੇਅੰਤ ਸਿੰਘ, ਪ੍ਰੋ. ਰਮਨਦੀਪ ਕੌਰ ਨੇ ਦੋ-ਦੋ ਦਲਿਤ ਜੀਵਨ ਦੀਆਂ ਕਹਾਣੀਆਂ ਦਾ ਵਿਆਖਿਆ ਮੂਲਕ ਅਧਿਐਨ ਕੀਤਾ ਹੈ। ਹਰ ਇਕ ਨੇ ਦੋ-ਦੋ ਕਹਾਣੀਆਂ ਦਾ ਵਿਸ਼ਲੇਸ਼ਣ ਆਪਣੇ-ਆਪਣੇ ਲੇਖ ਵਿੱਚ ਕੀਤਾ ਹੈ। ਇਹ ਤੁਲਨਾਤਮਿਕ ਅਧਿਐਨ ਨਹੀਂ। ਵਿਸ਼ਾ ਪੱਖ ਤੇ ਤੱਤ ਸਾਰ ਹਵਾਲਿਆਂ ਨਾਲ ਪੇਸ਼ ਕੀਤਾ ਹੈ। ਨਵ ਪ੍ਰਤਿਭਾ ਆਲੋਚਕਾਂ ਨੇ ਆਪਣੀ ਸਮਝ ਨਾਲ ਬਣਾਈਆਂ ਧਾਰਨਾਵਾਂ ਨਾਲ ਵਿਸ਼ਲੇਸ਼ਣ ਕਰਦਿਆਂ ਕਹਾਣੀ ਦੇ ਮੂਲ ਪਾਠ ਦੇ ਕੁਝ ਨਵੇਂ ਪਸਾਰ ਖੋਜਣ ਦਾ ਉਪਰਾਲਾ ਕੀਤਾ ਹੈ। ਇਨ੍ਹਾਂ ਕੋਲ ਨਵੀਆਂ ਅਧਿਐਨ ਵਿਧੀਆਂ ਵੀ ਹਨ। ਹਰ ਕਹਾਣੀ ਦੀ ਮੂਲ ਟੈਕਸਟ ਨੂੰ ਹਰ ਲਿਖਤ ਵਿੱਚ ਅੱਛੇ ਤਰੀਕੇ ਨਾਲ ਸਮਝਿਆ ਗਿਆ ਹੈ। ਅਜਿਹੇ ਯਤਨ ਹੁੰਦੇ ਰਹਿਣੇ ਚਾਹੀਦੇ ਹਨ।




## ਨਵੇਂ ਨਕਸ਼ : ਇਤਿਹਾਸਮੂਲਕ ਪ੍ਰਵਚਨ

**ਜਸਬੀਰ ਕਲਸੀ**
**ਸਫ਼ੇ : 183, ਮੁੱਲ : 350 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਜਸਬੀਰ ਕਲਸੀ ਮੁੱਖ ਰੂਪ 'ਚ ਕਹਾਣੀਕਾਰ ਹੈ। ਉਸ ਨੇ ਸਮੇਂ-ਸਮੇਂ ਕਹਾਣੀ ਬਾਰੇ ਸਮੀਖਿਆ ਲੇਖ, ਟਿੱਪਣੀਆਂ ਵੀ ਕੀਤੀਆਂ ਹਨ। ਹੱਥਲੀ ਪੁਸਤਕ 'ਚ ਉਸ ਨੇ ਪੰਜਾਬੀ ਕਹਾਣੀ ਦਾ ਪੰਜਵਾਂ ਪੜਾਅ ਜਾਂ ਪੀੜ੍ਹੀ ਦੀਆਂ ਕਹਾਣੀਆਂ ਬਾਰੇ ਆਪਣੀ ਸਮਰੱਥਾ ਨਾਲ ਕੁਝ ਧਾਰਨਾਵਾਂ ਦਿੱਤੀਆਂ ਹਨ। ਕਿਤਾਬ 'ਚ ਕਹਾਣੀਆਂ ਬਾਰੇ ਅੰਕੜੇ ਬਹੁਤ ਇਕੱਠੇ ਕੀਤੇ ਹਨ। ਉਸ ਦੀ ਆਲੋਚਨਾ ਭਾਵੇਂ ਵਿਆਖਿਆ ਮੂਲਕ ਹੈ, ਪ੍ਰੰਤੂ ਉਸ ਨੇ ਕੁਝ ਵਿਚਾਰਨਯੋਗ ਸਾਰਥਕ ਨੁਕਤੇ ਉਭਾਰਨ ਦਾ ਪੂਰਾ ਯਤਨ ਕੀਤਾ ਹੈ। ਇਸ ਦੇ ਨਾਲ ਉਸ ਨੇ ਹਰ ਕਹਾਣੀਕਾਰ ਦੀ ਕਥਾ ਸ਼ਿਲਪ, ਦ੍ਰਿਸ਼ਟੀ ਤੇ ਵਿਧੀ ਵਿਧਾਨ ਨੂੰ ਸਮਝਿਆ ਹੈ। ਸਰਘੀ ਨੂੰ ਪਿਤਰਕੀ ਗੰਢਾਂ ਖੋਲ੍ਹਣ ਵਾਲੀ, ਤ੍ਰਿਪਤਾ ਕੇ ਸਿੰਘ ਨੂੰ ਮੈਂ ਮੂਲਕ ਉਸਾਰੀਕਾਰ ਤੇ ਪਿੱਛਲ ਝਾਤ ਜੁਗਤ ਨਾਲ ਲਿਖਣ ਵਾਲੀ, ਦੀਪ ਦਵਿੰਦਰ ਸਿੰਘ ਨੂੰ ਔਰਤ ਮਰਦ ਦੀ ਬੇਵੱਸੀ ਦਾ ਪੇਸ਼ਕਾਰ, ਪਵਿੱਤਰ ਕੌਰ ਮਾਟੀ ਨੂੰ ਔਰਤ-ਮਰਦ ਰਿਸ਼ਤਿਆਂ ਦੀ ਵਿਆਕਰਣ ਦੱਸਣ ਵਾਲੀ ਆਦਿ-ਆਦਿ। ਹਰ ਕਹਾਣੀਕਾਰ ਬਾਰੇ ਲਿਖੇ ਲੇਖ ਵਿੱਚ ਕਲਸੀ ਫੁੱਟ ਨੋਟ ਦਿੰਦਾ ਹੈ, ਜਿਸ ਵਿੱਚ ਉਸ ਦੀਆਂ ਚਰਚਿੱਤ ਕਹਾਣੀਆਂ ਦੇ ਬਿਰਤਾਂਤਕ ਪੈਟਰਨ ਦੀ ਗੱਲ ਕਰਦਾ ਹੈ। ਖਾਲਿਦ ਧਾਲੀਵਾਲ ਨੂੰ ਉਹ ਬਿਰਤਾਂਤਕ ਗੋਲਾਈ ਦੇਣ ਵਾਲਾ ਕਹਾਣੀਕਾਰ ਕਹਿੰਦਾ ਹੈ। ਸੁਖਪਾਲ ਥਿੰਦ ਨੂੰ ਸਿਆਸੀ ਚੇਤਨਾ ਦੇ ਪਸਾਰ ਵਾਲਾ ਕਹਾਣੀਕਾਰ ਕਹਿੰਦਾ ਹੈ। ਇਸ ਆਲੋਚਨਾ ਪੁਸਤਕ 'ਚ ਸਰਘੀ, ਤ੍ਰਿਪਤਾ ਕੇ ਸਿੰਘ, ਸਿਮਰਨ ਧਾਲੀਵਾਲ, ਖ਼ਾਲਿਦ ਧਾਲੀਵਾਲ, ਗੁਰਮੀਤ ਪਨਾਗ, ਦੀਪ ਦਵਿੰਦਰ ਸਿੰਘ, ਸੁਖਪਾਲ ਥਿੰਦ, ਦੀਪਤੀ ਬਬੂਟਾ, ਪਵਿੱਤਰ ਕੌਰ ਮਾਟੀ, ਗੁਰਮੀਤ ਆਰਿਫ਼, ਸਾਂਵਲ ਧਾਮੀ, ਅਰਵਿੰਦਰ ਕੌਰ ਧਾਲੀਵਾਲ, ਦਰਸ਼ਨ ਜੋਗਾ, ਰੇਮਨ, ਰਵੀ ਸ਼ੇਰਗਿੱਲ, ਏਜਾਜ਼, ਵਿਪਨ ਗਿੱਲ, ਆਗਾਜ਼ਬੀਰ, ਜਸਪਾਲ ਕੌਰ, ਜਸਵਿੰਦਰ ਧਰਮਕੋਟ ਆਦਿ ਨੂੰ ਪੰਜਵੀਂ ਪੀੜ੍ਹੀ ਦੀ ਕਹਾਣੀਕਾਰ ਵਜੋਂ ਪੇਸ਼ ਕਰਕੇ ਉਨ੍ਹਾਂ ਦੀਆਂ ਕੁਝ ਕਹਾਣੀਆਂ ਦੇ ਹਵਾਲੇ ਨਾਲ ਪੰਜਵੀਂ ਪੀੜ੍ਹੀ ਦੇ ਕਹਾਣੀਕਾਰ ਵਜੋਂ ਉਭਾਰਦਾ ਹੈ। ਮੁੱਖ ਬੰਦ ਵਿੱਚ ਡਾ. ਸੁਰਜੀਤ ਬਰਾੜ ਨੇ ਜਸਬੀਰ ਕਲਸੀ ਦੇ ਆਲੋਚਨਾ ਦੇ ਗੁਣਾਂ ਨੂੰ ਉਭਾਰਿਆ ਹੈ। ਦ੍ਰਿਸ਼ਟੀ ਦੇ ਪੱਧਰ ਉੱਤੇ ਭਾਵੇਂ ਕਹਾਣੀ ਨੂੰ ਸਮਝਣ ਵਿੱਚ ਕੁਝ ਘਾਟਾਂ ਹਨ, ਪਰ ਉਸ ਨੇ ਮਿਹਨਤ ਬਹੁਤ ਕੀਤੀ ਹੈ।





## ਤੁਲਨਾਤਮਕ ਅਧਿਐਨ ਗੁਰਦਿਆਲ ਸਿੰਘ ਵਰਸਿਜ ਨਿਰਮਲ ਵਰਮਾ

**ਡਾ. ਹਰਜੀਤ ਸਿੰਘ**
**ਸਫ਼ੇ : 365, ਮੁੱਲ :320 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਡਾ. ਹਰਜੀਤ ਸਿੰਘ ਦੀ ਹੱਥਲੀ ਗਲਪ ਆਲੋਚਨਾ ਦੀ ਪੁਸਤਕ ਦੋ ਵੱਡੇ ਕੱਦ ਦੇ ਨਾਵਲਕਾਰ ਗੁਰਦਿਆਲ ਸਿੰਘ (ਪੰਜਾਬੀ) ਤੇ ਨਿਰਮਲ ਵਰਮਾ (ਹਿੰਦੀ) ਦੇ ਨਾਵਲਾਂ ਦਾ ਤੁਲਨਾਤਮਕ ਅਧਿਐਨ ਕਰਦੀ ਮੁੱਲਵਾਨ ਪੁਸਤਕ ਹੈ। ਉਸ ਨੇ ਦੋ ਵੱਖ-ਵੱਖ ਖਿੱਤੇ ਦੇ ਨਾਵਲਕਾਰਾਂ ਦਾ ਅਧਿਐਨ ਹੀ ਨਹੀਂ ਕੀਤਾ, ਬਲਕਿ ਸੱਭਿਆਚਾਰਾਂ ਦੀਆਂ ਬਾਰੀਕ ਧੁਨੀਆਂ ਦਾ ਪਾਤਰਾਂ ਤੇ ਘਟਨਾਵਾਂ ਦੇ ਪ੍ਰਸੰਗ ਵਿੱਚ ਅਧਿਐਨ ਵੀ ਕੀਤਾ ਹੈ। ਇਸ ਅਧਿਐਨ ਵਿੱਚ ਗਲਪ ਦੇ ਕੁਝ ਨਵੇਂ ਪਛਾਣ ਚਿੰਨ੍ਹ ਉੱਭਰ ਕੇ ਸਾਹਮਣੇ ਆਉਂਦੇ ਹਨ।

ਪਹਿਲੇ ਅਧਿਆਇ 'ਚ ਤੁਲਨਾਤਮਕ ਵਿਧੀ ਦਾ ਸਿਧਾਂਤਕ ਪਰਿਪੇਖ ਪੱਛਮੀ ਵਿਦਵਾਨਾਂ ਦੇ ਪ੍ਰਵਚਨਾਂ ਨਾਲ ਉਸਾਰਿਆ ਹੈ। ਉਪਰੰਤ ਸਾਹਿਤ ਅਧਿਐਨ ਦੀ ਤੁਲਨਾਤਮਕ ਵਿਧੀ ਦੀ ਪਰਿਭਾਸ਼ਾ, ਸੰਕਲਪ ਤੇ ਸਰੂਪ ਨੂੰ ਸਮਝਣ ਦਾ ਯਤਨ ਕੀਤਾ ਹੈ। ਉਪਰੰਤ ਵਿਧੀ ਦੇ ਮੂਲ ਆਧਾਰਾਂ ਦਾ ਵੀ ਵਰਨਣ ਕੀਤਾ ਹੈ। ਦੂਜੇ ਅਧਿਆਇ 'ਚ ਪੰਜਾਬੀ ਕਾਵਿ, ਪੰਜਾਬੀ ਵਾਰਤਕ, ਪੰਜਾਬੀ ਗਲਪ ਦੀਆਂ ਤੁਲਨਾਤਮਕ ਪਰੰਪਰਾਵਾਂ ਦਾ ਵਿਸ਼ਲੇਸ਼ਣ ਕੀਤਾ ਹੈ। ਫਿਰ ਹਰਜੀਤ ਸਿੰਘ ਨੇ ਗੁਰਦਿਆਲ ਸਿੰਘ ਦੇ ਨਾਵਲ ਅੱਧ ਚਾਨਣੀ ਰਾਤ, ਅੰਨ੍ਹੇ ਘੋੜੇ ਦਾ ਦਾਨ, ਪਰਸਾ, ਕੁਵੇਲਾ, ਮੜ੍ਹੀ ਦਾ ਦੀਵਾ ਅਤੇ ਨਿਰਮਲ ਵਰਮਾ ਦੇ ਨਾਵਲ ਲਾਲ ਟੀਨ ਦੀ ਛੱਤ, ਅੰਤਮ ਅਰਅਯ, ਏਕ ਚਿੱਥੜਾ ਸੁੱਖ, ਰਾਤ ਦਾ ਰਿਪੋਰਟ, ਵੋਹ ਦਿਨ ਆਦਿ ਨਾਵਲਾਂ ਦੇ ਅਧਾਰ ਉੱਤੇ ਵੱਖ-ਵੱਖ ਖਿੱਤੇ ਦਾ ਸੱਭਿਆਚਾਰਕ, ਰਾਜਨੀਤਿਕ, ਆਰਥਿਕ ਤੇ ਸਮਾਜਿਕ ਜੀਵਨ ਦੀਆਂ ਵੱਖਰਤਾਵਾਂ, ਟਕਰਾਅ ਅਤੇ ਸਮਾਨਤਾ ਦਾ ਨਿੱਠ ਕੇ ਵਿਸ਼ਲੇਸ਼ਣ ਕੀਤਾ ਹੈ।

ਚੌਥਾ ਅਧਿਆਇ ਦੋਹਾਂ ਨਾਵਲਕਾਰਾਂ ਦੇ ਜਾਤੀ ਅਤੇ ਜਮਾਤੀ ਵਿਚਾਰਧਾਰਕ ਦ੍ਰਿਸ਼ਟੀ, ਨਾਰੀ ਪ੍ਰਤੀ ਵਿਚਾਰਧਾਰਕ ਦ੍ਰਿਸ਼ਟੀ ਤੇ ਮਿਥਿਹਾਸਕ ਤੇ ਲੋਕ ਪਰੰਪਰਾ ਪ੍ਰਤੀ ਵਿਚਾਰਧਾਰਕ ਦ੍ਰਿਸ਼ਟੀ ਦਾ ਵਿਸ਼ਲੇਸ਼ਣ ਕੀਤਾ ਹੈ। ਅੰਤਲੇ ਅਧਿਆਏ 'ਚ ਦੋਹਾਂ ਦੀਆਂ ਬਿਰਤਾਂਤਕ ਜੁਗਤਾਂ, ਨਾਇਕ ਸਿਰਜਣਾ ਤੇ ਭਾਸ਼ਾ ਦਾ ਅਧਿਐਨ ਕੀਤਾ ਹੈ। ਆਲੋਚਕ ਦੇ ਇਸ ਜਟਿਲ ਕਾਰਜ ਨੂੰ ਹਰਜੀਤ ਸਿੰਘ ਨੇ ਮਿਹਨਤ ਨਾਲ ਪੁਸਤਕ ਵਿੱਚ ਉਭਾਰਿਆ ਹੈ।




## ਸਾਧੂ ਆਨੰਦਘਨ ਦੀ ਗੁਰਬਾਣੀ ਵਿਆਖਿਆ

**ਗੁਰਵਿੰਦਰ ਕੌਰ**
**ਸਫ਼ੇ : 135, ਮੁੱਲ : 250 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਗੁਰਬਾਣੀ 'ਚ ਟੀਕਾਕਾਰੀ ਦੀ ਅਮੀਰ ਪ੍ਰੰਪਰਾ ਰਹੀ ਹੈ। ਸੰਸਕ੍ਰਿਤ ਤੇ ਬ੍ਰਜ ਭਾਸ਼ਾਵਾਂ 'ਚ ਟੀਕਾਕਾਰੀ ਦੀ ਪਰੰਪਰਾ ਵੀ ਮਿਲ ਜਾਂਦੀ ਹੈ। ਸਾਧੂ ਆਨੰਦਘਨ ਦਾ 'ਟੀਕਾ ਸਾਹਿਤ' ਅਮੀਰ ਪ੍ਰੰਪਰਾ 'ਚ ਗਿਣਿਆ ਜਾਂਦਾ ਹੈ। ਆਨੰਦਘਨ ਉਦਾਸੀ ਸੰਪ੍ਰਦਾਇ 'ਚੋਂ ਹੋਇਆ ਹੈ। ਉਸ ਨੇ 6 ਬਾਣੀਆਂ ਦੇ ਟੀਕੇ ਕੀਤੇ ਹਨ। ਕਿਤਾਬ ਨੂੰ ਤਿੰਨ ਅਧਿਆਇ ਵਿੱਚ ਵੰਡਿਆ ਗਿਆ ਹੈ। ਪਹਿਲੇ ਵਿੱਚ ਗੁਰਬਾਣੀ ਦੇ ਸੰਦਰਭ 'ਚ ਸਰਵੇਖਣ ਤੇ ਇਤਿਹਾਸਕ ਵਿਕਾਸ, ਦੂਜੇ 'ਚ ਸਾਧੂ ਆਨੰਦਘਨ ਦੇ ਟੀਕਿਆਂ ਦਾ ਸੰਖੇਪ ਸਾਰ, ਤੀਜੇ ਸਾਧੂ ਆਨੰਦਘਨ ਦਾ ਜਪੁਜੀ ਦੇ ਟੀਕੇ ਦੀ ਵਿਆਖਿਆ 'ਚ ਅਧਿਆਤਮਕ ਪਰੰਪਰਾ, ਦਾਰਸ਼ਨਿਕ ਸੰਕਲਪ, ਟੀਕੇ ਦੀ ਭਾਸ਼ਾ ਤੇ ਮੌਲਿਕ ਪਛਾਣ ਚਿੰਨ੍ਹ ਦੀ ਪੜਚੋਲ ਵੀ ਪੁਸਤਕ ਵਿੱਚ ਕੀਤੀ ਹੈ।




## ਡਾ. ਅਨੂਪ ਸਿੰਘ ਸਾਹਿਤ-ਚਿੰਤਨ ਦੇ ਨਕਸ਼

**ਸੰਪਾਦਕ : ਡਾ. ਹੀਰਾ ਸਿੰਘ**
**ਸਫ਼ੇ : 284, ਮੁੱਲ : 495 ਰੁਪਏ**
**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**


ਪ੍ਰਸਿੱਧ ਚਿੰਤਕ ਤੇ ਵਾਰਤਕਕਾਰ ਡਾ. ਅਨੂਪ ਸਿੰਘ ਦੇ ਸਾਹਿਤ, ਚਿੰਤਨ ਤੇ ਜਥੇਬੰਦਕ ਕਾਰਜਾਂ ਦੀ ਪੜਚੋਲ ਕਰਦੀ ਹੈ ਇਹ ਪੁਸਤਕ। ਅਨੂਪ ਸਿੰਘ ਦੀਆਂ 55 ਦੇ ਕਰੀਬ ਪੁਸਤਕਾਂ ਦੀ ਪੜਚੋਲ ਵੀ ਇਸ ਪੁਸਤਕ ਵਿੱਚ ਕੀਤੀ ਗਈ ਹੈ। ਪੁਸਤਕ ਵਿੱਚ 26 ਵੱਖ-ਵੱਖ ਵਿਦਵਾਨਾਂ ਦੇ ਲੇਖ ਹਨ ਅਤੇ ਤਿੰਨ ਮੁਲਾਕਾਤਾਂ ਪ੍ਰਕਾਸ਼ਤ ਕੀਤੀਆਂ ਹਨ। ਡਾ. ਅਨੂਪ ਸਿੰਘ ਪ੍ਰਮੁੱਖ ਰੂਪ 'ਚ ਮਾਰਕਸਵਾਦੀ ਵਿਚਾਰਧਾਰਾ ਦਾ ਵਿਦਵਾਨ ਹੈ। ਕਿਤਾਬ 'ਚ ਡਾ. ਸੁਖਦੇਵ ਸਿੰਘ ਨੇ ਸਾਹਿਤ ਸ਼ਾਸਤਰੀ ਚਿੰਤਨ ਸੰਬੰਧੀ ਸੰਵਾਦ ਪੈਦਾ ਕੀਤਾ ਹੈ। ਡਾ. ਸਰਬਜੀਤ ਸਿੰਘ ਨੇ ਕਾਵਿ ਚਿੰਤਨ ਬਾਰੇ, ਡਾ. ਹਰਵਿੰਦਰ ਸਿਰਸਾ ਨੇ ਭਗਤ ਸਿੰਘ ਦੀ ਦੇਣ ਦੇ ਅਰਥ 'ਤੇ ਸੰਵਾਦ ਤੋਰਿਆ ਹੈ, ਡਾ. ਹੀਰਾ ਸਿੰਘ ਅਨੂਪ ਸਿੰਘ ਨੂੰ ਸਮਾਜ ਪ੍ਰਤੀ ਪ੍ਰਤੀਬੱਧ ਵਿਦਵਾਨ ਕਹਿੰਦਾ ਹੈ। ਡਾ. ਸਤਿੰਦਰ ਰੈਬੀ ਪੌਣੀ ਸਦੀ ਦਾ ਸਫ਼ਰ ਦੀ ਪੜਚੋਲ ਕਰਦਾ ਹੈ। ਅੱਗੇ ਡਾ. ਵਿਸ਼ਾਲ ਕੁਮਾਰ, ਡਾ. ਇੰਦਰਜੀਤ ਗੋਗੋਆਣੀ, ਦਰਸ਼ਨ ਖਟਕੜ, ਡਾ. ਸ਼ਮਸ਼ੇਰ ਮੋਹੀ, ਡਾ. ਮੁਨੀਸ਼ ਕੁਮਾਰ, ਡਾ. ਪਰਮਜੀਤ ਕਲਸੀ, ਡਾ. ਸੁਖਵਿੰਦਰ ਕੰਵਲ, ਹਰੀਸ਼ ਜੈਨ, ਬਲਦੇਵ ਸਿੰਘ ਸੜਕਨਾਮਾ, ਡਾ. ਰਵਿੰਦਰ, ਡਾ. ਸੁਰਿੰਦਰ ਸ਼ਾਂਤ, ਡਾ. ਅਰਵਿੰਦਰ ਕਾਕੜਾ, ਡਾ. ਗੁਰਮੇਲ ਸਿੰਘ, ਅਸ਼ੋਕ ਚਰਨ ਆਲਮਗੀਰ ਆਦਿ ਨੇ ਡਾ. ਅਨੂਪ ਸਿੰਘ ਦੀਆਂ ਵੱਖ-ਵੱਖ ਕਿਤਾਬਾਂ ਦੇ ਸੰਦਰਭ ਵਿੱਚ ਉਸ ਦੀ ਵਿਚਾਰਧਾਰਾ ਅਤੇ ਸਾਹਿਤ ਦੀ ਸਮਝ ਦੀ ਗੱਲ ਕੀਤੀ ਹੈ। ਪੁਸਤਕ ਪੜ੍ਹ ਕੇ ਡਾ. ਅਨੂਪ ਸਿੰਘ ਦੀ ਦ੍ਰਿਸ਼ਟੀ, ਸਾਹਿਤ ਅਤੇ ਸਮਕਾਲੀ ਵਰਤਾਰਿਆਂ ਪ੍ਰਤੀ ਉਸ ਦੀ ਸਮਝ ਦਾ ਪਤਾ ਲੱਗਦਾ ਹੈ। ਅੰਤਲੇ ਪੰਨਿਆਂ ਉੱਤੇ ਡਾ. ਸ਼ਿਆਮ ਸੁੰਦਰ ਦੀਪਤੀ, ਭੁਪਿੰਦਰ ਸੰਧੂ, ਪ੍ਰੋ. ਕੁਲਜੀਤ ਕੌਰ ਤੇ ਤਰਸੇਮ ਭੰਗੂ ਵੱਲੋਂ ਕੀਤੀਆਂ ਮੁਲਾਕਾਤਾਂ 'ਚ ਡਾ. ਅਨੂਪ ਸਿੰਘ ਨੇ ਖੁੱਲ੍ਹ ਕੇ ਆਪਣੇ ਵਿਚਾਰ ਦਿੱਤੇ ਹਨ।




## ਪੂੰਜੀਵਾਦੀ ਵਿਸ਼ਵੀਕਰਨ ਅਤੇ ਅਮਰਜੀਤ ਕੌਂਕੇ ਦੇ ਕਾਵਿ ਸਰੋਕਾਰ

**ਡਾ. ਸੁਰਜੀਤ ਬਰਾੜ**
**ਸਫ਼ੇ : 152, ਮੁੱਲ : 300 ਰੁਪਏ**
**ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ**


ਅਮਰਜੀਤ ਕੌਂਕੇ ਦਾ ਪੰਜਾਬੀ ਕਵਿਤਾ 'ਚ ਵਿਲੱਖਣ ਨਾਂਅ ਹੈ। ਉਸ ਦੀ ਕਵਿਤਾ ਕਈ ਦਹਾਕਿਆਂ 'ਚ ਫੈਲੀ ਹੋਈ ਹੈ, ਪਰ ਹੱਥਲੀ ਪੁਸਤਕ ਵਿੱਚ ਉਸ ਕੌਂਕੇ ਦੀ ਨਵੀਂ ਕਵਿਤਾ ਦੀ ਪੁਸਤਕ 'ਇਸ ਧਰਤੀ 'ਤੇ ਰਹਿੰਦਿਆਂ' ਦਾ ਪੂੰਜੀਵਾਦੀ ਵਿਸ਼ਵੀਕਰਨ ਦੇ ਪ੍ਰਸੰਗ ਵਿੱਚ ਵਿਸ਼ਲੇਸ਼ਣ ਕੀਤਾ ਹੈ। ਡਾ. ਸੁਰਜੀਤ ਨੇ ਕੌਂਕੇ ਦੀ ਕਵਿਤਾ ਨੂੰ ਮਾਰਕਸਵਾਦੀ ਦ੍ਰਿਸ਼ਟੀਕੋਣ ਨਾਲ ਵੱਖ-ਵੱਖ ਲੇਖਾਂ ਵਿੱਚ ਸਮਝਿਆ ਹੈ। ਸਿਧਾਂਤਕ ਟੂਲਜ਼ ਰਾਹੀਂ ਬਰਾੜ ਸਮੁੱਚੀ ਕਵਿਤਾ ਦੇ ਪ੍ਰਸੰਗ ਵਿੱਚ ਕੌਂਕੇ ਦੀ ਕਵਿਤਾ ਵਿੱਚ ਨਵ ਯਥਾਰਥਵਾਦੀ, ਦਰਸ਼ਨ, ਸੁਹਜ, ਹਰੇ ਇਨਕਲਾਬ ਦੇ ਪ੍ਰਸੰਗ ਵਿੱਚ ਕਵਿਤਾ ਵਿੱਚ ਵਰਤੇ ਚਿਹਨਾਂ ਦੀ ਪਛਾਣ ਕਰਦਾ ਹੈ। ਕਿਵੇਂ ਕੌਂਕੇ ਨਵ ਪੂੰਜੀਵਾਦ ਦੀ ਕਰੂਰਤਾ ਬਿਆਨ ਕਰਦਾ ਹੈ। ਸਮਾਜਿਕ ਮਨੁੱਖੀ ਦੀ ਟੁੱਟ-ਭੱਜ ਵੀ ਪੂੰਜੀ ਦੇ ਪਸਾਰੇ ਵਿੱਚ ਪਈ ਹੈ। ਅਤੇ ਪੂੰਜੀ ਦੇ ਪਸਾਰੇ ਕਾਰਨ ਹੀ ਮਨੁੱਖ ਖੰਡਿਤ ਤੇ ਸੰਵੇਦਨਹੀਣ ਹੋ ਰਿਹਾ ਹੈ। ਵਿਸ਼ਵੀਕਰਨ ਦੇ ਪਸਾਰੇ ਨਾਲ ਮਨੁੱਖ ਦੀ ਚੇਤਨਾ ਕਿਵੇਂ ਖੰਡਿਤ ਹੁੰਦੀ ਹੈ। ਇਹ ਸਾਰੇ ਸੂਤਰ ਕੌਂਕੇ ਦੀ ਕਵਿਤਾ ਵਿੱਚ ਮੌਜੂਦ ਹਨ। ਤੇ ਸੁਰਜੀਤ ਬਰਾੜ ਕੌਂਕੇ ਦੀ ਕਵਿਤਾ ਦੇ ਹਵਾਲਿਆਂ ਨਾਲ ਆਪਣੀਆਂ ਧਾਰਨਾਵਾਂ ਦਿੰਦਾ ਹੋਇਆ ਇਹ ਥੀਸਸ ਉਸਾਰਨ ਦੀ ਕੋਸ਼ਿਸ ਕਰਦਾ ਹੈ ਕਿ ਕੌਂਕੇ ਵਿਸ਼ਵੀ ਪੱਧਰ 'ਤੇ ਵਰਤਾਰਿਆਂ ਨੂੰ ਪੰਜਾਬੀ ਬੰਦੇ ਦੇ ਸੰਦਰਭ ਵਿੱਚ ਆਪਣੀ ਕਵਿਤਾ ਨੂੰ ਲੈ ਕੇ ਆਉਂਦਾ ਹੈ। ਕਿਤਾਬ ਵਿੱਚ ਕਵਿਤਾ ਦੇ ਹਵਾਲੇ ਨਾਲ ਵਿਸ਼ਵ ਦੇ ਪਸਾਰੇ ਦੀ ਗੱਲ ਕਰਦਾ ਹੈ। ਵਿਰਲਾਪ ਤੇ ਮਨੁੱਖੀ ਮੁੱਲ ਵਿਧਾਨ ਤੇ ਪ੍ਰਤਿਮਾਨ ਕਿਵੇਂ ਖੰਡਿਤ ਹੋ ਰਹੇ ਨੇ, ਉਹ ਸੱਚ ਵੀ ਕੌਂਕੇ ਆਪਣੀ ਕਵਿਤਾ ਵਿੱਚ ਪੇਸ਼ ਕਰਦਾ ਹੈ। ਕਿਤਾਬ ਵਿੱਚ ਡਾ. ਸੁਰਜੀਤ ਇਕ-ਇਕ ਕਵਿਤਾ ਦੇ ਹਵਾਲੇ ਨਾਲ ਉਸ ਦੀਆਂ ਅੰਤਰ ਧੁਨੀਆਂ ਤੱਕ ਪੁੱਜਦਾ ਹੈ। ਪੂੰਜੀਵਾਦ ਤੇ ਵਿਸ਼ਵੀਕਰਨ ਦਾ ਸਮਾਂ ਬੜਾ ਗੁੰਝਲਦਾਰ ਹੈ। ਇਸ ਸਮੇਂ ਨੇ ਮਨੁੱਖ ਨੂੰ ਗੁੰਝਲਦਾਰ ਬਣਾ ਦਿੱਤਾ ਹੈ। ਕੌਂਕੇ ਇਸ ਬੰਦੇ ਦੀ ਹੋਣੀ ਨੂੰ ਆਪਣੀਆਂ ਵੱਖ-ਵੱਖ ਕਵਿਤਾਵਾਂ ਵਿੱਚ ਪੇਸ਼ ਕਰਦਾ ਹੈ ਤੇ ਡਾ. ਸੁਰਜੀਤ ਬਰਾੜ ਨੇ ਇਕ-ਇਕ ਕਵਿਤਾ ਦੇ ਪ੍ਰਸੰਗ ਵਿੱਚ ਕੌਂਕੇ ਦੇ ਕਾਵਿ ਸਰੋਕਾਰ ਦੀ ਵਿਆਖਿਆ ਕੀਤੀ ਹੈ।



## ਪੰਜਾਬੀ ਭਾਸ਼ਾ (ਸਥਿਤੀ ਤੇ ਸੰਭਾਵਨਾਵਾਂ)

**ਡਾ. ਸੁਦਰਸ਼ਨ ਗਾਸੋ**
**ਸਫ਼ੇ : 352, ਮੁੱਲ : 495 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**


ਡਾ. ਸੁਦਰਸ਼ਨ ਗਾਸੋ ਅਜਿਹਾ ਸਿਰੜੀ ਕਾਮਾ ਹੈ, ਜੋ ਕਈ ਸਾਲਾਂ ਤੋਂ ਨਿਰੰਤਰ ਹਰਿਆਣਾ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਲਿਖਤੀ ਅਤੇ ਵਿਹਾਰਕ ਕਾਰਜ ਕਰਦਾ ਆ ਰਿਹਾ ਹੈ। ਹੱਥਲੀ ਪੁਸਤਕ ਪੰਜਾਬੀ ਭਾਸ਼ਾ ਦੀ ਹਰਿਆਣਾ 'ਚ ਸਥਿਤੀ ਤੇ ਭਵਿੱਖੀ ਸੰਭਾਵਨਾ ਦੀ ਪਰਖ-ਪੜਚੋਲ ਕਰਦੀ ਹੈ। ਹਰਿਆਣਾ 'ਚ ਮਾਂ ਬੋਲੀ ਪੰਜਾਬੀ ਨੂੰ ਦੂਜਾ ਸਥਾਨ ਦਿਵਾਉਣ 'ਚ ਇਹੋ ਜਿਹੇ ਕਾਰਜਾਂ ਨੇ ਅਹਿਮ ਭੂਮਿਕਾ ਨਿਭਾਈ ਹੈ। ਕਿਤਾਬ 'ਚ ਸ਼ਾਮਲ ਲੇਖਾਂ ਦਾ ਅਕਾਰ ਭਾਵੇਂ ਲਲਿਤ ਨਿਬੰਧ ਵਾਲਾ, ਪਰ ਗਾਸੋ ਨੇ ਨਿੱਕੇ-ਨਿੱਕੇ ਵਿਸ਼ਿਆਂ ਨੂੰ ਲੈ ਕੇ ਆਮ ਪਾਠਕਾਂ ਤੱਕ ਪੰਜਾਬੀ ਭਾਸ਼ਾ ਦੀ ਗੱਲ ਪੁੱਜਦੀ ਕੀਤੀ ਹੈ। ਉਨ੍ਹਾਂ ਨੇ ਆਪਣੇ ਲੇਖਾਂ ਵਿੱਚ ਪੰਜਾਬੀ ਭਾਸ਼ਾ ਦੀ ਸਥਿਤੀ, ਭਵਿੱਖ, ਵਿਕਾਸ, ਪੰਜਾਬੀ ਦੀ ਜੋਤ ਕਿਵੇਂ ਜਗਦੀ ਰੱਖੀ ਜਾਵੇ, ਹਰਿਆਣਾ ਸਰਕਾਰ ਦੀ ਪੰਜਾਬੀ ਭਾਸ਼ਾ ਪ੍ਰਤੀ ਨੀਤੀ, ਪੰਜਾਬੀ ਦੀ ਡਾਵਾਂਡੋਲ ਸਥਿਤੀ, ਪੰਜਾਬੀ ਭਾਸ਼ਾ ਦੀਆਂ ਮੰਗਾਂ ਦਾ ਜ਼ਿਕਰ, ਭਾਸ਼ਾ ਦੀਆਂ ਚੁਣੌਤੀਆਂ, ਸੰਭਾਵਨਾਵਾਂ, ਹੋਂਦ ਅਤੇ ਸੰਘਰਸ਼ ਦੀ ਲੜਾਈ, ਪੰਜਾਬੀ ਨਾਲ ਸੰਬੰਧਤ ਸਮੱਸਿਆਵਾਂ, ਪੰਜਾਬੀ ਨੂੰ ਦੂਜਾ ਦਰਜਾ ਦੇਣ ਲਈ ਸੰਘਰਸ਼, ਹਰਿਆਣਾ ਸਰਕਾਰ ਨਾਲ ਪੰਜਾਬੀ ਭਾਸ਼ਾ ਬਾਰੇ ਸੰਵਾਦ, ਪੰਜਾਬੀ ਨੂੰ ਕਾਨੂੰਨੀ ਰੁਤਬਾ, ਪੰਜਾਬੀ ਭਾਸ਼ਾ ਦੇ ਵਿਕਾਸ ਦੀ ਸਥਿਤੀ ਆਦਿ ਆਦਿ ਮਸਲਿਆਂ ਉੱਤੇ ਗਾਸੋ ਨੇ ਤਰਕ ਨਾਲ ਗੱਲ ਕੀਤੀ ਹੈ। ਇਸ ਤਰ੍ਹਾਂ ਹਰਿਆਣਾ 'ਚ ਪੰਜਾਬੀ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਗਾਸੋ ਨੇ ਲਗਾਤਾਰ ਆਵਾਜ਼ ਚੁੱਕੀ ਹੈ। ਇਨ੍ਹਾਂ ਲੇਖਾਂ 'ਚ ਗਾਸੋ ਨੇ ਪਿਛਲੇ ਚਾਲੀ ਸਾਲਾਂ ਦੇ ਪੰਜਾਬੀ ਲਈ ਕੀਤੇ ਸੰਘਰਸ਼ ਦੀ ਬਾਤ ਪਾਈ ਹੈ। ਉਨ੍ਹਾਂ ਭਾਸ਼ਾ ਦੀ ਗੱਲ ਤਾਂ ਕੀਤੀ ਹੀ ਹੈ, ਨਾਲ ਪੁਸਤਕ ਵਿੱਚ ਹਰਿਆਣਾ 'ਚ ਪੰਜਾਬੀ ਸਾਹਿਤ, ਸੱਭਿਆਚਾਰ ਦੀ ਸਥਿਤੀ ਉੱਤੇ ਚਿੰਤਨ ਮੰਥਨ ਵੀ ਕੀਤਾ ਹੈ। ਇਸ ਪੁਸਤਕ ਨੂੰ ਇਕ ਦਸਤਾਵੇਜ਼ ਕਿਹਾ ਜਾ ਸਕਦਾ ਹੈ, ਕਿਉਂਕਿ ਇਸ 'ਚ ਹਰਿਆਣਾ 'ਚ ਪੰਜਾਬੀ ਭਾਸ਼ਾ ਨੂੰ ਹੱਕੀ ਹੱਕ ਦਿਵਾਉਣ ਦੀ ਗੱਲ ਵੀ ਕੀਤੀ ਗਈ ਹੈ। ਪੁਸਤਕ ਦੇ ਅੰਤ ਵਿੱਚ ਵੱਖ-ਵੱਖ ਵਿਦਵਾਨਾਂ ਨੇ ਗਾਸੋ ਦੇ ਇਸ ਕਾਰਜ ਦਾ ਵਿਸ਼ਲੇਸ਼ਣ ਵੀ ਕੀਤਾ ਹੈ। ਇਹ ਲੇਖ ਛਪਣ ਤੋਂ ਪਹਿਲਾਂ ਵੱਖ-ਵੱਖ ਅਖ਼ਬਾਰਾਂ ਵਿੱਚ ਵੀ ਛਪ ਚੁੱਕੇ ਹਨ।




## ਗਿਆਨੀ ਦਿੱਤ ਸਿੰਘ ਦੀ ਪੰਜਾਬੀ ਵਾਰਤਕ

**(ਸਾਹਿਤ ਇਤਿਹਾਸ-ਮੂਲਕ ਅਧਿਐਨ)**
**ਵਰਿੰਦਰ ਕੌਰ ਭਾਟੀਆ**
**ਸਫੇ : 216, ਮੁੱਲ : 400 ਰੁਪਏ**
**ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ**

ਹੱਥਲੀ ਪੁਸਤਕ ਵਿੱਚ ਮੁੱਢਲੇ ਦੌਰ ਦੇ ਵਾਰਤਕਕਾਰ ਗਿਆਨੀ ਦਿੱਤ ਸਿੰਘ ਦੀ ਵਾਰਤਕ ਦਾ ਵਰਿੰਦਰ ਕੌਰ ਨੇ ਬੜੀ ਕੁਸ਼ਲਤਾ ਨਾਲ ਅਧਿਐਨ ਕੀਤਾ ਹੈ। ਦਿੱਤ ਸਿੰਘ ਦੀ ਵਾਰਤਕ ਨੂੰ ਇਤਿਹਾਸਕ ਪ੍ਰਸੰਗ ਵਿੱਚ ਨਿੱਠ ਕੇ ਸਮਝਿਆ ਗਿਆ ਹੈ। ਲੇਖਿਕਾ ਨੇ ਦਿੱਤ ਸਿੰਘ ਨਾਲ ਸੰਬੰਧਤ ਸਮੱਗਰੀ ਬੜੀ ਮਿਹਨਤ ਨਾਲ ਇਕੱਠੀ ਕੀਤੀ ਤੇ ਉਸ ਦਾ ਵਿਸ਼ਲੇਸ਼ਣ ਕੀਤਾ ਹੈ। ਵਰਿੰਦਰ ਕੌਰ ਨੇ ਦਿੱਤ ਸਿੰਘ ਦੀ ਵਾਰਤਕ ਨੂੰ ਸਿੰਘ ਸਭਾ ਲਹਿਰ ਦੇ ਪ੍ਰਸੰਗ ਵਿੱਚ ਸਮਝਿਆ ਹੈ। ਪਹਿਲਾਂ ਪ੍ਰਮੁੱਖ ਲੇਖ ਇਸ ਲਹਿਰ ਦੇ ਧਾਰਮਿਕ, ਸੱਭਿਆਚਾਰਕ, ਸਮਾਜਿਕ ਤੇ ਵਿਦਿਅਕ ਪਿਛੋਕੜ ਦਾ ਅਧਿਐਨ ਇਤਿਹਾਸ ਤੇ ਸਿਰਜਣਾਤਮਕ ਸਾਹਿਤ ਦੇ ਹਵਾਲੇ ਨਾਲ ਕੀਤਾ ਹੈ। ਅਗਲਾ ਲੇਖ 'ਗਿਆਨੀ ਦਿੱਤ ਸਿੰਘ ਜੀਵਨ ਤੇ ਰਚਨਾ' ਹੈ, ਜਿਹੜਾ ਰੌਚਿਕ, ਗਿਆਨਵਰਧਕ ਅਤੇ ਦਿੱਤ ਸਿੰਘ ਦੀ ਰਚਨਾ ਦ੍ਰਿਸ਼ਟੀ ਤੇ ਲਿਖਤਾਂ ਦਾ ਵਿਸਥਾਰ ਨਾਲ ਜ਼ਿਕਰ ਕਰਦਾ ਹੈ। ਦਿੱਤ ਸਿੰਘ ਦੀ ਰਚਨਾ ਸੁਧਾਰਵਾਦੀ ਤੇ ਵਿਗਿਆਨਕ ਲੀਹਾਂ ਉੱਤੇ ਚੱਲਣ ਵਾਲੀ ਰਚਨਾ ਸੀ। ਸੁਲਤਾਨ ਪੁਆੜਾ, ਗੁੱਗਾ ਗਪੌੜ, ਪੰਮਾ ਪ੍ਰਬੋਧ, ਪ੍ਰਤਗੱਯਾ, ਗੁਰਮਤ ਆਰਤੀ ਪ੍ਰਬੋਧ, ਦੁਰਗਾ ਪ੍ਰਬੋਧ ਤੇ ਦੰਭ ਵਿਦਾਰਨ ਪੁਸਤਕਾਂ ਬਾਰੇ ਆਪਣੀਆਂ ਧਾਰਨਾਵਾਂ ਤੇ ਉਨ੍ਹਾਂ ਦੇ ਵਿਸ਼ਾ ਪੱਖ ਸਾਂਝੇ ਕੀਤੇ ਹਨ। ਜਿਸ ਗੁਲਾਬਦਾਸੀ ਸੰਪ੍ਰਦਾਇ ਦੇ ਡੇਰੇ ਦਿੱਤ ਸਿੰਘ ਗਿਆਨ ਹਾਸਲ ਕਰਦੇ ਹਨ, ਉਸ ਦੇ ਸਾਹਿਤ ਅਤੇ ਸੰਖੇਪ ਪ੍ਰੀਚੈ ਵਾਲਾ ਲੇਖ ਗੁਲਾਬਦਾਸੀ ਸੰਪ੍ਰਦਾ ਦੀ ਇਤਿਹਾਸਕਾਰੀ ਕਰਦਾ ਹੈ। ਕਿਤਾਬ ਵਿੱਚ ਦਿੱਤ ਸਿੰਘ ਦੀ ਧਾਰਮਿਕ ਵਾਰਤਕ, ਸਾਮਿਅਕ ਅਤੇ ਵਿਦਿਅਕ ਵਾਰਤਕ, ਪੰਜਾਬੀ ਪੱਤਰਕਾਰੀ ਨੂੰ ਦੇਣ, ਵਾਰਤਕ ਦੀ ਸ਼ੈਲੀ ਤੇ ਭਾਸ਼ਾ ਦਾ ਅਧਿਐਨ ਕੀਤਾ ਹੈ। ਡਾ. ਹਰਿਭਜਨ ਸਿੰਘ ਭਾਟੀਆ ਇਸ ਪੁਸਤਕ ਨੂੰ ਗੌਲਣਯੋਗ ਕ੍ਰਿਤ ਕਹਿੰਦੇ ਹਨ। ਗਿਆਨੀ ਦਿੱਤ ਸਿੰਘ ਦੀ ਪੱਤਰਕਾਰੀ ਨੂੰ ਦੇਣ ਵਾਲੀ ਗੱਲ ਪਹਿਲਾਂ ਕਦੇ ਬਹੁਤੀ ਉੱਭਰ ਨਹੀਂ ਸਕੀ ਸੀ। ਵਰਿੰਦਰ ਕੌਰ ਨੇ ਖੋਜੀ ਵਿਧੀ ਵਿਧਾਨ ਨਾਲ ਗਿਆਨੀ ਦਿੱਤ ਸਿੰਘ ਦੀ ਵਾਰਤਕ ਦਾ ਅਧਿਐਨ ਕੀਤਾ ਹੈ। ਨਿਵੇਕਲੇ ਵਿਸ਼ੇ ਦੇ ਲਿਖੀ ਖੋਜ ਪੁਸਤਕ ਸਾਂਭਣ ਵਾਲੀ ਹੈ।




## ਨਾਮਧਾਰੀ ਲਹਿਰ ਦੀ ਕਵਿਤਾ (ਵਿਧੀ ਤੇ ਵਿਚਾਰਧਾਰਾ)

**ਭਜਨ ਸਿੰਘ**
**ਸਫ਼ੇ : 220, ਮੁੱਲ : 280 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਨਾਮਧਾਰੀ ਲਹਿਰ ਨੂੰ ਕਵਿਤਾ ਦੇ ਪ੍ਰਸੰਗ 'ਚ ਸਮਝਣ ਲਈ ਇਹ ਆਲੋਚਨਾ ਦੀ ਗੰਭੀਰ ਕਿਤਾਬ ਹੈ। ਲੇਖਕ ਕੋਲ ਨਾਮਧਾਰੀ ਲਹਿਰ ਦੇ ਇਤਿਹਾਸ, ਸਿਧਾਂਤ ਅਤੇ ਸਾਹਿਤ ਪ੍ਰਤੀ ਆਪਣੀਆਂ ਮੁੱਲਵਾਨ ਧਾਰਨਾਵਾਂ ਬਣਾਉਣ ਲਈ ਪ੍ਰਮਾਣਿਕ ਸਮੱਗਰੀ ਹੈ। 'ਨਾਮਧਾਰੀ ਲਹਿਰ-ਇਤਿਹਾਸ, ਸਿਧਾਂਤ ਅਤੇ ਸਾਹਿਤ' ਉਸ ਦਾ ਮੁੱਲਵਾਨ ਖੋਜ ਭਰਪੂਰ ਲੇਖ ਹੈ। ਜਿਸ 'ਚ ਨਾਮਧਾਰੀ ਦੇ ਇਤਿਹਾਸ ਦਾ ਵਿਸ਼ਲੇਸ਼ਣ ਕੀਤਾ ਹੈ, ਜੋ ਨਾਮਧਾਰੀ ਕਵਿਤਾ ਦੀ ਉਸਾਰੀ ਕਰਨ 'ਚ ਅਹਿਮ ਭੂਮਿਕਾ ਨਿਭਾਉਂਦਾ ਉਹ ਸਤਿਗੁਰੂ ਰਾਮ ਸਿੰਘ ਦੇ ਸਮਾਜਿਕ ਕਾਰਜਾਂ ਜਿਵੇਂ ਸਦਾਚਾਰਕ, ਧਾਰਮਿਕ, ਰਾਜਨੀਤਿਕ ਕਾਰਜਾਂ ਦਾ ਜ਼ਿਕਰ ਕਰਦਾ ਹੈ। ਅੱਗੇ ਨਾ ਮਿਲਵਰਤਨ ਲਹਿਰ, ਲਹਿਰ ਦੇ ਸਿਧਾਂਤ, ਲਹਿਰ ਦੇ ਸਾਹਿਤ ਦੀਆਂ ਧਾਰਨਾਵਾਂ ਨੂੰ ਆਪਣੀ ਲਿਖਤ ਦਾ ਅਧਾਰ ਬਣਾਉਂਦਾ ਹੈ। ਉਪਰੰਤ ਭਜਨ ਸਿੰਘ ਸਾਹਿਤ ਦੀ ਵਿਚਾਰਧਾਰਾ ਦੇ ਅੰਤਰ ਸੰਬੰਧ ਦੀਆਂ ਧਾਰਨਾਵਾਂ ਪੱਛਮੀ ਚਿੰਤਕਾਂ ਦੇ ਹਵਾਲਿਆਂ ਨਾਲ ਦਿੰਦਾ ਹੋਇਆ ਇਸ ਸਿੱਟੇ 'ਤੇ ਪਹੁੰਚਦਾ ਹੈ ਕਿ ਵਿਚਾਰਧਾਰਾ ਬੇਸ਼ੱਕ ਵੱਖ-ਵੱਖ ਹਨ। ਸਾਹਿਤ ਕਿਸੇ ਨਾ ਕਿਸੇ ਵਿਚਾਰਧਾਰਾ 'ਤੇ ਉਸਰਦਾ ਹੈ। ਨਾਮਧਾਰੀ ਕਾਵਿ ਦੀ 'ਵਿਚਾਰਧਾਰਕ ਚੇਤਨਾ' ਦੀ ਵਿਸਥਾਰ ਨਾਲ ਗੱਲ ਕੀਤੀ ਹੈ। ਸਮਾਜ ਸੱਭਿਆਚਾਰ ਚੇਤਨਾ ਦਾ ਕਾਵਿ, ਰਾਜਨੀਤਿਕ ਚੇਤਨਾ ਦਾ ਕਾਵਿ ਦਾ ਵਿਸ਼ਲੇਸ਼ਣ ਕੀਤਾ ਹੈ। ਵਿਚਾਰਧਾਰਕ ਚੇਤਨਾ ਉਨ੍ਹਾਂ 1872 ਤੋਂ 1947 ਤੱਕ ਦੀ ਕਵਿਤਾ ਦੇ ਪ੍ਰਸੰਗ 'ਚ ਕੀਤੀ ਹੈ। 'ਨਾਮਧਾਰੀ ਕਾਵਿ-ਰੂਪ ਵਿਧੀ ਅਤੇ ਭਾਸ਼ਾ' ਦੀ ਪੜਚੋਲ ਉਨ੍ਹਾਂ ਅੰਤਲੇ ਚੈਪਟਰ 'ਚ ਕੀਤੀ ਹੈ। ਕਿਤਾਬ 'ਚ ਉਹ ਨਾਮਧਾਰੀ ਕਾਵਿ ਦੀਆਂ ਸ਼ਿਲਪ ਜੁਗਤਾਂ ਦਾ ਅਧਿਐਨ ਵੀ ਕਰਦਾ ਹੈ, ਕਿਉਂਕਿ ਨਾਮਧਾਰੀ ਸਾਹਿਤ ਦੀ ਕਵਿਤਾ 'ਚ ਪ੍ਰਤੀਰੋਧ ਦੀ ਭਾਵਨਾ ਅਤੇ ਧਾਰਮਿਕ ਸੁਧਾਰਵਾਦ ਦੀ ਭਾਵਨਾ ਰਚੀ ਹੋਈ ਸੀ, ਜਿਸ ਕਰਕੇ ਇਸ ਕਵਿਤਾ ਨੂੰ ਇਤਿਹਾਸਕ ਪਰਿਪੇਖ ਰਾਹੀਂ ਹੀ ਸਮਝਣ ਦਾ ਲੇਖਕ ਨੇ ਯਤਨ ਕੀਤਾ ਹੈ। ਨਾਮਧਾਰੀ ਲਹਿਰ ਦੀ ਕਵਿਤਾ ਦਾ ਪੰਜਾਬੀ ਕਵਿਤਾ ਵਿੱਚ ਨਿੱਗਰ ਯੋਗਦਾਨ ਹੈ।




CMYK

# ਬੰਦ ਬੂਹੇ-ਖੁੱਲ੍ਹੇ ਬੂਹੇ

ਚਿੰਤਨ

**ਅਤਰਜੀਤ**

ਬੰਦ ਬੂਹੇ, ਖੁੱਲ੍ਹੇ ਬੂਹੇ ਅੱਜ ਜਿਵੇਂ ਅਚਾਨਕ ਹੀ ਵਿਸ਼ਾ ਬਣ ਕੇ ਘੁਸ ਗਏ।ਕੁੱਝ ਸੋਚਦਾ ਰਿਹਾ ਕਿ ਕਈ ਦਿਨਾਂ ਤੋਂ ਮਨ ਵਿੱਚ ਇੱਕ ਸੰਘਰਸ਼ ਛਿੜਿਆ ਹੋਇਆ ਸੀ ਕਿ ਇਹ ਬੰਦ ਬੂਹਿਆਂ ਵਾਲਾ ਵਿਚਾਰ ਕਿੱਥੋਂ ਆ ਗਿਆ। ਏਸ ਵਿਸ਼ੇ ਬਾਰੇ ਤਾਂ ਕਦੇ ਸੋਚਿਆ ਹੀ ਨਹੀਂ ਸੀ, ਜੋ ਇਹ ਸਿਰ ਨੂੰ ਚੜ੍ਹਦਾ ਆ ਰਿਹਾ ਸੀ। ਸੋਚਿਆ ਜਿਹੜੇ ਹੋਏ ਹੀ ਬੰਦ ਬੂਹੇ, ਉਨ੍ਹਾਂ ਦੇ ਖੁੱਲ੍ਹਣ ਦੀ ਉਮੀਦ ਹੀ ਕਿਉਂ ਕੀਤੀ ਜਾਵੇ ਤੇ ਸੋਚਿਆ ਵੀ ਕਿਉਂ ਜਾਵੇ ? ਪਰ ਇਹ ਹੋਣ ਦੀ ਕਿਰਿਆ ਵੱਲੋਂ ਬਾਹਰ ਵੀ ਤਾਂ ਹੋ ਜਾਂਦੀ ਹੈ।

ਫਿਰ ਇਹਨਾਂ ਵੱਲ ਕੀ ਰੁਖ ਅਪਣਾਇਆ ਜਾਵੇ ? ਉਮਰ ਦਾ ਬਹੁਤਾ ਸਮਾਂ ਤਾਂ ਬੰਦ ਬੂਹਿਆਂ ਦੇ ਦਰ ਖੜਕਾਉਂਦਿਆਂ ਹੀ ਗੁਜ਼ਾਰ ਚੁੱਕਾ ਹਾਂ । ਖ਼ਾਸ ਕਰਕੇ ਆਪਣੀ ਸੇਵਾ-ਮੁਕਤੀ ਤੋਂ ਪੰਜ ਕੁ ਸਾਲ ਪਹਿਲਾਂ ਬੰਦ ਬੂਹਿਆਂ ਅੱਗੇ ਮੋਮਬੱਤੀਆਂ ਜਗਾਉਣ ਦੇ ਯਤਨ ਕੀਤੇ, ਪਰ ਹਨੇਰੇ ਪਹਿਲਾਂ ਨਾਲੋਂ ਵੀ ਵਧੇਰੇ ਮਸਤ ਗਏ। ਚਾਨਣ ਵੰਡਣ ਵਾਲੇ ਜ਼ਿਆਦਾਤਰ ਬੰਦ ਬੂਹਿਆਂ ਦੇ ਤਾਕ ਇੱਕ-ਦੂਜੇ ਵੱਲ ਹੀ ਜੀਭਾਂ ਕੱਢਦੇ ਰਹੇ ਤੇ ਫਿਰ ਸੇਵਾ-ਮੁਕਤੀ ਤੋਂ ਬਾਅਦ ਤਕਰੀਬਨ ਵੀਹ ਸਾਲ ਬੰਦ ਬੂਹਿਆਂ ਦੇ ਤਾਕ ਖੋਲ੍ਹਣ ਵਿੱਚ ਬੇਕਾਰ ਗੁਜ਼ਾਰ ਲਏ ਗਏ। ਬੂਹੇ ਨਾ ਖੁੱਲ੍ਹ ਸਕੇ, ਪਤਾ ਨਹੀਂ ਕਿਹੜੇ ਪੇਚਾਂ ਨਾਲ ਕੱਸੇ ਸਨ। ਹਰ ਵਾਰ ਆਪ ਚੁਵਾਲ ਡਿੰਗਦਾ ਰਿਹਾ। ਇੱਕ ਜਨੂੰਨ, ਇੱਕ ਪਾਗਲਪਨ ਹੀ ਸੀ, ਜੋ ਟਿਕ ਕੇ ਘਰ ਨਹੀਂ ਸੀ ਬੈਠਣ ਦੇ ਰਿਹਾ। ਬੰਦ ਬੂਹਿਆਂ ਦੇ ਵਾਸੀ ਧੜਾਧੜ ਜਾਇਦਾਦਾਂ ਵਿੱਚ ਵਾਧਾ ਕਰੀ ਗਏ ਤੇ ਔਲਾਦ ਨੂੰ ਉੱਚ ਅਹੁਦਿਆਂ ਉੱਤੇ ਬਿਠਾ ਕੇ ਮਹਿਕਦੇ ਬਾਗ਼ਾਂ ਵਿੱਚ ਝੂਲੇ ਝੁਟਾਉਂਦੇ ਰਹੇ। ਹਨੇਰੇ ਘਰਾਂ ਦੇ ਖੁੱਲ੍ਹੇ ਬੂਹਿਆਂ ਵੱਲ ਚਾਨਣ ਜਾਣ ਤੋਂ ਚਾਨਣਾਂ ਦੀ ਰੁਕਾਵਟ ਖੜ੍ਹੀਆਂ ਕਰਨ ਵੱਲੋਂ। 1987-89 ਵਿਗਿਆਨਕਾਂ ਨੇ ਬੰਦ ਬੂਹੇ ਖੋਲ੍ਹਣ ਦੇ ਯਤਨ ਕੀਤੇ, ਜੋ 1995 ਤੱਕ ਆਉਂਦੇ ਹਫ਼ ਗਏ, ਬੂਹੇ ਫਿਰ ਬੰਦ ਦੇ ਬੰਦ। ਫਿਰ ਚਾਨਣਾਂ ਦਾ ਆਪਜੀ ਭੇੜ ਆਰੰਭ ਹੋ ਗਿਆ। ਚਾਨਣ ਅੱਡ-ਅੱਡ ਦਿਸ਼ਾਵਾਂ ਵੱਲ ਮਸ਼ਾਲਾਂ ਬਾਲ ਕੇ ਤੁਰ ਪਏ, ਪਰ ਚਾਨਣਾਂ ਦੇ ਛਿੱਟੇ ਦਿੰਦੇ ਚਾਨਣਾਂ ਦਾ ਹੜ੍ਹ ਨਾ ਲਿਆ ਸਕੇ, ਚਾਨਣਾਂ ਦੀ ਖਹਿਬੜ-ਖਹਿਬੜਾਈ ਹੀ ਨਾ ਮੁੱਕੀ। ਆਸ਼ਾ-ਨਿਰਾਸ਼ਾ ਵਿੱਚ ਚਾਨਣਾਂ ਦੀ ਬੂੰਦ ਨੂੰ ਤਰਸਦੇ ਖਿੜਕ ਅੱਖਾਂ ਮੰਦੀ ਡੱਚ ਗੱਚ ਹਿਲਦੇ ਡਿਗੂੰ-ਡਿਗੂੰ ਕਰਦੇ ਉਦਾਸ ਖੜ੍ਹੇ ਨੇ ਅਜੇ ਤੱਕ।

ਅਤੀਤ ਮੇਰਾ ਮੋਢਾ ਥਪਥਪਾਉਂਦਾ ਹੈ ਤੇ ਗਿੱਚੀ ਤੋਂ ਫੜ ਕੇ ਵਰਤਮਾਨ ਤੋਂ ਅੱਗੇ ਭਵਿੱਖ ਵੱਲ ਮੂੰਹ ਭੁਆ ਦਿੰਦਾ ਹੈ ਇਹ ਕਹਿੰਦਿਆਂ-'ਮੈਨੂੰ ਤੇਰੀ ਪ੍ਰਤੀਬੱਧਤਾ ਉੱਪਰ ਕੋਈ ਸ਼ੱਕ ਨਹੀਂ। ਆਪਣੀ ਹਯਾਤੀ ਦਾ ਬਹੁਤਾ ਸਮਾਂ ਤੂੰ ਵਕਤ ਨਾਲ ਵਫ਼ਾਦਾਰੀ ਨਿਭਾਉਣ ਵਾਲੇ ਕਾਰਜਾਂ ਵਿੱਚ ਹੀ ਗੁਜ਼ਾਰਿਆ ਹੈ। ਰਸਤੇ ਵਿੱਚ ਹਰ ਕੋਈ ਇੱਕ ਤੋਂ ਵੱਧ ਔਖਿਆਈ ਆ ਹੀ ਰਹੀ ਹੈ। ਤੂੰ ਜਦ ਵੀ ਔਖਿਆਈ, ਉੱਠ ਕੇ ਫਿਰ ਸਬੂਤੇ ਕਦਮ ਹੀ ਤੁਰਿਆ ਹੈਂ। ਬੰਦ ਬੂਹਿਆਂ ਨੇ ਤੇਰਾ ਰਸਤਾ ਰੋਕਣ ਦਾ ਕਿੰਨਾ ਵੀ ਯਤਨ ਕੀਤਾ, ਤੂੰ ਹੁਸ਼ਲੀ ਮਾਰ ਕੇ ਅੱਗੇ ਹੀ ਅੱਗੇ ਤੁਰਦਾ ਆਇਆ ਹੈਂ। ਬਚਪਨ ਤੋਂ ਲੈ ਕੇ ਬੰਦ ਬੂਹਿਆਂ ਨੇ ਤੇਰੇ ਨਾਲ ਖੈਰ ਨਹੀਂ ਗੁਜ਼ਾਰੀ, ਪਰ ਤੂੰ ਪੂਰੇ ਜਬ੍ਹੇ ਨਾਲ ਉਨ੍ਹਾਂ ਬੰਦ ਬੂਹਿਆਂ ਨੂੰ ਮੂੰਹ ਤੋੜਵਾਂ ਜਵਾਬ ਦਿੰਦਾ ਰਿਹਾ ਹੈਂ। ਯਾਦ ਕਰ।'

ਮੈਂ ਅੱਖਾਂ ਉਘੇੜ ਕੇ ਵੇਖਦਾ ਹਾਂ, ਮੈਨੂੰ ਭਵਿੱਖ ਦੇ ਅੰਬਰ ਉੱਪਰ ਟਿਮਟਿਮਾਉਂਦਾ ਜੁਗਨੂੰ ਦਿਖਾਈ ਦਿੰਦਾ। ਮੇਰੀ ਉਨ੍ਹਾਂ ਜੁਗਨੂੰਆਂ ਨਾਲ ਅੱਖ ਮਿਲੀ, ਉਹ ਹੋਰ ਚਮਕ ਉੱਠੇ। ਵਕਤ ਨੇ ਮੇਰੇ ਕੰਨ ਵਿੱਚ ਗੋਸ਼ਾ ਕੀਤਾ-'ਦੇਖ ਇਹ ਤੇਰੇ ਉਨ੍ਹਾਂ ਸ਼ਬਦਾਂ ਦੀ ਬਦੌਲਤ ਹੈ, ਜਿਨ੍ਹਾਂ ਦੀ ਉਂਗਲੀ ਫੜ ਕੇ ਤੂੰ ਏਥੋਂ ਤੱਕ ਆਇਆ ਹੈਂ। ਤਾਰਿਆਂ ਦੇ ਝੁਰਮਟ ਵਿੱਚ ਮੈਨੂੰ ਇੱਕ ਟਿਮਟਿਮਾਉਂਦਾ ਨਜ਼ਰੀਂ ਪਿਆ-ਸੰਘਰਸ! ਵਾਹ! ਜ਼ਿੰਦਗੀ ਦੇ ਬੂਹੇ ਦੀ ਚਾਬੀ।'

ਮੈਂ ਵਕਤ ਅੱਗੇ ਜਵਾਬਦੇਹ ਹਾਂ ਤੇ ਵਕਤ ਦੇ ਰੂਬਰੂ ਹੋ ਕੇ ਇਕਬਾਲ ਕਰਦਾ ਹਾਂ ਕਿ ਮੇਰੇ ਉੱਪਰ ਕੁੱਝ ਖ਼ਾਸ ਸਮਿਆਂ 'ਤੇ ਪਾਗ਼ਲਪਨ ਹਾਵੀ ਹੋ ਜਾਂਦਾ ਸੀ। ਜਿਵੇਂ ਕੋਈ ਬਾਂਦਰ ਦੀ ਪੂਛ ਨੂੰ ਹੱਥ ਲਾ ਦੇਵੇ, ਏਸੇ ਤਰ੍ਹਾਂ ਆਪਣੀ ਸਰਵਿਸ ਦੇ ਆਖ਼ਰੀ ਪੰਜ ਸਾਲ ਪੂਛ ਚੁੱਕੀ ਫਿਰਦਾ ਰਿਹਾ ਤੇ ਦੁੱਖਾਂ ਦੇ ਬਰਹਿਮਣਵਾਦੀ ਪਹਾੜ ਨਾਲ ਟੱਕਰਾਂ ਮਾਰਦਾ ਰਿਹਾ। ਮੱਥਾ ਜ਼ਖ਼ਮੀ ਵੀ ਹੋਇਆ, ਪਰ ਸਿੱਦਕ ਕਾਇਮ ਰੱਖਿਆ। ਫਿਰ ਸੇਵਾ-ਮੁਕਤੀ ਤੋਂ ਬਾਅਦ ਤਕਰੀਬਨ ਵੀਹ ਸਾਲ ਬੰਦ ਬੂਹਿਆਂ ਅੱਗੇ ਮੋਮਬੱਤੀਆਂ ਜਗਾਉਣ ਦੇ ਝੱਲ ਦਾ ਸ਼ਿਕਾਰ ਰਿਹਾ । ਗੁਆਇਆ ਹੀ ਗੁਆਇਆ ਹਾਸਲ ਕੱਖ ਨਾ ਹੋਇਆ। ਆਹ ਛੇ ਸਾਲ ਦਾ ਸਮਾਂ ਮਘਦੇ ਅੰਗਿਆਰਾਂ ਦੀ ਵਰਖਾ ਦਾ ਹੀ ਰਿਹਾ। ਅੰਗਿਆਰਾਂ ਨੇ ਤਲ਼ੀਆਂ ਲੂਹ ਦਿੱਤੀਆਂ, ਪਰ ਤੂੰ ਮੌਤ ਨਾਲ ਯੁੱਧ ਜਾਰੀ ਰੱਖਿਆ ਤੇ ਜੇਤੂਆਂ ਦੀ ਸੂਚੀ ਵਿੱਚ ਸ਼ਾਮਲ ਹੋ ਗਿਆ। ਜਿੱਤ ਦੀ ਖੁਸ਼ੀ ਵੀ ਹੋਈ, ਫਿਰ ਜਿਵੇਂ ਬਹੁਤੀ ਖੁਸ਼ੀ ਤੋਂ ਬਾਅਦ ਉਦਾਸੀ ਵੀ ਛਾ ਜਾਂਦੀ ਹੈ, ਹੰਝੂ ਵੀ ਉਮਡ ਪੈਂਦੇ ਹਨ, ਮਨ ਇੱਕ ਦਮ ਬਗੈਰ ਕਾਰਨ ਹੀ ਉਦਾਸ ਹੋ ਗਿਆ।

ਫਿਰ ਸ਼ਬਦ ਨੇ ਹਲੂਣਿਆ-'ਕੀ ਕਰਦੈਂ ? ਕਿਉਂ ਢਹਿੰਦੀਆਂ ਕਲਾਂ ਦੀ ਗੱਲ ਛੂਹ ਲਈ ਜਦੋਂ ਕਿ ਸਾਰੀ ਉਮਰ ਚੜ੍ਹਦੀਆਂ ਕਲਾਂ ਵਿੱਚ ਗੁਜ਼ਾਰੀ ਹੈ। 2007 ਤੋਂ ਲੈ ਕੇ ਤੂੰ ਜਿਹੜੀ ਮੇਰੇ ਨਾਲ ਵਫ਼ਾ ਨਿਭਾਈ ਹੈ, ਉਹ ਕੋਈ ਛੋਟੀ ਗੱਲ ਹੈ ? ਤੂੰ ਕਿੰਨਿਆਂ ਨੂੰ ਸ਼ਬਦ ਨਾਲ ਜੋੜਿਆ ਹੈ। ਅਜੇ ਵੀ ਰੁਕਿਆ ਨਹੀਂ। ਤੂੰ ਮੰਨ ਨਾ ਮੰਨ ਤੂੰ ਸਮੇਂ ਦਾ ਸੁਲੱਗ ਪੁੱਤਰ ਹੈਂ। ਤੂੰ ਇੱਕ ਗੱਲ ਜ਼ਰੂਰ ਯਾਦ ਰੱਖ, ਇਹ ਨਹੀਂ ਕਹਿਣਾ ਕਿ 'ਮੈਂ ਬਹੁਤ ਸਮਾਂ ਬਰਬਾਦ ਹੋਇਆ ਸਮਝ ਕੇ ਬੰਦ ਬੂਹਿਆਂ ਦੇ ਬਾਈਕਾਟ ਦਾ ਫ਼ੈਸਲਾ ਕਰਨ ਲੱਗਾ ਸਾਂ ਕਿ ਸ਼ਬਦ ਨੇ ਫਿਰ ਝੰਜੋੜਿਆ-'ਮੇਰੇ ਆਖੇ ਲੱਗ ਕੇ ਬੰਦ ਬੂਹਿਆਂ ਤੋਂ ਝਾਕ ਰੱਖਣੀ ਬੰਦ ਕਰ ਦੇ। ਬਾਈਕਾਟ ਬਾਰੇ ਕਿਉਂ ਸੋਚਦਾ ਹੈਂ ? ਸ਼ਬਦ ਸੰਸਾਰ ਨੂੰ ਤਿਆਗ ਕੇ ਹੁਣ ਕਿਉਂ ਝੂਰਦਾ ਹੈਂ ਆਖਦਾ ਹੈਂ ਕਿ ਕੀਮਤੀ ਵਕਤ ਜਿਸ ਦਿਸ਼ਾ ਵਿੱਚ ਝੋਕੀ ਰੱਖਿਆ, ਅੱਜ ਇਉਂ ਜਾਪਣ ਲੱਗਿਆ ਹੈ ਕਿ ਮੈਂ ਅੱਜ ਉਸ ਵਕਤ ਦੇ ਸਿਵੇ 'ਤੇ ਬੈਠਾ ਰੁਦਨ ਕਰ ਰਿਹਾ ਹਾਂ। ਨਹੀਂ ਇਹ ਨਹੀਂ ਕਹਿਣਾ।'

'ਯਾਦ ਰੱਖੀਂ, ਤੂੰ ਇਉਂ ਕਿਉਂ ਨਹੀਂ ਸਮਝਦਾ ਕਿ ਉਸ ਵਕਤ ਦੀ ਰਾਖ ਵਿੱਚੋਂ ਹੀ ਕੂਕਨਸ ਪੈਦਾ ਹੋ ਰਿਹਾ ਹੈ। ਬੱਸ ਹੁਣ ਤੂੰ ਇੱਕ ਕੰਮ ਕਰ, ਵਕਤ ਦੇ ਬੰਦ ਬੂਹਿਆਂ ਦੇ ਜ਼ਰਜ਼ਰੇ ਤਾਕ ਖੁਲ੍ਹਵਾਉਣ ਲਈ ਖਟਖਟਾਉਣਾ ਬੰਦ ਕਰ ਦੇ ਤੇ ਉਸ ਕੂਕਨਸ ਦੇ ਖੰਭ ਮਜ਼ਬੂਤ ਕਰਨ ਦਾ ਉਪਰਾਲਾ ਕਰ।ਉਹ ਕੂਕਨਸ ਦੇ ਕਾਰਨਾਮੇ ਦੇਖੀਂ, ਤੇਰੇ ਲਈ ਕਿੰਨੇ ਬੂਹੇ ਖੁੱਲ੍ਹੇ ਮਿਲਣਗੇ, ਜਿੱਥੇ ਸ਼ਬਦ ਹੀ ਸ਼ਬਦਾਂ ਦੀ ਨਿਰਮਲ ਧਾਰਾ ਵਹਿ ਰਹੀ ਹੋਵੇਗੀ। ਉਸ ਨਿਰਮਲ ਧਾਰਾ ਵਿੱਚ ਡੁੱਬਕੀਆਂ ਲਾ।'

ਹੋਰ ਵੀ ਕਮਾਲ ਜਦੋਂ ਤੋਂ ਮੈਂ ਬੰਦ ਬੂਹਿਆਂ ਦੇ ਜ਼ਰਜ਼ਰੇ ਤਖ਼ਤੇ ਝਕਾਉਣੇ ਬੰਦ ਕੀਤੇ ਹਨ, ਸੈਂਕੜੇ ਹੀ ਬੂਹੇ ਮੈਨੂੰ ਸਪਾਟ ਖੁੱਲ੍ਹੇ ਨਜ਼ਰ ਆਏ। ਹਰ ਪਾਸੇ ਸਬਜ਼ ਕਾਇਨਾਤ, ਫੁੱਲਾਂ ਦੀ ਮਹਿਕ, ਅਸਮਾਨ ਵਿੱਚ ਸੱਤਰੰਗੀ ਪੀਂਘ। ਅੰਬਰਾਂ ਵਿੱਚ ਉਡਾਰੀਆਂ ਮਾਰਦੇ ਜੋਨਾਥਨ ਸੀਗਲ (ਇਹ ਅਮਰੀਕੀ-ਪੰਛੀਆਂ ਦੇ ਜੀਵਨ ਲੇਖਕ-ਰਿਚਰਡ ਬਾਗ਼ ਦਾ ਨਾਵਲ ਹੈ- ਜੋਨਾਥਨ ਲਵਿੰਗਸਟਨ ਸੀਗਲ)। ਆਖ- 'ਜ਼ਿੰਦਗੀ ਜ਼ਿੰਦਾਬਾਦ!'

ਇਉਂ ਲੱਗਦਾ ਹੈ, ਜਿਵੇਂ ਜ਼ਿੰਦਗੀ ਦੇ ਅਰਥ ਹੀ ਹੁਣ ਸਮਝ ਆਏ ਹਨ। ਜਿੰਨੇ ਵੀ ਇੱਧਰ-ਉੱਧਰ ਹੱਥ ਕਰੋਲੇ ਦਿੱਤੇ, ਸਭ ਇੱਕ-ਇੱਕ ਕਰਕੇ ਵਕਤ ਦੀ ਉਸ ਰਾਖ ਵਿੱਚ ਰਲ਼ ਗਏ। ਜੇ ਬਚਿਆ ਹੈ ਤਾਂ ਸ਼ਬਦ ਜਿਸ ਨੇ ਡਿੱਗੇ ਪਏ ਨੂੰ ਉਠਾ ਕੇ ਕਿਹਾ-'ਉੱਠ ਕਿਉਂ ਢੇਰੀ ਢਾਹੀ ਐ ਸ਼ਬਦ ਨਾਲ ਸ਼ਬਦ ਜੋੜ, ਮੈਂ ਤੇਰੀ ਮੁਕਤੀ ਦਾ ਜ਼ਾਮਨ ਹਾਂ। ਮੈਂ ਤੇਰੇ 'ਤੇ ਤੁੱਠਿਆ ਹਾਂ, ਜੋ ਤੂੰ ਦਹਾਕਿਆਂ ਤੋਂ ਮੇਰੀ ਛਾਂ ਤੇ ਸਿਆਲਾਂ ਵਿੱਚ ਨਿੱਘ ਮਾਣਿਆ ਹੈ। ਹੋਰਾਂ ਨੂੰ ਇਸ ਨਿੱਘ ਵੱਲ ਆਕਰਸ਼ਤ ਕਰ ।ਜ਼ਿੰਦਾਬਾਦ ਹੈਂ ਜ਼ਿੰਦਾਬਾਦ ਰਹੇਂਗਾ, ਜੇ ਮੇਰੀ ਸ਼ਰਨ ਵਿੱਚ ਰਿਹਾ ਤਾਂ ਤੇਰਾ ਵਾਲ ਵੀ ਵਿੰਗਾ ਨਹੀਂ ਹੋਣ ਲੱਗਿਆ। ਬੰਦ ਬੂਹਿਆਂ ਵੱਲ ਝਾਕਣਾ ਛੱਡ ਕੇ ਖੁੱਲ੍ਹੇ ਬੂਹਿਆਂ ਵੱਲ ਤੁਰ, ਤੈਨੂੰ ਸ਼ਬਦ ਹੀ ਸ਼ਬਦ ਮਿਲਣਗੇ। ਐਵੇਂ ਝੁਰਨਾ ਛੱਡ, ਬੰਦ ਬੂਹਿਆਂ ਅੰਦਰ ਤੇਰੇ ਲਈ ਹੈ ਵੀ ਕੁੱਝ ਨਹੀਂ। ਖੁੱਲ੍ਹੇ ਬੂਹਿਆਂ ਵੱਲ ਰੁਖ ਕਰ ਤੇਰੇ ਲਈ ਬੇਸ਼ੁਮਾਰ ਦੌਲਤ ਪਈ ਹੈ ਸ਼ਬਦਾਂ ਦੀ ਪੂੰਜੀ ਬੇਸ਼ੁਮਾਰ ਧਨ-ਦੌਲਤਾਂ।

*ਸੰਪਰਕ : 94175-81936*

## ਸਾਹਿਤ ਚਿੰਤਨ ਵੱਲੋਂ 'ਫਾਂਸੀ ਅਹਾਤੇ ਤੋਂ' 'ਤੇ ਵਿਚਾਰ-ਚਰਚਾ

**ਚੰਡੀਗੜ੍ਹ**-ਸਾਹਿਤ ਚਿੰਤਨ, ਚੰਡੀਗੜ੍ਹ ਵੱਲੋਂ ਪ੍ਰਾਚੀਨ ਕਲਾ ਕੇਂਦਰ ਵਿਖੇ ਡਾ. ਨਵਸ਼ਰਨ ਕੌਰ ਦੀ ਪ੍ਰਧਾਨਗੀ ਹੇਠ 'ਫਾਂਸੀ ਅਹਾਤੇ ਤੋਂ' ਪੁਸਤਕ 'ਤੇ ਵਿਚਾਰ ਚਰਚਾ ਕਰਵਾਈ ਗਈ। ਐਡਵੋਕੇਟ ਸੁਧਾ ਭਾਰਦਵਾਜ ਦੀ ਚਰਚਿਤ ਪੁਸਤਕ 'ਫਾਂਸੀ ਅਹਾਤੇ ਤੋਂ' ਬਾਰੇ ਸੰਖੇਪ ਚਰਚਾ ਕਰਦਿਆਂ ਡਾ. ਸੁਮਨਦੀਪ ਕੌਰ ਨੇ ਕਿਹਾ ਕਿ ਇਸ ਵਿੱਚ 76 ਮਹਿਲਾ ਕੈਦੀਆਂ ਦਾ ਵੇਰਵਾ ਹੈ। ਭੀਮਾ-ਕੋਰੇਗਾਓਂ ਕਥਿਤ ਸਾਜ਼ਿਸ਼ ਕੇਸ ਵਿੱਚ ਝੂਠੀ ਫਸਾਈ ਗਈ ਲੇਖਕਾ ਨੂੰ ਯੇਰਵੜਾ ਜੇਲ੍ਹ ਦੀਆਂ ਔਰਤਾਂ ਨਾਲ ਇੱਕ ਵਰ੍ਹਾ ਗੁਜ਼ਾਰਨਾ ਪਿਆ ਹੈ। ਪੁਸਤਕ ਦਾ ਸਾਹਿਤਕ ਤੇ ਰਾਜਨੀਤਕ ਮਹੱਤਵ ਹੈ। ਜੇਲ੍ਹ ਸਮੱਸਿਆਵਾਂ ਦਾ ਹੱਲ ਨਹੀਂ, ਸਗੋਂ ਓਹਲਾ ਹੈ। ਜੇਲ੍ਹ ਆਵਾਜ਼ ਬੰਦ ਕਰ ਸਕਦੀ ਹੈ, ਪਰ ਰਿਸ਼ਤੇ ਖ਼ਤਮ ਨਹੀਂ ਕਰ ਸਕਦੀ। ਕੈਦਣਾਂ ਇਕ-ਦੂਜੀ ਦੀਆਂ ਗੁੱਤਾਂ ਗੁੰਦਦੀਆਂ ਹਨ। ਸਹਾਇਤਾ ਤੇ ਹਮਦਰਦੀ ਕਰਦੀਆਂ ਹਨ। ਇਹ ਜੀਵਨ ਨੂੰ ਬਚਾ ਕੇ ਰੱਖਣ ਦੀ ਤਕਨੀਕ ਹੈ।ਕਵੀ ਜੈਪਾਲ ਨੇ ਬਹਿਸ ਸ਼ੁਰੂ ਕਰਦਿਆਂ ਕਿਹਾ ਕਿ ਲੇਖਕਾ ਨੇ ਛੱਤੀਸਗੜ੍ਹ ਦੇ ਗਰੀਬ ਤੇ ਅਨਪੜ੍ਹ ਲੋਕਾਂ ਲਈ ਅਥਾਹ ਕੰਮ ਕੀਤਾ ਹੈ। ਯੇਰਵੜਾ ਜੇਲ੍ਹ ਵਿੱਚ ਮਹਾਤਮਾ ਗਾਂਧੀ ਤੇ ਡਾ. ਭੀਮ ਰਾਓ ਅੰਬੇਦਕਰ ਦੀ ਪੂਨਾ ਪੈਕਟ ਲਈ ਸਹਿਮਤੀ ਬਣੀ ਸੀ। ਇਹ ਪੁਸਤਕ ਜੇਲ੍ਹ ਸਾਹਿਤ ਹੈ।ਜਸਵੰਤ ਸਿੰਘ ਨੇ ਕਿਹਾ ਕਿ ਲੇਖਕਾ ਉਸ ਅਮਰੀਕਾ ਦੀ ਪੱਕੀ ਨਾਗਰਿਕਤਾ ਤਿਆਗ ਕੇ ਫਿਰ ਭਾਰਤੀ ਵਸਨੀਕ ਬਣੀ ਹੈ। ਉਹ ਸਾਥੀ ਕੈਦਣਾਂ ਦੀਆਂ ਦਰਖ਼ਾਸਤਾਂ ਲਿਖਦੀ ਹੈ ਤੇ ਕਾਨੂੰਨੀ ਸਲਾਹਾਂ ਦਿੰਦੀ ਹੈ।ਡਾ. ਹਜ਼ਾਰਾ ਸਿੰਘ ਚੀਮਾ ਨੇ ਕਿਹਾ ਕਿ ਲੇਖਕਾ ਵਿਕਸਤ ਮੁਲਕ 'ਚ ਰਹਿਣ ਨਾਲੋਂ ਆਪਣੇ ਲੋਕਾਂ ਨੂੰ ਤਰਜੀਹ ਦਿੰਦੀ ਹੈ।ਕਿਤਾਬ ਮਾਓਵਾਦੀ ਸੰਘਰਸ਼ ਬਾਰੇ ਖਾਮੋਸ਼ ਹੈ।ਪਰਮਿੰਦਰ ਸਿੰਘ ਗਿੱਲ ਨੇ ਕਿਹਾ ਕਿ ਇਹ ਜੇਲ੍ਹ ਦੇ ਅੰਦਰ ਤੇ ਬਾਹਰ ਦੀ ਦੁਨੀਆ ਦਾ ਮੁਕਾਬਲਤਨ ਅਧਿਐਨ ਹੈ।ਡਾ. ਸਵਰਾਜਬੀਰ ਨੇ ਕਿਹਾ ਕਿ ਜੇਲ੍ਹ ਬਿਰਤਾਂਤ ਆਤਮਾ ਵਲੂੰਧਰਨ ਵਾਲਾ ਹੈ। ਲੇਖਕਾ ਗਾਂਧੀਵਾਦੀ ਹੈ ਤੇ ਸੰਵਿਧਾਨ ਵਿੱਚ ਵਿਸ਼ਵਾਸ ਰੱਖਦੀ ਹੈ।ਅਨੁਵਾਦਕ ਬੂਟਾ ਸਿੰਘ ਮਹਿਮੂਦਪੁਰ ਨੇ ਕਿਹਾ ਕਿ ਇਸ ਤੋਂ ਪਹਿਲਾਂ ਮੈਰੀ ਟਾਈਲਰ ਦੀ ਕਿਤਾਬ 'ਭਾਰਤੀ ਜੇਲ੍ਹਾਂ ਵਿੱਚ ਪੰਜ ਵਰ੍ਹੇ' ਛਪੀ ਸੀ। ਫਿਰ ਅਰੁਨ ਫਰੇਰਾ ਦੀ 'ਪਿੰਜਰੇ ਦੇ ਰੰਗ' ਛਪੀ। ਜੇਲ੍ਹਾਂ ਮਨੁੱਖੀ ਜ਼ਿੰਦਗੀ ਤੇ ਗੌਰਵ ਨੂੰ ਕੁਚਲਦੀਆਂ ਹਨ। ਇਸ ਲਈ ਸਟੇਟ ਤੇ ਬਸਤੀਵਾਦੀ ਕਾਨੂੰਨ ਜ਼ਿੰਮੇਵਾਰ ਹਨ।ਡਾ. ਨਵਸ਼ਰਨ ਨੇ ਪ੍ਰਧਾਨਗੀ ਸਮੇਂ ਬੋਲਦਿਆਂ ਕਿਹਾ ਕਿ ਚਾਹੇ ਪਿੱਤਰਸੱਤਾ ਹੈ, ਫਿਰ ਵੀ ਹਰ ਔਰਤ ਜੇਲ੍ਹ ਤੋਂ ਬਾਹਰ ਅਜ਼ਾਦ ਫਿਜ਼ਾ ਵਿੱਚ ਰਹਿਣਾ ਚਾਹੁੰਦੀ ਹੈ। ਔਰਤਾਂ ਉੱਤੇ ਬੰਦਸ਼ਾਂ ਲਾਉਣ ਨਾਲੋਂ ਖ਼ਤਰਨਾਕ ਬਦਮਾਸ਼ਾਂ ਨੂੰ ਘਰਾਂ ਅੰਦਰ ਡੱਕਣਾ ਚਾਹੀਦਾ ਹੈ। ਔਰਤਾਂ ਨੂੰ ਬਰਾਬਰ ਦੇ ਸੰਵਿਧਾਨਕ ਅਧਿਕਾਰ ਮਿਲੇ ਹੋਏ ਹਨ।ਮੈਡਮ ਮਾਧਵੀ ਕਟਾਰੀਆ ਨੇ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਮਾਜਿਕ ਤੇ ਸਿਆਸੀ ਦਸਤਾਵੇਜ਼ ਹੈ।ਉਪਰੋਕਤ ਤੋਂ ਇਲਾਵਾ ਮੀਟਿੰਗ ਵਿੱਚ ਸਰਵਸ੍ਰੀ/ਸ੍ਰੀਮਤੀ ਮਿੰਨੀ ਸਰਕਾਰੀਆ, ਡਾ. ਪਿਊਸ਼ ਅਵਸਥੀ, ਡਾ. ਸਤਪਾਲ ਸਹਿਗਲ, ਡਾ. ਰਾਜੇਸ਼ ਜੈਸਵਾਲ, ਡਾ. ਸਵੈਰਾਜ ਸੰਧੂ, ਡਾ. ਰਾਬਿੰਦਰ ਨਾਥ ਸ਼ਰਮਾ, ਡਾ. ਅਰੀਤ ਕੌਰ, ਡਾ. ਹਰਵੀਰ ਸਿੰਘ, ਡਾ. ਦਵਿੰਦਰ ਸਿੰਘ ਬੋਹਾ, ਡਾ. ਜਗਦੀਸ਼ ਚੰਦਰ, ਸ਼ਬਦੀਸ਼, ਭਜਨਬੀਰ ਸਿੰਘ, ਜਗਤਾਰ ਸਿੰਘ, ਯਸ਼ਪਾਲ, ਸੁਰਜੀਤ ਸੁਮਨ, ਮੋਹਨ ਲਾਲ ਰਾਹੀ, ਹਰਨਾਮ ਸਿੰਘ ਡੱਲਾ, ਜੋਗਿੰਦਰ ਸਿੰਘ ਬੁੜੈਲ, ਦਲਵੀਰ ਸਿੰਘ, ਇੰਦਰਜੀਤ ਸਿੰਘ, ਬਲਜੀਤ, ਗੁਰਮਨ ਸਿੰਘ, ਦਲਬਾਗ ਸਿੰਘ ਦਾਊਂ, ਪੰਕਜ, ਗੁਰਜਿੰਦਰ ਸਿੰਘ ਬੜਾਨਾ, ਗੁਰਬਖਸ਼ ਸਿੰਘ ਮੌਂਗਾ, ਸੁਖਦੇਵ ਸਿੰਘ, ਹਰਸਿਮਰਨ ਕੌਰ, ਅਜੇ ਸਿੰਗਲਾ, ਰਮਿੰਦਰਪਾਲ ਸਿੰਘ, ਸ਼ਿਵਾ ਸਮੇਤ 40 ਤੋਂ ਉਪਰ ਸਾਹਿਤ ਚਿੰਤਕਾਂ ਨੇ ਭਾਗ ਲਿਆ। ਸਟੇਜ ਸੰਚਾਲਨਾ ਸਰਦਾਰਾ ਸਿੰਘ ਚੀਮਾ ਨੇ ਨਿਭਾਈ।




## ਨਾਵਲ 'ਹਵਾਲਾਤ' ਉੱਪਰ ਗੋਸ਼ਟੀ ਸਮਾਗਮ ਕਰਵਾਇਆ



**ਸੰਗਰੂਰ**-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਸੰਗਰੂਰ ਵਿਖੇ ਮਹੀਨਾਵਾਰ ਸਾਹਿਤਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਜਸਵਿੰਦਰ ਸਿੰਘ ਛਿੰਦਾ ਦੇ ਚਰਚਿੱਤ ਨਾਵਲ 'ਹਵਾਲਾਤ' ਉੱਪਰ ਗੋਸ਼ਟੀ ਕਰਵਾਈ ਗਈ। ਨਾਵਲ ਸੰਬੰਧੀ ਪੜ੍ਹੇ ਗਏ ਪਰਚੇ ਵਿੱਚ ਡਾ. ਭੁਪਿੰਦਰ ਸਿੰਘ ਬੇਦੀ ਨੇ ਕਿਹਾ ਕਿ ਜਸਵਿੰਦਰ ਸਿੰਘ ਛਿੰਦਾ ਨੇ ਆਪਣੇ ਨਾਵਲ ਵਿੱਚ ਪੰਜਾਬ ਦੇ ਕਾਲੇ ਦੌਰ ਦਾ ਗਵਾਹ ਬਣ ਕੇ ਯਥਾਰਥਕ ਬਿਰਤਾਂਤ ਸਿਰਜਣ ਦੀ ਸਫ਼ਲ ਅਤੇ ਸੁਚੱਜੀ ਕੋਸ਼ਿਸ਼ ਕੀਤੀ ਹੈ। ਵਿਚਾਰ-ਚਰਚਾ ਨੂੰ ਅੱਗੇ ਤੋਰਦਿਆਂ ਡਾ. ਤੇਜਾ ਸਿੰਘ ਤਿਲਕ ਨੇ ਕਿਹਾ ਕਿ ਨਾਵਲ ਵਿੱਚ ਪੁਲਸ ਰਾਜ ਦੀਆਂ ਅਣਮਨੁੱਖੀ ਕਾਰਵਾਈਆਂ ਨੂੰ ਬੜੀ ਬਾਰੀਕੀ ਨਾਲ ਬਿਆਨ ਕੀਤਾ ਗਿਆ ਹੈ। ਡਾ. ਮੀਤ ਖਟੜਾ ਨੇ ਕਿਹਾ ਕਿ ਇਹ ਨਾਵਲ ਅੱਤਵਾਦ ਸਮੇਂ ਲੇਖਕ ਦਾ ਹਵਾਲਾਤ ਵਿੱਚ ਹੱਡੀਂ ਹੰਢਾਇਆ ਦਰਦ ਹੈ। ਡਾ. ਮਨੀਸ਼ਾ ਰਾਣੀ ਨੇ ਕਿਹਾ ਕਿ ਨਾਵਲ ਵਿੱਚ ਅੱਤਵਾਦ ਦੇ ਸਮੇਂ ਦਾ ਨਿਰਪੱਖ ਢੰਗ ਨਾਲ ਚਿੱਤਰਣ ਕੀਤਾ ਗਿਆ ਹੈ। ਮਿੱਤਰ ਸੈਨ ਮੀਤ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਕਿਹਾ ਕਿ ਅੱਤਵਾਦ ਦੇ ਦੌਰ ਬਾਰੇ ਲਿਖਿਆ ਇਹ ਨਾਵਲ ਅਜੋਕੇ ਸਮੇਂ ਵਿੱਚ ਵੀ ਓਨਾ ਹੀ ਸਾਰਥਿਕ ਹੈ।

ਉਨ੍ਹਾ ਕਿਹਾ ਕਿ ਮੈਂ ਮੁੱਖ ਪਾਤਰ ਵਾਲੇ ਨਾਵਲ ਨੂੰ ਜੀਵਨੀ ਨਹੀਂ ਕਿਹਾ ਜਾ ਸਕਦਾ, ਬਲਕਿ ਇਹ ਵੀ ਨਾਵਲ ਦੀ ਇੱਕ ਤਕਨੀਕ ਹੈ। ਨਾਵਲਕਾਰ ਜਸਵਿੰਦਰ ਸਿੰਘ ਛਿੰਦਾ ਨੇ ਆਪਣੇ ਜੀਵਨ ਅਤੇ ਲਿਖਣ ਪ੍ਰਕਿਰਿਆ ਸੰਬੰਧੀ ਯਾਦਾਂ ਸਾਂਝੀਆਂ ਕੀਤੀਆਂ। ਅੰਤ ਵਿੱਚ ਡਾ. ਮੀਤ ਖਟੜਾ ਨੇ ਸਾਰੇ ਆਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ ਅਤੇ ਮੰਚ ਸੰਚਾਲਨ ਦੀ ਭੂਮਿਕਾ ਰਾਜਿੰਦਰ ਸਿੰਘ ਰਾਜਨ ਨੇ ਬਾਖ਼ੂਬੀ ਨਿਭਾਈ।

## ਸਾਹਿਤ ਅਕਾਦਮੀ ਵੱਲੋਂ ਪਵਨ ਹਰਚੰਦਪੁਰੀ ਦੀ ਜੀਵਨ ਸਾਥਣ ਪੁਸ਼ਪਾ ਸ਼ਰਮਾ ਦੇ ਦੇਹਾਂਤ 'ਤੇ ਅਫ਼ਸੋਸ

**ਲੁਧਿਆਣਾ** - ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਅਹੁਦੇਦਾਰਾਂ, ਪ੍ਰਬੰਧਕੀ ਬੋਰਡ ਮੈਂਬਰਾਂ ਅਤੇ ਸਮੂਹ ਮੈਂਬਰਾਂ ਵੱਲੋਂ ਅਕਾਡਮੀ ਦੇ ਜੀਵਨ ਮੈਂਬਰ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਪ੍ਰਧਾਨ ਪਵਨ ਹਰਚੰਦਪੁਰੀ ਦੀ ਜੀਵਨ ਸਾਥਣ ਪੁਸ਼ਪਾ ਸ਼ਰਮਾ ਦੇ ਦੇਹਾਂਤ 'ਤੇ ਡੂੰਘੇ ਦੁੱਖ ਅਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ। ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਅਤੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਪੁਸ਼ਪਾ ਸ਼ਰਮਾ ਦੇ ਸਦੀਵੀ ਵਿਛੋੜੇ 'ਤੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪੁਸ਼ਪਾ ਸ਼ਰਮਾ ਜੀ ਬਹੁਤ ਹੀ ਮਿਲਣਸਾਰ ਤੇ ਨਿੱਘੇ ਸੁਭਾਅ ਦੇ ਮਾਲਕ ਸਨ। ਉਹ ਪਵਨ ਹਰਚੰਦਪੁਰੀ ਦੇ ਮੋਢੇ ਨਾਲ ਮੋਢਾ ਜੋੜ ਕੇ ਪਰਵਾਰਕ ਜ਼ਿੰਮੇਂਵਾਰੀਆਂ ਸੰਭਾਲਦੇ ਰਹੇ। ਉਨ੍ਹਾਂ ਕਿਹਾ ਕਿ ਪੁਸ਼ਪਾ ਸ਼ਰਮਾ ਦੇ ਦੇਹਾਂਤ ਨਾਲ ਪਰਵਾਰ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਇਸ ਦੁੱਖ ਦੀ ਘੜੀ ਅਕਾਡਮੀ ਪਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ।

## ਵਿਸ਼ਵ ਪੰਜਾਬੀ ਸਭਾ ਐਡਮਿੰਟਨ ਵੱਲੋਂ ਅਰਵਿੰਦਰ ਭੱਟੀ ਦਾ ਸਨਮਾਨ



**ਐਡਮਿੰਟਨ** : ਕੈਨੇਡਾ ਦੇ ਪ੍ਰਸਿੱਧ ਸਥਾਨ ਸੀਨੀਅਰ ਸਿਟੀਜ਼ਨ ਕਲਚਰਲ ਸੋਸਾਇਟੀ ਮਿਲਵੁੱਡ ਵਿਖੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਦੀ ਰਹਿਨੁਮਾਈ ਹੇਠ ਵਿਸ਼ਵ ਪੰਜਾਬੀ ਸਭਾ ਐਡਮਿੰਟਨ ਵੱਲੋਂ ਇੱਕ ਸਮਾਗਮ ਅਤੇ ਕਵੀ ਦਰਬਾਰ ਕਰਵਾਇਆ ਗਿਆ। ਸਭਾ ਦੇ ਪ੍ਰਧਾਨ ਦਲਬੀਰ ਸਿੰਘ ਰਿਆੜ ਨੇ ਸਭਾ ਦੇ ਉਦੇਸ਼ ਅਤੇ ਕੀਤੇ ਜਾਣ ਵਾਲੇ ਮੁੱਖ ਕੰਮਾਂ 'ਤੇ ਚਾਨਣਾ ਪਾਇਆ। ਇਸ ਸਮਾਗਮ ਦੇ ਮੁੱਖ ਮਹਿਮਾਨ ਪ੍ਰਸਿੱਧ ਸਮਾਚਾਰ ਵਾਚਕ, ਅਭਿਨੈਕਾਰ, ਸੰਚਾਲਕ ਅਤੇ ਐਕਟਰ ਅਰਵਿੰਦਰ ਸਿੰਘ ਭੱਟੀ ਦੀਆਂ ਸਮੂਹਿਕ ਪ੍ਰਾਪਤੀਆਂ ਨੂੰ ਮੱਦੇਨਜ਼ਰ ਰੱਖਦੇ ਹੋਏ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਵਿਸ਼ੇਸ਼ ਤੌਰ 'ਤੇ ਪਹੁੰਚੇ ਮੈਂਬਰ ਪਾਰਲੀਮੈਂਟ ਐਡਮਿੰਟਨ ਸਰਦਾਰ ਜਗਸ਼ਰਨ ਸਿੰਘ ਮਾਹਲ ਨੂੰ ਵੀ ਸਨਮਾਨਿਤ ਕੀਤਾ ਗਿਆ।ਇਸ ਮੌਕੇ ਮਨਜੀਤ ਸਿੰਘ ਫੋਰੂਮਾਨ ਤੋਂ ਮਨਦੀਪ ਪੁਜਾਰਾ ਅਤੇ ਵੀ ਟੀ ਵੀ ਤੋਂ ਗੁਰਜੀਤ ਸਿੰਘ ਅਤੇ ਪ੍ਰੋਫੈਸਰ ਅਸ਼ੋਕ ਕੁਮਾਰ ਨੇ ਪੰਜਾਬੀ ਮਾਂ ਬੋਲੀ ਅਤੇ ਨੀਤੀਆਂ ਦੀ ਵਰਤਮਾਨ ਭੂਮਿਕਾ ਬਾਰੇ ਵਿਚਾਰ ਰੱਖੇ।ਕਵੀ ਦਰਬਾਰ ਵਿੱਚ ਦਲਬੀਰ ਸਿੰਘ ਰਿਆੜ, ਬਲਵਿੰਦਰ ਬਾਲਮ, ਨਰਿੰਦਰ ਜੌਹਲ, ਬੀਬੀ ਜਰਨੈਲ ਕੌਰ, ਅੰਮ੍ਰਿਤ ਪਾਲ ਸਿੰਘ ਅੰਮ੍ਰਿਤ, ਕਰਨੈਲ ਸਿੰਘ, ਸੰਨੀ ਧਾਲੀਵਾਲ, ਤਜਿੰਦਰ ਪਾਲ ਸਿੰਘ ਰਿਆੜ, ਪਵਿੱਤਰ ਸਿੰਘ ਧਾਲੀਵਾਲ, ਨਰਿੰਦਰ ਚਾਹਲ, ਅਮਰਜੀਤ ਵਿਰਦੀ, ਸਤਨਾਮ ਸਿੰਘ ਗਾਹਲੇ, ਮਾਸਟਰ ਅਜੀਤ ਖੰਗੂੜਾ, ਕਾਰਜ ਸਿੰਘ, ਕਿਸ਼ਨ ਜੌਹਲ, ਮਹਿੰਦਰ ਸਿੰਘ ਰਤੀਆ, ਮੈਨੇਜਰ ਨਰਿੰਦਰ ਸਿੰਘ, ਸੁਖਦੇਵ ਸਿੰਘ, ਪਾਰਸ ਮਹੀਨੀਆਂ, ਕਸ਼ਮੀਰਾ ਸਿੰਘ, ਸੁਖਦੇਵ ਸਿੰਘ ਬੈਨੀਪਾਲ, ਪ੍ਰਦੁਮਣ ਸਿੰਘ ਆਦਿ ਨੇ ਕਾਵਿ ਰਚਨਾਵਾਂ ਸੁਣਾ ਕੇ ਖੂਬ ਰੰਗ ਬੰਨ੍ਹਿਆ। ਆਏ ਹੋਏ ਬਹੁਤ ਸਾਰੇ ਸਰੋਤਿਆਂ ਨੇ ਇਸ ਸਮਾਗਮ ਦਾ ਖੂਬ ਅਨੰਦ ਮਾਣਿਆ।ਸਭਾ ਦੇ ਪ੍ਰਧਾਨ ਦਲਬੀਰ ਸਿੰਘ ਰਿਆੜ ਨੇ ਆਏ ਸਭ ਸਰੋਤਿਆਂ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਹੋਰ ਸੁਚਾਰੂ ਢੰਗ ਨਾਲ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਦਾ ਵਚਨ ਲਿਆ। ਮੰਚ ਸੰਚਾਲਨ ਦੀ ਭੂਮਿਕਾ ਬਲਵਿੰਦਰ ਬਾਲਮ ਨੇ ਬਾਖ਼ੂਬੀ ਨਿਭਾਈ। ਇਹ ਇੱਕ ਯਾਦਗਾਰੀ ਸਮਾਗਮ ਰਿਹਾ।

## ਪੰਜਾਬੀ ਕਲਮਾਂ ਦਾ ਕਾਫ਼ਲਾ ਵੱਲੋਂ ਨਾਨਕ ਸਿੰਘ ਨੂੰ ਸਮਰਪਿਤ ਸਮਾਗਮ

**ਟੋਰਾਂਟੋ**-ਮੀਟਿੰਗ ਦੀ ਸ਼ੁਰੂਆਤ ਸੁਖਚਰਨਜੀਤ ਕੌਰ ਗਿੱਲ ਵੱਲੋਂ ਨਾਨਕ ਸਿੰਘ ਹੁਰਾਂ ਬਾਰੇ ਵਿਸ਼ੇਸ਼ ਪੇਪਰ ਨਾਲ ਹੋਈ। ਆਪਣੇ ਪੇਪਰ ਵਿੱਚ ਜਿੱਥੇ ਸੁਖਚਰਨਜੀਤ ਹੁਰਾਂ ਨੇ ਨਾਨਕ ਸਿੰਘ ਹੁਰਾਂ ਦੀ ਸਮੁੱਚੀ ਸੰਘਰਸ਼ਮਈ ਨਿੱਜੀ ਜੀਵਨੀ ਨਾਲ ਸਾਂਝ ਪੁਆਈ, ਉੱਥੇ ਨਾਨਕ ਸਿੰਘ ਹੁਰਾਂ ਦੇ ਸਾਹਿਤਕ ਸਫ਼ਰ ਨੂੰ ਵੀ ਲੱਗਭੱਗ ਹਰ ਕੋਣ ਤੋਂ ਵਾਚਦਿਆਂ ਭਾਵਪੂਰਤ ਮੁਲਾਂਕਣ ਪੇਸ਼ ਕੀਤਾ। ਇਸ ਮੌਕੇ ਕਾਫ਼ਲੇ ਵੱਲੋਂ ਉਂਕਾਰਪ੍ਰੀਤ ਦਾ ਤਿਆਰ ਕੀਤਾ ਨਾਨਕ ਸਿੰਘ ਦੀ ਜੀਵਨੀ, ਸਾਹਿਤ ਕਾਰਜ ਅਤੇ ਮਹੱਤਤਾ ਨੂੰ ਉਜਾਗਰ ਕਰਦਾ ਇੱਕ ਵਿਸ਼ੇਸ਼ ਪੈਂਫਲਿਟ ਵੀ ਲੋਕ ਅਰਪਣ ਕੀਤਾ ਗਿਆ।ਕਾਫ਼ਲਾ ਮਿਲਣੀ ਦਾ ਅਗਲਾ ਭਾਗ ਬਲਦੇਵ ਸਿੰਘ ਢੀਂਡਸਾ ਦੇ ਕਹਾਣੀ ਸੰਗ੍ਰਹਿ 'ਡੁੱਬਦੇ ਸੂਰਜ' 'ਤੇ ਗੋਸ਼ਟੀ ਸੀ। ਗੋਸ਼ਟੀ ਭਾਗ ਵਿੱਚ ਕੁਲਵਿੰਦਰ ਖਹਿਰਾ ਵੱਲੋਂ 'ਡੁੱਬਦੇ ਸੂਰਜ' ਪੁਸਤਕ ਵਿਚਲੀਆਂ ਕਹਾਣੀਆਂ ਦੇ ਵਿਸ਼ਾ-ਵਸਤੂ ਅਤੇ ਕਲਾਤਮਿਕ ਪੱਖ ਨੂੰ ਵਿਚਾਰਦਾ ਵਿਸ਼ੇਸ਼ ਪਰਚਾ ਪੇਸ਼ ਕੀਤਾ ਗਿਆ। ਆਪਣੇ ਪਰਚੇ ਵਿੱਚ ਕੁਲਵਿੰਦਰ ਖ਼ਹਿਰਾ ਨੇ ਕਿਹਾ ਕਿ ਕਹਾਣੀਆਂ ਪਾਤਰ-ਮੁਖੀ ਨਾ ਹੋ ਕੇ ਵਿਸ਼ਾ-ਮੁਖੀ ਹਨ, ਜਿਨ੍ਹਾਂ ਵਿੱਚ ਲੇਖਕ ਇੱਕ ਵਿਸ਼ੇ ਨੂੰ ਆਪਣਾ ਕੇਂਦਰ-ਬਿੰਦੂ ਬਣਾ ਕੇ ਇੱਕੋ ਕਹਾਣੀ ਵਿੱਚ ਨਿੱਕੀਆਂ-ਨਿੱਕੀਆਂ ਘਟਨਾਵਾਂ ਦਾ ਸਮੂਹ ਪੇਸ਼ ਕਰਦਿਆਂ ਅਨੇਕਾਂ ਉਦਾਹਰਨਾਂ ਰਾਹੀਂ ਆਪਣੀ ਗੱਲ ਕਹਿਣ ਦੀ ਵਿਧੀ ਅਪਣਾਉਂਦਾ ਹੈ। ਬਲਦੇਵ ਢੀਂਡਸਾ ਹੁਰਾਂ ਨੇ ਜਿੱਥੇ ਪਰਚਾਕਾਰਾਂ ਅਤੇ ਕਹਾਣੀਆਂ ਬਾਰੇ ਪੇਸ਼ ਵਿਚਾਰਾਂ ਦਾ ਸਵਾਗਤ ਤੇ ਧੰਨਵਾਦ ਕੀਤਾ। ਇਸ ਕਾਫ਼ਲਾ ਮਿਲਣੀ ਦੇ ਅਗਲੇ ਭਾਗ ਵਿੱਚ ਦੋ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ, ਜਿਹਨਾਂ 'ਚ ਉਂਕਾਰਪ੍ਰੀਤ ਦੀ ਵਾਰਤਕ ਪੁਸਤਕ, 'ਕਣ-ਕਣ ਕਥਾ' ਅਤੇ ਗੁਰਮਿੰਦਰ ਕੈਂਡੋਵਾਲ ਦੇ ਗੀਤਾਂ ਦੀ ਪੁਸਤਕ 'ਸਾਡੀ ਜਾਨ 'ਤੇ ਬਣੀ ਏ' ਸ਼ਾਮਲ ਸਨ। 'ਸਾਡੀ ਜਾਨ 'ਤੇ ਬਣੀ ਏ' ਪੁਸਤਕ ਬਾਰੇ ਜਿੱਥੇ ਇਸ ਦੇ ਲੇਖਕ ਗੁਰਮਿੰਦਰ ਕੈਂਡੋਵਾਲ ਦਾ ਵੀਡੀਓ ਸੁਨੇਹਾ ਹਾਜ਼ਰੀਨ ਨਾਲ ਸਾਂਝਾ ਕੀਤਾ ਗਿਆ ਅਤੇ ਉੱਘੇ ਮੀਡੀਆਕਾਰ ਡਾਕਟਰ ਬਲਵਿੰਦਰ ਹੁਰਾਂ ਵੱਲੋਂ ਇਸ ਬਾਰੇ ਸਵਾਗਤੀ ਸ਼ਬਦ ਕਹੇ ਗਏ, ਉੱਥੇ ਪੁਸਤਕ 'ਕਣ-ਕਣ ਕਥਾ' ਬਾਰੇ ਉਂਕਾਰਪ੍ਰੀਤ ਵੱਲੋਂ ਇਸ ਬਾਰੇ ਮੁੱਢਲੀ ਜਾਣ-ਪਛਾਣ ਦੀ ਸਾਂਝ ਪਾਈ ਗਈ। ਕਵਿੱਤਰੀ ਸੁਰਿੰਦਰ ਗਿੱਲ ਜੈਪਾਲ ਅਤੇ ਨਾਮਵਰ ਕਹਾਣੀਕਾਰ ਜਤਿੰਦਰ ਹਾਂਸ ਦੀ ਵੀ ਮਾਣਮੱਤੀ ਹਾਜ਼ਰੀ ਰਹੀ। ਮੈਡਮ ਜੈਪਾਲ ਨੇ ਜਿੱਥੇ ਆਪਣੀਆਂ ਚੋਣਵੀਆਂ ਨਜ਼ਮਾਂ ਸਾਂਝੀਆਂ ਕੀਤੀਆਂ ।



## ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਆਲਮੀ ਅਮਨ ਕਾਨਫ਼ਰੰਸ ਅੱਜ

**ਲੁਧਿਆਣਾ**-ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਇੰਡੀਅਨ ਡਾਕਟਰਜ਼ ਫ਼ਾਰ ਪੀਸ ਐਂਡ ਡਿਵੈਲਪਮੈਂਟ ਦੇ ਸਹਿਯੋਗ ਨਾਲ 9 ਅਗਸਤ ਨੂੰ ਪੰਜਾਬੀ ਭਵਨ, ਲੁਧਿਆਣਾ ਵਿਖੇ ਸਵੇਰ 10 ਵਜੇ "ਆਲਮੀ ਅਮਨ ਕਾਨਫ਼ਰੰਸ" ਕਰਵਾਈ ਜਾ ਰਹੀ ਹੈ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਦੱਸਿਆ ਕਿ ਅਮਨ ਕਾਨਫ਼ਰੰਸ ਵਿਚ ਹੀਰੋਸ਼ੀਮਾ ਅਤੇ ਨਾਗਾਸਾਕੀ 'ਤੇ ਹੋਏ ਪ੍ਰਮਾਣੂ ਹਮਲੇ ਦੇ ਪੀੜਤਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ "ਆਲਮੀ ਜੰਗਾਂ, ਸਾਡੇ ਮਸਲੇ ਅਤੇ ਹੋਂਦ" ਵਿਸ਼ੇ 'ਤੇ ਕਾਨਫ਼ਰੰਸ 'ਚ ਆਈ.ਡੀ.ਪੀ.ਡੀ. ਦੇ ਪ੍ਰਧਾਨ ਡਾ. ਅਰੁਣ ਮਿੱਤਰਾ ਨੇ ਕਿਹਾ ਕਿ ਯੁੱਧ ਕਾਰਨ ਵਾਤਾਵਰਣ ਨਾਲ ਖਿਲਵਾੜ ਹੋ ਰਿਹਾ ਹੈ। ਯੁੱਧ ਨਾਲ ਜੰਗਲਾਂ ਵਿਚ ਅੱਗ ਲੱਗਣ ਦੀਆਂ ਘਟਨਾਵਾਂ ਵਧੀਆਂ ਹਨ। ਅਕਾਡਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਕਿਹਾ ਕਿ ਅੱਜਕੱਲ੍ਹ ਦੇ ਮਾਹੌਲ ਵਿਚ ਇਹੋ ਜਿਹੀਆਂ ਕਾਨਫ਼ਰੰਸਾਂ ਦਾ ਹੋਣਾ ਲਾਜ਼ਮੀ ਹੈ।ਉਨ੍ਹਾ ਕਿਹਾ ਕਿ ਅੱਜਕੱਲ੍ਹ ਦੀਆਂ ਜੰਗਾਂ ਬਹੁਤੀ ਵਾਰੀ ਔਰਤਾਂ ਅਤੇ ਬੱਚਿਆਂ ਲਈ ਅਤਿ-ਨੁਕਸਾਨਦਾਇਕ ਸਾਬਤ ਹੋ ਰਹੀਆਂ ਹਨ।

ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਦੱਸਿਆ ਕਿ ਕਾਨਫ਼ਰੰਸ ਵਿਚ ਮੁੱਖ ਮਹਿਮਾਨ ਡਾ. ਅਰਵਿੰਦ, ਸਾਬਕਾ ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਮੁੱਖ ਬੁਲਾਰੇ ਵਜੋਂ ਸਤਨਾਮ ਚਾਨਾ ਅਤੇ ਡਾ. ਸੁਖਦੇਵ ਸਿੰਘ ਸਿਰਸਾ ਕਾਨਫ਼ਰੰਸ ਦੀ ਪ੍ਰਧਾਨਗੀ ਕਰਨਗੇ। ਵਿਸ਼ੇਸ਼ ਮਹਿਮਾਨ ਵਜੋਂ ਅਮਰਜੀਤ ਸਿੰਘ ਟਿੱਕਾ, ਇੰਜ. ਬਾਵਾ ਗੁਰਵਿੰਦਰ ਸਿੰਘ ਸਰਨਾ, ਸ਼ਾਹੀ ਇਮਾਮ ਉਸਮਾਨੀ ਸ਼ਾਮਲ ਹੋਣਗੇ।




## ਪਾਠਕਾਂ ਦੇ ਝਰੋਖੇ 'ਚੋਂ

### ਜੰਤਰ ਮੰਤਰ ਅੰਦੋਲਨ

2 ਅਗਸਤ ਦੇ 'ਐਤਵਾਰਤਾ' ਵਿਚ ਨਵੇਂ ਕਾਲਮ ਵਿਚ ਜੰਤਰ ਮੰਤਰ ਦੇ ਅੰਦੋਲਨ ਵਿੱਚ ਆਏ ਗਰੀਬ ਪਰ ਸੂਖਮ ਤੇਜ਼ ਵਿਅਕਤੀ ਮੁਹੰਮਦ ਇਰਫਾਨ ਦਾ ਜ਼ਿਕਰ ਪੜ੍ਹਿਆ। ਲੇਖਕ ਨੇ ਉਸ ਵਿਅਕਤੀ ਦੀਆਂ ਭਾਵਨਾਵਾਂ ਨੂੰ ਛੋਹਿਆ ਹੈ। ਜਿਸ ਦੇ ਦਿਲ ਵਿਚ ਸਥਾਪਤੀ ਲਈ ਵਿਰੋਧ ਹੈ, ਉਸ ਦੇ ਅੰਦਰ ਇਕ ਉਬਾਲ ਹੈ, ਭਾਵੇਂ ਉਸ ਨੇ ਨੀਟ ਦਾ ਪੇਪਰ ਨਹੀਂ ਸੀ ਦਿੱਤਾ, ਪਰ ਅੰਦੋਲਨ ਵੇਖ ਕੇ ਉਸ ਨੂੰ ਮਹਿਸੂਸ ਹੋਇਆ ਕਿ ਕੁਝ ਗਲਤ ਵਾਪਰਿਆ ਹੈ, ਜਿਸ ਦਾ ਵਿਰੋਧ ਜ਼ਰੂਰੀ ਹੈ ਤੇ ਸੋਸ਼ਲ ਮੀਡੀਆ ਰਾਹੀਂ ਉਸ ਦੀ ਆਵਾਜ਼ ਲੀਡਰਾਂ ਤੱਕ ਪਹੁੰਚੀ, ਜਿਸ ਨੂੰ ਪੂਰੀ ਸ਼ਿੱਦਤ ਨਾਲ ਸੁਣਿਆ ਗਿਆ। ਸੁਰਜੀਤ ਸੁਮਨ ਨੇ ਸਾਉਣ ਮਹੀਨੇ ਦੇ ਵੱਖੋ-ਵੱਖਰੇ ਰੰਗਾਂ ਦੀ ਚਰਚਾ ਕੀਤੀ ਹੈ ।ਕਾਲਮ ਦਾ ਰੰਗ ਵੀ ਬਰਕਰਾਰ ਰੱਖਿਆ ਹੈ। 'ਦ੍ਰਿਸ਼ਟੀਕੋਣ' ਦੇ ਕਾਲਮਨਵੀਸਸ਼ ਨੇ ਕਾਕਰੋਚ ਜਨਤਾ ਪਾਰਟੀ ਬਾਰੇ ਢੁਕਵਾਂ ਬਿਰਤਾਂਤ ਪੇਸ਼ ਕੀਤਾ ਹੈ ।ਇਹ ਵਰਤਾਰਾ ਦੁਨੀਆ ਦੇ ਹੋਰ ਦੇਸ਼ਾਂ ਵਿਚ ਵੀ ਹੈ, ਕਿਉਂਕਿ ਪੂੰਜੀਵਾਦੀ ਪ੍ਰਬੰਧ ਨੇ ਬੇਰੁਜ਼ਗਾਰੀ ਪੈਦਾ ਕੀਤੀ ਹੈ। ਇਹ ਨੌਜਵਾਨ ਵਰਗ ਦਾ ਜੋਸ਼ ਹੈ ਤੇ ਅੰਦਰਲਾ ਦਰਦ ਹੈ, ਜਿਸ ਨੂੰ ਸਾਡੇ ਹਾਕਮਾਂ ਨੇ ਨਹੀਂ ਸਮਝਿਆ ਤੇ ਨਾ ਹੀ ਕਦੇ ਸਮਝਣ ਦੀ ਸੰਭਾਵਨਾ ਹੈ। ਜੰਤਰ ਮੰਤਰ ਅੰਦੋਲਨ ਵਿਸ਼ਵ ਕਿਰਤੀ ਲੋਕਾਂ ਦੀ ਆਵਾਜ਼ ਬੂਟਾ ਸਿੰਘ ਦੇ ਲੇਖ ਵਿਚ ਪੜ੍ਹਿਆ । ਕਿਰਤੀ ਵਰਗ ਤਾਂ ਲੰਮੇ ਸਮੇਂ ਤੋਂ ਪੀੜਤ ਹੈ ।ਮੇਰਾ ਲੇਖ ਗਾਇਕਾ ਆਈਰੀਨ ਪਰਵੀਨ ਛਾਪਣ ਦਾ ਧੰਨਵਾਦ।ਲਹਿੰਦੇ ਪੰਜਾਬ ਨੇ ਪੰਜਾਬੀ ਸੱਭਿਆਚਾਰ ਦੀ ਪੂਰੀ ਪਹਿਰੇਦਾਰੀ ਕੀਤੀ ਹੈ। ਮੈਂ ਇਸ ਕਿਸਮ ਦੀ ਵਧੀਆ ਗਾਇਕੀ ਦਾ ਪ੍ਰਸ਼ੰਸਕ ਹਾਂ।

**-ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਕਸ਼ਮੀਰ ਯਾਤਰਾ : ਦੇਵ ਕੁਰਾਈਵਾਲਾ

ਅਜੋਕੇ ਸੰਦਰਭ ਵਿੱਚ ਸਾਹਿਤ ਦੀ ਭੂਮਿਕਾ : ਮੱਖਣ ਕੁਹਾੜ

'ਕੁੱਤਾ ਜੂਨ ਤੇ ਮੈਂਡੋਲਿਨ' : ਮੋਹਣ ਮਤਿਆਲਵੀ (ਫੋਕਸ) ਡਾ. ਮੋਹਨ ਤਿਆਗੀ

ਰਸੂਲ ਹਮਜ਼ਾਤੋਵ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ

# ਸਮਕਾਲ

---- ਭਗਵੰਤ ਰਸੂਲਪੁਰੀ----

## ਚਿਰਾ.ਗ : ਅਪ੍ਰੈਲ-ਸਤੰਬਰ,2026

ਚਿਰਾ.ਗ-131-32 ਸੰਯੁਕਤ ਅੰਕ ਵਜੋਂ ਪ੍ਰਕਾਸ਼ਤ ਹੋਇਆ ਹੈ। ਸੰਪਾਦਕੀ ਡਾ. ਜਸਵੰਤ ਰਾਏ ਨੇ ਲਿਖੀ ਹੈ 'ਸੜਕਾਂ ਦੀ ਸੁੰਨ੍ਹ ਨੂੰ ਸੰਨ੍ਹ' ਜੋ ਨੀਟ ਦੇ ਇਮਤਿਹਾਨ ਤੇ ਕੇਂਦਰਤ ਹੈ। ਹੱਥਲੇ ਅੰਕ ਵਿੱਚ ਓਮ ਪ੍ਰਕਾਸ਼ ਵਾਲਮੀਕੀ, ਦੇਵਿੰਦਰ ਬੀਬੀਪੁਰੀਆ, ਜੀਤ ਬੈਲਜੀਅਮ, ਕੁਲਜੀਤ ਕੌਰ ਮੰਡ, ਨਵਤੇਜ ਗੜ੍ਹਦੀਵਾਲਾ, ਰਣਜੀਤ ਪੋਸੀ, ਗੁਰਦੀਪ ਸੈਣੀ ਦੀਆਂ ਪੰਜ-ਪੰਜ ਗ਼ਜ਼ਲਾਂ ਤੇ ਕਵਿਤਾਵਾਂ ਪ੍ਰਕਾਸ਼ਤ ਕੀਤੀਆਂ ਹਨ। ਚਿਰਾ.ਗ ਦੇ ਇਸ ਅੰਕ ਵਿੱਚ ਛੇ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਹਨ। ਸੁਰਿੰਦਰ ਨੀਰ (ਫੁਲਖੇਰੀ), ਬਲਦੇਵ ਸਿੰਘ ਢੀਂਡਸਾ (ਬੇਅਦਬੀ), ਜੋਗੇ ਭੰਗਲ (ਹਜ਼ੂਰ ਸਾਹਿਬ ਦਾ ਗੇੜਾ), ਬਲਬੀਰ ਕੌਰ ਰੀਹਲ (ਜਹਾਜ਼ ਉੱਡ ਰਿਹਾ ਹੈ), ਨਵਨੀਤ (ਸੱਚੀਂ ਮੁੱਚੀਂ) ਅਨੁਭਾ ਨਾਥ (ਦੁਬਿਧਾ , ਅਨੁ. ਨੀਲਮ ਸ਼ਰਮਾ) ਦੀਆਂ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਹਨ। ਸੁਕੀਰਤ ਨੇ 'ਕਥਾ ਇੱਕ ਦਿਨ ਦੀ' ਮੂਲ ਲੇਖਕ ਵਿਵੇਕ ਸ਼ਾਨਬਾਗ ਦੇ ਨਾਵਲ ਦਾ ਕਾਂਡ ਪ੍ਰਕਾਸ਼ਤ ਕੀਤਾ ਹੈ। ਗੁਰਮੀਤ ਕੜਿਆਲਵੀ (ਸੂਲਾਂ ਦੀ ਸੇਜ), ਕੁਮਾਰ ਜਗਦੇਵ ਸਿੰਘ (ਔਕੜਾਂ ਦੇ ਪਿੰਡੇ 'ਤੇ ਪਈਆਂ ਝਰੀਟਾਂ) ਤੇ ਮੱਖਣ ਕੁਹਾੜ (ਆਪਣਾ ਮੂਲ ਪਛਾਣ) ਵਾਰਤਕ ਲੇਖ ਵੀ ਪੜ੍ਹਨ ਵਾਲੇ ਹਨ। ਮਨਮੋਹਨ ਦਾ ਲੇਖ 'ਪੰਜਾਬ ਦਾ ਡੇਰਾਵਾਦ' ਕਈ ਪਹਿਲੂਆਂ ਤੋਂ ਮਹੱਤਵਪੂਰਨ ਹੈ। ਡਾ. ਸਰਬਜੀਤ ਸਿੰਘ ਨੇ ਆਪਣੇ ਲੇਖ 'ਇਤਿ ਕਥਾ ਦੀ ਬਿਰਤਾਂਤਕਾਰੀ' ਵਿੱਚ 'ਇਤਿ ਕਥਾ' ਦੀ ਨਿੱਠ ਕੇ ਪੜਚੋਲ ਕੀਤੀ ਹੈ। ਗਗਨਦੀਪ ਸਿੰਘ (ਡਾ. ਕੇਸਰ ਸਿੰਘ ਕੇਸਰ ਪ੍ਰਗਤੀਵਾਦੀ ਕਾਵਿ), ਡਾ. ਗੁਰਬਿੰਦਰ ਕੌਰ ਬਰਾੜ (ਇਸ ਧਰਤੀ 'ਤੇ ਰਹਿੰਦਿਆਂ), ਡਾ. ਜਸਪਾਲਜੀਤ (ਘਰ ਘਰ ਤੇ ਘਰ) ਡਾ. ਭੁਪਿੰਦਰ ਕੌਰ (ਕੱਕੇ ਰੇਤ 'ਤੇ ਪਈਆਂ ਪੈੜਾਂ) ਤੇ ਚਿੰਤਨ ਮੰਥਨ ਕੀਤਾ ਹੈ। ਪਰਚੇ ਵਿੱਚ ਪੜ੍ਹਨਯੋਗ ਸਮੱਗਰੀ ਮਿਲ ਜਾਂਦੀ ਹੈ। ਚਿਰਾ.ਗ ਦੇ ਸਫ਼ੇ : 160 ਤੇ ਮੁੱਲ : 160 ਰੁਪਏ ਹੈ। ਸੰਪਾਦਕੀ ਪਤਾ ਹੈ-ਜੋਤੀ ਨਿਵਾਸ, 251/ ਨਿਊ ਹਰੀ ਨਗਰ, ਹੁਸਿਆਰਪੁਰ, e.mail-kjskurukshetra87@gmail.com ਸੰਪਾਦਕ : ਡਾ. ਕਰਮਜੀਤ ਸਿੰਘ (98763-23862)




## ਪ੍ਰਤਿਮਾਨ : ਜੁਲਾਈ-ਸਤੰਬਰ, 2026

ਤ੍ਰੈਮਾਸਿਕ 'ਪ੍ਰਤਿਮਾਨ' ਦਾ ਨਵਾਂ ਅੰਕ ਛਪ ਕੇ ਪੁੱਜਾ ਹੈ। ਪਰਚੇ ਦੇ ਸੰਪਾਦਕ ਅਮਰਜੀਤ ਕੌਂਕੇ ਨੇ 'ਆਲੋਚਨਾਤਮਕ ਸੰਵਾਦ ਦੀ ਲੋੜ' ਉੱਤੇ ਸੰਪਾਦਕੀ ਲਿਖੀ ਹੈ। ਉਨ੍ਹਾਂ ਸਾਰਥਕ ਸੰਵਾਦ ਨਾ ਹੋਣ ਉੱਤੇ ਚਿੰਤਾ ਜ਼ਾਹਰ ਕੀਤਾ ਹੈ ਜਿਸ ਨਾਲ ਚੰਗੀਆਂ ਰਚਨਾਵਾਂ ਪੱਛੜ ਜਾਂਦੀਆਂ ਹਨ। ਅੰਕ ਵਿੱਚ ਮਹਿੰਦਰ ਸਿੰਘ ਰੰਧਾਵਾ ਦਾ ਲੇਖ 'ਮੈਨੂੰ ਪੰਜਾਬੀ ਕਿਉਂ ਚੰਗੀ ਲੱਗਦੀ ਹੈ' ਸਾਰਥਕ ਹੈ। ਮਹਿਮਾਨ ਸ਼ਾਇਰਾ ਵਜੋਂ ਵਨੀਤਾ ਦੀ ਹਾਜ਼ਰੀ ਹੈ। ਗੁਰਨਾਮ ਢਿੱਲੋਂ, ਸੁਰਿੰਦਰ ਗੀਤ, ਮਦਨ ਵੀਰਾ, ਦਵਿੰਦਰ ਬਿਮਾਰ, ਜਗਮੋਹਨ ਸਿੰਘ, ਸੁਹਿੰਦਰ ਬੀਰ, ਵਿਸ਼ਾਲ, ਡਾ. ਗੁਰਵਿੰਦਰ ਅਮਨ, ਮੁਰੀਦ ਸੰਧੂ, ਬਲਜੀਤ ਬੱਲ, ਪੰਕਜ ਸ਼ਰਮਾ, ਪਾਰਮਿਤਾ ਸ਼ੜੰਗੀ, ਸੰਘਮਿੱਤਰਾ ਰਾਏਗੁਰੂ, ਮਨਮੋਹਨ ਸਿੰਘ ਦਾਊਂ, ਜਸਪ੍ਰੀਤ ਕੌਰ ਵਾਲੀਆ, ਆਸ਼ਾ ਸ਼ਰਮਾ, ਪ੍ਰਸ਼ੋਤਮ ਪੱਤੋ, ਦੇਵਿੰਦਰ ਮਹਿੰਦਰੂ ਦੀਆਂ ਕਵਿਤਾਵਾਂ ਪ੍ਰਕਾਸ਼ਤ ਕੀਤੀਆਂ ਹਨ।




ਕਹਾਣੀ ਭਾਰਗ ਵਿੱਚ ਭੁਪਿੰਦਰ ਸਿੰਘ ਮਾਨ ਦੀ ਕਹਾਣੀ 'ਮਾਟੀ ਬਾਤ ਕਰੇ' ਗੁਰਵਿੰਦਰ ਤੇ ਨਰਿੰਦਰ ਦੇ ਜ਼ਜਬਾਤ ਦੀ ਬਾਤ ਪਾਉਂਦੀ ਹੈ। ਬੋਝ (ਸੁਖਵਿੰਦਰ ਸਿੰਘ ਢਿੱਲੋਂ), ਓਟ (ਕਮਲ ਸੇਖੋਂ), ਹੁਣ ਉਦੋਂ ਹੀ (ਰਵਿੰਦਰ ਕੌਰ ਸੈਣੀ) ਦੀਆਂ ਕਹਾਣੀਆਂ ਵੀ ਪਾਠਕ ਨੂੰ ਆਪਣੇ ਨਾਲ ਜੋੜ ਲੈਂਦੀਆਂ ਹਨ।

ਅੱਗੇ ਆਲੋਚਨਾ ਲੇਖਾਂ ਵਿੱਚ ਪਵਨਜੀਤ ਕੌਰ (ਦਰਖ਼ਤ ਕਹਾਣੀ ਬਾਰੇ), ਡਾ. ਰਾਜਵੀਰ ਕੌਰ (ਵਿਆਹ ਸੰਸਥਾ ਬਾਰੇ), ਗਗਨਦੀਪ ਸਿੰਘ (ਸੰਤ ਸਿੰਘ ਸੇਖੋਂ ਉੱਤੇ), ਪੁਸ਼ਪਿੰਦਰ ਵਿਰਕ (ਇਸ ਧਰਤੀ ਤੇ ਰਹਿੰਦਿਆਂ ਉੱਤੇ), ਮਲਕੀਤ ਸਿੰਘ (ਨਾਵਲ ਪੰਜਵਾਂ ਸਾਹਿਬਜ਼ਾਦਾ ਉੱਤੇ), ਸਤਬੀਰ ਕੌਰ (ਮਨਮੋਹਨ ਬਾਵਾ ਦੇ ਨਾਵਲਾਂ ਬਾਰੇ), ਡਾ. ਸਰਵਰਿੰਦਰ ਸਿੰਘ (ਪੰਜਾਬੀ ਕਿੱਸਾ ਕਾਵ ਉੱਤੇ) ਅਆਲੋਚਨਾ ਨਿਬੰਧ ਪ੍ਰਕਾਸ਼ਤ ਕੀਤੇ ਗਏ ਹਨ।

ਪ੍ਰਤਿਮਾਨ ਦੇ ਸਫ਼ੇ :56 ਤੇ ਮੁੱਲ :75 ਰੁਪਏ ਹੈ। ਸੰਪਾਦਕੀ ਪਤਾ ਹੈ-718, ਰਣਜੀਤ ਨਗਰ-ਏ, ਪਟਿਆਲਾ, e.mail-pratimaan@yahoo.co.in ਸੰਪਾਦਕ : ਡਾ. ਅਮਰਜੀਤ ਕੌਂਕੇ (98142-31698)

## ਸਮਾਂਤਰ ਨਜ਼ਰੀਆ : ਜੁਲਾਈ-ਸਤੰਬਰ, 2026

'ਸਮਾਂਤਰ ਨਜ਼ਰੀਆ' ਦੇ ਨਵੇਂ ਅੰਕ ਵਿੱਚ ਜਸਵਿੰਦਰ ਸਿੰਘ ਛਿੰਦਾ (ਬਲੀਦਾਨ) ਅਤੇ ਜਗਤਾਰ ਜਜ਼ੀਰਾ (ਕਿੱਲੇ ਬੱਝੀਆਂ ਘੋੜੀਆਂ) ਦੋ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਸੰਪਾਦਕੀ ਵਿੱਚ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਜੰਗ ਤੇ ਸਾਹਿਤ ਦੀਆਂ ਚੁਣੌਤੀਆਂ ਦਾ ਮੁੱਦਾ ਉਭਾਰਿਆ ਹੈ। ਡਾ. ਬਲਦੇਵ ਸਿੰਘ ਧਾਲੀਵਾਲ ਦੀ ਕਹਾਣੀ ਕਾਰਗਿਲ' ਤੇ ਉਸਦੀ ਸਿਰਜਣ ਪ੍ਰਕਿਰਿਆ ਛਪੀ ਹੈ। ਰਾਜਦੀਪ ਤੂਰ, ਮੇਜਰ ਸਿੰਘ ਗਿੱਲ, ਰਾਮਪਾਲ ਸ਼ਾਹਪੁਰੀ ਦੀ ਸ਼ਾਇਰੀ ਪੜ੍ਹਨ ਨੂੰ ਮਿਲ ਜਾਂਦੀ ਹੈ। ਕਰਮ ਸਿੰਘ ਮਾਨ ਦੀ ਸਵੈ ਜੀਵਨੀ ਦਾ ਅੰਸ਼ 'ਲਕੀਰਾਂ', ਜਰਨੈਲ ਸਿੰਘ ਅੱਚਰਵਾਲ ਦੇ ਸੰਗਰਾਮੀ ਪਿੰਡ 'ਲੰਮੇ' ਬਾਰੇ ਲੇਖ ਹਨ। ਡਾ. ਹਰਿਭਗਵਾਨ ਦਾ ਲੇਖ 'ਬਰਨਾਲੇ ਦਾ ਕਾਫੀ ਹਾਊਸ' ਚੰਗਾ ਹੈ। ਭੋਲਾ ਸਿੰਘ ਸੰਘੇੜਾ ਨੇ ਤੇਜਾ ਸਿੰਘ ਤਿਲਕ ਨਾਲ ਮੁਲਾਕਾਤ ਕੀਤੀ ਹੈ। ਨਸੀਬ ਸਿੰਘ (ਕੁਲਦੀਪ ਸਿੰਘ ਦੀਪ ਦੇ ਨਾਟਕ), ਬੀਰਬਲ ਸਿੰਘ (ਤਲ਼ੀਆਂ ਹੇਠਲੀ ਅੱਗ), ਤੇਜਿੰਦਰ ਚੰਡਿਹੋਕ (ਲਹੂ ਲੁਹਾਣ) ਵੱਲੋਂ ਕਿਤਾਬਾਂ ਦੀ ਪੜਚੋਲ ਛਪੀ ਹੈ।




'ਸਮਾਂਤਰ ਨਜ਼ਰੀਆ' ਦੇ ਸੰਪਾਦਕ ਡਾ. ਗੁਲਜ਼ਾਰ ਸਿੰਘ ਪੰਧੇਰ (70099-66188) ਹਨ। ਪਰਚੇ ਦਾ ਮੁੱਲ 100 ਰੁਪਏ ਤੇ ਪੰਨੇ 96 ਹਨ। ਰਚਨਾਵਾਂ ਭੇਜਣ ਲਈ email: gulzarpandher@gmail.com

## ਖੋਜ ਪਤ੍ਰਿਕਾ : ਕੁਲਵੰਤ ਸਿੰਘ ਵਿਰਕ ਵਿਸ਼ੇਸ਼ ਅੰਕ-86

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਨੇ 2026 ਵਿੱਚ 'ਕੁਲਵੰਤ ਸਿੰਘ ਵਿਰਕ ਵਿਸ਼ੇਸ਼ ਅੰਕ' ਨੂੰ ਮੁੜ ਪ੍ਰਕਾਸ਼ਤ ਕੀਤਾ ਹੈ। ਪਹਿਲਾਂ ਇਹ ਅੰਕ 2023 ਵਿੱਚ ਛਪਿਆ ਸੀ। ਇਸ ਅੰਕ ਦੇ ਮੁੱਖ ਸੰਪਾਦਕ ਡਾ. ਪਰਮੀਤ ਕੌਰ ਹਨ। ਹੱਥਲੇ ਅੰਕ ਵਿੱਚ ਕੁਲਵੰਤ ਸਿੰਘ ਵਿਰਕ ਦੇ ਜੀਵਨ, ਰਚਨਾ ਦ੍ਰਿਸ਼ਟੀ, ਵੱਖ ਵੱਖ ਕਹਾਣੀ ਸੰਗ੍ਰਹਿ ਦਾ ਅਧਿਐਨ ਕ੍ਰਮਵਾਰ ਡਾ. ਪਰਮੀਤ ਕੌਰ, ਅਜੀਤ ਕੌਰ, ਗੁਲਜ਼ਾਰ ਸਿੰਘ ਸੰਧੂ, ਵਰਿਆਮ ਸਿੰਘ ਸੰਧੂ, ਡਾ. ਬਲਦੇਵ ਸਿੰਘ ਧਾਲੀਵਾਲ, ਡਾ. ਅਕਾਲ ਅੰਮ੍ਰਿਤ ਕੌਰ, ਡਾ. ਜੇ ਬੀ ਸੇਖੋਂ, ਡਾ. ਗੁਰਪ੍ਰੀਤ ਕੌਰ, ਡਾ. ਗੁਰਜੀਤ ਸਿੰਘ ਸੰਧੂ, ਡਾ. ਰਜਨੀ ਬਾਲਾ, ਡਾ. ਵਿਸ਼ਾਲ ਕੁਮਾਰ, ਡਾ. ਲਖਵੀਰ ਲੈਜ਼ੀਆ, ਡਾ. ਗੁਰਮੀਤ ਕੌਰ, ਜਸਪ੍ਰੀਤ ਕੌਰ, ਡਾ. ਸਵਰਨਜੀਤ ਕੌਰ, ਡਾ. ਨਵਦੀਪ ਕੌਰ, ਡਾ. ਹਰਸਿਮਰਨ ਕੌਰ, ਡਾ. ਰਾਜਵਿੰਦਰ ਸਿੰਘ, ਡਾ. ਜਸਵੀਰ ਕੌਰ, ਡਾ. ਹਰਪ੍ਰੀਤ ਸਿੰਘ, ਡਾ. ਪਰਮਜੀਤ ਸਿੰਘ. ਡਾ. ਵੀਰਪਾਲ ਕੌਰ ਸੰਧੂ, ਗੁਰਦੀਪ ਸਿੰਘ, ਸੁਖਵਿੰਦਰ ਕੌਰ, ਚਰਨਜੀਤ ਕੌਰ ਆਦਿ ਦੇ ਲੇਖ ਪ੍ਰਕਾਸ਼ਤ ਹੋਏ ਹਨ। ਖੋਜ ਪਤ੍ਰਿਕਾ ਦੇ ਪੰਨੇ : 176, ਮੁੱਲ : 100 ਰੁਪਏ ਹੈ। ਮੁੱਖ ਸੰਪਾਦਕ : ਡਾ. ਪਰਮੀਤ ਕੌਰ, ਪ੍ਰਾਪਤੀ ਸਥਾਨ : ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ



# ਮਿੰਨੀ ਕਹਾਣੀਆਂ

## ਖਿਲੌਨਾ

ਅੰਬਾਲਾ ਜ਼ਿਲ੍ਹੇ ਦੇ ਕਸਬਾ ਸਾਹਾ 'ਚ ਵਸੀ ਬਸਤੀ, ਜਿਸ ਨੂੰ ਮਜਰੀ ਕਹਿੰਦੇ ਹਨ, ਉਸ 'ਚ ਇਕ ਛੋਟੇ ਜਿਹੇ ਮਕਾਨ 'ਚ ਸੋਹਨ ਆਪਣੀ ਇਕਲੌਤੀ ਧੀ ਆਨਿਤਾ ਨਾਲ ਰਹਿ ਰਿਹਾ ਸੀ। ਸੋਹਨ ਰੋਜ਼ੀ-ਰੋਟੀ ਲਈ ਨਾਲ ਲੱਗਦੇ ਹਿਮਾਚਲ ਦੇ ਸਿਰਮੌਰ ਜ਼ਿਲ੍ਹੇ ਦੀ ਤਹਿਸੀਲ ਨਾਹਨ ਦੇ ਨਾਲ ਲੱਗਦੇ ਛੋਟੇ ਪਿੰਡਾਂ ਵਿਚ ਕੱਪੜਾ ਵੇਚਣ ਦਾ ਕੰਮ ਕਰਦਾ ਸੀ। ਫਿਰ ਸ਼ਾਮ ਨੂੰ ਵਾਪਸ ਆ ਨਾਹਨ ਦੀ ਇਕ ਧਰਮਸ਼ਾਲਾ 'ਚ ਰੁਕਦਾ ਸੀ। ਹਫ਼ਤੇ, ਦਸ ਦਿਨ ਬਾਅਦ ਵਾਪਸ ਘਰ ਆ, ਕੁੱਝ ਦਿਨ ਘਰ ਰਹਿੰਦਾ ਫਿਰ ਅੰਬਾਲਾ ਤੋਂ ਕੱਪੜਾ ਖਰੀਦ ਕੇ ਵਾਪਸ ਫੇਰੀ ਲਾਉਣ ਚਲਾ ਜਾਂਦਾ ਸੀ।

ਪਰ ਹੁਣ ਉਹ ਅੱਠ-ਨੌਂ ਮਹੀਨੇ ਤੋਂ ਘਰ ਹੀ ਸੀ। ਪਹਿਲਾਂ ਤਾਂ ਉਸ ਦੀ ਘਰਵਾਲੀ ਵਿਦਿਆ ਦੇਵੀ ਦੇ ਗੁਰਦੇ ਖਰਾਬ ਹੋ ਗਏ ਸਨ। ਪਹਿਲਾਂ ਤਾਂ ਉਸ ਦਾ ਇਲਾਜ ਕਰਾਉਣ ਲਈ ਸੋਹਨ ਅੰਬਾਲਾ ਤੋਂ ਲੈ ਕੇ ਚੰਡੀਗੜ੍ਹ ਦੇ ਪੀ ਜੀ ਆਈ ਦੇ ਚੱਕਰ ਕਢਦਾ ਰਿਹਾ, ਪਰ ਫਿਰ ਵੀ ਵਿਦਿਆ ਦੇਵੀ ਬਚ ਨਾ ਸਕੀ ਤੇ ਇਕ ਦਿਨ ਬਿਮਾਰੀ ਨਾਲ ਲੜਦੀ ਦਮ ਤੋੜ ਗਈ। ਜੋ ਜਮ੍ਹਾਂ ਪੂੰਜੀ ਸੀ, ਉਹ ਉਸ ਦੇ ਇਲਾਜ 'ਚ ਖਤਮ ਹੋ ਗਈ ਸੀ। ਹੁਣ ਉਹ ਆਪ ਵੀ ਦਮੇ ਦੀ ਬਿਮਾਰੀ ਦਾ ਸ਼ਿਕਾਰ ਹੋ ਗਿਆ ਸੀ।

ਆਨਿਤਾ ਆਪਣੇ ਕਸਬੇ ਦੇ ਛੋਟੇ ਜਿਹੇ ਬਾਜ਼ਾਰ ਵਿਚ ਜ਼ਨਾਨਾ ਸੂਟ ਸਿਉਣ ਦੀ ਦੁਕਾਨ ਕਰਦੀ, ਸੁਨਿਤਾ ਤੋਂ ਸਿਲਾਈ ਲਈ ਸਲਵਾਰਾਂ ਲੈ ਆਉਂਦੀ। ਇਕ ਸਲਵਾਰ ਦੇ ਉਸ ਨੂੰ ਵੀਹ ਰੁਪਏ ਮਿਲਦੇ। ਉਹ ਔਖੇ-ਸੌਖੇ ਦਿਨ ਵਿਚ ਪੰਜ ਸਲਵਾਰਾਂ ਤਿਆਰ ਕਰ ਲੈਂਦੀ ਤੇ ਰੋਜ਼ ਸ਼ਾਮ ਨੂੰ ਦੇ ਆਉਂਦੀ, ਅਗਲੇ ਦਿਨ ਲਈ ਹੋਰ ਸਲਵਾਰਾਂ ਲੈ ਆਉਂਦੀ। ਕਦੀ-ਕਦਾਈਂ ਮਜਰੀ ਦੀਆਂ ਜ਼ਨਾਨੀਆਂ ਵੀ ਉਸ ਨੂੰ ਸੂਟ ਸਿਉਣ ਲਈ ਦੇ ਜਾਂਦੀਆਂ ਸਨ। ਖੈਰ ਘਰ ਦੀ ਰੋਟੀ ਤੇ ਸੋਹਨ ਦੀ ਦਵਾਈ ਜੋਗਾ ਕਰ ਲੈਂਦੀ ਸੀ।

ਸੁਨਿਤਾ ਦੀ ਦੁਕਾਨ 'ਤੇ ਰੋਹਿਤ ਨਾਂਅ ਦਾ ਮੁੰਡਾ ਕੰਮ ਕਰਦਾ ਸੀ। ਆਨਿਤਾ ਜਦ ਵੀ ਕੱਪੜੇ ਦੇਣ ਜਾਂ ਲੈਣ ਜਾਂਦੀ ਤਾਂ ਉਹ ਆਨਿਤਾ ਚੋਰ ਅੱਖਾਂ ਨਾਲ ਦੇਖਦਾ, ਆਨਿਤਾ ਨੇ ਵੀ ਉਸ ਦੀ ਇਹ ਚੋਰੀ ਕਈ ਵਾਰ ਫੜੀ ਸੀ। ਰੋਹਿਤ ਨੂੰ ਆਨਿਤਾ ਦਾ ਸਾਦਾਪਨ ਤੇ ਕਣਕਭਿੰਨਾ ਰੰਗ, ਝੀਲ ਵਰਗੀਆਂ ਅੱਖਾਂ ਆਪਣੇ ਵੱਲ ਖਿੱਚਦੀਆਂ ਸਨ।

ਆਨਿਤਾ ਅੱਜ ਕੱਪੜੇ ਦੇਣ ਸ਼ਾਮ ਨੂੰ ਦੁਕਾਨ 'ਤੇ ਆਈ ਤਾਂ ਸੁਨਿਤਾ ਨੂੰ ਦੁਕਾਨ 'ਤੇ ਨਾ ਵੇਖ ਆਨਿਤਾ ਨੇ ਰੋਹਿਤ ਤੋਂ ਪੁੱਛਿਆ, "ਅੰਟੀ ਹੈ ਨਹੀਂ, ਕਿੱਥੇ ਗਏ ਨੇ"? ਰੋਹਿਤ ਨੇ ਜਵਾਬ ਦਿੰਦੇ ਕਿਹਾ, "ਜੀ ਉਹਨਾ ਦੇ ਘਰ ਮਹਿਮਾਨ ਆਏ ਹੋਏ ਨੇ, ਇਸ ਲਈ ਜਲਦੀ ਚਲੇ ਗਏ ਹਨ, ਤੁਸੀਂ ਕੱਪੜੇ ਫੜਾ ਜਾਓ"। ਆਨਿਤਾ ਨੇ ਸਲਵਾਰਾਂ ਉਸ ਨੂੰ ਫੜਾ ਦਿੱਤੀਆਂ ਤੇ ਰੋਹਿਤ ਨੇ ਸੌ ਰੁਪਏ ਫੜਾਉਂਦੇ ਕਿਹਾ, "ਆ ਲੋ ਅੰਟੀ ਪੈਸੇ ਤੇ ਕੱਪੜੇ ਫੜਾ ਗਏ ਸਨ।" ਆਨਿਤਾ ਪੈਸੇ ਅਤੇ ਸਮਾਨ ਫੜ ਦੁਕਾਨ ਤੋਂ ਬਾਹਰ ਜਾਣ ਲੱਗੀ ਤਾਂ ਰੋਹਿਤ ਫਿਰ ਬੋਲਿਆ, "ਰੁਕੋ ਮੈਂ ਤੁਹਾਡੇ ਨਾਲ ਇਕ ਗੱਲ ਕਰਨੀ ਹੈ।" ਆਨਿਤਾ ਉਸ ਦੇ ਚਿਹਰੇ ਵੱਲ ਤੱਕਦੀ ਬੋਲੀ, "ਕਰੋ ਕੀ ਗੱਲ ਕਰਨੀ ਹੈ?" ਰੋਹਿਤ ਨੂੰ ਕੁੱਝ ਹੋਰ ਨਾ ਸੁੱਝਿਆ, ਪਰ ਬੋਲਿਆ, "ਹੁਣ ਤੁਹਾਡੇ ਬਾਪੂ ਜੀ ਦਾ ਕੀ ਹਾਲ ਹੈ?" ਆਨਿਤਾ ਉਸ ਦਾ ਚਿਹਰਾ ਤੇ ਅੱਖਾਂ ਪੜ੍ਹਦੀ ਬੋਲੀ, "ਠੀਕ ਨੇ ਹੁਣ, ਬਸ ਇਹੀ ਗੱਲ ਕਰਨੀ ਸੀ ਜਾਂ ਕੁੱਝ ਹੋਰ, ਮੈਂ ਜਾਵਾਂ?" ਰੋਹਿਤ ਤੋਂ ਬਸ ਏਨਾ ਹੀ ਕਹਿ ਹੋਇਆ, "ਨਹੀਂ ਬਸ ਕੋਈ ਨਹੀਂ, ਜਾਓ ਤੁਸੀਂ।"

ਆਨਿਤਾ ਘਰ ਆ ਕੇ ਰਾਤ ਦੀ ਰੋਟੀ ਬਣਾਉਂਦੀ ਰੋਹਿਤ ਬਾਰੇ ਸੋਚਣ ਲੱਗੀ, "ਮਨ 'ਚ ਤਾਂ ਮੇਰੇ ਵੀ ਬਹੁਤ ਕੁੱਝ ਹੈ ਕਹਿਣ ਨੂੰ ਸੱਜਣਾ, ਪਰ ਮੇਰੇ ਵਰਗੀ ਕੁੜੀ ਲਈ ਤਾਂ ਇਹ ਸਭ ਕੁੱਝ ਟੀਸੀ ਦਾ ਬੇਰ ਤੋੜਨ ਵਾਂਗ ਹੈ।" ਉਸ ਨੇ ਥਾਲੀ 'ਚ ਰੋਟੀ ਪਾ ਸੋਹਨ ਨੂੰ ਫੜਾਈ ਤੇ ਆਪ ਵੀ ਖਾ ਕੇ ਫਿਰ ਇਕ ਸੂਟ ਦੀ ਤਿਰਪੀਈ ਕਰਨ ਲਗਿ ਪਈ। ਉਸ ਨੂੰ ਕੰਮ ਕਰਦਿਆਂ ਵੇਖ ਸੋਹਨ ਮੰਜੇ 'ਤੇ ਬੈਠਾ ਬੋਲਿਆ, "ਧੀਏ ਹੁਣ ਆਰਾਮ ਕਰ ਲੈ ਸਵੇਰੇ ਕਰ ਲਈਂ, ਰਾਤ ਨੂੰ ਬਾਰੀਕ ਕੰਮ ਕਰਕੇ ਅੱਖਾਂ ਦੀ ਰੋਸ਼ਨੀ ਨਾ ਗਵਾ ਲਈਂ।" "ਬਾਪੂ ਜੀ ਤੁਸੀਂ ਪੈ ਜਾਓ ਬਸ ਆ ਮਾਲਾ ਅੰਟੀ ਦੀ ਕਮੀਜ਼ ਦੀ ਤਿਰਪਾਈ ਰਹਿ ਗਈ ਹੈ, ਮੈਂ ਕਰਕੇ ਸੌਂ ਜਾਵਾਂਗੀ, ਉਹਨਾ ਨੇ ਸਵੇਰੇ ਰਿਸ਼ਤੇਦਾਰੀ 'ਚ ਜਾਣਾ ਹੈ।" ਇਹ ਕਹਿ ਕੇ ਆਨਿਤਾ ਆਪਣਾ ਕੰਮ ਕਰਨ ਲੱਗ ਪਈ।

ਉਧਰ ਮੰਜੀ 'ਤੇ ਲੰਮਾ ਪਿਆ ਸੋਹਨ ਚਿੰਤਾ 'ਚ ਆਪਣੇ ਆਪ ਨਾਲ ਗੱਲਾਂ ਕਰਨ ਲੱਗ ਪਿਆ, "ਇਸ ਦੇ ਨਾਲ ਦੀਆਂ ਲੱਗਭੱਗ ਸਾਰੀਆਂ ਕੁੜੀਆਂ ਵਿਆਹੀਆਂ ਗਈਆਂ ਹਨ, ਪਰ ਇਹ ਵਿਚਾਰੀ ਦਾ ਪਤਾ ਨਹੀਂ ਕੀ ਬਣੂੰ? ਕੋਈ ਰਿਸ਼ਤੇਦਾਰ ਵੀ ਕਦੀ ਸਾਡੇ ਵੱਲ ਨਹੀਂ ਆਇਆ ਇਸ ਦੀ ਮਾਂ ਦੇ ਜਾਣ ਮਗਰੋਂ ਮਾਮੇ ਵੀ ਕਦੀ ਨਹੀਂ ਆਏ, ਫਿਰ ਆਪ ਹੀ ਕਹਿਣ ਲੱਗ ਪਿਆ, ਮੈਂ ਆਪ ਵੀ ਤਾਂ ਕਿਧਰੇ ਆਉਣ-ਜਾਣ ਜੋਗਾ ਨਹੀਂ, ਪਰ ਇਕ ਦੋ ਦਿਨ ਤੱਕ ਹਿੰਮਤ ਕਰਕੇ ਨਾਰਿਆਣਗੜ੍ਹ ਇਸ ਦੀ ਮਾਸੀ ਕੋਲ ਜਾ ਕੇ ਆਉਣਾ ਉਸ ਨੂੰ ਕਹਿਣਾ ਕੋਈ ਮੁੰਡੇ ਦੀ ਦੱਸ ਪਏ।"

ਦੂਜੇ ਪਾਸੇ ਆਪਣੀ ਮੰਜੀ 'ਤੇ ਪਈ ਆਨਿਤਾ ਦੇ ਮਨ 'ਚ ਰੋਹਿਤ ਲਈ ਖਿੱਚ ਵਧਣ ਲੱਗੀ। ਅਗਲੇ ਦਿਨ ਆਨਿਤਾ ਰੋਜ਼ ਵਾਂਗ ਸੁਨਿਤਾ ਦੀ ਦੁਕਾਨ 'ਤੇ ਗਈ, ਪਰ ਉਸ ਨੂੰ ਰੋਹਿਤ ਦੁਕਾਨ 'ਤੇ ਨਜ਼ਰ ਨਾ ਆਇਆ ਤਾਂ ਉਸ ਨੇ ਕੱਪੜਿਆਂ ਦਾ ਹਿਸਾਬ ਲੈ ਕੇ ਹੌਸਲਾ ਕਰ ਸੁਨਿਤਾ ਨੂੰ ਪੁੱਛਿਆ, "ਅੰਟੀ ਅੱਜ ਰੋਹਿਤ ਨਜ਼ਰ ਨਹੀਂ ਆ ਰਿਹਾ, ਕੀ ਗੱਲ?" ਸੁਨਿਤਾ ਨੇ ਜਵਾਬ ਦੇਂਦੇ ਕਿਹਾ, "ਉਸ ਦੀ ਘਰਵਾਲੀ ਦਾ ਬੁਖਾਰ ਨਹੀਂ ਉਤਰ ਰਿਹਾ ਦੋ-ਤਿੰਨ ਦਿਨ ਤੋਂ ਉਸ ਨੂੰ ਅੰਬਾਲਾ ਹਸਪਤਾਲ ਦਿਖਾਉਣ ਗਿਆ ਸੀ। ਉਥੇ ਡਾਕਟਰ ਨੇ ਭਰਤੀ ਕਰ ਲਿਆ ਉਸ ਦੀ ਘਰਵਾਲੀ ਨੂੰ।" ਆਨਿਤਾ "ਅੱਛਾ ਜੀ" ਕਹਿ ਕੇ ਬੋਝਲ ਕਦਮਾਂ ਨਾਲ ਘਰ ਨੂੰ ਚੱਲ ਪਈ। ਰੋਹਿਤ ਦੇ ਪਹਿਲਾਂ ਹੀ ਵਿਆਹੇ ਹੋਣ ਵਾਲੀ ਗੱਲ ਸੁਣ ਕੇ ਉਸ ਦੇ ਦਿਲ ਤੇ ਦਿਮਾਗ 'ਤੇ ਇਸ ਤਰ੍ਹਾਂ ਸੱਟ ਵੱਜੀ, ਜਿਵੇਂ ਕਿਸੇ ਨੇ ਭਾਰੇ ਹਥੌੜੇ ਦੇ ਇਕ ਵਾਰ ਨਾਲ ਸਭ ਕੁੱਝ ਚਕਨਾਚੂਰ ਕਰ ਦਿੱਤਾ ਹੋਵੇ। ਉਹ ਘਰ ਆ ਮੰਜੀ 'ਤੇ ਇਸ ਤਰ੍ਹਾਂ ਲੰਮੀ ਪਈ, ਜਿਵੇਂ ਜਿੰਦਾ ਲਾਸ਼ ਹੋਵੇ।

ਅਗਲੇ ਦੋ ਦਿਨ ਉਸ ਦੀ ਹਿੰਮਤ ਨਾ ਹੋਈ ਦੁਕਾਨ 'ਤੇ ਜਾਣ ਦੀ ਪਰ ਅੱਜ ਉਹ ਹੌਸਲਾ ਕਰ ਸੁਨਿਤਾ ਦੀ ਦੁਕਾਨ 'ਤੇ ਪਹੁੰਚੀ ਤਾਂ ਅੱਗੋਂ ਰੋਹਿਤ ਫਿਰ ਦੁਕਾਨ 'ਤੇ ਇਕੱਲਾ ਮਿਲ ਗਿਆ। ਆਨਿਤਾ ਨੇ ਪੁੱਛਿਆ, "ਅੰਟੀ" ਅੱਗੋਂ ਰੋਹਿਤ ਬੋਲਿਆ, "ਉਹ ਅੰਬਾਲਾ ਗਏ ਹਨ ਸਾਮਾਨ ਲੈਣ ਲਈ, ਪਰ ਤੁਹਾਡੇ ਪੈਸੇ ਤੇ ਕੱਪੜੇ ਫੜਾ ਗਏ ਹਨ। ਆਨਿਤਾ ਕੱਪੜੇ ਫੜ ਬਿਨਾਂ ਰੋਹਿਤ ਵੱਲ ਵੇਖੇ ਦੁਕਾਨ ਤੋਂ ਬਾਹਰ ਜਾਣ ਲੱਗੀ ਤਾਂ ਰੋਹਿਤ ਫਿਰ ਬੋਲਿਆ, "ਰੁਕੋ ਜੀ, ਮੈਂ ਤੁਹਾਡੇ ਨਾਲ ਗੱਲ ਕਰਨੀ ਹੈ।" "ਦੇਖ ਰੋਹਿਤ ਤੂੰ ਕੀ ਗੱਲ ਕਰਨੀ ਹੈ, ਮੈਂ ਸਭ ਜਾਣਦੀ ਹਾਂ ਚੰਗੀ ਤਰ੍ਹਾਂ, ਪਰ ਗੱਲ ਸੁਣ ਮੇਰੀ ਤੂੰ ਉਹਨਾ ਬੱਚਿਆਂ ਵਰਗਾ ਹੈਂ, ਜਿਸ ਦਾ ਆਪਣੇ ਖਿਲੌਨੇ ਤੋਂ ਮਨ ਭਰ ਜਾਂਦਾ ਤਾਂ ਦੂਸਰੇ ਬੱਚਿਆਂ ਦੇ ਖਿਲੌਨੇ ਨੂੰ ਖੋਹਣ ਦੀ ਜ਼ਿਦ ਕਰਨ ਲੱਗ ਪੈਂਦਾ ਹੈ। ਜੋ ਤੇਰਾ ਪਹਿਲਾ ਖਿਲੌਨਾ ਘਰ 'ਚ ਹੈ। ਉਸ ਦਾ ਖਿਆਲ ਕਰ, ਮੇਰਾ ਨਹੀਂ, ਸਮਝਿਆ ਕਿ ਨਹੀਂ, ਮੈਂ ਕੋਈ ਖਿਲੌਨਾ ਨਹੀਂ ਹਾਂ।" ਕਹਿ ਕੇ ਆਨਿਤਾ ਘਰ ਵੱਲ ਚੱਲ ਪਈ।

**- ਗੁਰਨਾਮ ਬਾਵਾ**

## ਸੋਚੀਂ ਪਿਆ ਗੁਰਦਾਸ

'ਤਾਰੀ ਉਏ ਤਾਰੀ' ਉੱਚੀਆਂ ਹਾਕਾਂ ਦੇ ਨਾਲ ਬੂਹੇ ਉੱਤੇ ਜ਼ੋਰ ਦਾ ਖੜਾਕ ਸੁਣਦੇ ਹੋਏ ਗੁਰਦਾਸ ਨੇ ਦਰਵਾਜ਼ਾ ਖੋਲ੍ਹਿਆ। 'ਜੀ ਉਹ ਘਰ ਨਹੀਂ, ਕਿਤੇ ਗਏ ਹੋਏ ਹਨ' ਆਖਦੇ, ਉਸ ਨੇ ਆਉਣ ਵਾਲੇ ਨੂੰ ਸਵਾਲੀਆ ਨਜ਼ਰਾਂ ਨਾਲ ਵੇਖਿਆ।

'ਕਾਕਾ ਜਦੋਂ ਆਉਣ ਤਾਂ ਸਾਡੇ ਘਰੇ ਭੇਜ ਦੇਣਾ, ਆਖਣਾ ਸਰਦਾਰ ਨਛੱਤਰ ਸਿੰਘ ਜੀ ਆਏ ਸੀ। ਘਰੇ ਕੱਲ੍ਹ ਦੀ ਬਿਜਲੀ ਕੁਝ ਖਰਾਬੀ ਕਰਦੀ ਪਈ ਹੈ।'

'ਚੰਗਾ ਜੀ', ਆਖ ਕੇ ਗੁਰਦਾਸ ਅੰਦਰ ਆਇਆ, ਪਰ ਉਸ ਨੂੰ ਇਸ ਗੱਲ ਦਾ ਦੁੱਖ ਹੁੰਦਾ ਕਿ ਪਿੰਡ ਵਿੱਚ ਉਸ ਦੇ ਪਿਓ ਦਾ ਪੂਰਾ ਨਾਂਅ ਲੈਣ ਵਾਲਾ ਕੋਈ ਨਹੀਂ ਸੀ।

ਜੇਕਰ ਬਿਜਲੀ ਵਿਭਾਗ ਵਿੱਚ ਨੌਕਰੀ ਕਰਨ ਸਮੇਂ ਤਨਖਾਹ ਰਜਿਸਟਰ ਵਿਚ ਉਸ ਦਾ ਪੂਰਾ ਨਾਂਅ ਅਵਤਾਰ ਸਿੰਘ ਨਾ ਲਿਖਿਆ ਹੁੰਦਾ ਤਾਂ ਸ਼ਾਇਦ ਉਸ ਨੂੰ ਵੀ ਆਪਣਾ ਨਾਂਅ ਵੀ ਤਾਰੀ ਹੀ ਲੱਗਣਾ ਸੀ।

ਸਾਰੀ ਉਮਰ ਛੋਟੇ ਕਰਮਚਾਰੀ ਵਜੋਂ ਕੰਮ ਕਰਦੇ ਉਸ ਨੇ ਆਪਣੇ ਪੁੱਤਰ ਗੁਰਦਾਸ ਨੂੰ ਪੜ੍ਹਾਉਣ ਲਈ ਕੋਈ ਕਸਰ ਨਾ ਛੱਡੀ। ਗੁਰਦਾਸ ਇੰਜੀਨੀਅਰ ਦੀ ਡਿਗਰੀ ਪ੍ਰਾਪਤ ਕਰਨ ਉਪਰੰਤ ਨੌਕਰੀ ਦੀ ਭਾਲ ਵਿੱਚ ਸੀ। ਤਾਰੀ ਨੇ ਆਪਣੇ ਅਫਸਰਾਂ ਦੀਆਂ ਮਿੰਨਤਾਂ ਕਰਕੇ ਉਸ ਨੂੰ ਆਪਣੇ ਵਿਭਾਗ ਵਿੱਚ ਹੀ ਕੈਜ਼ੂਅਲ ਨੌਕਰੀ ਉੱਤੇ ਲਗਵਾ ਦਿੱਤਾ। ਰੈਗੂਲਰ ਸਰਕਾਰੀ ਮੁਲਾਜ਼ਮਾਂ ਅਤੇ ਕੈਜ਼ੂਅਲ ਵਿੱਚ ਤਨਖਾਹ ਦਾ ਜ਼ਮੀਨ-ਅਸਮਾਨ ਦਾ ਅੰਤਰ ਸੀ, ਪਰ ਇਹ ਉਮੀਦ ਨਾਲ ਕਿ ਇਕ ਦਿਨ ਉਹ ਬਿਜਲੀ ਬੋਰਡ ਵਿੱਚ ਹੀ ਆਪਣੀ ਵਿੱਦਿਆ ਅਤੇ ਤਜਰਬੇ ਦੇ ਆਧਾਰ 'ਤੇ ਪੱਕਾ ਹੋ ਜਾਵੇਗਾ, ਉਸ ਦੀ ਸ਼ਾਦੀ ਹੋ ਗਈ। ਸ਼ਾਦੀ ਤੋਂ ਬਾਅਦ ਪਰਵਾਰ ਦਾ ਵਧਣਾ ਵੀ ਕੁਦਰਤੀ ਸੀ, ਪ੍ਰੰਤੂ ਹਾਲੇ ਤੱਕ ਗੁਰਦਾਸ ਰੈਗੂਲਰ ਤੇ ਪੱਕਾ ਨਹੀਂ ਹੋਇਆ।

ਕੈਜ਼ੂਅਲ ਮੁਲਾਜ਼ਮਾਂ ਵੱਲੋਂ ਆਪਣੀ ਨੌਕਰੀ ਨੂੰ ਪੱਕਾ ਕਰਵਾਉਣ ਲਈ ਚੱਲ ਰਹੀ ਐਜੀਟੇਸ਼ਨ ਵਿੱਚ ਉਹ ਵੀ ਸ਼ਾਮਲ ਹੋ ਗਿਆ। ਉਹਨਾਂ ਦੇ ਆਗੂ ਵੱਲੋਂ ਇਹ ਦੱਸਣ 'ਤੇ ਕਿ ਭਾਰਤ ਦੇ ਸੰਵਿਧਾਨ ਅਨੁਸਾਰ ਅਸੀਂ ਸਾਰੇ ਬਰਾਬਰ ਹਾਂ ਅਤੇ ਸੁਪਰੀਮ ਕੋਰਟ ਦਾ ਫੈਸਲਾ ਹੈ ਕਿ ਬਰਾਬਰ ਕੰਮ ਲਈ ਬਰਾਬਰ ਤਨਖਾਹ ਦਿੱਤੀ ਜਾਵੇ। ਹਾਲਾਂਕਿ ਇਹ ਫੈਸਲਾ ਔਰਤਾਂ ਨੂੰ ਆਦਮੀਆਂ ਦੇ ਬਰਾਬਰ ਤਨਖਾਹ ਦੇਣ ਲਈ ਕੀਤਾ ਗਿਆ ਸੀ, ਪਰੰਤੂ ਹੁੰਦਾ ਤਾਂ ਇਹ ਸਭ 'ਤੇ ਹੀ ਲਾਗੂ ਹੈ। ਲੋੜਾਂ ਵੀ ਸਭ ਦੀਆਂ ਬਰਾਬਰ ਹਨ। ਜੇ ਕੰਮ ਵੀ ਬਰਾਬਰ ਹੈ ਤਾਂ ਤਨਖਾਹ ਦਾ ਇੰਨਾ ਵੱਡਾ ਫਰਕ ਕਿਉਂ?

ਇਹ ਗੱਲ ਗੁਰਦਾਸ ਦੇ ਮਨ ਨੂੰ ਲੱਗ ਗਈ। ਉਹ ਐਜੀਟੇਸ਼ਨ ਕਰਨ ਵਾਲਿਆਂ ਦੀ ਮੂਹਰਲੀ ਕਤਾਰ ਵਿੱਚ ਸ਼ਾਮਲ ਕਿਰਤ ਮਹਿਕਮੇ ਦੇ ਮਨਿਸਟਰ ਦਾ ਘਿਰਾਓ ਕਰਨ ਸਮੇਂ ਲਾਠੀਆਂ ਦਾ ਸ਼ਿਕਾਰ ਹੋ ਗਿਆ। ਹਸਪਤਾਲ ਵਿੱਚ ਘਰਦਿਆਂ ਤੋਂ ਇਲਾਵਾ ਰਿਸ਼ਤੇਦਾਰ ਵੀ ਉਹਦੀ ਖਬਰ ਲੈਣ ਆਉਂਦੇ। ਉਹਦੀ ਮਾਮੀ ਅਤੇ ਤਾਈ ਜੀ ਜਦੋਂ ਖਬਰ ਲੈਣ ਆਏ ਤਾਂ ਉਹਨਾ ਦੀ ਆਵਾਜ਼ ਸੁਣ ਗੁਰਦਾਸ ਨੇ ਅੱਖਾਂ ਖੋਲ੍ਹੀਆਂ। ਆਖਣ ਲੱਗਾ, 'ਤੁਸੀਂ ਇੰਨੀ ਦੂਰ ਆਉਣ ਦੀ ਕਿਉਂ ਖੇਚਲ ਕੀਤੀ?' ਮਾਮੀ ਕਹਿਣ ਲੱਗੀ, 'ਸ਼ੁਕਰ ਹੈ ਸਰਕਾਰ ਦਾ, ਜਿਸ ਨੇ ਬੱਸ ਵਿੱਚ ਆਉਣ-ਜਾਣ ਦੇ ਕਿਰਾਏ ਮਾਫ਼ ਕਰ ਦਿੱਤੇ, ਨਹੀਂ ਤਾਂ ਅੱਜਕੱਲ੍ਹ ਮਹਿੰਗਾਈ ਦੇ ਜ਼ਮਾਨੇ 'ਚ ਕਿਸੇ ਦੀ ਖਬਰ ਲੈਣ ਜਾਣਾ ਕਿਹੜਾ ਸੌਖਾ ਹੈ।'

ਸੋਚੀਂ ਪਏ ਗੁਰਦਾਸ ਨੇ ਮੂੰਹ ਦੂਜੇ ਪਾਸੇ ਘੁੰਮਾ ਲਿਆ।

**- ਰਮੇਸ਼ ਰਤਨ**

## ਵਿਛੋੜਾ

ਵਿਆਹ ਚਾਹੇ ਪਿਆਰ ਨਾਲ ਹੋਵੇ ਜਾਂ ਰਵਾਇਤਾਂ ਅਨੁਸਾਰ ਤੈਅ ਕੀਤਾ ਗਿਆ ਹੋਵੇ, ਹਰ ਰਿਸ਼ਤੇ ਦੀ ਅਸਲੀ ਤਾਕਤ ਸਮਝਦਾਰੀ, ਸਹਿਣਸ਼ੀਲਤਾ ਤੇ ਧੀਰਜ ਵਿੱਚ ਹੀ ਲੁਕੀ ਹੋਈ ਹੁੰਦੀ ਹੈ, ਪਰ ਜ਼ਿੰਦਗੀ ਕਈ ਵਾਰ ਅਜਿਹੇ ਅਣਹੋਣੇ ਮੋੜ ਵੀ ਲਿਆਉਂਦੀ ਹੈ, ਜਿੱਥੇ ਸਾਰੀ ਸਮਝਦਾਰੀ ਵੀ ਬੇਵੱਸ ਹੋ ਜਾਂਦੀ ਹੈ। ਕਿਸਮਤ ਆਪਣੇ ਰੰਗ ਇਸ ਤਰ੍ਹਾਂ ਬਦਲਦੀ ਹੈ ਕਿ ਹੱਸਦਾ-ਖੇਡਦਾ ਸੁਖੀ ਜੀਵਨ ਇਕ ਪਲ ਵਿੱਚ ਹੀ ਦਰਦ ਭਰੀ ਦਾਸਤਾਨ ਬਣ ਜਾਂਦਾ ਹੈ, ਜਿਸ ਨੂੰ ਸਿਰਫ਼ ਮਹਿਸੂਸ ਕੀਤਾ ਜਾ ਸਕਦਾ ਹੈ, ਬਿਆਨ ਕਰਨਾ ਆਸਾਨ ਨਹੀਂ ਹੁੰਦਾ।

ਅਜਿਹੀ ਹੀ ਇੱਕ ਦਰਦਨਾਕ ਕਹਾਣੀ ਹੈ ਰਮੇਸ਼ ਦੀ। ਰਮੇਸ਼ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਹ ਹਿਮਾਚਲ ਦੇ ਇੱਕ ਸ਼ਹਿਰ ਵਿਚੋਂ ਜਾ ਕੇ ਚੰਡੀਗੜ੍ਹ ਦੀ ਇੱਕ ਪ੍ਰਾਈਵੇਟ ਫਰਮ ਵਿੱਚ ਨੌਕਰੀ ਕਰਦਾ ਸੀ। ਉਸੇ ਫਰਮ ਵਿੱਚ ਉਸ ਦੀ ਮੁਲਾਕਾਤ ਅੰਜੁਮਨਾ ਨਾਂਅ ਦੀ ਲੜਕੀ ਨਾਲ ਹੋਈ। ਇਕੱਠੇ ਕੰਮ ਕਰਦੇ-ਕਰਦੇ ਦੋਵਾਂ ਦੇ ਦਿਲ ਮਿਲ ਗਏ ਅਤੇ ਉਹਨਾ ਆਪਣੇ ਪਰਵਾਰਾਂ ਦੀ ਮਰਜ਼ੀ ਤੋਂ ਬਿਨਾਂ ਹੀ ਪ੍ਰੇਮ ਵਿਆਹ ਕਰ ਲਿਆ।

ਕੁਝ ਸਮੇਂ ਬਾਅਦ ਦੋਵਾਂ ਨੇ ਹਿੰਮਤ ਕਰਕੇ ਆਪਣੇ-ਆਪਣੇ ਮਾਪਿਆਂ ਨੂੰ ਆਪਣੇ ਵਿਆਹ ਬਾਰੇ ਦੱਸ ਦਿੱਤਾ। ਦੋਵੇਂ ਪਾਸਿਆਂ ਦੇ ਮਾਪੇ ਇਹ ਸੁਣ ਕੇ ਹੈਰਾਨ ਤਾਂ ਹੋਏ, ਪਰ ਸਮੇਂ ਦੀ ਹਕੀਕਤ ਨੂੰ ਸਮਝਦੇ ਹੋਏ ਉਹਨਾਂ ਇਸ ਵਿਆਹ ਨੂੰ ਮੰਨ ਲਿਆ। ਅੱਜਕੱਲ੍ਹ ਜ਼ਿਆਦਾਤਰ ਮਾਪਿਆਂ ਦੀਆਂ ਸਰਫ਼ੇ ਦੀਆਂ ਔਲਾਦਾਂ ਹੁੰਦੀਆਂ ਹਨ, ਜਿਨ੍ਹਾਂ ਦੀ ਖੁਸ਼ੀ ਅੱਗੇ ਮਾਪਿਆਂ ਨੂੰ ਆਪਣੀ ਇੱਛਾ ਝੁਕਾਉਣੀ ਪੈਂਦੀ ਹੈ।

ਛੇ ਮਹੀਨੇ ਬਾਅਦ ਰਮੇਸ਼ ਦੇ ਪਿਤਾ ਨੇ ਰਮੇਸ਼ ਨੂੰ ਅਤੇ ਉਸ ਦੀ ਪਤਨੀ ਨੂੰ ਆਪਣੇ ਕੋਲ ਆਉਣ ਲਈ ਕਿਹਾ। ਉਹਨਾਂ ਨੂੰ ਪਿਆਰ ਨਾਲ ਸਮਝਾਇਆ—ਪੁੱਤਰ, ਅੱਡੇ ਵਿੱਚ ਸਾਡੀਆਂ ਪੰਜ ਦੁਕਾਨਾਂ ਹਨ, ਚੰਗਾ ਕਾਰੋਬਾਰ ਹੈ, ਰਹਿਣ ਲਈ ਵਧੀਆ ਕੋਠੀ ਹੈ। ਮੇਰੀ ਸਿਹਤ ਹੁਣ ਪਹਿਲਾਂ ਵਰਗੀ ਨਹੀਂ ਰਹੀ। ਤੁਸੀਂ ਦੋਵੇਂ ਆ ਜਾਓ, ਕਾਰੋਬਾਰ ਸੰਭਾਲ ਲਵੋ, ਤਾਂ ਜੋ ਜੀਵਨ ਦੇ ਸੁਨਹਿਰੇ ਪਲ ਇਕੱਠੇ ਬਿਤਾ ਸਕੀਏ।

ਮਾਪਿਆਂ ਦੀ ਗੱਲ ਸੁਣ ਕੇ ਰਮੇਸ਼ ਨੇ ਆਪਣੀ ਪਤਨੀ ਨਾਲ ਵਿਚਾਰ ਕੀਤਾ ਅਤੇ ਦੋਵੇਂ ਹਿਮਾਚਲ ਵਿੱਚ ਆਪਣੇ ਮਾਪਿਆਂ ਕੋਲ ਆ ਕੇ ਰਹਿਣ ਲੱਗ ਪਏ। ਰਮੇਸ਼ ਨੇ ਕਾਰੋਬਾਰ ਵਿੱਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਘਰ ਵਿੱਚ ਖੁਸ਼ੀਆਂ ਵੱਸ ਗਈਆਂ। ਕੁਝ ਸਮੇਂ ਬਾਅਦ ਉਹਨਾਂ ਦੇ ਘਰ ਇੱਕ ਪੁੱਤਰ ਦਾ ਜਨਮ ਹੋਇਆ ਅਤੇ ਪਰਵਾਰ ਦੀ ਖੁਸ਼ੀ ਦੁਗਣੀ ਹੋ ਗਈ, ਪਰ ਕਈ ਵਾਰ ਖੁਸ਼ੀਆਂ ਨੂੰ ਕਿਸੇ ਦੀ ਨਜ਼ਰ ਲੱਗ ਜਾਂਦੀ ਹੈ। ਕੁਝ ਮਹੀਨੇ ਬਾਅਦ ਅੰਜੁਮਨਾ ਦੀ ਭੈਣ ਨੇ ਉਸ ਦੇ ਮਨ ਵਿੱਚ ਇਹ ਗੱਲਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਕਿ ਤੂੰ ਚੰਡੀਗੜ੍ਹ ਵਰਗਾ ਵਧੀਆ ਸ਼ਹਿਰ ਛੱਡ ਕੇ ਹਿਮਾਚਲ ਦੇ ਪਛੜੇ ਇਲਾਕੇ ਵਿੱਚ ਕਿਉਂ ਰਹਿ ਰਹੀ ਹੈਂ? ਕਿਸੇ ਤਰ੍ਹਾਂ ਵਾਪਸ ਚੰਡੀਗੜ੍ਹ ਆ ਜਾ। ਕਹਿੰਦੇ ਹਨ ਕਿ ਚੁਗਲਖੋਰੀ ਪੱਥਰ ਵੀ ਪਾੜ ਦਿੰਦੀ ਹੈ। ਇੱਥੇ ਤਾਂ ਇੱਕ ਔਰਤ ਦਾ ਦਿਲ ਸੀ। ਹੌਲੀ-ਹੌਲੀ ਅੰਜੁਮਨਾ ਦੇ ਮਨ ਵਿੱਚ ਬੇਚੈਨੀ ਵਧਦੀ ਗਈ ਅਤੇ ਉਹ ਆਪਣੇ ਪਤੀ ਰਮੇਸ਼ ਅਤੇ ਉਸ ਦੇ ਪਰਵਾਰ ਨਾਲ ਖਿਝਣ ਲੱਗ ਪਈ। ਗੱਲ ਏਨੀ ਵਿਗੜ ਗਈ ਕਿ ਉਹ ਆਪਣੇ ਛੋਟੇ ਜਿਹੇ ਬੱਚੇ ਦੀ ਪਰਵਾਹ ਕੀਤੇ ਬਿਨਾਂ ਹੀ ਆਪਣੇ ਪੇਕੇ ਘਰ ਚੰਡੀਗੜ੍ਹ ਚਲੀ ਗਈ।

ਹਾਲਾਤ ਇਥੋਂ ਤੱਕ ਪਹੁੰਚ ਗਏ ਕਿ ਦੋਵਾਂ ਦਾ ਤਲਾਕ ਹੋ ਗਿਆ।

ਬੱਚਾ ਰਮੇਸ਼ ਅਤੇ ਉਸ ਦੇ ਮਾਪਿਆਂ ਕੋਲ ਹੀ ਪਲਦਾ ਰਿਹਾ। ਦਾਦਾ-ਦਾਦੀ ਦੀ ਮਮਤਾ ਅਤੇ ਪਿਤਾ ਦੇ ਪਿਆਰ ਵਿੱਚ ਉਹ ਵੱਡਾ ਹੁੰਦਾ ਗਿਆ, ਪਰ ਲਗਭਗ ਦਸ-ਬਾਰਾਂ ਸਾਲ ਬਾਅਦ ਅੰਜੁਮਨਾ ਨੇ ਅਦਾਲਤ ਵਿੱਚ ਕੇਸ ਕਰ ਦਿੱਤਾ ਅਤੇ ਕਾਨੂੰਨੀ ਕਾਰਵਾਈ ਦੇ ਬਾਅਦ ਬੱਚੇ ਦੀ ਹਵਾਲਗੀ ਅੰਜੁਮਨਾ ਨੂੰ ਮਿਲ ਗਈ।

ਜਦੋਂ ਉਹ ਦਿਨ ਆਇਆ ਕਿ ਬੱਚੇ ਨੂੰ ਉਸ ਦੀ ਮਾਂ ਦੇ ਹਵਾਲੇ ਕਰਨਾ ਸੀ, ਤਾਂ ਰਮੇਸ਼, ਉਸ ਦੇ ਮਾਪੇ ਅਤੇ ਉਹ ਨਿੱਕਾ ਜਿਹਾ ਬੱਚਾ ਕਾਰ ਵਿੱਚ ਬੈਠ ਕੇ ਹਿਮਾਚਲ ਤੋਂ ਚੰਡੀਗੜ੍ਹ ਵੱਲ ਰਵਾਨਾ ਹੋਏ। ਰਸਤੇ ਭਰ ਉਹਨਾਂ ਦੀਆਂ ਅੱਖਾਂ ਵਿੱਚੋਂ ਅੱਥਰੂ ਇਸ ਤਰ੍ਹਾਂ ਵਹਿ ਰਹੇ ਸਨ, ਜਿਵੇਂ ਸਮੁੰਦਰ ਦੀਆਂ ਬੇਕਾਬੂ ਲਹਿਰਾਂ ਉਠ ਰਹੀਆਂ ਹੋਣ। ਬੱਚਾ ਵੀ ਆਪਣੇ ਪਿਤਾ ਅਤੇ ਦਾਦਾ-ਦਾਦੀ ਤੋਂ ਵਿਛੋੜਾ ਸਹਿ ਨਹੀਂ ਸਕਦਾ ਸੀ। ਉਹ ਵਾਰ-ਵਾਰ ਉਹਨਾਂ ਨਾਲ ਲਿਪਟ ਜਾਂਦਾ, ਜੱਫੀਆਂ ਪਾਉਂਦਾ, ਰੋਂਦਾ ਹੋਇਆ ਕਹਿੰਦਾ, ਮੈਂ ਮੰਮੀ ਕੋਲ ਨਹੀਂ ਜਾਣਾ, ਮੈਂ ਤੁਹਾਡੇ ਨਾਲ ਹੀ ਰਹਿਣਾ ਹੈ। ਉਸ ਦੀ ਇਹ ਗੱਲ ਸੁਣ ਕੇ ਰਮੇਸ਼ ਅਤੇ ਉਸ ਦੇ ਮਾਪਿਆਂ ਦਾ ਦਿਲ ਹੋਰ ਵੀ ਕੰਬ ਉੱਠਦਾ।

ਚੰਡੀਗੜ੍ਹ ਪਹੁੰਚ ਕੇ ਜਦੋਂ ਨਿਰਧਾਰਿਤ ਸਮੇਂ ਅਤੇ ਸਥਾਨ 'ਤੇ ਬੱਚੇ ਨੂੰ ਅੰਜੁਮਨਾ ਦੇ ਹਵਾਲੇ ਕੀਤਾ ਗਿਆ, ਤਾਂ ਉਹ ਬੱਚਾ ਕਈ ਵਾਰ ਆਪਣੀ ਮਾਂ ਦਾ ਹੱਥ ਛੁਡਾ ਕੇ ਦੌੜਦਾ ਹੋਇਆ ਦਾਦਾ, ਦਾਦੀ ਅਤੇ ਆਪਣੇ ਪਿਤਾ ਦੇ ਗਲੇ ਲੱਗਦਾ ਰੋਂਦਾ ਕੁਰਲਾਉਂਦਾ। ਉਹ ਪਲ ਏਨੇ ਦਰਦਨਾਕ ਸਨ ਕਿ ਰਮੇਸ਼ ਅਤੇ ਉਸ ਦੇ ਮਾਪਿਆਂ ਨੂੰ ਲੱਗ ਰਿਹਾ ਸੀ ਜਿਵੇਂ ਉਹਨਾਂ ਦੇ ਜੀਵਨ ਦਾ ਸਭ ਤੋਂ ਕੀਮਤੀ ਅਨਮੋਲ ਹੀਰਾ ਉਹਨਾਂ ਤੋਂ ਖੋਹ ਗਿਆ ਹੋਵੇ। ਬੱਚੇ ਦਾ ਵਿਛੋੜਾ ਉਹਨਾਂ ਨੂੰ ਇਸ ਤਰ੍ਹਾਂ ਚੁੱਭ ਰਿਹਾ ਸੀ ਜਿਵੇਂ ਕਿਸੇ ਨੇ ਦਿਲ ਵਿੱਚ ਸਦਾ ਲਈ ਇਕ ਨਾ ਭਰਨ ਵਾਲਾ ਜ਼ਖ਼ਮ ਕਰ ਦਿੱਤਾ ਹੋਵੇ।

ਇਹ ਕਹਾਣੀ ਸਿਰਫ਼ ਇਕ ਪਰਵਾਰ ਦੀ ਨਹੀਂ, ਸਗੋਂ ਉਸ ਸੱਚਾਈ ਦੀ ਵੀ ਹੈ ਕਿ ਕਈ ਵਾਰ ਜ਼ਿੰਦਗੀ ਵਿੱਚ ਗਲਤ ਫੈਸਲੇ ਅਤੇ ਹੋਰਨਾਂ ਦੀਆਂ ਗੱਲਾਂ ਵਿੱਚ ਆ ਕੇ ਚੁੱਕੇ ਕਦਮ ਪੂਰੇ ਪਰਵਾਰ ਦੀ ਖੁਸ਼ੀ ਨੂੰ ਉਜਾੜ ਸਕਦੇ ਹਨ ਅਤੇ ਇਸ ਵਿੱਚ ਸਭ ਤੋਂ ਵੱਡੀ ਕੁਰਬਾਨੀ ਅਕਸਰ ਬੇਗੁਨਾਹ ਬੱਚਿਆਂ ਨੂੰ ਦੇਣੀ ਪੈਂਦੀ ਹੈ।

**— ਰਾਜਿੰਦਰ ਸਿੰਘ ਰਾਜਨ**

# ਨਾਸਤਿਕਤਾ

**ਡਾ. ਰਘਬੀਰ ਸਿੰਘ**

ਅਜੋਕੇ ਸਮੇਂ ਬਹੁਤ ਸਾਰੇ ਸੋਮਿਆਂ ਤੋਂ ਅਕਸਰ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਜਿਨ੍ਹਾਂ ਸਮਾਜਾਂ ਵਿਚ ਲੋਕ ਰੱਬ ਵਰਗੀ ਕਿਸੇ ਅਦਿਸ ਸ਼ਕਤੀ ਵਿਚ ਯਕੀਨ ਤੋਂ ਬਿਨਾਂ ਜੀਵਨ ਜੀਅ ਰਹੇ ਹਨ ਜਾਂ ਨਾਸਤਕ ਹਨ, ਉੱਥੇ ਦੂਜੇ ਸਮਾਜਾਂ ਦੇ ਮੁਕਾਬਲੇ ਉਹ ਘੱਟ ਹਿੰਸਕ, ਵੱਧ ਇਮਾਨਦਾਰ ਅਤੇ ਬਹੁਤ ਪੱਖਾਂ ਤੋਂ ਬਿਹਤਰ ਜੀਵਨ ਜੀਊਂਦੇ ਹਨ। ਪੰਜਾਬੀ/ਭਾਰਤੀ ਭਾਈਚਾਰਿਆਂ ਵਿਚ ਜਿੱਥੇ ਵੱਡੀ ਗਿਣਤੀ ਲੋਕਾਂ ਦਾ ਰੱਬ, ਅੱਲਾ, ਪਰਮਾਤਮਾ ਤੇ ਅਜਿਹੀਆਂ ਹੋਰ ਅਨੇਕਾਂ ਅਣਦਿਸਦੀਆਂ ਸ਼ਕਤੀਆਂ ਵਿਚ ਅਜੇ ਵੀ ਪੂਰਾ ਯਕੀਨ ਹੈ ਤੇ ਹਰ ਪਲ ਹਰ ਪਾਸੇ ਧਰਮ ਦਾ ਲਗਾਤਾਰ ਪਰਚਾਰ ਹੁੰਦਾ ਹੈ ਤੇ ਕਦਮ-ਕਦਮ 'ਤੇ ਹਰ ਕਿਸਮ ਦੇ ਧਾਰਮਿਕ ਸਥਾਨ ਹਨ, ਉੱਥੇ ਬਹੁਤੇ ਲੋਕਾਂ ਦਾ ਜੀਵਨ ਅਨੇਕਾਂ ਪੱਖਾਂ ਤੋਂ ਅਸਹਿਣਯੋਗ ਹੈ। ਰੋਜ਼ਾਨਾ ਜੀਵਨ ਵਿਚ ਆਮ ਇਨਸਾਨ ਦਾ ਬੇਈਮਾਨੀ, ਧੋਖਾਧੜੀ ਤੇ ਹਿੰਸਾ ਨਾਲ ਪੈਰ-ਪੈਰ 'ਤੇ ਵਾਹ ਪੈਂਦਾ ਹੈ। ਇਸ ਦੇ ਬਾਵਜੂਦ ਖਾਸ ਕਰ ਪੰਜਾਬੀ ਭਾਈਚਾਰੇ ਵਿਚ, ਰੱਬ ਜਾਂ ਧਾਰਮਿਕ ਵਿਸ਼ਵਾਸ ਦੇ ਸੰਬੰਧ ਵਿਚ ਸਵਾਲ ਉਠਾਉਣ ਵਾਲੀ ਚਰਚਾ ਬਹੁਤ ਘੱਟ ਪੜ੍ਹਨ-ਸੁਣਨ ਨੂੰ ਮਿਲਦੀ ਹੈ। ਕੁਝ ਹੱਦ ਤੱਕ ਤਰਕਸ਼ੀਲ ਚਿੰਤਕਾਂ ਵੱਲੋਂ ਅੰਧ-ਵਿਸ਼ਵਾਸ ਵਿਰੁੱਧ ਤਾਂ ਆਵਾਜ਼ ਉਠਾਈ ਜਾਂਦੀ ਹੈ ਪਰ ਧਾਰਮਿਕ ਵਿਸ਼ਵਾਸਾਂ ਦੇ ਨਾਂਹ-ਪੱਖੀ ਅਸਰ ਬਾਰੇ ਜਾਂ ਇਸ ਦੇ ਬਦਲ ਬਾਰੇ, ਦੂਜੇ ਸ਼ਬਦਾਂ ਵਿਚ ਨਿੱਤ ਦੇ ਜੀਵਨ ਵਿਚ ਧਰਮ ਤੋਂ ਦੂਰੀ ਰੱਖ ਕੇ ਜੀਉਣ ਸੰਬੰਧੀ ਬਹੁਤ ਘੱਟ ਚਰਚਾ ਹੁੰਦੀ ਹੈ। ਬਹੁਤ ਸਾਰੇ ਪੰਜਾਬੀ ਚਿੰਤਕ, ਜਿਨ੍ਹਾਂ ਵਿਚ ਵਿਗਿਆਨੀ ਤੇ ਡਾਕਟਰੀ ਵਰਗੇ ਸਿੱਧੇ ਤੌਰ 'ਤੇ ਵਿਗਿਆਨ ਨਾਲ ਸੰਬੰਧਤ ਪੇਸ਼ਿਆਂ ਵਾਲੇ ਲੋਕ ਵੀ ਸ਼ਾਮਲ ਹਨ, ਵੱਖਰੇ-ਵੱਖਰੇ ਕਾਰਨਾਂ ਕਰਕੇ ਇਸ ਵਿਸ਼ੇ ਤੋਂ ਆਪਣੀ ਦੂਰੀ ਬਣਾਈ ਰੱਖਦੇ ਹਨ। ਨਤੀਜੇ ਵਜੋਂ ਇਹ ਚਰਚਾ ਬਹੁਤੀ ਵਾਰੀ ਸੀਮਤ ਸੂਝ ਵਾਲੇ ਅਤੇ ਧਾਰਮਿਕ ਲੋਕਾਂ ਵੱਲੋਂ ਹੀ ਕੀਤੀ ਜਾਂਦੀ ਹੈ, ਜੋ ਅਕਸਰ ਨਾਸਤਿਕਤਾ ਦੇ ਵਿਰੋਧ ਵਿਚ ਹੀ ਹੁੰਦੀ ਹੈ। ਨਤੀਜੇ ਵਜੋਂ ਨਾਸਤਿਕਤਾ ਪ੍ਰਤੀ ਨਜ਼ਰੀਆ ਬੇਹੱਦ ਨਾਂਹਵਾਚਕ ਹੈ ਤੇ ਪੰਜਾਬੀ ਭਾਈਚਾਰੇ ਵਿਚ ਇਹ ਸ਼ਬਦ ਗਾਲ੍ਹ ਵਾਂਗ ਵਰਤਿਆ ਜਾਂਦਾ ਹੈ।

ਆਮ ਲੋਕਾਂ ਦੀ ਸੂਝ ਮੁਤਾਬਕ ਨਾਸਤਿਕਤਾ ਦਾ ਪੰਜਾਬੀ/ਭਾਰਤੀ ਭਾਈਚਾਰੇ ਨਾਲ ਕਦੇ ਕੋਈ ਸਿੱਧਾ ਸੰਬੰਧ ਨਹੀਂ ਰਿਹਾ ਤੇ ਇਸ ਵਿਚਾਰ ਨੂੰ ਬਾਹਰੋਂ ਆਇਆ ਮੰਨ ਲਿਆ ਜਾਂਦਾ ਹੈ। ਉਦਾਹਰਨ ਵਜੋਂ, ਰੱਬ ਵਿਚ ਯਕੀਨ ਨਾ ਕਰਨ ਜਾਂ ਧਰਮ ਬਾਰੇ ਆਲੋਚਨਾਤਮਕ ਨਜ਼ਰੀਆ ਰੱਖਣ ਵਾਲਿਆਂ ਨੂੰ ਅਕਸਰ ਕਮਿਊਨਿਸਟ ਵਿਚਾਰਧਾਰਾ ਨਾਲ ਸੰਬੰਧਤ ਸਮਝਿਆ ਜਾਂਦਾ ਹੈ, ਪਰ ਅਸਲ ਵਿਚ ਭਾਰਤੀ ਸਮਾਜ ਵਿਚ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਦੀ ਪ੍ਰਥਾ ਬਹੁਤ ਪੁਰਾਣੀ ਹੈ। ਭਾਰਤ ਵਿਚਲੇ ਪੁਰਾਣੇ ਦਰਸ਼ਨ ਬੁੱਧ ਜੈਨ, ਪੂਰਬ-ਮਿਮਾਂਸਾ ਲੋਕਾਇਤਾ ਅਤੇ ਨਿਆਇ-ਵੈਸ਼ਿਸ਼ਕਾ ਆਦਿ ਸਾਰੇ ਹੀ ਦਰਸ਼ਨ ਨਾਸਤਿਕਤਾ ਵੱਲ ਪ੍ਰਤੀਬੱਧ ਸਨ। ਇਸ ਗੱਲ ਦੇ ਵੀ ਸੰਕੇਤ ਮਿਲਦੇ ਹਨ ਕਿ ਇਨ੍ਹਾਂ ਵਿਚਾਰਧਾਰਾਵਾਂ ਨੂੰ ਸਮਾਜ ਵਿੱਚੋਂ ਅਤੇ ਲੋਕਾਂ ਦੀ ਸੋਚ ਵਿੱਚੋਂ ਬੜੇ ਜਥੇਬੰਦਕ ਢੰਗ ਨਾਲ ਬਾਹਰ ਕੱਢਿਆ ਗਿਆ ਅਤੇ ਹੁਣ ਜਿਸ ਤਰ੍ਹਾਂ ਇਸ ਵੇਲੇ ਇੱਕੀਵੀਂ ਸਦੀ ਵਿਚ ਤਾਕਤ ਤੇ ਪੈਸੇ ਦੀ ਹੋੜ ਲਈ ਕੁਝ ਲੋਕਾਂ ਵੱਲੋਂ ਬੜੇ ਚੇਤਨ ਤਰੀਕੇ ਨਾਲ ਸਾਡੇ ਸਮਾਜਾਂ ਨੂੰ ਪੂੰਜੀਵਾਦੀ ਆਰਥਿਕਤਾ, ਸਿਆਸਤ ਅਤੇ ਧਰਮ ਦੇ ਮਿਲਗੋਭੇ ਨਾਲ ਪਿਛਲੀਆਂ ਸਦੀਆਂ ਵੱਲ ਨੂੰ ਧਕੇਲਿਆ ਜਾ ਰਿਹਾ ਹੈ, ਉਹ ਬੇਹੱਦ ਫਿਕਰ ਵਾਲੀ ਗੱਲ ਹੈ ਜਾਂ ਹੋਣੀ ਚਾਹੀਦੀ ਹੈ। ਇਸ ਵੇਲੇ ਲੋੜ ਹੈ ਕਿ ਰੱਬ ਵਿਚ ਯਕੀਨ ਜਾਂ ਧਰਮ ਦੇ ਬਦਲ ਬਾਰੇ ਖੁੱਲ੍ਹ ਕੇ ਵਿਚਾਰ ਚਰਚਾਵਾਂ ਕੀਤੀਆਂ ਜਾਣ।

ਦੁਨੀਆ ਵਿਚ ਇਨਸਾਨ ਜਿਸ ਵੀ ਧਰਮ ਨੂੰ ਮੰਨਣ ਵਾਲੇ ਮਾਪਿਆਂ ਦੇ ਘਰ ਪੈਦਾ ਹੁੰਦਾ ਹੈ, ਉਸ ਨੂੰ ਉਸ ਹੀ ਧਰਮ ਬਾਰੇ ਮੁੱਢ ਤੋਂ ਸਿੱਖਿਆ ਦਿੱਤੀ ਜਾਂਦੀ ਹੈ। ਉਸ ਨੂੰ ਦੱਸਿਆ ਜਾਂਦਾ ਹੈ ਕਿ ਉਸ ਦਾ ਧਰਮ ਤੇ ਜਿਸ ਅਦਿਸ ਸ਼ਕਤੀ ਉੱਪਰ ਉਹ ਧਰਮ ਉਸਰਿਆ ਹੁੰਦਾ ਹੈ, ਉਹ ਹੀ ਅਸਲੀ ਹਨ, ਬਾਕੀ ਦੇ ਸਭ ਨਕਲੀ। ਬਚਪਨ ਦੀ ਇਸ ਸਿੱਖਿਆ ਨੂੰ ਸਥਾਈ ਬਣਾਉਣ ਲਈ ਜਿਹੜੀ ਵਿਸ਼ੇਸ਼ ਗੱਲ ਸਾਰੇ ਧਰਮਾਂ ਵੱਲੋਂ ਕੀਤੀ ਜਾਂਦੀ ਹੈ, ਉਹ ਹੈ ਕਿ ਹਰ ਇਨਸਾਨ ਨੂੰ ਬਚਪਨ ਵਿਚ ਹੀ ਕਈ ਕਿਸਮ ਦੇ ਡਰ ਦੇ ਕੇ ਇਹ ਸਮਝਾਇਆ ਜਾਂਦਾ ਹੈ ਕਿ ਇਸ ਵਿਸ਼ਵਾਸ 'ਤੇ ਸਦਾ ਕਾਇਮ ਰਹਿਣਾ ਹੈ ਅਤੇ ਕਦੇ ਭੁੱਲ ਕੇ ਵੀ ਇਸ ਬਾਰੇ ਨਾ ਕੋਈ ਖੁਦ ਸਵਾਲ ਕਰਨਾ ਹੈ ਤੇ ਨਾ ਹੀ ਕਿਸੇ ਹੋਰ ਨੂੰ ਕੋਈ ਕਿੰਤੂ-ਪਰੰਤੂ ਕਰਨ ਦੀ ਇਜਾਜ਼ਤ ਦੇਣੀ ਹੈ। ਨਤੀਜੇ ਵਜੋਂ ਸਾਰੇ ਹੀ ਧਰਮਾਂ ਵਿਚਲੇ ਵੱਡੀ ਗਿਣਤੀ ਲੋਕ ਅਜਿਹਾ ਹੀ ਕਰਦੇ ਆ ਰਹੇ ਹਨ। ਜੋ ਬਚਪਨ ਵਿਚ ਸਿੱਖਿਆ ਮਿਲਦੀ ਹੈ, ਉਸ ਮੁਤਾਬਕ ਜੀਉਂਦੇ ਹਨ ਤੇ ਅੱਗੇ ਆਪਣੇ ਬੱਚਿਆਂ ਨੂੰ ਉਹ ਹੀ ਸੂਝ ਦਿੰਦੇ ਹਨ। ਧਰਮਾਂ ਵੱਲੋਂ ਹਮੇਸ਼ਾ ਇਸ ਵਿਚਾਰ ਨੂੰ ਸਖਤੀ ਨਾਲ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ।

ਉਦਾਹਰਨ ਵਜੋਂ, ਯੂਰਪ ਦੀ ਜਾਗਰਤੀ ਲਹਿਰ (European Renaissance) ਸਮੇਂ ਵਿਗਿਆਨ ਵੱਲ ਵਧਣ ਵਾਲੇ ਅਨੇਕਾਂ ਲੋਕਾਂ ਨੂੰ ਧਾਰਮਿਕ ਸਿੱਖਿਆ ਉੱਪਰ ਕਿੰਤੂ ਕਰਨ ਅਤੇ ਉਸ ਦੇ ਵਿਰੋਧ ਵਿਚ ਜਾਣ ਬਦਲੇ ਮੌਤ ਤੱਕ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ। ਸੰਸਾਰ ਦੇ ਵੱਖ-ਵੱਖ ਥਾਈਂ ਇਹ ਵਰਤਾਰਾ ਅਜੇ ਵੀ ਕਾਇਮ ਹੈ। ਆਸੇ-ਪਾਸੇ ਏਨਾ ਕੁਝ ਬਦਲ ਜਾਣ ਦੇ ਬਾਵਜੂਦ ਦੁਨੀਆ ਦੇ 13 ਅਜਿਹੇ ਮੁਲਕ ਹਨ, ਜਿੱਥੇ ਆਪਣੇ ਧਰਮ ਤੋਂ ਨਾਬਰ ਹੋਣ ਵਾਲੇ ਨੂੰ ਜਾਂ ਨਾਸਤਿਕ ਬਣਨ ਵਾਲੇ ਨੂੰ ਮੌਤ ਦੀ ਸਜ਼ਾ ਹੋ ਸਕਦੀ ਹੈ।

ਸਾਰੀ ਦੁਨੀਆ ਹੀ ਹੁਣ ਵਿਗਿਆਨ ਨਾਲ ਪੈਦਾ ਹੋਈ ਸੂਝ ਅਨੁਸਾਰ ਆਪਣਾ ਜੀਵਨ ਬਸਰ ਕਰਦੀ ਹੈ। ਵਿਗਿਆਨਕ ਕਾਢਾਂ ਦੀ ਵਰਤੋਂ ਬਿਨਾਂ ਜੀਵਨ ਦੇ ਕਿਸੇ ਵੀ ਪੱਖ ਵਿਚ ਦੋ ਪਲ ਵੀ ਨਹੀਂ ਜੀਆ ਜਾ ਸਕਦਾ। ਉਦਾਹਰਨ ਵਜੋਂ, ਸਾਰੇ ਲੋਕ, ਸਣੇ ਸਾਰੇ ਧਰਮਾਂ ਦੇ ਵੱਡੇ-ਵੱਡੇ ਆਗੂਆਂ ਦੇ, ਬਿਮਾਰੀ ਸਮੇਂ ਵਿਗਿਆਨ ਤੋਂ ਮਦਦ ਲੈਂਦੇ ਹਨ। ਧਰਮਾਂ ਵੱਲੋਂ ਅਤੇ ਹਰ ਧਰਮ ਨਾਲ ਜੁੜੇ ਅਨੇਕਾਂ ਧੋਖੇਬਾਜ਼ਾਂ ਵੱਲੋਂ ਹਰ ਕਿਸਮ ਦੀਆਂ ਚਾਲਾਂ ਨਾਲ ਲੋਕਾਂ ਨੂੰ ਅੰਧ-ਵਿਸ਼ਵਾਸਾਂ ਵਿਚ ਫਸਾਈ ਰੱਖਣ ਦੀਆਂ ਲਗਾਤਾਰ ਕੋਸ਼ਿਸ਼ਾਂ ਦੇ ਬਾਵਜੂਦ ਇਹ ਸਚਾਈ ਹੁਣ ਹੌਲ਼ੀ-ਹੌਲ਼ੀ ਹਰ ਕਿਸੇ ਦੇ ਸਾਹਮਣੇ ਆ ਰਹੀ ਹੈ। ਨਤੀਜੇ ਵਜੋਂ ਸਾਰੀ ਦੁਨੀਆ ਵਿਚ ਹੀ ਲੋਕ ਧਰਮਾਂ ਤੋਂ ਮਿਲੀ ਸੂਝ ਨੂੰ ਛੱਡ ਕੇ ਆਪਣੇ ਨਿੱਤ ਦੇ ਜੀਵਨ ਵਿਚ ਵੀ ਵਿਗਿਆਨਕ ਪਹੁੰਚ ਅਪਣਾ ਰਹੇ ਹਨ। ਦੂਜੇ ਸ਼ਬਦਾਂ ਵਿਚ ਦੁਨੀਆ ਵਿਚ ਨਾਸਤਿਕ ਲੋਕਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਜਿਨ੍ਹਾਂ ਸਮਾਜਾਂ ਵਿਚ ਨਾਸਤਿਕ ਲੋਕਾਂ ਦੀ ਗਿਣਤੀ ਵੱਧ ਹੈ, ਉਹ ਦੂਜੇ ਸਮਾਜਾਂ ਦੇ ਮੁਕਾਬਲੇ ਬਹੁਤ ਪੱਖਾਂ ਤੋਂ ਬਿਹਤਰ ਸਮਾਜ ਹਨ। ਉਨ੍ਹਾਂ ਲੋਕਾਂ ਦੇ ਜੀਵਨ ਤੇ ਵਿਚਾਰਾਂ ਬਾਰੇ ਜਾਣ ਕੇ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਨਾਸਤਿਕ ਜੀਵਨ ਅਸਲ ਵਿਚ ਆਸਤਕ ਜੀਵਨ ਦੇ ਮੁਕਾਬਲੇ ਹਰ ਪੱਖੋਂ ਹਾਂ-ਵਾਚਕ ਹੈ। ਖੁਦ ਸਵਾਲ ਕਰਕੇ ਅਤੇ ਆਪਣੀ ਸੂਝ ਨਾਲ ਨਾਸਤਿਕ ਬਣਿਆ ਵਿਅਕਤੀ ਜੰਮਣ ਤੋਂ ਪਹਿਲਾਂ ਅਤੇ ਮੌਤ ਤੋਂ ਬਾਅਦ ਬਾਰੇ ਧਰਮਾਂ ਵੱਲੋਂ ਘੜੀਆਂ ਕਹਾਣੀਆਂ ਨੂੰ ਖਾਰਜ ਕਰਕੇ ਮੁੱਖ ਤੌਰ 'ਤੇ ਧਰਤੀ ਉੱਪਰਲੇ ਇਸ ਜੀਵਨ ਬਾਰੇ ਸੋਚਦਾ ਤੇ ਇਸ ਨੂੰ ਸੋਹਣਾ ਬਣਾਉਣ ਲਈ ਸਰਗਰਮ ਹੁੰਦਾ ਹੈ। ਉਹਦੇ ਲਈ ਧਰਤੀ 'ਤੇ ਵਸਣ ਵਾਲਾ ਹਰ ਇਨਸਾਨ ਇਨਸਾਨ ਹੁੰਦਾ ਹੈ, ਕੋਈ ਇਸਾਈ, ਮੁਸਲਮਾਨ, ਹਿੰਦੂ, ਸਿੱਖ ਜਾਂ ਕਿਸੇ ਹੋਰ ਧਰਮ ਨਾਲ ਸੰਬੰਧਤ ਗ਼ੈਰ ਇਨਸਾਨ ਨਹੀਂ ਹੁੰਦਾ। ਨਾਸਤਿਕ ਵਿਅਕਤੀ ਲਈ ਦੂਜੇ ਵਿਅਕਤੀਆਂ ਨੂੰ ਵੱਖਰੇ ਦਰਸਾਉਣ ਵਾਲੀ ਧਰਮ ਦੀ ਕੋਈ ਕੰਧ ਨਹੀਂ ਹੁੰਦੀ।

*ਸਿਰਜਣਾ (ਜੁਲਾਈ-ਸਤੰਬਰ 2026) ਦੀ ਸੰਪਾਦਕੀ*

ਸਫ਼ਾ 3 ਦੀ ਬਾਕੀ

## ਕੰਕਰੀਟ 'ਚੋਂ ਕਸ਼ੀਦਿਆ ਫੁੱਲ...

ਸਾਹ' ਆਇਆ।ਏਦਾਂ ਜ਼ਿੰਦਗੀ ਦਾ ਇਕ ਪੜਾਅ ਪੂਰਾ ਹੋਇਆ।ਉਦਰ-ਪੂਰਤੀ ਦੀ ਨਿਸਚਿੰਤਤਾ ਹੋਈ।ਚੰਗੀ ਸਵਾਣੀ ਸੰਤੋਸ਼ ਜ਼ਿੰਦਗੀ 'ਚ ਆਈ, ਘਰ-ਗ੍ਰਹਿਸਥੀ ਦੀ ਗੱਡੀ ਰੁੜ੍ਹੀ। ਸਮੱਸਿਆਵਾਂ ਆਉਣ ਦੇ ਬਾਵਜੂਦ ਗ੍ਰਹਿਸਥੀ ਦਾ ਗੱਡਾ ਖੁੱਭਣ 'ਚੋਂ ਕੱਢ ਕੇ ਥਾਂ-ਸਿਰ ਲਿਆਂਦਾ।

ਰਾਮ ਸਰੂਪ ਰਿਖੀ ਦੀ ਸਵੈ-ਜੀਵਨੀ ਪੜ੍ਹਦਿਆਂ ਇਹ ਮਹਿਸੂਸ ਕੀਤਾ ਕਿ ਜ਼ਿੰਦਗੀ ਦਾ ਗਿਆਨ ਡਿਗਰੀਆਂ ਦਾ ਮੁਥਾਜ ਨਹੀਂ।ਡਿਗਰੀਆਂ ਤਾਂ ਨੌਕਰੀ ਦਾ ਸਬੱਬ ਤਾਂ ਹੈਨ, ਕੇਵਲ ਰੋਟੀ ਖਾਣ ਦਾ ਵਸੀਲਾ।ਗਿਆਨ ਏਸ ਤੋਂ ਅਗਾਂਹ ਪੜ੍ਹਨ-ਗੁੜ੍ਹਨ ਤੇ ਜ਼ਿੰਦਗੀ ਔਰ ਸਮਾਜ ਨੂੰ ਵਿਵੇਕਸ਼ੀਲ ਢੰਗ ਨਾਲ ਅਨੁਭਵ ਤੇ ਸੁਚੱਜੇ ਢੰਗ ਨਾਲ ਪੇਸ਼ਕਾਰੀ ਦਾ ਵਿਵੱਸਥਥ ਕੁਲ-ਜੋੜ ਹੁੰਦਾ ਹੈ।ਸ਼ਬਦ-ਸਾਧਨਾ ਲਈ ਖੁਦ ਦੀ ਮਿਹਨਤ ਲਾਜ਼ਮੀ ਹੈ, ਔਰ ਨਾਲ ਹੀ ਇਹਦਾ ਜੁੜਾਵ ਤਲਖ਼ ਜ਼ਿੰਦਗੀ ਦੀ ਕੁਠਾਲੀ 'ਚ ਕੀਤੇ ਸੰਘਰਸ਼ 'ਚੋਂ ਕਸ਼ੀਦੇ ਅਨੁਭਵ ਨਾਲ ਹੋਵੇ ਤਾਂ ਇਹ ਸੋਨੇ 'ਤੇ ਸੁਹਾਗਾ ਹੁੰਦਾ ਹੈ।ਸ਼ਬਦ ਔਰ ਅਨੁਭਵ ਦੇ ਸੁਮੇਲ ਨਾਲ ਸਾਹਿਤ-ਸਿਰਜਣਾ ਨਰੋਈ ਕਲਾਕ੍ਰਿਤੀ ਦਾ ਰੂਪ ਧਾਰਨ ਕਰਦੀ ਹੈ।ਸਾਹਿਤ ਕੋਈ ਸ਼ਬਦਾਂ ਦੀ ਕੇਵਲ ਮਾਤਰ ਪੇਸ਼ਕਾਰੀ ਨਹੀਂ।ਐਸਾ ਸਾਹਿਤ ਪਾਏਦਾਰ ਕਤੱਈ ਨਹੀਂ ਹੋਵੇਗਾ, ਔਰ ਨਾ ਹੀ ਸੱਤਿਅਮ, ਸ਼ਿਵਮ ਔਰ ਸੁੰਦਰਮ ਦੇ ਮੂਲ ਸੂਤਰਾਂ 'ਤੇ ਖਰਾ ਉਤਰੇਗਾ, ਬਲਕਿ ਇਹਦਾ ਤਾਂ ਜ਼ਿੰਦਗੀ ਦੇ ਅਨੁਭਵ ਨਾਲ ਨਾੜੂਆ ਜੁੜਿਆ ਹੋਣਾ ਅੱਤ-ਆਵੱਸ਼ਕ ਹੈ।

ਰਾਮ ਸਰੂਪ ਰਿਖੀ ਦੀ ਸ਼ਬਦ-ਸਾਧਨਾ ਜ਼ਿੰਦਗੀ ਦੇ ਅਨੁਭਵਾਂ 'ਚੋਂ ਜੁੰਬਿਸ਼ ਲੈਂਦੀ ਹੈ।ਉਹ ਪੰਜਾਬੀ ਸਾਹਿਤ ਅੰਦਰ ਨਾਵਲਕਾਰ ਵਜੋਂ ਪ੍ਰਸਿੱਧ ਹੋਇਆ ਹੈ।ਨਾਵਲ ਸ਼ਬਦ-ਸਾਧਨਾਂ ਦੀ ਐਸੀ ਵਿਧਾ ਹੈ ਜਿਹੜੀ ਸਮਾਜ ਦੇ ਵਡੇਰੇ ਕੈਨਵਸ ਨੂੰ ਆਪਣੇ ਕਲੇਵਰ 'ਚ ਲੈਂਦੀ ਹੈ।ਇਹਦੇ ਲਈ ਜ਼ਿੰਦਗੀ ਦਾ ਗੂੜ੍ਹ-ਗਿਆਨ ਔਰ ਤਲਖ਼-ਹਕੀਕਤਾਂ ਨਾਲ ਖਹਿਸਰ ਕੇ ਵਿਚਰਨਾ ਲਾਜ਼ਮੀ ਹੁੰਦਾ ਹੈ।ਰਿਖੀ ਦੀ ਤਾਉਮਰ ਜ਼ਿੰਦਗੀ ਤਲਖ਼-ਹਕੀਕਤਾਂ ਦਾ ਹੀ ਪਰਤੌ ਹੈ।ਉਸ ਨੇ ਦੁੱਖਾਂ-ਗਮਾਂ ਦੀ ਨੈਂਅ ਦੀਆਂ ਭਿਅੰਕਰ ਛੱਲਾਂ ਨਾਲ ਦਸਤਪੰਜਾ ਲੈਂਦਿਆਂ ਹੋਇਆਂ ਭਵ-ਸਾਗਰ ਨੂੰ ਸਰ ਕੀਤਾ।ਇਹ ਭਵ-ਸਾਗਰ ਕੋਈ ਪ੍ਰਾਭੌਤਿਕ ਅਨੁਭਵ-ਸਾਧਨਾਂ ਨਹੀਂ, ਬਲਕਿ ਇਹ ਤਾਂ ਬੰਦੇ ਦੇ ਜੀਣ-ਥੀਣ, ਜ਼ਿੰਦਗੀ ਜਿਉਣ ਦੀ ਰੀਝ, ਤੰਗੀਆਂ-ਤੁਰਸ਼ੀਆਂ ਤੇ ਕੈੜੇ ਅਨੁਭਵਾਂ ਦੀ ਸਾਧਨਾ ਹੈ।ਇਹਨਾਂ ਕੈੜੇ ਅਨੁਭਵਾਂ ਨਾਲ ਜਦੋਂ ਸ਼ਬਦ-ਸਾਧਨਾ ਦਾ ਜੁੜਾਵ ਹੁੰਦਾ ਹੈ ਤਾਂ ਫਿਰ 'ਕਿਲੇ ਵਿਚ ਉਸਰਦੀ ਕੋਠੀ' ਵਰਗੀ ਲਾਸਾਨੀ ਕ੍ਰਿਤ ਜਨਮ ਲੈਂਦੀ ਹੈ।'ਮੈਂ ਸ਼ਿਖੰਡੀ ਨਹੀਂ' ਵਰਗੀ ਮਾਰਮਿਕ ਵਿਸ਼ਿਆਂ ਨਾਲ ਨਾਤਾ ਜੋੜਦੇ ਨਾਵਲ ਦੀ ਸਿਰਜਣਾ ਹੁੰਦੀ ਹੈ, ਜਿਹੜਾ ਹਾਸ਼ੀਆਗਤ ਲੋਕਾਂ ਨੂੰ ਜ਼ਿੰਦਗੀ ਦੇ ਅਰਥ ਦੇਣ ਦਾ ਸੰਦੇਸ਼ ਦੇ ਰਿਹਾ ਹੈ ਤੇ 'ਪ੍ਰਚੰਡ ਭਿਵਾਨੀ' ਵਰਗੀ ਨਰੋਈ ਕ੍ਰਿਤ ਹੋਂਦ ਵਿੱਚ ਆਉਂਦੀ ਹੈ।ਇਹ ਸਭ ਕੁੱਝ ਸ਼ਬਦ-ਸਾਧਨਾ ਔਰ ਜ਼ਿੰਦਗੀ ਦੇ ਅਨੁਭਵ ਦੇ ਅਨੂਠੇ ਮੇਲ 'ਚੋਂ ਹੀ ਸੰਭਵ ਹੋ ਸਕਦਾ ਹੈ।ਰਿਖੀ ਦਾ ਵੱਡਾ ਨਾਵਲਕਾਰ ਹੋਣ ਦਾ ਸੰਦੇਸ਼ ਇਹ ਵੀ ਹੈ ਕਿ ਸਬਰ, ਸੰਤੋਖ, ਨਿਸ਼ਠਾ ਅਗਰ ਬੰਦੇ ਕੋਲ ਹੈਨ ਤਾਂ ਚੜ੍ਹਦੀਕਲਾ 'ਚ ਵਿਚਰਦਿਆਂ ਮਿਹਨਤ ਨਾਲ ਵੱਡਾ ਮੁਕਾਮ ਹਾਸਲ ਕੀਤਾ ਜਾ ਸਕਦਾ ਹੈ, ਰਾਮ ਸਰੂਪ ਰਿਖੀ ਇਸ ਦੀ ਇਕ ਉਦਾਹਰਣ ਹੈ।...ਪੂੰਜੀਵਾਦੀ ਵਿਵਸਥਾ ਅਗਰ ਬੰਦੇ ਨੂੰ ਮਾਇਆ ਦਾ ਪੁੱਤ ਬਣਾਉਂਦੀ ਹੈ ਤਾਂ ਮਿਹਨਤੀ ਬੰਦੇ ਨੂੰ ਵਿਰਲ ਦੀ ਗੁੰਜਾਇਸ਼ ਵੀ ਦੇਂਦੀ ਹੈ ਜਿਸ ਦੇ ਸਹਾਰੇ ਮਿਹਨਤ ਕੀਤਿਆਂ ਉੱਚੇ ਮੁਕਾਮ 'ਤੇ ਪਹੁੰਚਿਆ ਜਾ ਸਕਦਾ ਹੈ।ਰਿਖੀ ਦੀ ਸਮੁੱਚੀ ਨਾਵਲਕਾਰੀ ਅੰਦਰ ਇਕ ਜੋਸ਼ ਹੈ, ਇਕ ਹੌਸਲਾ ਹੈ, ਦੂਰ ਵੇਖਣ ਦੀ ਇਕ ਨਜ਼ਰ ਹੈ।ਇਹ ਨਾਵਲਕਾਰੀ ਬੰਦੇ ਦੀ ਦਲਿੱਦਰ ਭਰੀ ਹਯਾਤੀ ਅੰਦਰ ਸੁਫ਼ਨੇ ਲੈਣ ਦੀ ਸ਼ਬਦ-ਸਾਧਨਾ ਹੈ।ਏਸੇ ਗੁਣ ਕਰਕੇ ਰਿਖੀ ਲੋਕਾਂ ਦਾ ਨਾਵਲਕਾਰ ਹੋ ਨਿਬੜਿਆ।ਉਹਦੇ ਨਾਵਲ ਲੋਕਾਈ ਦੀ ਬੰਦ-ਖਲਾਸੀ ਨੂੰ ਸਮਰਪਿਤ ਨੇ ਜਿਸ ਨੂੰ ਅਨੁਭਵ ਕਰਦਿਆਂ ਸਿਆਣਿਆਂ ਨੇ 'ਕਲਾ ਸਮਾਜ ਲਈ' ਦਾ ਸੂਤਰ ਘੜਿਆ।ਉੱਤਮ ਸਾਹਿਤ ਉਹ ਹੈ, ਜਿਹੜਾ ਲੋਕਾਂ ਦੇ ਸੁਫ਼ਨਿਆਂ, ਵਲਵਲਿਆਂ ਤੇ ਨਰੋਈ ਜ਼ਿੰਦਗੀ ਜੀਣ ਦੀ ਬਾਤ ਪਾਉਂਦਾ ਹੋਵੇ, ਰਿਖੀ ਦੀ ਸ਼ਬਦ-ਸਾਧਨਾ ਏਸੇ ਲੀਹੇ ਹੀ ਪਈ, ਕਿਤੇ ਥਿੜਕੀ ਨਹੀਂ।

ਸਿਰੜੀ, ਮਿਹਨਤੀ ਤੇ ਸਬਰ-ਸੰਤੋਖੀ ਰਿਖੀ ਜ਼ਿੰਦਗੀ 'ਚ ਆਏ ਝਾੜ-ਝੰਬਿਆਂ ਨੂੰ ਪਰ੍ਹਾਂ ਵਗਾਉਂਦਾ ਅਗਾਂਹ ਨੂੰ ਤੁਰਿਆ ਗਿਆ। ਪੈਰੀਂ ਜੰਜ਼ੀਰਾਂ ਵੀ ਪੈਂਦੀਆਂ, ਪਰ ਮਿਹਨਤ ਤੇ ਸਿਰੜ ਅੱਗੇ ਸਿਰ ਸੁੱਟ ਜਾਂਦੀਆਂ।ਜ਼ਿੰਦਗੀ ਕਦੀ ਵੀ ਰੇਸ਼ਮ ਵਰਗੀ ਨਹੀਂ ਹੁੰਦੀ, ਇਹ ਨਰੋਈ ਦ੍ਰਿਸ਼ਟੀ ਨਾਲ ਥਾਂ-ਸਿਰ ਬਣਾਉਣੀ ਪੈਂਦੀ ਹੈ।ਕੰਡਿਆਂ ਦੀ ਸੇਜ਼ 'ਤੇ ਰੇਸ਼ਮੀ-ਪੱਟ ਨਾਲੋ-ਨਾਲ ਚਲਦੇ ਨੇ।ਮਾਨਵਵਾਦੀ ਦ੍ਰਿਸ਼ਟੀ ਸੁੱਖ ਦਾ ਅਹਿਸਾਸ ਦਿੰਦੀ ਹੈ।ਇਹੋ ਜਿਹਾ ਸ਼ਖਸ ਦੂਜਿਆਂ ਦੀ ਖੁਸ਼ੀ 'ਚੋਂ ਆਪਣੀ ਖੁਸ਼ੀ ਮਹਿਸੂਸ ਕਰਦੈ, ਇਸ ਨਾਲ ਉਸ ਦਾ ਖੁਦ ਦਾ ਵੀ ਭਲਾ ਹੁੰਦੈ।ਨਰੋਈ ਦ੍ਰਿਸ਼ਟੀ ਔਰ ਮਨ ਦੀ ਸਾਧਨਾ ਮਿਲ ਕੇ ਉਸਾਰੂ ਰੁਖ ਅਖ਼ਤਿਆਰ ਕਰਦੇ ਨੇ, ਇਹ ਜੀਵਨ-ਜੁਗਤ ਹੈ।ਰਿਖੀ ਨੇ ਇਹਨੂੰ ਕਰੜੇ-ਹੱਥੀਂ ਫੜੀ ਰੱਖਿਆ।....ਅਨੇਕਾਂ ਸਮੱਸਿਆਵਾਂ ਦੇ ਹੁੰਦਿਆਂ ਸਿਰੜੀ ਰਾਮ ਸਰੂਪ ਰਿਖੀ, ਗਿਆਨੀ ਕਰਕੇ ਮਾਸਟਰ ਦੀ ਪਦਵੀ 'ਤੇ ਜਾ ਉਪੜਿਆ।ਰੁਕਿਆ ਏਥੇ ਵੀ ਨਹੀਂ, ਬੀ.ਏ.ਵੀ ਕੀਤੀ ਤੇ ਫਿਰ ਐੱਮ.ਏ. ਪੰਜਾਬੀ ਵੀ ਕੀਤੀ ਤੇ ਲੈਕਚਰਰ ਦੀ ਪਦਵੀ ਦੇ ਹੁੰਦਿਆਂ ਸਕੂਲ ਪ੍ਰਿੰਸੀਪਲੀ ਤੋਂ ਰਿਟਾਇਰ ਹੋਇਆ।ਮਾੜੀ ਵਿਵਸਥਾ ਨੇ ਪੀ ਐੱਚ ਡੀ ਕਰਨ ਤੋਂ ਤਾਂ ਏਸ ਜਿਉੜੇ ਨੂੰ ਮਹਿਰੂਮ ਰੱਖਿਆ, ਪਰ ਵਿਵਸਥਾ 'ਤੇ ਵਿਅੰਗ ਇਹ ਕਿ ਰਿਖੀ ਦੇ ਨਾਵਲਾਂ 'ਤੇ ਦੋ ਪੀ ਐੱਚ ਡੀ ਥੀਸਸ ਲਿਖੇ ਗਏ ਤੇ ਤਿੰਨ ਐੱਮ.ਫਿਲ. ਦੇ ਖੋਜ-ਨਿਬੰਧ ਵੀ।

ਵੱਖ-ਵੱਖ ਥਾਵਾਂ 'ਤੇ ਨੌਕਰੀ ਕਰਦਿਆਂ ਰਾਮ ਸਰੂਪ ਰਿਖੀ ਨੇ 1992 'ਚ ਸਿਰਸਾ ਆ ਡੇਰਾ ਲਾਇਆ।ਏਥੋਂ ਦੇ ਸਾਹਿਤਕ ਹਲਕਿਆਂ ਅੰਦਰ ਉਸ ਵੱਡੀ ਭੱਲ ਬਣਾਈ।ਰਿਖੀ ਦੀ ਸਾਹਿਤਕ ਪਰਵਾਜ਼ ਦੀ ਚਰਚਾ ਪੰਜਾਬ, ਹਰਿਆਣਾ, ਦਿੱਲੀ ਤੇ ਬਾਹਰਲੀਆਂ ਧਰਤੀਆਂ 'ਤੇ ਵੀ ਹੁੰਦੀ ਰਹੀ।ਪ੍ਰਗਤੀਸ਼ੀਲ ਹਲਕਿਆਂ ਅੰਦਰ ਰਿਖੀ ਦੇ ਨਾਵਲਾਂ ਦਾ ਬੋਲਬਾਲਾ ਰਿਹਾ।ਕੁਰੂਕਸ਼ੇਤਰ ਔਰ ਚੌਧਰੀ ਦੇਵੀ ਲਾਲ ਯੂਨੀਵਰਸਿਟੀ 'ਚ ਐੱਮ.ਏ. ਦੇ ਸਿਲੇਬਸਾਂ ਅੰਦਰ ਉਹਦੇ ਨਾਵਲਾਂ ਨੇ ਥਾਂ ਬਣਾਈ।

ਭਦੌੜ ਦਾ ਸਰੂਪਾ ਜੀਹਦੇ ਸਿਰ ਤੋਂ ਬਾਲ-ਅਵਸਥਾ 'ਚ ਬਾਪੂ ਦਾ ਸਾਇਆ ਉੱਠ ਗਿਆ ਹੋਵੇ, ਪਰਵਾਰ ਆਰਥਿਕ ਘੁੰਮਣਘੇਰੀਆਂ ਵਿਚ ਫਸ ਚੁੱਕਿਆ ਹੋਵੇ, ਹਾਲਾਤ 'ਚ ਝੰਬਿਆ ਇਹ ਬਾਲ ਕਿਵੇਂ ਵੱਡਾ ਹੋਇਆ, ਕਿਵੇਂ ਪੜ੍ਹਿਆ ਤੇ ਕਿਵੇਂ ਨੌਕਰੀ ਲੱਗਿਆ, ਇਹ ਇਹਦੀ ਹਯਾਤੀ ਦੀ ਕਹਾਣੀ ਹੈ।ਵੱਡਾ ਸੁਆਲ ਇਹ ਕਿ ਪੜ੍ਹ-ਲਿਖ ਕੇ ਨੌਕਰੀ ਪ੍ਰਾਪਤੀ ਸਿਰਫ਼ ਮੰਤਵ ਨਹੀਂ ਹਾਸਲ ਕੀਤਾ; ਵੱਡੀ ਪ੍ਰਾਪਤੀ ਇਹ ਕਿ ਉਹ ਪੰਜਾਬੀ ਸਾਹਿਤ ਦਾ ਨਾਮਵਰ ਨਾਵਲਕਾਰ ਬਣਿਆ।... ਮਿੱਟੀ ਦਾ ਪੁਤਲਾ ਬੰਦਾ ਇਕ ਦਿਨ ਇਹ ਸੰਸਾਰ ਤਿਆਗ ਦਿੰਦਾ ਹੈ, ਇਹ ਹਯਾਤੀ ਸਧਾਰਨ ਅਵਸਥਾ ਦੀ ਹੈ। ਬੰਦੇ ਦੀ ਅਸਾਧਾਰਨ ਅਵਸਥਾ ਉਹ ਹੈ, ਜੋ ਮਰਨ ਉਪਰੰਤ ਯਾਦ ਰੱਖੀ ਜਾਵੇ, ਬੰਦਾ ਮਰ ਕੇ ਵੀ ਲੋਕ-ਸਿਮਰਤੀਆਂ 'ਚ ਜੀਂਦਾ ਰਹੇ।...ਗੁਰਬਖਸ਼ ਸਿੰਘ ਪ੍ਰੀਤਲੜੀ ਚਲਾ ਗਿਆ, ਕੰਵਲ-ਵਿਰਕ ਚਲੇ ਗਏ, ਅੰਮ੍ਰਿਤਾ-ਮੋਹਨ ਸਿੰਘ ਦੁਨੀਆ ਤੋਂ ਟੁਰ ਗਏ, ਸਰੀਰਕ ਤੌਰ 'ਤੇ ਤਾਂ ਬੇਸ਼ੱਕ ਟੁਰ ਗਏ, ਪਰ ਸਾਡੇ ਮਨਾਂ ਅੰਦਰ ਸਦਾ ਲਈ ਉਹ ਸਾਡੇ ਅੰਗ-ਸੰਗ ਨੇ।

ਰਾਮ ਸਰੂਪ ਰਿਖੀ ਹਾਲੇ ਸਾਡੇ ਨਾਲ ਟੁਰ ਰਹੇ ਨੇ। 81 ਸਾਲਾਂ ਦੀ ਉਮਰੇ ਹੁੰਦਿਆਂ ਹੋਇਆਂ ਸਾਹਿਤ ਨਾਲ ਉਹ ਜੁੜੇ ਹੋਏ ਨੇ, ਆਸਪਾਸ ਦੀ ਉੱਘ-ਸੁੱਘ ਲੈਂਦੇ ਨੇ।ਪਿਆਰ, ਮੁਹੱਬਤ ਔਰ ਨਿੱਘ ਉਹਦੀ ਸ਼ਖਸੀਅਤ ਦਾ ਅੰਗ ਹੈ।ਇਹਨਾਂ ਗੁਣਾਂ ਕਾਰਨ ਵੱਡੇ ਵਸੇਬ ਦੇ ਦਿਲਾਂ ਦੇ ਉਹ ਰਾਜਾ ਨੇ। ਗਰੀਬੀ 'ਚੋਂ ਉਠਿਆ ਇਹ ਜਿਉੜਾ ਆਪਣੀ ਤਪੱਸਿਆ ਨਾਲ ਮਨਾਂ ਦਾ ਰਾਜਾ ਬਣ ਜਾਵੇ, ਨਿਸ਼ਚੇ ਹੀ ਉਹਨਾਂ ਦੀ ਸਵੈ-ਜੀਵਨੀ ਜ਼ਿੰਦਗੀ ਦੀਆਂ ਡੰਡੀਆਂ ਪਾਉਣ ਵਾਲੀ ਹੋਵੇਗੀ।ਉਹਨਾਂ ਦੀ ਜ਼ਿੰਦਗੀ ਤੋਂ ਪਤਾ ਨਹੀਂ ਕੌਣ-ਕੌਣ ਪ੍ਰੋਤਸਾਹਿਤ ਹੋਵੇ, ਕੌਣ ਨਿਰਾਸ਼ਾ ਭਰੀ ਜ਼ਿੰਦਗੀ 'ਚੋਂ ਆਸ਼ਾ ਦਾ ਦੀ ਲਗਰ ਵੇਖੇ, ਕੋਈ ਪਤਾ ਨਹੀਂ? ਇਹ ਸਵੈ-ਜੀਵਨੀ 'ਤਲਖ਼-ਹਕੀਕਤਾਂ' ਹੁਣ ਲੋਕਾਂ ਦੇ ਪਿੜ 'ਚ ਹੈ, ਇਹ ਲੋਕਾਂ ਨੂੰ ਸਮਰਪਿਤ ਹੈ, ਇਹ ਕਹੀਏ ਕਿ ਲੋਕਾਈ ਦੇ ਲੋਕ-ਇਤਿਹਾਸ ਦੀ ਪੈੜ ਹੈ, ਤਾਂ ਇਹ ਕੋਈ ਅੱਤ-ਕਥਨੀ ਨਹੀਂ। ਸੱਚਾ-ਸੁੱਚਾ ਸਾਹਿਤ ਲੋਕਾਂ ਦਾ ਹੀ ਹੁੰਦਾ ਹੈ, ਲੋਕਾਂ ਲਈ ਹੁੰਦਾ ਹੈ। ਲੋਕ ਏਸ ਤੋਂ ਉਤਸ਼ਾਹ ਲੈਂਦੇ ਨੇ ਤੇ ਆਪਣੀ ਹੋਣੀ ਨੂੰ ਬਦਲਣ ਲਈ ਅੰਗੜਾਈ ਭਰਦੇ ਨੇ।ਇਹ ਸਵੈ-ਜੀਵਨੀ ਲੋਕ-ਅੰਗੜਾਈ ਦੀ ਧੁਰ-ਆਤਮਾ ਹੈ ਤੇ ਇਸ ਦਾ ਨਾਇਕ 'ਕੰਕਰੀਟ 'ਚੋਂ ਕਸ਼ੀਦਿਆ ਫੁੱਲ'।

*ਮੋਬਾ-94163-55918*

ਸਫ਼ਾ 2 ਦੀ ਬਾਕੀ

## ਫਿਲਮ 'ਸਤਲੁਜ' : ਸਿਰਜਣਾਤਮਕਤਾ ਕਿ ਅਸੁਹਿਰਦਤਾ...

ਮਨਸ਼ਾ ਨੂੰ ਹੀ ਦਰਸਾਉਂਦਾ ਹੈ। ਸਚਾਈ ਇਹ ਵੀ ਹੈ ਕਿ ਇਸ ਘਟਨਾ ਦੀ ਇਕ ਨਿਰਪੱਖ ਜਾਂਚ ਰਿਪੋਰਟ ਜਮਹੂਰੀ ਅਧਿਕਾਰ ਸਭਾ ਦੀ ਅੰਮ੍ਰਿਤਸਰ ਇਕਾਈ ਨੇ ਵੀ ਜਾਰੀ ਕੀਤੀ ਸੀ। ਇਸ ਵਿੱਚ ਮਹਾਂਵੀਰ ਸਿੰਘ ਗਿੱਲ ਅਤੇ ਸਤਿਆ ਪਾਲ ਡਾਂਗ ਵਾਲੇ ਹਵਾਲਿਆਂ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ ਗਈ ਸੀ। ਇਹ ਉਸ ਦੀ ਸਿਰਜਣਾਤਮਕ ਅਜ਼ਾਦੀ ਨਹੀਂ, ਬਲਕਿ ਗ਼ੈਰਦਿਆਨਦਾਰੀ ਹੈ।

ਭਾਰਤੀ ਰਾਜ, ਸਰਕਾਰਾਂ ਅਤੇ ਇਸ ਦੀਆਂ ਹਥਿਆਰਬੰਦ ਸ਼ਕਤੀਆਂ ਦੇ ਰੋਲ ਬਾਰੇ ਇਸ ਫਿਲਮ ਦਾ ਬਿਰਤਾਂਤ ਰਾਜ ਦੀ ਨੀਅਤ ਅਤੇ ਕਾਰਵਾਈਆਂ ਨੂੰ ਈਮਾਨਦਾਰ ਅਤੇ ਜਾਇਜ਼ ਠਹਿਰਾਉਂਦਾ ਹੈ ਅਤੇ ਸਮੁੰਦਰ ਸਿੰਘ ਦੀਆਂ ਟਿੱਪਣੀਆਂ ਇਸ ਵਿੱਚ ਕੁਝ ਭੁਲੇਖੇ ਵੀ ਪਾਉਂਦੀਆਂ ਹਨ। ਇਸ ਪੱਧਰ 'ਤੇ ਇਹ ਫਿਲਮ ਭਾਰਤੀ ਰਾਜ ਨੂੰ ਸੀ.ਬੀ.ਆਈ. ਦੇ ਅਫਸਰ ਸਮੁੰਦਰ ਸਿੰਘ ਦੀ ਈਮਾਨਦਾਰ ਅਤੇ ਪਾਰਦਰਸ਼ੀ ਤਫ਼ਤੀਸ਼ ਰਾਹੀਂ ਮਨੁੱਖੀ ਹੱਕਾਂ ਦੇ ਰਖਵਾਲੇ ਦੇ ਤੌਰ 'ਤੇ ਪੇਸ਼ ਕਰਦੀ ਹੈ। ਉਹ ਗੁਨਾਹਗਾਰ ਪੁਲਸ ਅਫਸਰਾਂ ਨੂੰ ਸਜ਼ਾ ਦਿਵਾਉਣ ਦਾ ਇਕ ਜ਼ਰੀਆ ਬਣ ਕੇ ਉੱਭਰਦਾ ਹੈ। ਇਸ ਤਰ੍ਹਾਂ ਦੇਖਿਆਂ ਇਹ ਫਿਲਮ ਆਮ ਜਿਹੀ ਅਪਰਾਧ ਜਗਤ ਦੀ ਫਿਲਮ ਦਾ ਇਕ ਚੰਗਾ ਨਮੂਨਾ ਹੀ ਲੱਗਦੀ ਹੈ, ਪਰ ਇਹ ਇੰਨੀ ਵੀ ਸਾਦਾ ਫਿਲਮ ਨਹੀਂ ਹੈ। ਸਮੁੰਦਰ ਸਿੰਘ ਦਾ ਰੋਲ ਸਮੇਤ ਉਸ ਦੀਆਂ ਟਿੱਪਣੀਆਂ ਦੇ ਇੰਨਾ ਵੀ ਸਿੱਧ ਪੱਧਰਾ ਨਹੀਂ ਹੈ। ਇਸ ਸੰਦਰਭ ਵਿੱਚ ਉਸ ਵੇਲੇ ਦੇ ਮੁੱਖ ਮੰਤਰੀ ਵੋਹਰਾ ਦਾ ਇਕ ਡਾਇਲਾਗ ਅਤੇ ਸਮੁੰਦਰ ਸਿੰਘ ਦੀ ਇੱਕ ਟਿੱਪਣੀ ਦੇ ਡੂੰਘੇ ਅਤੇ ਬਹੁਪਸਾਰੀ ਅਰਥ ਹਨ। ਜਸਵੰਤ ਸਿੰਘ ਖਾਲੜਾ ਨੂੰ ਅਗਵਾ ਕਰਨ ਦੀ ਘਟਨਾ ਤੋਂ ਬਾਅਦ ਮੁੱਖ ਮੰਤਰੀ ਕਹਿੰਦਾ ਹੈ ਕਿ "ਇਹ ਕੇਸ ਸਾਡੇ ਲਈ ਬਹੁਤ ਪਸ਼ੇਮਾਨੀ ਦਾ ਸਬੱਬ ਬਣ ਗਿਆ ਹੈ। ਪੰਜਾਬ ਦਾ ਅਕਸ ਖਰਾਬ ਹੋ ਰਿਹਾ ਹੈ। ਦਿੱਲੀ ਵੀ ਖੁਸ਼ ਨਹੀਂ ਹੈ"। ਇਸ ਸੰਦਰਭ ਵਿੱਚ ਸਮੁੰਦਰ ਸਿੰਘ ਦੀ ਟਿੱਪਣੀ ਹੈ ਕਿ "ਕਾਰਵਾਈ ਓਦੋਂ ਹੁੰਦੀ ਹੈ, ਜਦੋਂ ਦਿੱਲੀ ਦੀ ਕੁਰਸੀ ਹਿੱਲਦੀ ਹੈ। ਅੰਤਰਰਾਸ਼ਟਰੀ ਦਬਾਅ ਵੀ ਵਧ ਰਿਹਾ ਸੀ।" ਇਹਨਾਂ ਦੋਹਾਂ ਦੇ ਅਰਥ ਸਮਝਣ ਲਈ ਇਹ ਜ਼ਰੂਰੀ ਹੈ ਕਿ ਫਿਲਮ ਦੇ ਬਿਰਤਾਂਤ ਤੋਂ ਬਾਹਰ ਜਾ ਕੇ ਵਿਚਾਰਧਾਰਕ ਅਤੇ ਇਤਿਹਾਸਕ ਹਵਾਲਿਆਂ ਦੀ ਮਦਦ ਲਈ ਜਾਵੇ।

ਵਿਚਾਰਧਾਰਕ ਅਤੇ ਵਿਹਾਰਕਤਾ ਦੇ ਪੱਧਰਾਂ 'ਤੇ ਰਾਜ ਅਤੇ ਇਸ ਉਪਰ ਰਾਜ ਕਰਨ ਵਾਲੀਆਂ ਧਿਰਾਂ/ਪਾਰਟੀਆਂ ਆਪਣੇ ਆਪ ਨੂੰ ਵਰਤਮਾਨ ਜਾਂ ਭਵਿੱਖ ਵਿੱਚ ਪੈਦਾ ਹੋਏ ਜਾਂ ਪੈਦਾ ਹੋ ਸਕਦੇ ਸੰਕਟ ਤੋਂ ਬਚ ਨਿਕਲਣ ਲਈ ਜਾਂ ਟਾਲਣ ਲਈ ਕੋਈ ਵੀ ਦਾਅਪੇਚ ਅਪਣਾ ਲੈਂਦੇ ਹਨ।

1980 ਦੇ ਦਹਾਕੇ ਦੇ ਸ਼ੁਰੂ ਵਿੱਚ ਅਤੇ ਖ਼ਾਸ ਤੌਰ 'ਤੇ ਉਸ ਵੇਲੇ ਰਾਜ ਕਰਦੀ ਪਾਰਟੀ ਕਾਂਗਰਸ ਨੇ ਚੋਣਾਂ ਵਿੱਚ ਆਪਣੀ ਸ਼ਰੀਕ ਪਾਰਟੀ ਅਕਾਲੀ ਦਲ ਲਈ ਇਕ ਇਹੋ ਜਿਹੀ ਸਿੱਖ ਫਿਰਕੂ ਸ਼ਕਤੀ ਨੂੰ ਹਵਾ ਦੇ ਕੇ ਮਜ਼ਬੂਤ ਕੀਤਾ, ਜਿਸ ਦੇ ਰਾਜਸੀ ਬਿਰਤਾਂਤ ਵਿੱਚੋਂ ਅਕਾਲੀ ਦਲ ਆਪਣੀ ਫਿਰਕੂ ਰਾਜਸੀ ਪਹੁੰਚ ਕਰਕੇ ਬਾਹਰ ਨਹੀਂ ਜਾ ਸਕਦਾ ਸੀ। ਇਹ ਨੀਤੀਗਤ ਅਮਲ ਭਾਰਤੀ ਰਾਜ ਦੇ ਵਿਚਾਰਧਾਰਕ ਅਤੇ ਰਾਜਸੀ ਤਾਣੇ-ਬਾਣੇ ਦੀ ਬਣਤਰ ਦੇ ਉਸ ਪ੍ਰਵਚਨ ਨਾਲ ਮੇਲ ਖਾਂਦਾ ਸੀ, ਜੋ ਇੱਥੋਂ ਦੇ ਆਰਥਿਕ ਅਤੇ ਇਸ ਦੇ ਸਿੱਟੇ ਵਜੋਂ ਪੈਦਾ ਹੋਏ ਜਾਂ ਹੋ ਸਕਦੇ ਰਾਜਸੀ ਸੰਕਟ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਕਿਸੇ ਵੀ ਤਰ੍ਹਾਂ ਦੀ ਫਿਰਕਾਪ੍ਰਸਤੀ ਨੂੰ ਹਵਾ ਦੇ ਕੇ ਮਜ਼ਬੂਤ ਕਰਨ ਵੱਲ ਸੇਧਤ ਹੁੰਦਾ ਹੈ। ਇਹ ਸਾਮਰਾਜਵਾਦ ਦੇ 'ਵੰਡੋ ਅਤੇ ਰਾਜ ਕਰੋ' ਦੇ ਸਿਧਾਂਤ ਅਤੇ ਅਮਲ ਦਾ ਹੀ ਰੂਪ ਸੀ। ਹਾਲਾਂਕਿ 1980 ਤੋਂ ਪਹਿਲਾਂ ਵੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਹੋਈਆਂ ਚੋਣਾਂ ਵਿੱਚ ਵੀ ਕਾਂਗਰਸ ਨੇ ਅਜਿਹੇ ਹੀ ਗਰਮਦਲੀਏ ਉਮੀਦਵਾਰਾਂ ਦੀ ਮਦਦ ਕੀਤੀ ਸੀ। ਇਸ ਤਰ੍ਹਾਂ ਭਾਰਤੀ ਰਾਜ ਵੱਲੋਂ 1980 ਤੋਂ ਲੈ ਕੇ ਪੰਜਾਬ ਦੇ ਅੰਦਰ ਇਕ ਇਹੋ ਜਿਹੇ ਫਿਰਕੂ ਅਤੇ ਦਹਿਸ਼ਤਜ਼ਦਾ ਮਹੌਲ ਨੂੰ ਸਿਰਜਣ ਅਤੇ ਮਜ਼ਬੂਤ ਕਰਨ ਲਈ ਅਜਿਹੇ ਹਾਲਾਤ ਬਣਾਏ ਗਏ, ਜਿਸ ਵਿੱਚ ਫਿਰਕੂ ਖ਼ਾਲਿਸਤਾਨੀ ਸ਼ਕਤੀਆਂ ਉੱਭਰੀਆਂ ਅਤੇ ਤਕੜੀਆਂ ਹੋਈਆਂ ਅਤੇ ਲੋਕਾਂ ਦੇ ਅੰਦਰ ਇਕ ਭੈਅ ਦੇ ਮਹੌਲ ਦਾ ਪਸਾਰ ਹੋਇਆ, ਪਰ ਬਾਕੀ ਦੇ ਮੁਲਕ ਅੰਦਰ ਸਿੱਖਾਂ ਨੂੰ ਅੱਤਵਾਦੀ ਦਿਖਾ ਕੇ ਇਕ ਨਫ਼ਰਤ ਭਰਪੂਰ ਫਿਜ਼ਾਅ ਫੈਲਾਈ ਗਈ। ਇਸ ਦੀ ਉਭਾਰਵੀਂ ਮਿਸਾਲ 1982 ਦੀਆਂ ਏਸ਼ੀਆਈ ਖੇਡਾਂ ਦੌਰਾਨ ਹਰਿਆਣਾ ਵਿੱਚ ਬੱਸਾਂ ਅਤੇ ਰੇਲ ਰਾਹੀਂ ਸਫਰ ਕਰਦੇ ਸਿੱਖਾਂ ਦੀ ਬੇਹੁਰਮਤੀ ਕਰਨ ਦੀ ਹੈ। ਇਸ ਸਮੇਂ ਦੇ ਦੌਰਾਨ ਹੀ ਭਾਰਤੀ ਰਾਜ ਅਤੇ ਉਸ ਵੇਲੇ ਰਾਜ ਕਰਦੀ ਪਾਰਟੀ ਨੇ ਆਪਣੇ ਆਪ ਨੂੰ ਤਰ੍ਹਾਂ-ਤਰ੍ਹਾਂ ਦੇ ਕਾਨੂੰਨਾਂ ਨਾਲ ਲੈਸ ਕਰਕੇ ਅਤੇ ਪੰਜਾਬ ਵਿੱਚ ਕੇਂਦਰੀ ਬਲ ਤਾਇਨਾਤ ਕਰਕੇ ਆਪਣੇ-ਆਪ ਨੂੰ ਰਾਸ਼ਟਰੀ ਏਕਤਾ ਤੇ ਸੁਰੱਖਿਆ ਦੇ ਰਾਖੇ ਵਜੋਂ ਪੇਸ਼ ਕੀਤਾ, ਪਰ ਨਾਲ ਹੀ ਫਿਰਕੂ ਖਾਲਿਸਤਾਨੀ ਸ਼ਕਤੀਆਂ ਨੂੰ ਆਪਣੇ ਹਥਿਆਰਬੰਦ ਜ਼ਖੀਰੇ ਵਧਾਉਣ ਅਤੇ ਆਪਣੇ ਕਿਲ੍ਹਾਨੁਮਾ ਸੁਰੱਖਿਅਤ ਸਥਾਨ ਖ਼ਾਸ ਕਰਕੇ ਪਵਿੱਤਰ ਦਰਬਾਰ ਸਾਹਿਬ ਦੇ ਅੰਦਰ ਉਸਾਰਨ ਵਿੱਚ ਕੋਈ ਦਿਸਣਯੋਗ ਰੁਕਾਵਟ ਖੜ੍ਹੀ ਨਹੀਂ ਕੀਤੀ। ਵਿਹਾਰਕ ਤੌਰ 'ਤੇ ਪੰਜਾਬ ਦੇ ਲੋਕ ਹਕੂਮਤੀ ਅਤੇ ਖ਼ਾਲਿਸਤਾਨੀ ਪੁੜਾਂ ਦੇ ਅੰਦਰ ਪੀਸੇ ਜਾਣ ਲੱਗੇ। ਓਪਰੇਸ਼ਨ ਬਲੂ ਸਟਾਰ ਦੇ ਜ਼ੁਲਮ ਅਤੇ ਫੌਜ ਦੁਆਰਾ ਕੀਤੇ ਧੱਕਿਆਂ ਦੀ 'ਵਾਜਬੀਅਤ' ਲਈ ਦੋਹਾਂ ਧਿਰਾਂ ਨੇ ਮਹੌਲ ਤਿਆਰ ਕੀਤਾ। ਖਾਲਿਸਤਾਨੀ ਸ਼ਕਤੀਆਂ ਨੇ ਇਹਨਾਂ ਜ਼ੁਲਮਾਂ ਦੇ ਖ਼ਿਲਾਫ ਆਪਣੀ ਅਵਾਜ਼ ਉਠਾਉਂਦੇ ਕਈ ਜਮਹੂਰੀ ਅਗਾਂਹਵਧੂ ਵਿਅਕਤੀਆਂ ਨੂੰ ਮਾਰ ਦਿੱਤਾ। ਨਵੰਬਰ 1984 ਵਿੱਚ ਉਸ ਵੇਲੇ ਦੀ ਸਰਕਾਰ ਦੀ ਸ਼ਹਿ 'ਤੇ ਅਤੇ ਆਰ.ਐੱਸ.ਐੱਸ. ਵਰਗੀਆਂ ਹਿੰਦੂ ਫਿਰਕੂ ਸ਼ਕਤੀਆਂ ਦੀ ਮਦਦ ਨਾਲ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਅਤੇ ਹੋਰ ਸ਼ਹਿਰਾਂ ਅੰਦਰ ਸਿੱਖਾਂ ਦਾ ਕਤਲੇਆਮ ਹੋਇਆ।

ਪਰ ਬਹੁਤ ਵਾਰੀ ਹਾਲਾਤ ਕੁਝ ਇਸ ਤਰ੍ਹਾਂ ਵਿਕਾਸ ਕਰਦੇ ਹਨ ਕਿ ਉਸ ਵੇਲੇ ਰਾਜ ਅਤੇ ਇਸ ਉੱਤੇ ਰਾਜ ਕਰਦੀ ਧਿਰ ਵੱਲੋਂ ਮਜ਼ਬੂਤ ਕੀਤੀ ਜਾ ਰਹੀ ਫਿਰਕੂ ਦਹਿਸ਼ਤਗਰਦ ਰਾਜ ਵੱਲੋਂ ਆਪਣੇ ਦੁਆਰਾ ਚਿਤਵੀ ਹੱਦਬੰਦੀ ਤੋਂ ਬਾਹਰ ਫੈਲ ਕੇ ਇਕ ਭਿਆਨਕ ਰੂਪ ਧਾਰ ਲੈਂਦੀ ਹੈ। ਸਿੱਟੇ ਵਜੋਂ ਲੋਕਾਂ ਅੰਦਰ ਰਾਜ ਅਤੇ ਇਸ ਦੀਆਂ ਸੰਸਥਾਵਾਂ ਪ੍ਰਤੀ ਬੇਗਾਨਗੀ ਅਤੇ ਗੁੱਸੇ ਦੀਆਂ ਭਾਵਨਾਵਾਂ ਪੈਦਾ ਹੋ ਜਾਂਦੀਆਂ ਹਨ। ਫਿਰਕੂ ਦਹਿਸ਼ਤਗਰਦ ਤਾਕਤਾਂ ਕਰਕੇ ਸਹਿਮ ਅਤੇ ਇਕ ਲੁਕਵੇਂ ਤੌਰ 'ਤੇ ਪਨਪ ਰਹੇ ਗੁੱਸੇ ਦੇ ਅਸਰ ਹੇਠ ਉਹ ਪਹਿਲਾਂ ਹੀ ਮੌਤ ਵਰਗੀ ਜ਼ਿੰਦਗੀ ਜਿਉਂ ਰਹੇ ਸਨ।

ਬਹੁਤ ਵਾਰੀ ਇਸ ਦਾਅਪੇਚ ਕਰਕੇ ਰਾਜ ਦੁਆਰਾ ਪੈਦਾ ਕੀਤੀਆਂ ਫਿਰਕੂ ਦਹਿਸ਼ਤਗਰਦ ਤਾਕਤਾਂ ਹੋਰ ਮਜ਼ਬੂਤ ਹੋ ਜਾਂਦੀਆਂ ਹਨ। ਪੰਜਾਬ ਵਿੱਚ ਵੀ ਅਜਿਹਾ ਹੀ ਵਾਪਰਿਆ। ਅਗਵਾ ਅਤੇ ਫਿਰੌਤੀਆਂ ਦੀਆਂ ਵਾਰਦਾਤਾਂ ਵਿੱਚ ਅਥਾਹ ਵਾਧਾ ਹੋਇਆ। ਇਹਨਾਂ ਵਿੱਚ ਸ਼ਮੂਲੀਅਤ ਮੁੱਖ ਤੌਰ 'ਤੇ ਖਾਲਿਸਤਾਨੀ ਦਹਿਸ਼ਤਗਰਦਾਂ ਦੀ ਸੀ। ਪਰ ਪੁਲਿਸ ਅਤੇ ਖ਼ਾਸ ਤੌਰ 'ਤੇ ਉਹਨਾਂ ਵੱਲੋਂ ਪੈਦਾ ਕੀਤੇ ਕੈਟਾਂ ਦੇ ਗ਼ੈਰ ਕਾਨੂੰਨੀ ਕੰਮਾਂ ਨੂੰ ਵੀ ਇਹਨਾਂ ਜ਼ੁਲਮਾਂ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਾਸ਼ ਅਤੇ ਡਾ. ਰਵੀ ਵਰਗੇ ਕਵੀਆਂ ਤੇ ਬੁਧੀਜੀਵੀਆਂ ਦੇ ਕਤਲ ਵੀ ਵਧਦੇ ਗਏ। ਪੂਰੀ ਪ੍ਰੈਸ ਖਾਲਿਸਤਾਨੀ ਗੁਰੱਪਾਂ ਦੇ ਕੰਟਰੋਲ ਵਿੱਚ ਆ ਗਈ ਸੀ। ਅਜਿਹੀ ਹਾਲਤ ਵਿੱਚ ਮਨੁੱਖੀ ਅਧਿਕਾਰਾਂ ਦੀਆਂ ਅੰਤਰ ਰਾਸ਼ਟਰੀ ਸੰਸਥਾਵਾਂ ਦਾ ਦਬਾਅ ਵੀ ਵੱਧਣ ਲੱਗਾ ਸੀ। ਇਹਨਾਂ ਦੀਆਂ ਕਈ ਰਿਪੋਰਟਾਂ ਵਿੱਚ ਉਪਰੋਕਤ ਦੋਵੇਂ ਹੀ ਲੋਕ ਵਿਰੋਧੀ ਦਹਿਸ਼ਤਗਰਦ ਸ਼ਕਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਸੀ। ਇਹੀ ਉਹ ਹਾਲਾਤ ਸਨ ਜਿਸ ਵੱਲ ਉਸ ਵੇਲੇ ਦੇ ਮੁੱਖ ਮੰਤਰੀ ਅਤੇ ਸਮੁੰਦਰ ਸਿੰਘ ਆਪਣੇ ਡਾਇਲਾਗਾਂ ਵਿੱਚ ਇਸ਼ਾਰਾ ਕਰ ਰਹੇ ਹਨ। ਇਹੋ ਜਿਹੇ ਹਾਲਾਤ ਵਿੱਚ ਹੀ ਰਾਜ ਆਪਣੇ ਦੁਆਰਾ ਹੀ ਪੈਦਾ ਕੀਤੀਆਂ ਖਤਰਨਾਕ ਸ਼ਕਤੀਆਂ ਨੂੰ ਖ਼ਤਮ ਕਰਨ ਦਾ ਫੈਸਲਾ ਕਰਦਾ ਹੈ। ਕੋਈ ਵੀ ਰਾਜ ਭਾਵੇਂ ਕਿੰਨਾ ਵੀ ਤਾਨਾਸ਼ਾਹ ਹੋਵੇ, ਲੰਬੇ ਸਮੇਂ ਤੱਕ ਲੋਕਾਂ ਵਿਚਲੀ ਬੇਗਾਨਗੀ ਅਤੇ ਗੁੱਸੇ ਦੀਆਂ ਭਾਵਨਾਵਾਂ ਕਰਕੇ ਆਪਣੀ ਵਾਜਬੀਅਤ ਦੇ ਆਪਣੇ ਉੱਪਰ ਪਾਏ ਪਰਦੇ ਤੋਂ ਬਗੈਰ ਜ਼ਿੰਦਾ ਨਹੀਂ ਰਹਿ ਸਕਦਾ। ਆਪਣੇ ਆਰਥਿਕ ਅਤੇ ਰਾਜਸੀ ਹਿੱਤ ਨੂੰ ਲਗਾਤਾਰ ਪੂਰਾ ਕਰਨ ਹਿੱਤ ਰਾਜ ਲਈ ਆਪਣੀ ਵਾਜਬੀਅਤ ਦਾ ਪਰਦਾ ਪਾਈ ਰੱਖਣਾ ਵੀ ਜ਼ਰੂਰੀ ਹੁੰਦਾ ਹੈ। ਅਜਿਹੀਆਂ ਹਾਲਤਾਂ ਵਿਚ ਹੀ ਰਾਜ ਆਪਣੇ ਰਾਹੀਂ ਹੀ ਪੈਦਾ ਅਤੇ ਮਜ਼ਬੂਤ ਕੀਤੀਆਂ ਫਿਰਕੂ ਦਹਿਸ਼ਤਗਰਦ ਸ਼ਕਤੀਆਂ ਨੂੰ ਮੁਕੰਮਲ ਤੌਰ 'ਤੇ ਖਤਮ ਕਰਨ ਦਾ ਫੈਸਲਾ ਕਰਦਾ ਹੈ।

ਹਾਲਾਤ ਦੀ ਉਪਰੋਕਤ ਵਿਆਖਿਆ ਦੇ ਅਧਾਰ 'ਤੇ 1980 ਅਤੇ 1992-93 ਦੀਆਂ ਹਾਲਤਾਂ ਵਿੱਚ ਫਰਕ ਪੈ ਗਿਆ ਸੀ। 1992-93 ਵਿੱਚ ਰਾਜ ਉਹਨਾਂ ਸ਼ਕਤੀਆਂ ਨੂੰ ਖਤਮ ਕਰਨਾ ਚਾਹੁੰਦਾ ਸੀ। ਪੁਲਸ ਦੀਆਂ ਕਾਰਵਾਈਆਂ ਤੋਂ ਪੈਦਾ ਹੋਈ ਬੇਗਾਨਗੀ ਨੂੰ ਵੀ ਮਿਟਾਉਣਾ ਚਾਹੁੰਦਾ ਸੀ। ਇਸ ਵੇਲੇ ਹੀ 1995 ਵਿੱਚ ਪੁਲਸ ਨੇ ਆਪਣੇ ਵਿਹਾਰ ਅਨੁਸਾਰ ਜਸਵੰਤ ਸਿੰਘ ਖਾਲੜਾ ਨੂੰ ਅਗਵਾ ਕਰ ਲਿਆ ਅਤੇ ਸੀ.ਬੀ.ਆਈ. ਵਰਗੇ ਰਾਜ ਦੇ ਅਦਾਰੇ ਰਾਜ ਦੇ ਬਿੰਬ ਵਿੱਚ ਸੁਧਾਰ ਦਿਖਾਉਣ ਲਈ ਕਾਰਜਸ਼ੀਲ ਹੋ ਗਏ।

ਮੁੱਖ ਮੰਤਰੀ ਵੋਹਰਾ ਅਤੇ ਸਮੁੰਦਰ ਸਿੰਘ ਦੇ ਡਾਇਲਾਗਾਂ ਵਿੱਚ ਰਾਜ ਦੀ ਇਸ ਤਰ੍ਹਾਂ ਦੀ ਕਾਰਜਸ਼ੈਲੀ ਵੱਲ ਇਸ਼ਾਰੇ ਤਾਂ ਮਿਲਦੇ ਹਨ, ਪਰ ਫਿਲਮ 'ਸਤਲੁਜ' ਮੁੱਖ ਤੌਰ 'ਤੇ ਭਾਰਤੀ ਰਾਜ ਵਿਵਸਥਾ ਪ੍ਰਤੀ ਖਿਮਾਜਾਚਨਾ ਵਾਲਾ ਰਵੱਈਆ ਧਾਰਨ ਕਰਕੇ ਉਸ ਦੀ ਵਾਜਬੀਅਤ ਨੂੰ ਪੱਕਾ ਕਰਨ ਵੱਲ ਹੀ ਰੁਚਿਤ ਹੈ। ਭਾਵੇਂ ਕਿ ਸਚਾਈ ਇਹ ਵੀ ਹੈ ਕਿ ਅਜਿਹਾ ਕਰਦੇ ਹੋਏ ਇਹ ਅਦਾਰੇ ਆਪਣੇ ਪ੍ਰਮੁੱਖ ਅਧਿਕਾਰੀ ਬਿੱਟਾ ਨੂੰ ਬਿਲਕੁਲ ਹੀ ਬਚਾਅ ਕੇ ਲੈ ਜਾਂਦੇ ਹਨ। ਸਿਰਫ ਛੋਟੇ ਦਰਜੇ ਦੇ ਅਧਿਕਾਰੀ ਹੀ ਮਾਰ ਹੇਠ ਆਉਂਦੇ ਹਨ। ਫਿਲਮ ਦੇ ਪੂਰੇ ਬਿਰਤਾਂਤ ਵਿੱਚੋਂ ਰਾਜ ਦੀ ਮਦਦ ਨਾਲ ਪੈਦਾ ਹੋਈ ਅਤੇ ਮਜ਼ਬੂਤ ਹੋਈ ਦੂਜੀ ਧਿਰ ਖਾਲਿਸਤਾਨੀ ਦਹਿਸ਼ਤਗਰਦਾਂ ਨੂੰ ਬਿਲਕੁਲ ਹੀ ਗਾਇਬ ਕਰ ਦੇਣਾ ਨਿਰਦੇਸ਼ਕ ਦੀ ਸਿਰਜਣਾਤਮਕਤਾ ਦੀ ਅਜ਼ਾਦੀ ਦਾ ਪ੍ਰਤੀਕ ਨਹੀਂ ਹੈ, ਬਲਕਿ ਉਸ ਦੀ ਅਸੁਹਿਰਦਤਾ ਦਾ ਹੀ ਹਸਤਾਖਰ ਹੈ। ਮਨੁੱਖੀ ਅਧਿਕਾਰ ਦੇ ਸੰਦਰਭ ਵਿੱਚ ਵੀ ਇਸ ਦੂਸਰੀ ਦਹਿਸ਼ਤਗਰਦ ਧਿਰ ਦੀਆਂ ਵਧੀਕੀਆਂ ਨੂੰ ਆਪਣੇ ਬਿਰਤਾਂਤ ਵਿੱਚ ਕੋਈ ਜਗ੍ਹਾ ਨਾ ਦੇ ਕੇ ਵੀ ਨਿਰਦੇਸ਼ਕ ਨੇ ਆਪਣੀ ਅਸੁਹਿਰਦਤਾ ਦਾ ਹੀ ਸਬੂਤ ਦਿੱਤਾ ਹੈ। ਅਸੁਹਿਰਦਤਾ ਕਦੇ ਵੀ ਸਿਰਜਣਾਤਮਕ ਅਜ਼ਾਦੀ ਦੀ ਪ੍ਰਤੀਕ ਨਹੀਂ ਹੋ ਸਕਦੀ।

*ਉੱਪ ਪ੍ਰਧਾਨ ਜਮਹੂਰੀ ਅਧਿਕਾਰ ਸਭਾ, ਪੰਜਾਬ*
*ਸੰਪਰਕ : 95010-25030*

### ਕੇਵਲ ਮਾਰਕਸ ਨੂੰ ਯਾਦ ਕਰਨਾ ਕਾਫੀ ਨਹੀਂ

# ਮਾਰਕਸਵਾਦ ਸਰਬ-ਸ਼ਕਤੀਮਾਨ

ਕਿਸ਼ਤ-10

**ਜਗਰੂਪ**



ਉਜੱਡ ਪੈਰੋਕਾਰਾਂ ਦੀ ਤਰ੍ਹਾਂ ਕਹਿਣਾ, 'ਮਾਰਕਸ ਜਾਂ ਮਾਰਕਸਵਾਦ ਵੀ ਪੁਰਾਣਾ ਹੋ ਗਿਆ', ਇਹ ਆਪਣੀ ਕਮਜ਼ੋਰੀ ਨੂੰ ਕੱਜਣ ਦੀ ਕੋਸ਼ਿਸ਼ ਤੋਂ ਵੱਧ ਕੁਝ ਨਹੀਂ ਹੈ। 'ਮਾਰਕਸਵਾਦ ਮਰ ਮੁੱਕ ਗਿਆ' ਕਹਿਣ ਵਾਲੇ 'ਖਰ੍ਹੇ ਵਿਰੋਧੀ' (ਵਿਚਾਰਵਾਦੀ) ਮੁੜ-ਮੁੜ ਉਸ ਦੇ ਮਰਨ ਦਾ ਐਲਾਨ ਕਰਦੇ ਹੀ ਰਹਿੰਦੇ ਹਨ। ਮਾਰਕਸਵਾਦ ਸੱਚ ਦੀ ਖੋਜ ਦਾ ਨਾਂਅ ਹੈ। ਸੱਚ ਕਦੇ ਮਰਦਾ ਨਹੀਂ, ਸਗੋਂ ਹੋਰ ਗਹਿਰਾ, ਨਵੀਆਂ ਪਰਤਾਂ ਫਰੋਲਦਾ, ਸਦਾ ਅੱਗੇ ਵਧਦਾ ਹੈ। ਇਹ 'ਸੋਚ ਦੀ ਸਿਖਰ' (ਦਰਸ਼ਨ) ਦਾ ਵਿਕਾਸ ਹੈ। ਇਹ ਹਕੀਕਤ (ਹੋਂਦ ਦੀ ਗਤੀ) ਦੀ ਪਛਾਣ ਹੈ। ਗਤੀ-ਰੂਪ ਨੂੰ ਜਾਨਣਾ (ਖੋਜਣਾ) ਵਿਗਿਆਨ ਹੈ। ਖੋਜਾਂ ਨੂੰ ਕਾਢ ਦਾ ਰੂਪ ਦੇਣਾ, ਮਨੁੱਖ ਜਾਤੀ ਦੇ ਭਲੇ ਲਈ ਵਰਤਣਾ ਸਿਖਾਉਣਾ, ਮਨੁੱਖ ਨੂੰ, 'ਮਹਾਨ-ਮਨੁੱਖ' ਦੇ ਰੁਤਬੇ 'ਤੇ ਪਹੁੰਚਾ ਦਿੰਦਾ ਹੈ। ਮਨੁੱਖੀ ਇਤਿਹਾਸ ਵਿੱਚ 'ਮਹਾਨ-ਮਨੁੱਖਾਂ' ਦੀ ਇਕ ਲੰਬੀ ਲੜੀ ਹੈ, ਜਿਨ੍ਹਾਂ ਨੇ ਮਨੁੱਖੀ ਮਨਾਂ 'ਤੇ ਛਾਈ ਧੁੰਦ-ਗੁਬਾਰ ਹਟਾਉਣ ਦਾ ਕਾਰਜ ਕੀਤਾ, ਰਾਹ ਦਰਸਾਇਆ, ਰੋਸ਼ਨਾਇਆ ਹੈ। ਕਾਰਲ ਮਾਰਕਸ ਏਸੇ ਲੜੀ ਦਾ ਮਹਾਨ ਮਨੁੱਖ ਹੈ। ਜਿਸ ਨੇ ਸਰਮਾਏਦਾਰੀ-ਪੈਦਾਵਾਰ ਤੇ ਵੰਡ ਦੇ ਢੰਗ ਦਾ ਵਿਸ਼ਲੇਸ਼ਣ ਕਰਦਿਆਂ; ਉਸ ਦੇ ਆਰੰਭ ਹੋਣ, ਵਿਕਾਸ ਕਰਨ ਅਤੇ ਵਿਨਾਸ਼ ਹੋਣ ਤੱਕ ਦੀ ਮੁਕੰਮਲ ਖੋਜ ਨਾਲ ਉਸ ਦੀ ਥਾਂ ਨਵੇਂ, ਉਚੇਰੇ-ਸਮਾਜ, 'ਸਾਂਝੀਵਾਲ ਸਮਾਜ' ਦੀ ਉਸਾਰੀ ਦਾ ਸੰਸਲੇਸ਼ਣ (ਭਵਿੱਖੀ ਰੂਪ) ਵੀ ਪੇਸ਼ ਕੀਤਾ ਹੈ।

ਜਦੋਂ ਲੈਨਿਨ ਨੇ ਮਾਰਕਸਵਾਦ ਦਾ ਅਧਿਐਨ ਕੀਤਾ ਤਾਂ ਉਹਨਾਂ ਇਸ ਮਹਾਨਤਾ ਨੂੰ ਇੱਕ ਸਤਰ ਵਿੱਚ ਬਿਆਨ ਕਰਦਿਆਂ ਕਿਹਾ;

'ਮਾਰਕਸਵਾਦ ਸਰਬ ਸ਼ਕਤੀਮਾਨ ਹੈ ਕਿਉਂਕਿ ਇਹ ਸੱਚ ਹੈ!'

'ਅਧਿਅਨ ਰਹਿਤ ਮਾਰਕਸਵਾਦੀ' ਅੱਜ ਵੀ ਇਸ 'ਸੱਚ' 'ਤੇ ਸ਼ੱਕ ਕਰਦੇ ਹਨ। ਅਗਿਆਨੀ ਜ਼ਿੱਦੀ ਹੁੰਦੇ ਹਨ, ਗਿਆਨੀ ਹੱਠੀ ਹੁੰਦੇ ਹਨ। 'ਜ਼ਿੱਦੀ'- ਮਾਰਕਸਵਾਦੀਆਂ ਨੇ ਮਾਰਕਸਵਾਦ ਦਾ ਬਹੁਤ (ਬਦਨਾਮ ਦੀ ਹੱਦ ਤੱਕ) ਨੁਕਸਾਨ ਕੀਤਾ ਹੈ।

# ਉਹ ਦਰਸ਼ਨ, ਦ੍ਰਿਸ਼ਟੀਕੋਣ ਤੇ ਵਿਚਾਰਧਾਰਾ ਦੇ ਅੰਤਰ-ਸੰਬੰਧ ਨੂੰ ਨਹੀਂ ਸਮਝਦੇ। ਉਹ ਤਿੰਨਾਂ ਨੂੰ ਇੱਕੋ ਕਰ ਛੱਡਦੇ ਹਨ।

# ਉਹ ਦਰਸ਼ਨ ; 'ਵਿਚਾਰਵਾਦ' ਬਨਾਮ 'ਪਦਾਰਥਵਾਦ' 'ਤੇ ਜ਼ਿੱਦ ਕਰਦੇ ਹਨ। ਉਹ 'ਪਦਾਰਥਵਾਦ-ਅਧਿਆਤਮਵਾਦੀ' ਅਤੇ 'ਪਦਾਰਥਵਾਦ ਵਿਰੋਧਵਿਕਾਸੀ' ਦੇ ਵਖਰੇਵੇਂ ਨੂੰ ਨਹੀਂ ਸਮਝਦੇ। ਉਹ ਫਲਸਫੇ ਵਿੱਚ ਮਾਰਕਸਵਾਦੀ ਦੀ ਥਾਂ, ਫਿਊਰਬਾਖਵਾਦੀ ਧਾਰਨਾ ਦਾ ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ ਰਾਹੀਂ ਅਧਿਆਤਮਵਾਦ ਨੂੰ ਅਪਣਾਉਂਦੇ ਹਨ ਅਤੇ ਰਾਜਨੀਤਕ ਅਧਿਆਤਮਵਾਦੀ (ਮੁੜ-ਮੁੜ ਉਹੀ) ਅਮਲ ਦੀ ਵਿਚਾਰਧਾਰਕ ਸਥਿਤੀ ਵਿਚ ਹੀ ਵਿਚਰਦੇ ਹਨ। ਉਹ ਅਮਲ ਵਿੱਚੋਂ ਸਿਧਾਂਤ ਲੱਭਦੇ ਹਨ। ਉਹ ਸਿਧਾਂਤ ਅਤੇ ਅਮਲ ਦਾ ਦਵੰਦਵਾਦੀ ਸੰਬੰਧ ਸਥਾਪਤ ਕਰਨ, ਅਗਵਾਈ ਲੈਣ/ਕਰਨ ਵਿਚ ਉੱਕ ਜਾਂਦੇ ਹਨ। ਮਾਰਕਸ ਦੇ ਮਹਾਨ ਕਥਨ :

'ਸਿਧਾਂਤ ਬਗੈਰ ਅਮਲ ਅੰਨ੍ਹਾ ਅਤੇ ਅਮਲ ਬਗੈਰ ਸਿਧਾਂਤ ਅਪਾਹਜ (ਲੂਲ੍ਹਾ) ਹੈ' ਨੂੰ ਮਾਨਤਾ ਹੀ ਨਹੀਂ ਦਿੰਦੇ।

ਬਸ; ਉਹਨਾਂ ਦੀ ਰੱਟ ਲੱਗੀ ਹੈ-'ਜਿੱਤ ਲੜਦੇ ਲੋਕਾਂ ਦੀ' ਉਹ ਸਿਧਾਂਤ ਦੀ ਰੋਸ਼ਨੀ ਵਿਚ ਲੜਾਈ ਨੂੰ ਮਾਨਤਾ ਨਹੀਂ ਦਿੰਦੇ।ਇਸ ਸੋਚ, ਅਮਲ ਦੀਆਂ ਜੜ੍ਹਾਂ 'ਪਦਾਰਥਵਾਦ-ਅਧਿਆਤਮਵਾਦੀ' (ਫਿਊਰਬਾਖਵਾਦ) ਵਿਚ ਹਨ, ਨਾ ਕਿ ਮਾਰਕਸਵਾਦ (ਪਦਾਰਥਵਾਦ-ਦਵੰਦਵਾਦੀ) ਵਿਚ।ਉਹ ਮਾਰਕਸ ਦੀ ਦਾਰਸ਼ਨਿਕ ਲੱਭਤ ;

'ਦਾਰਸ਼ਨਿਕਾਂ ਨੇ ਹੁਣ ਤੱਕ ਸੰਸਾਰ ਦੀ ਵੱਖ-ਵੱਖ ਢੰਗਾਂ ਨਾਲ ਕੇਵਲ ਵਿਆਖਿਆ ਕੀਤੀ ਹੈ; ਹਾਲਾਂਕਿ ਨੁਕਤਾ ਇਸ ਨੂੰ ਬਦਲਣ ਦਾ ਹੈ।'

ਮਾਰਕਸ ਨੇ ਆਪਣੀ ਇਸ ਖੋਜ ਨੂੰ ਕਾਢ ਵਿਚ ਬਦਲਿਆ। ਜੇ ਉਹ ਪਦਾਰਥਵਾਦ ਨੂੰ ਦਵੰਦਵਾਦ ਨਾਲ ਨਾ ਸਮੇਲਦਾ ਤਾਂ ਉਹ 'ਪਦਾਰਥਵਾਦ-ਦਵੰਦਵਾਦੀ' ਮੱਤ ਸਿਰਜ ਨਾ ਪਾਉਂਦਾ।ਫਿਰ ਉਸ ਨੇ ਬਦਲਾਓ ਦਾ ਮੱਤ (doctrine ) ਨਹੀਂ ਦੇ ਸਕਣਾ ਸੀ।ਉਸ ਦੇ ਮੱਤ ਦੀ ਪੁਸ਼ਟੀ (ਸਹੀ) ਹੋਣ 'ਤੇ, ਉਸ ਦੇ ਮੱਤ ਉਤੇ 'ਮਾਰਕਸੀ ਸਿਧਾਂਤ' ਦੀ ਮੋਹਰ ਲੱਗੀ ਹੈ।

ਫਲਸਫੇ ਵਿਚ ਮਾਰਕਸ ਦੀ ਦੇਣ; 'ਵਿਸ਼ਲੇਸ਼ਨ ਦੇ ਨਾਲ ਸੰਸਲੇਸ਼ਣ ਦੀ ਏਕਤਾ' ਦੀ ਭਰਪੂਰਤਾ ਹੈ। ਭਾਵ ਵਿਆਖਿਆ ਦੇ ਨਾਲ ਬਦਲਾਓ ਦੇ ਸਿਧਾਂਤ ਦੀ ਖੋਜ ਨੂੰ ਕਾਢ ਦਾ ਰੂਪ ਦੇਣਾ ਹੈ। ਪਦਾਰਥ ਅਤੇ ਚੇਤਨਾ ਦੇ ਦਵੰਦਵਾਦੀ ਰਿਸ਼ਤੇ ਨੂੰ ਸਥਾਪਤ ਕਰਨਾ ਹੈ। 'ਪਦਾਰਥ, ਚੇਤਨਾ ਦਾ ਨਿਰਧਾਰਕ ਹੈ ਅਤੇ ਚੇਤਨਾ ਪਦਾਰਥ ਨੂੰ ਪ੍ਰਭਾਵਤ ਕਰਦੀ ਹੈ।'

ਇਹ ਹੈ 'ਪਦਾਰਥਵਾਦ-ਵਿਰੋਧਵਿਕਾਸੀ' ਧਾਰਨਾ, ਜਦੋਂ ਕਿ ਇਸ ਖੋਜ ਤੋਂ ਪਹਿਲਾਂ, 'ਪਦਾਰਥ, ਚੇਤਨਾ ਸਿਰਜਕ ਹੈ' ਭਾਵ ਪਦਾਰਥ ਪਹਿਲਾਂ ਹੈ, ਚੇਤਨਾ ਉਸ ਦੀ ਉਪਜ ਹੈ, ਤੱਕ ਸੀਮਤ ਸੀ, ਭਾਵ ਪਦਾਰਥਵਾਦ-ਅਧਿਆਤਮਵਾਦੀ (ਚੱਕਰੀ ਗੇੜ ਦੀ ਹਰਕਤ ਦਾ) ਧਾਰਨੀ ਸੀ।ਇਹ ਫਲਸਫੇ ਵਿਚ ਫਿਊਰਬਾਖ ਤੱਕ ਦਾ ਵਿਕਾਸ ਸੀ, ਜਿਸ ਦੇ ਦਾਇਰੇ ਨੂੰ ਤੋੜ ਕੇ ਮਾਰਕਸ ਅੱਗੇ ਵਧਿਆ।ਜਿਸ ਫਲਸਫੇ ਨੇ ਮਨੁੱਖ ਜਾਤੀ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਦੇਣ ਦੇ, ਉਸ ਨੂੰ ਯੋਗ ਬਣਾਇਆ।

ਮਾਰਕਸਵਾਦ ਦਵੰਦਵਾਦੀ ਢੰਗ ਨਾਲ ਵਿਕਾਸ ਕਰਦਾ ਸਿਧਾਂਤ ਹੈ। ਇਹ ਨਿਰਜਿੰਦ ਮੱਤ (dogma) ਨਹੀਂ, ਸਗੋਂ ਇਹ ਲੱਚਕਦਾਰ, ਸੰਜੀਵ ਰਾਹ ਦਸੇਰਾ (Living guide to action) ਸਿਧਾਂਤ ਹੈ।ਲੈਨਿਨ ਨੇ ਸਮਝਾਇਆ ਸੀ ਕਿ ਮਾਰਕਸ ਨੇ; 'ਇਸ ('ਪਦਾਰਥਵਾਦ ਵਿਰੋਧਵਿਕਾਸੀ') ਸਿਧਾਂਤ ਦੀ ਨੀਂਹ ਰੱਖੀ ਹੈ, ਅਸੀਂ ਇਸ ਨੂੰ ਹਰ ਪੱਖੋਂ ਵਿਕਸਤ ਕਰਨਾ ਹੈ।'

ਵਿਗਿਆਨਕ ਲੱਭਤਾਂ (ਪਦਾਰਥਕ-ਗਤੀ ਦੇ ਹਰ ਅਗਲੇਰੇ ਰੂਪ ਦੀ ਲੱਭਤ) ਫਲਸਫੇ ਦੇ ਵਿਕਾਸ ਦਾ ਸਬੂਤ ਹਨ। ਲੈਨਿਨ ਨੇ ਸੁਚੇਤ ਕੀਤਾ ਸੀ ਕਿ ਵਿਗਿਆਨਕ ਲੱਭਤਾਂ ਦੀ ਗਲਤ ਪੇਸ਼ਕਾਰੀ, ਬੁਰਜੂਆ ਬੌਧਿਕਤਾ ਦੀ ਖਾਸੀਅਤ ਬਣ ਗਈ ਹੈ। ਉਹ ਝੱਟ ਹਥਿਆਉਣ ਦੀ ਕੋਸ਼ਿਸ਼ ਕਰਦੇ ਹਨ।

ਉਹ ਪਦਾਰਥਵਾਦ-ਦਵੰਦਵਾਦੀ ਦੀ ਥਾਂ, ਇਕਾਇਦਗੀ-ਮੱਤ (Singularity-doctrine) ਦੇ ਪੇਟੇ ਪਾਉਣ ਦਾ ਧੂੰਆਂਧਾਰ ਪ੍ਰਚਾਰ ਕਰਦੇ ਹਨ। ਕੋਈ ਵੀ ਵਿਗਿਆਨਕ ਲੱਭਤ, ਜੇ ਉਸ ਦਾ ਪਦਾਰਥਵਾਦੀਕਰਨ ਨਾਲ ਸੁਮੇਲ ਨਹੀਂ ਬੈਠਦਾ ਤਾਂ ਉਹ ਸੱਚਾ ਵਿਖਿਆਣ ਨਹੀਂ ਹੈ। ਉਹ ਸਿਧਾਂਤ ਨਹੀਂ, ਕੇਵਲ ਬੁਰਜੂਆ ਦੀ ਹਮਾਇਤ ਲਈ ਘੜੇ ਅਦਰਸ਼ਵਾਦੀ (Idealistic) ਮੱਤ ਹਨ।

ਜਿਵੇਂ ਮਹਾਂ ਧਮਾਕਾ (Big Bang) ਅਤੇ ਸੇਪੀਅਨਜ਼ ( Sapiens'), ਗੈਰ ਦਵੰਦਵਾਦੀ, ਇਕਾਇਦਗੀ (Singularity) ਦੇ ਪ੍ਰਚਾਰ-ਮੱਤ ਹਨ। ਜਿਨ੍ਹਾਂ ਨੇ ਜਾਣਕਾਰੀ-ਸੰਚਾਰ-ਤਕਨੀਕੀ ਸਾਧਨਾਂ ਨਾਲ ਪਦਾਰਥਵਾਦ 'ਤੇ ਹਮਲਾ ਕੀਤਾ ਹੋਇਆ ਹੈ।ਪਦਾਰਥਵਾਦ ਦੀ ਸਮਝ ਬਗੈਰ, ਸਰਮਾਏਦਾਰੀ ਦੇ ਸਦਾ ਭ੍ਰਿਸ਼ਟ ਹੁੰਦੇ ਸਮਾਜਿਕ ਪ੍ਰਬੰਧ ਵਿਚ ਬਦਲਾਓ ਦਾ ਮਾਰਗ ਤਲਾਸ਼ ਹੁੰਦਾ ਹੀ ਨਹੀਂ ਹੈ। ਹਰਾਵਲ ਦਸਤੇ ਲਈ ਇਸ ਵਿਚ ਮੁਹਾਰਤ ਅਟੱਲ ਹੈ।

ਜੇ ਕੋਈ ਇਸ ਤੋਂ ਮੁਨਕਰ ਹੈ ਤਾਂ ਉਹ ਪਦਾਰਥਵਾਦੀ ਨਹੀਂ ਹੈ, ਜਦੋਂ ਕਿ 'ਮਾਰਕਸਵਾਦੀ' ਹੋਣ ਲਈ ਪਦਾਰਥਵਾਦੀ ਹੋਣਾ ਮੁੱਢਲੀ ਸ਼ਰਤ ਹੈ।ਜਿਹੜੇ ਪ੍ਰਚਾਰ ਕਰਦੇ ਹਨ ਕਿ 'ਫਲਸਫੇ ਬਗੈਰ ਸਰ ਸਕਦਾ ਹੈ' ਜਾਣੋ ਉਹ ਕਿੰਨੇ ਬੇਹੂਦਾ ਹਨ।

ਮਾਰਕਸ ਨੇ ਆਪਣੀ ਦਾਰਸ਼ਨਿਕ ਲੱਭਤ ਨੂੰ ਜਦੋਂ ਆਰਥਿਕਤਾ 'ਤੇ ਢੁਕਾਇਆ ਤਾਂ ਇਤਿਹਾਸ ਦਾ ਪਦਾਰਥਵਾਦੀ ਵਿਖਿਆਣ ਬਣ ਗਿਆ।ਉਹ ਸਮਾਜਿਕ-ਇਤਿਹਾਸਕ ਸੱਚ ਨੂੰ ਉਜਾਗਰ ਕਰ ਗਿਆ। ਉਸ ਦੀਆਂ ਆਰਥਿਕ ਖੋਜਾਂ ਨੇ ਸਮਾਜਿਕ ਤਬਦੀਲੀ ਦੀ ਕਾਢ ਕੱਢ ਦਿੱਤੀ।ਉਸ ਦੀ ਲੱਭਤ 'ਮੁੱਲ ਦਾ ਕਿਰਤ-ਸਿਧਾਂਤ' ਆਪਣੀ ਮਹਾਨਤਾ ਨਾਲ ਅੱਗੇ ਆਇਆ, ਜਿਸ ਵਿੱਚੋਂ ਉਪਜੇ 'ਵਾਧੂ-ਮੁੱਲ ਦਾ ਸਿਧਾਂਤ' ਦੀ ਸਮਝਦਾਰੀ ਨਾਲ ਸਰਮਾਏਦਾਰੀ ਦੇ ਵਿਨਾਸ਼ ਅਤੇ ਇਸ ਦੀ ਥਾਂ ਨਵੇਂ, ਉਚੇਰੇ ਸਮਾਜਿਕ ਪ੍ਰਬੰਧ; 'ਸਾਂਝੀਵਾਲ ਸਮਾਜ' ਦਾ ਖਾਕਾ ਉੱਭਰ ਆਇਆ।

(ਬਾਕੀ ਅਗਲੇ ਐਤਵਾਰਤਾ 'ਚ)

# .ਗਦਰੀ ਬਾਬਾ ਲੱਖਾ ਸਿੰਘ ਚੀਮਾ ਤੇ ਬਾਬਾ ਚੇਤਨ ਸਿੰਘ

**ਬਲਵੀਰ ਸਿੰਘ ਥਿੰਦ**

.ਗਦਰੀ ਬਾਬਾ ਲੱਖਾ ਸਿੰਘ ਚੀਮਾ ਅਤੇ ਬਾਬਾ ਚੇਤਨ ਸਿੰਘ ਵਿਦੇਸ਼ਾਂ .ਗਦਰ ਪਾਰਟੀ ਨੇ ਅੰਮ੍ਰਿਤਸਰ ਤੋਂ ਪੰਜਾਬੀ 'ਕਿਰਤੀ' ਅਖ਼ਬਾਰ ਸ਼ੁਰੂ ਕਰਨ ਦਾ ਫੈਸਲਾ ਕਰ ਲਿਆ, ਜੋ ਕਿ 1926 ਵਿੱਚ ਸ਼ੁਰੂ ਹੋਇਆ।

ਚੇਤਨ ਸਿੰਘ ਦਾ ਜਨਮ 15 ਮਈ 1896 ਨੂੰ ਪਿੰਡ ਸ਼ੰਕਰ ਲਾਗੇ ਨਕੋਦਰ ਜ਼ਿਲ੍ਹਾ ਜਲੰਧਰ ਵਿੱਚ ਹੋਇਆ। ਆਪ ਨੇ ਬਚਪਨ ਵਿੱਚ ਉਰਦੂ ਦੀ ਅਤੇ ਅੰਗਰੇਜ਼ੀ ਦੀ ਪੜ੍ਹਾਈ ਕੀਤੀ। ਜਵਾਨੀ ਵਿੱਚ ਆਪ ਨੇ ਇਲਾਕੇ ਵਿੱਚ ਬਹਾਦਰੀ ਦੀਆਂ ਮੱਲਾਂ ਮਾਰੀਆਂ। ਸੰਨ 1915 ਵਿੱਚ ਆਪ ਕੰਮ ਦੀ ਤਲਾਸ਼ ਅੰਦਰ ਅਮਰੀਕਾ ਦੀ ਸਟੇਟ ਕੈਲੀਫੋਰਨੀਆ ਦੇ ਸ਼ਹਿਰ ਇਮਪੀਰੀਅਲ ਪਹੁੰਚ ਗਏ। ਪਹਿਲਾਂ ਉੱਥੇ ਆਪ ਨੇ ਮਜ਼ਦੂਰੀ ਦਾ ਕੰਮ ਕੀਤਾ। ਇੱਥੇ ਆਪ ਦੇ .ਗਦਰ ਪਾਰਟੀ ਦੇ ਮੈਂਬਰ ਨਾਲ ਮੇਲ-ਮਿਲਾਪ ਹੋ ਗਏ। ਇੱਥੇ ਪਾਰਟੀ ਦੇ ਮੈਂਬਰ ਕੋਲੋਂ ਆਪ ਨੂੰ '.ਗਦਰ' ਅਖ਼ਬਾਰ ਪੜ੍ਹਨ ਨੂੰ ਮਿਲਿਆ। ਅਖ਼ਬਾਰ ਬਿਨਾਂ ਲਾਗ-ਲਪੇਟ ਸਿੱਧੇ ਸਾਫ ਲਫ਼ਜ਼ਾਂ ਵਿੱਚ ਇਨਕਲਾਬ ਦਾ ਪ੍ਰਚਾਰ ਕਰਦਾ ਸੀ। ਆਪ .ਗਦਰ ਪਾਰਟੀ ਨੂੰ ਫੰਡ ਮੁਹੱਈਆ ਕਰਨ ਲੱਗ ਪਏ ਅਤੇ ਪੋਾਰਟੀ ਦੀਆਂ ਮੀਟਿੰਗਾਂ ਅਤੇ ਹੋਰ ਕੰਮਾਂ ਵਿੱਚ ਹਿੱਸਾ ਲੈਣ ਲੱਗ ਪਏ। ਇਮਪੀਰੀਅਲ ਵਿੱਚ ਗਦਰ ਪਾਰਟੀ ਦਾ ਬਹੁਤ ਵੱਡਾ ਅੱਡਾ ਸੀ ਅਤੇ ਆਪ ਦਾ ਪਹਿਲਾਂ ਵਿਆਹ ਇਮਪੀਰੀਅਲ ਵਿੱਚ ਕੰਚਾਂ ਨਾਲ ਹੋਇਆ। ਆਪ ਦੇ ਘਰ ਦੋ ਲੜਕਿਆਂ ਨੇ ਜਨਮ ਲਿਆ ਰੀਚਰਡ ਅਤੇ ਰੂਡੀ ਨੇ। ਆਪ ਨੇ ਪਟੇ ਉਤੇ ਜ਼ਮੀਨ ਲੈ ਕੇ ਆਪਣੀ ਵਾਹੀ ਸ਼ੁਰੂ ਕਰ ਦਿੱਤੀ। ਚੇਤਨ ਸਿੰਘ ਦਾ ਦੂਜਾ ਵਿਆਹ ਯੂਬਾ ਸਿਟੀ ਵਿੱਚ Amelia ਨਾਲ ਹੋਇਆ। ਇਸ ਵਿਆਹ ਵਿੱਚੋਂ ਵੀ ਦੋ ਲੜਕਿਆਂ ਨੇ ਜਨਮ ਲਿਆ ਹੈਰੀ ਅਤੇ ਫਰੈਡੀ ਨੇ। ਲੱਖਾ ਸਿੰਘ ਚੀਮਾ ਦਾ ਜਨਮ 15 ਜੁਲਾਈ 1892 ਨੂੰ ਸੰਧੀ ਸਿੰਘ ਚੀਮਾ ਦੇ ਘਰ ਪਿੰਡ ਚੀਮਾ ਕਲਾਂ ਤਹਿਸੀਲ ਨੂਰਮਹਿਲ ਜ਼ਿਲ੍ਹਾ ਜਲੰਧਰ ਵਿੱਚ ਹੋਇਆ। ਆਪ ਤਿੰਨ ਭਰਾ ਸਨ। ਵੱਡਾ ਲਾਭ ਸਿੰਘ, ਉਸ ਤੋਂ ਛੋਟਾ ਗੁਰਦਿੱਤ ਸਿੰਘ ਅਤੇ ਸਭ ਤੋਂ ਛੋਟਾ ਲੱਖਾ ਸਿੰਘ ਸਨ। ਆਪ ਦਾ ਪਰਵਾਰ ਖੇਤੀਬਾੜੀ ਦਾ ਕੰਮ ਕਰਦਾ ਸੀ। ਘਰ ਨੂੰ ਖੁਸ਼ਹਾਲ ਬਣਾਉਣ ਲਈ 1908 ਵਿੱਚ ਲੱਖਾ ਸਿੰਘ ਭਾਰਤ ਤੋਂ ਅਮੀਰੀਕਾ ਨੂੰ ਤੁਰੇ ਵਿਦੇਸ਼ਾਂ ਦੀਆਂ ਔਕੜਾਂ ਝੱਲਦੇ ਹੋਏ 1910 ਵਿੱਚ ਮੈਕਸੀਕੋ ਬਾਰਡਰ ਦੇ ਰਾਹੀਂ ਆਪ ਅਮਰੀਕਾ ਪੁੱਜ ਗਏ। ਆਪ ਨੇ ਰੇਲਵੇ ਲਾਈਨਾਂ ਬਣਾਉਣ ਵਾਲੀ ਕੰਪਨੀ ਅਤੇ ਲੋਹੇ ਦੇ ਕਾਰਖਾਨਿਆਂ ਵਿੱਚ ਕੰਮ ਕੀਤਾ। ਆਪ ਦਾ ਸਟਾਕਟਨ ਦੇ ਲਾਗੇ ਭਾਈਆਂ ਦੇ ਡੇਰੇ ਜਾਣਾ-ਆਉਣਾ ਬਣ ਗਿਆ। ਸੰਨ 1912 ਦੀਆਂ ਗਰਮੀਆਂ ਵਿੱਚ ਯੂਬਾ ਸਿਟੀ ਦੇ ਏਰੀਏ ਵਿੱਚ ਖੇਤਾਂ ਵਿੱਚ ਕੰਮ ਕਰਦਿਆਂ ਆਪ ਦੇ ਮਹਾਨ ਗਦਰੀਆਂ ਨਾਲ ਤਾਲੁਕਾਤ ਬਣ ਗਏ, ਅਗਾਂਹ ਚੱਲ ਕੇ ਪਾਰਟੀ ਨੇ ਆਪ ਨੂੰ ਬਹੁਤ ਵੱਡੀਆਂ ਜ਼ੁੰਮੇਵਾਰੀਆਂ ਦਿੱਤੀਆਂ। ਸੰਨ 1914 ਵਿੱਚ 14 ਤੇ 15 ਫਰਵਰੀ ਨੂੰ ਸਟਾਕਟਨ ਦੇ ਗੁਰਦੁਆਰੇ ਵਿੱਚ ਬਹੁਤ ਵੱਡੀ ਕਾਨਫਰੰਸ ਹੋਈ। ਬੜੇ ਗਰਮਾ-ਗਰਮ ਲੈਕਚਰ ਹੋਏ। ਉਸ ਦਿਨ ਲੱਖਾ ਸਿੰਘ ਨੇ ਵੀ ਸਹੁੰ ਖਾਧੀ ਕਿ ਜਦੋਂ ਤੱਕ ਭਾਰਤ ਆਜ਼ਾਦ ਨਹੀਂ ਹੁੰਦਾ, ਮੈਂ ਵਿਆਹ ਨਹੀਂ ਕਰਾਵਾਂਗਾ। ਸੰਨ 1914 ਵਿੱਚ .ਗਦਰੀ ਬਾਬਿਆਂ ਦੇ ਅਮਰੀਕਾ ਤੋਂ ਦੇਸ਼ ਅਤੇ ਵਿਦੇਸ਼ਾਂ ਨੂੰ ਦੇਸ਼ ਦੀ ਆਜ਼ਾਦੀ ਲਈ ਚਲੇ ਜਾਣ ਤੋਂ ਬਾਅਦ ਜਦ ਅਕਤੂਬਰ 1916 ਨੂੰ ਭਾਈ ਸੰਤੋਖ ਸਿੰਘ ਅਤੇ ਭਾਈ ਰਾਮ ਸਿੰਘ ਧੁਲੇਤਾ ਦੁਬਾਰਾ ਅਮਰੀਕਾ ਅੰਦਰ ਪੁੱਜੇ ਤਾਂ ਗਦਰੀਆਂ ਦੇ ਹੈੱਡ ਕੁਆਰਟਰ ਰਾਮ ਚੰਦਰ ਦੀ ਗਦਾਰੀ ਨਾਲ ਹਾਲਾਤ ਬਹੁਤ ਖਰਾਬ ਹੋ ਚੁੱਕੇ ਸਨ। ਅਗਸਤ 1917 ਨੂੰ ਸਾਨ ਫਰਾਂਸਿਸਕੋ ਦੀ ਜ਼ਿਲ੍ਹਾ ਅਦਾਲਤ ਵਿੱਚ ਗਦਰੀਆਂ 'ਤੇ ਹਿੰਦੂ ਸਾਜ਼ਿਸ਼ ਕੇਸ ਖੜਾ ਕਰ ਦਿੱਤਾ ਗਿਆ। ਇਸ ਕੇਸ ਵਿੱਚ ਮਦਦ ਕਰਨ ਲਈ ਲੱਖਾ ਸਿੰਘ ਗਦਰ ਪਾਰਟੀ ਦੇ ਬਹੁਤ ਲਾਗੇ ਆ ਗਿਆ। ਅਦਾਲਤ ਨੇ ਭਾਈ ਸੰਤੋਖ ਸਿੰਘ ਨੂੰ 2 ਅਕਤੂਬਰ 1919 ਨੂੰ ਰਿਹਾਅ ਕਰ ਦਿੱਤਾ। 23 ਸਤੰਬਰ 1922 ਭਾਈ ਸੰਤੋਖ ਸਿੰਘ ਅਤੇ ਭਾਈ ਰਤਨ ਸਿੰਘ ਰੂਸ ਪਹੁੰਚ ਗਏ। ਥੋੜ੍ਹੇ ਸਮੇਂ ਅੰਦਰ ਖੇਤੀਬਾੜੀ ਦੀ ਟ੍ਰੇਨਿੰਗ ਲੈ ਕੇ ਦੋਨੋਂ ਭਾਈ ਅਫ਼ਗਾਨਿਸਤਾਨ ਦੇ ਸ਼ਹਿਰ ਕਾਬੁਲ ਗਦਰੀਆਂ ਦੇ ਅੱਡੇ ਪਹੁੰਚ ਗਏ, ਇੱਥੇ ਹੀ ਭਵਿੱਖ ਦੇ ਕੰਮਾਂ ਲਈ ਫੈਸਲੇ ਵੀ ਲਏ ਗਏ। ਅੰਮ੍ਰਿਤਸਰ ਤੋਂ 'ਕਿਰਤੀ' ਨਾਂਅ ਦਾ ਮਾਹਵਾਰੀ ਰਸਾਲਾ ਪ੍ਰਕਾਸ਼ਤ ਕਰਨ ਤੇ ਆਰਗੇਨਾਈਜੇਸ਼ਨ ਦਾ ਕੰਮ ਭਾਈ ਸੰਤੋਖ ਸਿੰਘ ਅਤੇ ਭਾਈ ਊਧਮ ਸਿੰਘ ਕਸੇਲ ਨੂੰ ਸੌਂਪਿਆ ਗਿਆ। ਭਾਈ ਸੰਤੋਖ ਸਿੰਘ ਥੋੜ੍ਹਾ ਹੀ ਚਿਰ ਕਾਬੁਲ ਵਿੱਚ ਰਹਿ ਕੇ ਜਦ ਭਾਰਤ ਦੀ ਸਰਹੱਦ ਅੰਦਰ ਪੁੱਜੇ ਤਾਂ ਅੰਗਰੇਜ਼ੀ ਪੁਲਸ ਨੇ ਆਪ ਨੂੰ ਗ੍ਰਿਫਤਾਰ ਕਰ ਲਿਆ। ਜੇਲ੍ਹ ਦੇ ਡਾਕਟਰਾਂ ਨੇ ਰਿਪੋਰਟ ਕੀਤੀ ਕਿ ਆਪ ਇਸ ਵੇਲੇ ਲਾਇਲਾਜ ਬਿਮਾਰੀ ਤਪਦਿਕ ਨਾਲ ਗਰੱਸੇ ਹੋਏ ਹੋ, ਭਾਈ ਸਾਹਿਬ 'ਤੇ ਪੁਲਸ ਵੱਲੋਂ ਉਸ ਸਮੇਂ ਜ਼ੁਲਮ ਬਹੁਤ ਕੀਤਾ ਗਿਆ ਅਤੇ ਪੁੱਛਗਿਛ ਬਹੁਤ ਕੀਤੀ ਗਈ। ਸੰਨ 1923 ਨੂੰ ਭਾਈ ਸੰਤੋਖ ਸਿੰਘ ਨੂੰ ਅੰਮ੍ਰਿਤਸਰ ਸਬ ਜੇਲ੍ਹ ਵਿੱਚ ਦਸ ਹਜ਼ਾਹ ਰੁਪਏ ਦੀਆਂ ਦੋ ਜ਼ਮਾਨਤਾਂ ਦੇ ਕੇ ਪਿੰਡ ਧਰਦਿਉ ਵਿੱਚ ਲੈ ਆਂਦਾ। ਸੰਨ 1923 ਵਿੱਚ ਭਾਈ ਰਤਨ ਸਿੰਘ ਕਾਬੁਲ ਦੇ ਅੱਡੇ ਦਾ ਕੰਮ ਪਾਰਟੀ ਤੇ ਹੋਰਨਾਂ ਸੱਜਣਾਂ ਨੂੰ ਸੰਭਾਲ ਕੇ ਭਾਰਤ ਅੰਦਰ ਖੁਫੀਆ ਤੌਰ 'ਤੇ ਰਹੇ। ਅਮਰੀਕਾ ਅਤੇ ਕੈਨੇਡਾ ਵਿੱਚੋਂ ਆਏ ਹੋਏ ਗਦਰ ਪਾਰਟੀ ਦੇ ਪੁਰਾਣੇ ਮੈਂਬਰਾਂ ਨੂੰ ਮੁੜ ਜੱਥੇਬੰਦ ਕਰਕੇ ਕਿਰਤੀ ਕਿਸਾਨ ਪਾਰਟੀ ਦੀ ਨੀਂਹ ਰੱਖੀ। ਭਾਈ ਰਤਨ ਸਿੰਘ ਨੇ ਜ਼ਿਲ੍ਹਾ ਜਲੰਧਰ ਵਿੱਚ ਕਰਮ ਸਿੰਘ ਚੀਮਾ ਨੂੰ ਮਿਲ ਕੇ 'ਕਿਰਤੀ' ਅਖ਼ਬਾਰ ਪ੍ਰਕਾਸ਼ਤ ਕਰਨ ਅਤੇ ਇਸ ਦੇ ਨਾਲ ਹੀ ਭਵਿੱਖ ਦੇ ਕੰਮਾਂ ਲਈ ਹੋਰ ਫ਼ੈਸਲੇ ਵੀ ਲਏ। ਸੰਨ 1913 ਅਤੇ 14 ਵਿੱਚ ਕਰਮ ਸਿੰਘ ਨੇ ਅਮਰੀਕਾ ਅਤੇ ਕੈਨੇਡਾ ਵਿੱਚੋਂ ਗਦਰ ਪਾਰਟੀ ਦੀ ਮਦਦ ਲਈ ਪੈਸੇ ਦੀ ਉਗਰਾਹੀ ਕੀਤੀ ਸੀ। ਸੰਨ 1925 ਵਿੱਚ ਆਪ ਨੂਰਮਹਿਲ ਦੇ ਇਲਾਕੇ ਵਿੱਚੋਂ ਕਿਰਤੀ ਦੀ ਮਦਦ ਲਈ ਦਾਨਿਆਂ ਦੀ ਉਗਰਾਹੀ ਕਰ ਰਹੇ ਸਨ। ਬਾਬਾ ਜੀ ਦੇ ਪੁਰਾਣੇ ਕੈਨੇਡਾ ਵਾਲੇ ਸੱਜਣ ਕਹਿ ਰਹੇ ਸਨ ਕਿ ਕਰਮ ਸਿੰਹਾ ਕੈਨੇਡਾ ਵਿੱਚ ਵੀ ਉਗਰਾਹੀ, ਇੱਥੇ ਵੀ ਉਗਰਾਹੀ। ਬਾਬਾ ਜੀ ਬਹੁਤ ਘੱਟ ਬੋਲਦੇ ਸਨ। 1925 ਵਿੱਚ ਭਾਈ ਰਤਨ ਸਿੰਘ ਮੁੜ ਕਾਬੁਲ ਅਤੇ ਯੂਰਪ ਤੋਂ ਹੁੰਦੇ ਹੋਏ ਮੈਕਸੀਕੋ ਪਹੁੰਚ ਗਏ। ਆਪ ਅਮਰੀਕਾ ਦੀ ਸਰਹੱਦ ਅੰਦਰ ਐਲਪਾਸੋ ਰਾਹੀਂ ਵੜੇ ਹੀ ਸਨ ਕਿ ਆਪ ਨੂੰ ਅਮਰੀਕਾ ਦੇ ਇਮੀਗਰੇਸ਼ਨ ਮਹਿਕਮੇ ਨੇ ਗ੍ਰਿਫ਼ਤਾਰ ਕਰ ਲਿਆ। ਗਦਰ ਪਾਰਟੀ ਨੇ ਆਪ ਨੂੰ ਜ਼ਮਾਨਤ 'ਤੇ ਛੁਡਾ ਲਿਆ। ਆਪ ਨੇ ਅਮਰੀਕਾ ਅੰਦਰ ਫਿਰ ਕੇ ਤਿੰਨ ਮਹੀਨਿਆਂ ਦੇ ਚੱਕਰ ਵਿੱਚੋਂ ਚੋਖੀ ਮਾਇਆ ਇਕੱਤਰ ਕਰਕੇ ਲੈ ਆਂਦੀ। ਗਦਰ ਪਾਰਟੀ ਨੇ ਲੱਖਾ ਸਿੰਘ ਚੀਮਾ ਅਤੇ ਚੇਤਨ ਸਿੰਘ ਵਿਦੇਸ਼ਾਂ ਨੂੰ ਕਿਰਤੀ ਰਸਾਲੇ ਦਾ ਫੰਡ ਅਮਰੀਕਾ ਤੋਂ ਭਾਰਤ ਭੇਜਣ ਲਈ ਤਿਆਰ ਕੀਤਾ ਅਤੇ ਵਿਦੇਸ਼ਾਂ ਦੇ ਰਸਤੇ ਦਾ ਇੰਤਜ਼ਾਮ ਗਦਰ ਪਾਰਟੀ ਦੇ ਅੱਡਿਆਂ ਰਾਹੀਂ ਕੀਤਾ ਗਿਆ। ਸੰਨ 1925 ਨੂੰ ਲੱਖਾ ਸਿੰਘ ਅਤੇ ਚੇਤਨ ਸਿੰਘ ਨੇ ਭਾਰਤ ਪਹੁੰਚ ਕੇ ਕਿਰਤੀ ਦੀ ਮਾਇਆ ਅਤੇ ਇੱਕ ਪਿਸਤੌਲ ਕਰਮ ਸਿੰਘ ਚੀਮਾ ਨੂੰ ਦੇ ਦਿੱਤਾ। ਆਪਣੇ ਪਿੰਡ ਚੀਮਾ ਕਲਾਂ ਤੋਂ ਮੁੜਦੇ ਹੋਏ ਲੱਖਾ ਸਿੰਘ ਚੀਮਾ ਨੇ ਜਰਮਨੀ ਦੇ ਸ਼ਹਿਰ ਬਰਲਨ ਵਿੱਚ ਰਹਿੰਦੇ ਬਾਬਾ ਹਰਜਾਪ ਸਿੰਘ ਨੂੰ ਮੁਸ਼ਕਲ ਸਮੇਂ ਅਮਰੀਕਨ ਪੰਜ ਸੌ ਡਾਲਰ ਦਿੱਤੇ। ਲੱਖਾ ਸਿੰਘ ਚੀਮਾ ਅਤੇ ਚੇਤਨ ਸਿੰਘ ਵਿਦੇਸ਼ਾਂ ਮੁੜ ਦੁਬਾਰਾ ਅਮਰੀਕਾ ਅੰਦਰ ਪਹੁੰਚਣ ਵਿੱਚ ਕਾਮਯਾਬ ਹੋ ਗਏ। ਕੈਲੀਫੋਰਨੀਆ ਵਿੱਚ ਗਦਰ ਪਾਰਟੀ ਨੇ ਸੰਨ 1926 ਵਿੱਚ ਲੱਖਾ ਸਿੰਘ ਚੀਮਾ ਨੂੰ ਪ੍ਰੈਜ਼ੀਡੈਂਟ ਚੁਣ ਲਿਆ ਅਤੇ ਸੁਰਜਨ ਸਿੰਘ ਪਿੰਡ ਝਿੰਗੜ ਲਾਗੇ ਬੰਗਾ ਸਕੱਤਰ ਅਤੇ ਸੰਤਾ ਸਿੰਘ ਪੰਨੂੰ ਪਿੰਡ ਲੌਹਕੇ ਜ਼ਿਲ੍ਹਾ ਤਰਨ ਤਾਰਨ ਪਾਰਟੀ ਦੇ ਖ਼ਜ਼ਾਨਚੀ ਚੁਣੇ ਗਏ। ਇਸੇ ਹੀ ਸਾਲ ਮਾਸਿਕ 'ਕਿਰਤੀ' ਰਸਾਲੇ ਦਾ ਪ੍ਰਕਾਸ਼ਨ ਅੰਮ੍ਰਿਤਸਰ ਤੋਂ ਕੀਤਾ ਗਿਆ।

ਕੈਲੀਫੋਰਨੀਆ ਵਿੱਚ ਗਦਰੀ ਬਾਬਿਆਂ ਨੇ ਪਾਰਟੀ ਦਾ ਕੰਮ ਮੁੜ ਬਹੁਤ ਚੰਗੀ ਤਰ੍ਹਾਂ ਚਲਾਇਆ ਅਤੇ ਬਾਬਿਆਂ ਨੇ ਉਗਰਾਹੀ ਕਰਕੇ ਹਰ ਸਾਲ ਹਜ਼ਾਰਾਂ ਡਾਲਰ ਦੇਸ਼ ਭਗਤਾਂ ਨੂੰ ਹਿੰਦੁਸਤਾਨ ਭੇਜੇ। ਸੰਨ 1947 ਭਾਰਤ ਦੀ ਆਜ਼ਾਦੀ ਤੋਂ ਬਾਅਦ ਲੱਖਾ ਸਿੰਘ ਨੇ ਵਿਆਹ ਨਹੀਂ ਕਰਵਾਇਆ ਅਤੇ ਆਪਣੇ ਭਤੀਜਿਆਂ ਨੂੰ ਕੋਟੇ ਵਿੱਚ ਲੀਗਲ ਤੌਰ 'ਤੇ ਅਮਰੀਕਾ ਮੰਗਵਾਇਆ ਅਤੇ ਯੂਬਾ ਸਿਟੀ ਵਿੱਚ ਰੇਲ ਰੋਡ 'ਤੇ ਖੇਤੀ ਕਰਨ ਲਈ ਫਾਰਮ ਲੈ ਲਿਆ, ਜਿਸ ਵਿੱਚ ਇੱਕ ਅੰਡਰਗਰਾਉਂਡ ਭੋਰੇ ਵਾਲਾ ਘਰ ਹੈ। ਸੰਨ 1927 ਤੋਂ ਚੇਤਨ ਸਿੰਘ ਵਿਦੇਸ਼ਾਂ ਯੂਬਾ ਸਿਟੀ ਵਿੱਚ ਖੇਤੀ ਕਰਦੇ ਸਨ। ਦੋਨੋਂ ਬਾਬੇ ਸਟਾਕਟਨ ਗੁਰਦੁਆਰੇ ਵਿੱਚ ਸੇਵਾ ਕਰਦੇ ਸਨ ਅਤੇ ਕਮੇਟੀ ਦੇ ਮੈਂਬਰ ਵੀ ਰਹੇ। 26 ਜਨਵਰੀ ਆਜ਼ਾਦੀ ਦਾ ਦਿਨ ਮਨਾਉਣ ਲਈ ਉਗਰਾਹੀ ਕਰਦੇ ਸਮੇਂ ਇੱਕ ਕਾਰ ਐਕਸੀਡੈਂਟ ਵਿੱਚ 10 ਨਵੰਬਰ 1961 ਨੂੰ ਚੇਤਨ ਸਿੰਘ ਵਿਦੇਸ਼ਾਂ ਮੌਕੇ 'ਤੇ ਹੀ ਸਵਰਗਵਾਸ ਹੋ ਗਏ। ਅਗਲੇ ਦਿਨ ਹਸਪਤਾਲ ਵਿੱਚ ਲੱਖਾ ਸਿੰਘ ਚੀਮਾ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ। ਦੋਨਾਂ ਗਦਰੀਆਂ ਦਾ ਫਿਊਨਲ 18 ਨਵੰਬਰ 1961 ਨੂੰ ਇੱਕੋ ਦਿਨ ਯੂਬਾ ਸਿਟੀ ਵਿੱਚ ਹੋਇਆ। ਲੱਖਾ ਸਿੰਘ ਚੀਮਾ ਦੀ ਅੰਤਿਮ ਅਰਦਾਸ 15 ਅਪ੍ਰੈਲ 1962 ਨੂੰ ਸਟਾਕਟਨ ਗੁਰਦੁਆਰੇ ਵਿੱਚ ਹੋਈ, ਜਿਸ ਵਿੱਚ ਗਦਰ ਪਾਰਟੀ ਦੇ ਮੈਂਬਰ ਅਤੇ ਬਾਬਾ ਜੀ ਦੇ ਭਤੀਜੇ ਉਜਾਗਰ ਸਿੰਘ ਚੀਮਾ, ਸਵਰਨ ਸਿੰਘ ਚੀਮਾ, ਸੰਤੋਖ ਸਿੰਘ ਚੀਮਾ ਹਾਜ਼ਰ ਸਨ। ਸੰਨ 1969 ਵਿੱਚ ਯੂਬਾ ਸਿਟੀ ਟਿਊਰਾ ਬੁਇਨਾ ਰੋਡ 'ਤੇ ਨਵਾਂ ਗੁਰਦੁਆਰਾ ਬਣਾਉਣ ਲਈ ਚੀਮਾ ਪਰਵਾਰ ਨੇ ਸੇਵਾ ਵਿੱਚ ਪੂਰਾ ਹਿੱਸਾ ਪਾਇਆ। ਚੇਤਨ ਸਿੰਘ ਦੇ ਵੱਡੇ ਲੜਕੇ ਰੀਚਰਡ ਦਾ ਵਿਆਹ ਭਾਰਤ ਵਿੱਚ ਭਜਨੀ ਨਾਲ ਹੋਇਆ ਸੀ। ਇਹਨਾਂ ਦੀਆਂ ਲੜਕੀਆਂ ਅਤੇ ਚੇਤਨ ਸਿੰਘ ਦੀਆਂ ਪੋਤੀਆਂ Veena Neena. geena Vickie ਜੋ ਕੈਲੀਫੋਰਨੀਆ ਵਿੱਚ ਰਹਿੰਦੀਆਂ ਹਨ, ਉਹਨਾਂ ਦੀ ਗੱਲ ਲੇਖਕ ਨਾਲ ਇੰਜੀਨੀਅਰ ਗੁਰਦੇਵ ਸਿੰਘ ਚੀਮਾ ਨੇ ਫੋਨ 'ਤੇ ਕਰਵਾਈ ਅਤੇ ਲੇਖ ਲਿਖਣ ਵਿੱਚ ਹੋਰ ਵੀ ਮਦਦ ਕੀਤੀ।

*ਹਵਾਲੇ*

*ਕੰਡੇ ਤੇ ਫੁੱਲਝੜੀਆਂ - ਡਾ. ਵਿਕਰਮ ਸਿੰਘ*

*ਬਾਬਾ ਹਰਜਾਪ ਸਿੰਘ*

*ਜੇਲ੍ਹ ਡਾਇਰੀ ਪ੍ਰਕਾਸ਼ਕ ਪੰਜ ਆਬ ਪ੍ਰਕਾਸ਼ਨ*

*ਭਾਈ ਰਤਨ ਸਿੰਘ ਰਾਏਪੁਰ ਡੱਬਾ - ਅਮੋਲਕ ਸਿੰਘ*

*.ਗਦਰੀ ਯੋਧਾ ਭਾਈ ਸੰਤੋਖ ਸਿੰਘ*

*ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ*

*ਗਦਰੀ ਬਾਬਿਆਂ ਦੀ ਜ਼ੁਬਾਨੀ - ਹੀਰਾ ਸਿੰਘ ਦਰਦ*

*ਸੰਪਾਦਕ ਡਾ. ਹਰਜੀਤ ਸਿੰਘ*

*ਲੇਖਕ ਨਾਲ ਪੁਰਾਣੇ ਬਜ਼ੁਰਗਾਂ ਦੀਆਂ ਗੱਲਾਂ*

**ਸੰਪਰਕ : 209 792 4604**

# ਅਮੀਰ ਦਿਲ ਵਾਲਾ

# ਰਾਜੂ ਕਬਾੜੀਆ

ਸ਼ਬਦ-ਚਿੱਤਰ

**ਡਾ. ਗੁਰਸੇਵਕ ਲੰਬੀ**





ਮੈਂ ਉਸ ਨੂੰ ਆਪਣੇ ਪਿੰਡ ਵਿਚ ਉਦੋਂ ਤੋਂ ਦੇਖ ਰਿਹਾਂ, ਜਦੋਂ ਤੋਂ ਮੇਰੀ ਸੁਰਤ ਸੰਭਲੀ ਹੈ। ਉਹਦਾ ਅਸਲ ਨਾ ਰਾਜਪਾਲ ਹੈ ਤੇ ਛੋਟਾ ਨਾਂਅ ਰਾਜੂ। ਪਿਛਲੇ ਚਾਲੀ-ਪੰਤਾਲੀ ਵਰ੍ਹਿਆਂ ਤੋਂ ਸਾਡੇ ਪਿੰਡ ਉਹ ਕਬਾੜ ਖਰੀਦਣ ਆਉਂਦਾ ਹੈ, ਇਸ ਕਰਕੇ ਉਹਨੂੰ ਸਾਰਾ ਪਿੰਡ 'ਰਾਜੂ ਕਬਾੜੀਆ' ਦੇ ਨਾਂਅ ਨਾਲ ਜਾਣਦਾ ਹੈ। ਪਹਿਲਾਂ-ਪਹਿਲ ਉਹ ਸਿਰਫ਼ ਕਬਾੜ ਖਰੀਦਦਾ ਸੀ, ਪਰ ਹੌਲੀ-ਹੌਲੀ ਉਸ ਨੇ ਆਪਣੇ ਸਾਈਕਲ 'ਤੇ ਘਰੇਲੂ ਵਰਤੋਂ ਦੀਆਂ ਵਸਤਾਂ ਵੀ ਟੰਗਣੀਆਂ ਸ਼ੁਰੂ ਕਰ ਦਿੱਤੀਆਂ, ਜਿਵੇਂ ਸਾਬਣਦਾਨੀਆਂ, ਚਾਹਪੌਣੀਆਂ, ਸਟੀਲ ਦੇ ਛੋਟੇ-ਮੋਟੇ ਭਾਂਡੇ, ਛੋਟੇ ਡੋਲੂ-ਡੋਲਣੀਆਂ, ਚਾਕੂ-ਛੁਰੀਆਂ ਆਦਿ ਸਮੇਤ ਬੱਚਿਆਂ ਲਈ ਟੌਫੀਆਂ, ਮਿੱਠੀਆਂ ਗੋਲੀਆਂ, ਬਿਸਕੁਟ ਵੀ ਉਹ ਨਾਲ ਰੱਖਣ ਲੱਗ ਪਿਆ ਹੈ। ਪਿੰਡ ਦੀਆਂ ਔਰਤਾਂ ਉਹਨੂੰ ਥੋੜ੍ਹਾ-ਬਹੁਤਾ ਕਬਾੜ ਦਾ ਸਾਮਾਨ ਦਿੰਦੀਆਂ ਤੇ ਬਦਲੇ ਵਿਚ ਉਹਤੋਂ ਘਰ ਵਰਤਣ ਵਾਲੀ ਕੋਈ ਚੀਜ਼ ਲੈ ਲੈਂਦੀਆਂ ਹਨ। ਇਉਂ ਦੋਨਾਂ ਧਿਰਾਂ ਦਾ ਲੈਣ-ਦੇਣ ਚੱਲਿਆ ਆਉਂਦਾ ਹੈ। ਉਸ ਨੂੰ ਵੇਚੇ ਗਏ ਕਬਾੜ ਦੇ ਪੈਸੇ ਜੇਕਰ ਵੱਧ ਬਣਦੇ ਹੋਣ ਤਾਂ ਉਹ ਝੱਟ ਦੇ ਦਿੰਦਾ ਹੈ, ਪਰ ਜੇਕਰ ਕਿਸੇ ਨੇ ਵੇਚੇ ਕਬਾੜ ਤੋਂ ਵੱਧ ਪੈਸਿਆਂ ਦੀ ਕੋਈ ਚੀਜ਼ ਖਰੀਦ ਵੀ ਲਈ ਤਾਂ ਉਹ ਇਕ ਵਾਰੀ ਦੱਸ ਦਿੰਦਾ ਹੈ ਕਿ ਭਾਈ ਮੇਰੇ ਐਨੇ ਪੈਸੇ ਤੁਹਾਡੇ ਵੱਲ ਰਹਿ ਗਏ, ਪਰ ਦੂਜੀ ਵਾਰੀ ਮੰਗਦਾ ਨਹੀਂ, ਜੇ ਦੇ ਦਿੱਤੇ ਤਾਂ ਠੀਕ ਹੈ, ਨਹੀਂ ਤਾਂ ਕੋਈ ਗੱਲ ਨਹੀਂ। ਵੈਸੇ ਉਹਦੇ ਪੈਸੇ ਰੱਖਦਾ ਵੀ ਕੋਈ ਨਹੀਂ। ਘਰਾਂ ਵਾਲੇ ਆਪਣੇ ਆਪ ਕੁਝ ਦਿਨ ਰੁਕ ਕੇ ਕੋਈ ਕਬਾੜ ਜਾਂ ਫਿਰ ਪੈਸੇ ਉਹਨੂੰ ਦੇ ਦਿੰਦੇ ਹਨ। ਇੰਝ ਉਹ ਨਾਂਅ ਦਾ ਭਾਵੇਂ 'ਰਾਜੂ ਕਬਾੜੀਆ' ਹੈ, ਪਰ ਉਸ ਦਾ ਦਿਲ ਬਹੁਤ ਅਮੀਰ ਹੈ। ਉਹ ਆਪ ਆਖਦਾ ਮੇਰੇ ਪੈਸੇ ਕਦੇ ਕਿਸੇ ਨੇ ਦੱਬੇ ਨ੍ਹੀ, ਮੈਂ ਵੀ ਛੇਤੀ ਕੀਤਿਆਂ ਮੰਗਦਾ ਨ੍ਹੀਂ, ਜਦੋਂ ਹੋਣ, ਲੋਕ ਆਪੇ ਦੇ ਦਿੰਦੇ ਨੇ... ਮੈਂ ਕੋਈ ਭੁੱਖਾ ਥੋੜ੍ਹੀਂ ਮਰਨ ਲੱਗਿਆਂ......? ਲੰਬੀ ਪਿੰਡ ਮੇਰਾ ਪਰਵਾਰ ਆ, ਚਾਲੀ-ਪੰਤਾਲੀ ਵਰ੍ਹੇ ਹੋ ਗਏ ਮੈਨੂੰ ਇੱਥੇ ਆਉਂਦੇ ਨੂੰ, ਬੱਚਾ-ਬੱਚਾ ਤਾਂ ਮੈਨੂੰ ਜਾਣਦਾ.......। ਬਿਲਕੁਲ ਰਾਜੂ ਨੂੰ ਸਾਡੇ ਪਿੰਡ ਦਾ ਬੱਚਾ-ਬੱਚਾ ਜਾਣਦਾ। ਮੈਨੂੰ ਤਾਂ ਕਦੇ-ਕਦੇ ਉਹ ਸਾਡਾ ਚਾਚਾ-ਤਾਇਆ ਹੀ ਲੱਗਦਾ ਹੈ।

ਮੈਂ ਨਿੱਕੇ ਹੁੰਦੇ ਤੋਂ ਉਹਨੂੰ ਦੇਖਦਾਂ ਆ ਰਿਹਾ। ਮੈਨੂੰ ਯਾਦ ਹੈ ਜਦੋਂ ਉਹ ਸਾਡੀ ਗਲੀ ਵਿੱਚੋਂ ਲੰਘਦਾ ਤਾਂ ਕਦੇ-ਕਦੇ ਸਾਡੇ ਘਰ ਆ ਜਾਂਦਾ, ਭਾਪੇ ਨਾਲ ਕਿੰਨੀਆਂ ਗੱਲਾਂ ਕਰਦਾ, ਬੀਬੀ ਚਾਹ ਧਰ ਲੈਂਦੀ, ਉਹ ਚਾਹ-ਪਾਣੀ ਪੀ ਕੇ ਜਾਂਦਾ। ਸਭ ਦਾ ਦੁੱਖ-ਸੁੱਖ ਪੁੱਛਦਾ। ਕਿੰਨਾ ਚਿਰ ਸਾਡੇ ਘਰੇ ਬੈਠਾ ਰਹਿੰਦਾ। ਮੇਰਾ ਭਾਪਾ ਆਪ ਕਿਸੇ ਵੇਲੇ ਕਬਾੜ ਖਰੀਦਦਾ-ਵੇਚਦਾ ਰਿਹਾ ਹੈ। ਇਉਂ ਕਿੱਤੇ ਪੱਖੋਂ ਵੀ ਦੋਨਾਂ ਦੀ ਸਾਂਝ ਇਹਨਾਂ ਨੂੰ ਹੋਰ ਨੇੜੇ ਕਰੀ ਰੱਖਦੀ। ਇਹ ਕਬਾੜ ਖਰੀਦਣ ਵੇਚਣ ਸੰਬੰਧੀ ਗੱਲਾਂ ਕਰਦੇ।

ਸਾਨੂੰ ਜਵਾਕਾਂ ਨੂੰ ਵੀ ਰਾਜੂ ਦੀ ਪੂਰੀ ਉਡੀਕ ਰਹਿੰਦੀ। ਅਸੀਂ ਜੰਗਾਲ ਖਾਧੇ ਲੋਹੇ ਦੀ ਕੋਈ ਕਿੱਲ-ਪੱਤਰੀ ਲੈ ਕੇ ਉਹਦੇ ਦੁਆਲੇ ਖੜ੍ਹ ਜਾਂਦੇ, ਉਹ ਸਾਨੂੰ ਟੌਫੀਆਂ-ਗੋਲੀਆਂ ਦਿੰਦਾ, ਸਾਨੂੰ ਚਾਅ ਚੜ੍ਹ ਜਾਂਦਾ। ਕਦੇ-ਕਦੇ ਬਿਨਾਂ ਕਬਾੜ ਦਿੱਤਿਆਂ ਵੀ ਉਹ ਸਾਨੂੰ ਕੁਝ ਨਾ ਕੁਝ ਜ਼ਰੂਰ ਦੇ ਦਿੰਦਾ। ਕੋਈ ਗੋਲੀ-ਟੌਫ਼ੀ ਸਾਡੇ ਹੱਥ 'ਤੇ ਧਰ ਦਿੰਦਾ। ਅਸੀਂ ਉਹਤੋਂ ਖਾਣ ਦੀਆਂ ਚੀਜ਼ਾਂ ਫੜ ਗਲੀ 'ਚ ਦੌੜ ਜਾਂਦੇ, ਛਾਲਾਂ ਲਾਉਂਦੇ। ਰਾਜੂ ਦੀ ਮੁਸਕਾਨ ਦੂਰ ਤੱਕ ਸਾਡੇ ਨਾਲ-ਨਾਲ ਭੱਜੀ ਜਾਂਦੀ। ਸਾਡੇ ਨਾਲੋਂ ਦੁੱਗਣੀ ਖ਼ੁਸ਼ੀ ਉਹਦੇ ਚਿਹਰੇ 'ਤੇ ਹੁੰਦੀ ਸੀ। ਉਹਦੀਆਂ ਟੌਫੀਆਂ, ਬਿਸਕੁਟ ਕਿੰਨੇ ਮਿੱਠੇ ਹੁੰਦੇ ਸਨ। ਬਿਲਕੁਲ ਉਹਦੇ ਸੁਭਾਅ ਵਰਗੇ। ਹੁਣ ਮੈਂ ਵੱਡਾ ਹੋ ਕੇ ਜਦੋਂ ਉਹਨਾਂ ਦਿਨਾਂ ਬਾਰੇ ਸੋਚਦਾ ਹਾਂ ਤਾਂ ਮੈਨੂੰ ਰਾਜੂ ਕਦੇ-ਕਦੇ 'ਸੈਂਟਾ ਕਲਾਜ਼' ਲੱਗਣ ਲੱਗ ਜਾਂਦਾ, ਜੀਹਦੀ ਸਾਈਕਲ ਦੀ ਟੋਕਰੀ ਵਿਚ ਸਾਡੇ ਲਈ ਕਿੰਨਾ ਕੁਝ ਹੁੰਦਾ ਸੀ। ਉਹ ਟੋਕਰੀ ਵਿੱਚੋਂ ਮੁੱਠਾਂ ਭਰ-ਭਰ ਸਾਡੀ ਝੋਲੀ ਭਰ ਦਿੰਦਾ ਸੀ। ਉਹ ਕਦੇ ਕਿਸੇ ਬੱਚੇ ਨੂੰ ਖਾਲੀ ਨਹੀਂ ਸੀ ਮੋੜਦਾ। ਉਹਦੇ ਸੁਭਾਅ ਵਿਚ ਰੱਜ ਹੈ, ਇਹੀ ਰੱਜ ਉਹ ਸਾਡੇ ਲਿੱਬੜੇ ਕੁੜਤਿਆਂ ਦੀ ਝੋਲੀ 'ਚ ਪਾ ਦਿੰਦਾ ਸੀ।

ਰਾਜੂ ਮੂਲ ਰੂਪ ਵਿਚ ਪਾਣੀਪਤ ਨੇੜੇ ਕਿਸੇ ਪਿੰਡ ਦਾ ਰਹਿਣ ਵਾਲਾ ਹੈ। ਉਹਦਾ ਟੱਬਰ 1960 ਦੇ ਆਸ-ਪਾਸ ਮੋਗੇ ਦੇ ਨੇੜੇ ਪਿੰਡ ਦੱਲੂਵਾਲਾ ਆ ਕੇ ਵਸ ਗਿਆ। ਉਹਦੇ ਦੋ ਭਰਾ ਹੋਰ ਸਨ। ਦੋ ਛੋਟੀਆਂ ਭੈਣਾਂ ਸਮੇਤ ਉਹ ਪੰਜ ਭੈਣ-ਭਰਾ ਸਨ। ਵਿਆਹ ਉਪਰੰਤ ਰਾਜੂ ਆਪਣੇ ਪਰਵਾਰ ਸਮੇਤ ਮਲੋਟ ਮੰਡੀ ਆ ਗਿਆ। ਉਹਦੇ ਬੱਚੇ ਇੱਥੇ ਹੀ ਹੋਏ। ਪਰਵਾਰ ਵਿਚ ਉਹਦੀ ਪਤਨੀ ਤੇ ਦੋ ਬੱਚੇ ਮੁੰਡਾ ਤੇ ਕੁੜੀ ਹਨ। ਪਤਨੀ ਦੀ ਪਿਛਲੇ ਸਮਿਆਂ ਵਿਚ ਮੌਤ ਹੋ ਗਈ। ਮੁੰਡਾ ਤੇ ਕੁੜੀ ਵਿਆਹੇ ਹੋਏ ਹਨ। ਜਦੋਂ ਕੁੜੀ ਵਿਆਹ ਕੇ ਤੋਰ ਦਿੱਤੀ ਤਾਂ ਉਹਨੇ ਛੇਤੀ ਮੁੰਡਾ ਵੀ ਵਿਆਹ ਲਿਆ। ਪਤਨੀ ਦੇ ਤੁਰ ਜਾਣ ਬਾਅਦ ਉਹਦੀ ਆਪਣੇ ਮੁੰਡੇ ਨਾਲ ਰਚਕ ਨਾ ਬੈਠੀ। ਉਹ ਛੇਤੀ ਨੂੰਹ-ਪੁੱਤ ਤੋਂ ਅੱਡ ਹੋ ਗਿਆ। ਅੱਜਕੱਲ੍ਹ ਰਾਜੂ ਮਲੋਟ ਇਕੱਲਾ ਹੀ ਰਹਿੰਦਾ ਹੈ ਆਪਣੇ ਘਰ ਵਿਚ। ਉਹ ਦੱਸਦਾ ਉਹਨੇ ਕਬਾੜ ਖਰੀਦਣ-ਵੇਚਣ ਦਾ ਕੰਮ 1978 ਦੇ ਨੇੜ-ਤੇੜ ਆਰੰਭਿਆ। ਸੱਤ-ਅੱਠ ਸਾਲ ਉਹਨੇ ਰੱਜ ਕੇ ਮਿਹਨਤ ਕੀਤੀ। ਫਿਰ ਉਹਨੂੰ ਉਹਦੇ ਪਿੰਡ ਨੇ ਆਵਾਜ਼ ਮਾਰ ਲਈ। ਉਹ 1986 ਵਿਚ ਵਾਪਸ ਪਾਣੀਪਤ ਚਲਾ ਗਿਆ। ਤਿੰਨ ਵਰ੍ਹੇ ਉਥੇ ਰਿਹਾ, ਪਰ ਉਥੇ ਉਹਦਾ ਜੀਅ ਨਾ ਲੱਗਾ। ਨਾ ਹੀ ਢੰਗ ਦਾ ਕੋਈ ਕੰਮ ਮਿਲਿਆ। 1989 ਵਿਚ ਫਿਰ ਉਹ ਵਾਪਸ ਮਲੋਟ ਆ ਗਿਆ ਤੇ ਫਿਰ ਆਪਣੇ ਪੁਰਾਣੇ ਕੰਮ ਦੀਆਂ ਮੁਹਾਰਾਂ ਫੜ ਲਈਆਂ। 1991 ਵਿਚ ਉਸ ਨੇ ਮੋਟਰ ਸਾਈਕਲ ਵੀ ਲੈ ਲਿਆ ਸੀ, ਪਰ ਉਹਦੇ ਠੰਢੇ ਸੁਭਾਅ ਨੂੰ ਮੋਟਰਸਾਈਕਲ ਦੀ ਤੇਜ਼ੀ ਰਾਸ ਨਾ ਆਈ। ਉਸ ਨੇ ਛੇਤੀ ਮੋਟਰਸਾਈਕਲ ਵੇਚ ਦਿੱਤਾ। ਉਹਨੇ ਸਾਈਕਲ ਨੂੰ ਹੀ ਤਰਜੀਹ ਦਿੱਤੀ। ਉਹ ਕਹਿੰਦਾ, 'ਮੋਟਰਸਾਈਕਲ ਨੇ ਤਾਂ ਸਾਲੀ ਮੇਰੇ ਮਨ ਦੀ ਸ਼ਾਂਤੀ ਭੰਗ ਕਰ ਤੀ ਸੀ.... ਪਤੰਦਰ ਭੱਜਦਾ ਈ ਬਾਹਲਾ ਸੀ....ਆਪਣੇ ਲੋਟ ਨੀ ਬੈਠਿਆ.....ਵੇਚਤਾ।'

ਰਾਜੂ ਪੰਜ-ਛੇ ਪੜ੍ਹਿਆ ਹੈ, ਵਹੀ 'ਤੇ ਲੈਣ-ਦੇਣ ਲਿਖ ਲੈਂਦਾ ਹੈ। ਉਹਦੀ ਲਿਖਾਈ ਬੜੀ ਵਿੰਗੀ-ਟੇਢੀ ਹੈ, ਜੋ ਉਸ ਤੋਂ ਬਿਨਾਂ ਕਿਸੇ ਹੋਰ ਨੂੰ ਸਮਝ ਨਹੀਂ ਆਉਂਦੀ। ਉਹ ਕਹਿੰਦਾ, ਇਹ ਮੇਰੀ ਪੰਜਾਬੀ ਆ... ਲੰਡੇ ਅੱਖਰਾਂ ਵਾਲੀ ਪੰਜਾਬੀ ਇਸ ਨੂੰ ਸਿਰਫ ਮੈਂ ਹੀ ਸਮਝ ਸਕਦਾ ਹਾਂ। ਇਹ ਕਹਿ ਕੇ ਰਾਜੂ ਹੱਸ ਪੈਂਦਾ।

ਰਾਜੂ ਜਾਤ ਦਾ ਅਰੋੜਾ-ਮਹਾਜਨ ਹੈ, ਜਿਸ ਦਾ ਗੁਰੂ ਗ੍ਰੰਥ ਸਾਹਿਬ ਵਿਚ ਅਥਾਹ ਵਿਸ਼ਵਾਸ ਹੈ। ਉਹ ਸਵੇਰੇ ਉੱਠ ਕੇ ਨਹਾਉਂਦਾ-ਧੋਂਦਾ ਹੈ। 'ਜਪੁਜੀ ਸਾਹਿਬ' ਦਾ ਪਾਠ ਕਰਕੇ ਆਪਣਾ ਦਿਨ ਆਰੰਭ ਕਰਦਾ ਹੈ। ਉਹ ਕਹਿੰਦਾ ਸਵੇਰ ਦੀ ਸ਼ਾਂਤੀ ਚੰਗੀ ਲੱਗਦੀ ਹੈ। ਰੱਬ ਦਾ ਨਾਮ ਜ਼ਰੂਰ ਲੈਂਦਾ ਹਾਂ, ਪਰ ਮੈਂ ਲੋਕ ਵਿਖਾਵਾ ਨ੍ਹੀਂ ਕਰਦਾ.........।

ਰਾਜੂ ਹੁਣ ਪੱਗ ਨਹੀਂ ਬੰਨ੍ਹਦਾ, ਦਾੜ੍ਹੀ ਵੀ ਕੱਟ ਕੇ ਰੱਖਦਾ। ਕਦੇ ਕਿਸੇ ਵੇਲੇ ਰਾਜੂ ਨੇ ਦਾਹੜੀ ਰੱਖੀ ਹੋਈ ਸੀ। ਦਸਤਾਰ ਨਹੀਂ, ਪਰ ਪਰਨਾ ਜ਼ਰੂਰ ਬੰਨ੍ਹਦਾ ਸੀ। ਉਹ ਕਹਿੰਦਾ ਹੈ ਬਸ ਮੈਥੋਂ ਗਲਤੀ ਹੋ ਗਈ ਕਿ ਮੈਂ ਉਦੋਂ ਅੰਮ੍ਰਿਤ ਨਾ ਛਕਿਆ, ਨਹੀਂ ਤਾਂ ਮੈਂ ਦਾੜ੍ਹੀ ਨ੍ਹੀਂ ਕਟਵਾਉਣੀ ਸੀ। ਊਂ ਮੈਂ ਮਨੋਂ ਪੂਰਾ ਸਿੱਖ ਹਾਂ।

ਰਾਜੂ ਦੱਸਦਾ ਹੈ ਕਿ ਕਬਾੜ ਖਰੀਦਣ ਉਹ ਪਹਿਲਾਂ ਮਲੋਟ ਮੰਡੀ ਦੇ ਨਾਲ ਲੱਗਦੇ ਹੋਰ ਪਿੰਡਾਂ ਵਿਚ ਵੀ ਜਾਂਦਾ ਹੁੰਦਾ ਸੀ, ਜਿਵੇਂ ਸਰਦਾਰਗੜ੍ਹ, ਤਰਖਾਣ ਵਾਲੀ, ਈਨਾ ਖੇੜਾ ਆਦਿ, ਪਰ 1990 ਤੋਂ ਬਾਅਦ ਤਾਂ ਉਹ ਲੰਬੀ ਪਿੰਡ ਦਾ ਹੋ ਕੇ ਰਹਿ ਗਿਆ। ਇਸ ਪਿੰਡ ਤੋਂ ਬਿਨਾਂ ਹੁਣ ਉਹ ਕਦੇ ਕਿਤੇ ਵੀ ਨਹੀਂ ਗਿਆ। ਲੰਬੀ ਪਿੰਡ ਉਹਦਾ ਨਿਰੰਤਰ ਗੇੜਾ ਰਹਿੰਦਾ। ਪਹਿਲਾਂ ਉਹ ਸਾਡੇ ਪਿੰਡ ਇਕ ਅੱਧਾ ਦਿਨ ਛੱਡ ਕੇ ਆਉਂਦਾ ਸੀ, ਪਰ ਪਿਛਲੇ ਕਈ ਵਰ੍ਹਿਆਂ ਤੋਂ ਉਹ ਰੋਜ਼ਾਨਾ ਵਾਂਗ ਆਉਂਦਾ ਹੈ।

ਰਾਜੂ ਜਦੋਂ ਜਵਾਨ ਸੀ ਤਾਂ ਮਲੋਟ ਤੋਂ ਸਾਈਕਲ 'ਤੇ ਆਉਂਦਾ। ਮਲੋਟੋਂ ਉਹ ਖਾਲੀ ਸਾਈਕਲ ਲਿਆਉਂਦਾ। ਸਾਡੇ ਪਿੰਡੋਂ ਕਬਾੜ ਖਰੀਦ ਕੇ ਹੌਸਲੇ ਦੇ ਪੈਡਲ ਮਾਰਦਾ ਘਰ ਪਰਤ ਜਾਂਦਾ। ਉਹ ਦੱਸਦਾ ਥੇਡੇ ਪਿੰਡ ਇਕ ਸੋਹਣੀ ਨਾਂਅ ਦਾ ਫੌਜੀ ਹੁੰਦਾ ਸੀ, ਜੋ ਬਾਅਦ 'ਚ ਜੰਗਲਾਤ ਮਹਿਕਮੇ 'ਚ ਮਲੋਟ ਲੱਗਿਆ ਰਿਹਾ। ਉਹਦੀ ਮਲੋਟ ਰਾਤ ਦੀ ਡਿਊਟੀ ਹੁੰਦੀ... ਸਵੇਰੇ ਅਸੀਂ 'ਕੱਠੇ ਮਲੋਟੋਂ ਸਾਈਕਲ ਤੋਰਦੇ। ਇਕ-ਦੂਜੇ ਨਾਲ ਜਿੱਦ-ਜਿੱਦ ਕੇ ਸਾਈਕਲ ਭਜਾਉਂਦੇ। ਬਹੁਤ ਜਾਨ ਹੁੰਦੀ ਸੀ ਉਦੋਂ ਸਾਡੇ 'ਚ.......ਪਰ ਹੁਣ ਮੇਰੇ ਦੋਵੇਂ ਗੋਡਿਆਂ ਦਾ ਪ੍ਰੇਸ਼ਨ ਹੋਇਆ...........ਹੁਣ ਚਾਲ ਨੀ ਬਣਦੀ.......। ਇਹ ਆਖਦਾ ਉਹ ਲੰਮਾ ਸਾਹ ਲੈਂਦਾ ਹੈ।

ਰਾਜੂ ਨੇ ਹੁਣ ਆਪਣਾ ਸਾਈਕਲ ਪੱਕੇ ਤੌਰ 'ਤੇ ਸਾਡੇ ਪਿੰਡ ਹੀ ਰੱਖਿਆ ਹੋਇਆ ਹੈ। ਮਲੋਟੋਂ ਉਹ ਬੱਸ 'ਤੇ ਆਉਂਦਾ ਹੈ। ਆਪਣਾ ਸਾਈਕਲ ਚੱਕਦਾ ਹੈ ਤੇ ਪਿੰਡ ਦੇ ਅੰਦਰ-ਅੰਦਰ ਗੇੜਾ ਦੇ ਆਉਂਦਾ ਹੈ। ਉਹ ਜਿਹੜਾ ਵੀ ਮਾੜਾ-ਮੋਟਾ ਕਬਾੜ ਖਰੀਦਦਾ ਹੈ, ਬੱਸ 'ਤੇ ਧਰ ਕੇ ਮਲੋਟ ਲੈ ਜਾਂਦਾ। ਉਹ ਖੁਸ਼ ਹੋ ਕੇ ਦੱਸਦਾ, ਓ ਭਾਈ.......ਮੇਰਾ ਕਿਹੜਾ ਕਿਰਾਇਆ ਲੱਗਦਾ, ਮੇਰੀ ਬਣੀ ਈ ਐਨੀ ਹੋਈ ਆ.......ਬੱਸਾਂ ਆਲੇ ਮੇਰੇ ਤੋਂ ਕਿਰਾਇਆ ਨ੍ਹੀਂ ਲੈਂਦੇ, ਮੈਂ ਹਰ ਬੰਦੇ ਨੂੰ ਪਿਆਰ ਨਾਲ ਬੋਲਦਾਂ ਹਾਂ......ਯਾਰ ਬੰਦਿਆਂ ਨਾਲ ਬਣਾਉਣੀ ਸਾਡੇ ਵੱਸ ਆ.....ਜੇ ਤੁਸੀਂ ਕੌੜਾ ਬੋਲੋਂਗੇ, ਕੌਣ ਥੋਨੂੰ ਚੌਂਕੇ ਚੜ੍ਹਨ ਦੇਊ, ਮੇਰਾ ਸਭ ਨਾਲ ਪਿਆਰ ਆ......ਕੀ ਲੈ ਜਾਣਾ ਯਾਰ ਇੱਥੋਂ.........।

ਰਾਜੂ ਘਰ ਜਾ ਕੇ ਕਦੇ ਪੈਸੇ ਨਹੀਂ ਗਿਣਦਾ, ਜੋ ਬਣ ਜਾਂਦਾ ਹੈ, ਬਸ ਠੀਕ ਹੈ, ਅੰਦਾਜ਼ਾ ਲਾ ਲੈਂਦਾ ਹੈ ਕਿ ਅੱਜ ਐਨੇ ਕੁ ਬਣ ਗਏ। ਉਹ ਇਸੇ ਵਿਚ ਖ਼ੁਸ਼ ਰਹਿੰਦਾ ਹੈ। ਉਸ ਅੰਦਰ ਕੋਈ ਭੁੱਖ ਨਹੀਂ, ਕੋਈ ਲਾਲਸਾ ਨਹੀਂ ਹੈ। ਉਹ ਹੱਸਦਾ-ਹੱਸਦਾ ਗਲੀ-ਗਲੀ ਹੁੰਦਾ ਆਪਣੇ ਘਰ ਪਰਤ ਜਾਂਦਾ ਹੈ। ਮੈਂ ਉਹਨੂੰ ਕਦੇ ਤਲਖ ਹੁੰਦੇ ਨਹੀਂ ਵੇਖਿਆ। ਮੈਂ ਉਹਨੂੰ ਕਦੇ ਸ਼ੋਰ ਕਰਦਿਆਂ ਨਹੀਂ ਸੁਣਿਆ। ਤੁਸੀਂ ਉਹਨੂੰ ਕਬਾੜ ਵੇਚਣ ਜਾਓ, ਉਹ ਕਹੇਗਾ ਦਸ ਰੁਪਏ, ਤੁਸੀਂ ਕਹੋਗੇ ਮੈਂ ਤਾਂ ਬਾਰਾਂ ਰੁਪਏ ਲੈਣੇ ਹਨ ਤਾਂ ਉਹ ਝੱਟ ਤੁਹਾਡੀ ਤਲੀ 'ਤੇ ਬਾਰਾਂ ਰੁਪਏ ਧਰ ਦਿੰਦਾ ਹੈ। ਜਿੰਨੇ ਕਹਿ ਦਿੱਤੇ... ਪਾਰ। ਉਹ ਹਿਸਾਬਾਂ-ਕਿਤਾਬਾਂ ਵਿਚ ਪੈਣ ਵਾਲਾ ਬੰਦਾ ਨਹੀਂ। ਉਹ ਸ਼ੁਰੂ ਤੋਂ ਹੀ ਇਦਾਂ ਦਾ ਹੈ।

ਰਾਜੂ ਉਮਰ ਪੱਖੋਂ ਹੁਣ 70 ਨੂੰ ਢੁਕ ਚੁੱਕਾ ਹੈ। ਉਹਦਾ ਸਰੀਰ ਹੁਣ ਅੱਗੇ ਨਾਲੋਂ ਕਮਜ਼ੋਰਾ ਹੋ ਗਿਆ ਹੈ, ਪਰ ਫਿਰ ਵੀ ਉਹ ਹੌਸਲੇ ਦੀ ਇੱਕ ਜਿਉਂਦੀ-ਜਾਗਦੀ ਮਿਸਾਲ ਹੈ। ਉਹ ਕਹਿੰਦਾ ਹੈ ਹੁਣ ਭਾਰ ਚੱਕਿਆ ਨ੍ਹੀਂ ਜਾਂਦਾ। ਗੋਡੇ ਦੁਖੀ ਕਰਦੇ ਹਨ, ਪ੍ਰੇਸ਼ਨ ਤਾਂ ਕਰਾਇਆ, ਪਰ ਉਹ ਗੱਲ ਕਿਥੇ ਬਣਦੀ ਆ... ਬੱਸਾਂ 'ਤੇ ਭਾਰ ਢੋਣਾ ਕਿਹੜਾ ਸੌਖਾ...। ਬਸ ਨਿੱਕਾ-ਮੋਟਾ ਸਾਮਾਨ ਖਰੀਦ-ਵੇਚ ਲਈਦਾ ਹੈ। ਅੱਜਕੱਲ੍ਹ ਉਹ ਭਾਰੀ ਕਬਾੜ ਘੱਟ ਖਰੀਦਦਾ ਹੈ।

ਰਾਜੂ ਨੂੰ ਜਦੋਂ ਪੁੱਛੋ ਕਿ ਐਨੇ ਵਰ੍ਹਿਆਂ ਵਿਚ ਲੋਕਾਂ ਵਿਚ ਕੀ ਬਦਲਿਆ ਤਾਂ ਉਹ ਦੱਸਦਾ ਹੈ ਕਿ ਸਮੇਂ ਦੇ ਨਾਲ ਲੋਕ ਬਹੁਤ ਬਦਲ ਗਏ ਹਨ। ਪਹਿਲਾਂ ਲੋਕਾਂ ਵਿਚ ਠਰ੍ਹੰਮਾ ਸੀ, ਪਿਆਰ ਸੀ, ਲੋਕ ਲੈਣ-ਦੇਣ ਦੇ ਪੱਕੇ ਸਨ। ਹੁਣ ਲੋਕ ਗਲ ਨੂੰ ਆਉਂਦੇ ਆ, ਕੁਝ ਆਖੋ ਤਾਂ ਸਹਿੰਦੇ ਨਹੀਂ। ਪਹਿਲਾਂ ਲੋਕ ਖਰਾ ਸੋਨਾ ਸਨ, ਹੁਣ ਤਾਂ ਕਬਾੜ ਵਰਗੇ ਹੋ ਗਏ, ਪਤਾ ਨਹੀਂ ਕਿੱਥੋਂ ਝਰ ਜਾਣਾ, ਕਿੱਥੋਂ ਫਿਸ ਪੈਣ। ਲੋਕ ਹੁਣ ਸਸਤੇ ਹੋ ਗਏ ਹਨ, ਇੱਜ਼ਤ ਪੱਖੋਂ ਵੀ ਤੇ ਸੁਭਾਅ ਪੱਖੋਂ ਵੀ। ਇਉਂ ਰਾਜੂ ਆਪਣੀ ਜ਼ਿੰਦਗੀ ਵਿੱਚ ਹੰਡਾਏ ਸੱਚ ਦੀਆਂ ਗੱਲਾਂ ਕਰਦਾ ਹੈ।

ਹਰ ਬੰਦੇ ਵਾਂਗ ਰਾਜੂ ਦੀ ਜ਼ਿੰਦਗੀ ਵਿੱਚ ਵੀ ਬਥੇਰੀ ਉਥਲ-ਪੁਥਲ ਹੋਈ, ਪਰ ਉਹਨੇ ਕਦੇ ਵੀ ਆਪਣੇ ਮਨ ਦੀ ਸ਼ਾਂਤੀ ਨਹੀਂ ਗਵਾਈ। ਉਹ ਅੱਜ ਵੀ ਇਕ ਸ਼ਾਂਤ ਜ਼ਿੰਦਗੀ ਜਿਉਂਦਾ ਹੈ। ਪਤਨੀ ਛੇਤੀ ਸਾਥ ਛੱਡ ਗਈ ਤਾਂ ਉਹ ਡੋਲਿਆ ਨਹੀਂ, ਮੁੰਡਾ ਠੀਕ ਨਹੀਂ ਨਿਕਲਿਆ ਤਾਂ ਉਹ ਘਬਰਾਇਆ ਨਹੀਂ। ਉਹ ਆਵਦੀ ਰੋਟੀ ਆਪ ਕਮਾਉਂਦਾ, ਪਕਾਉਂਦਾ ਤੇ ਖਾਂਦਾ ਹੈ। ਉਹ ਦਿਨ ਭਰ ਹੱਡ ਭੰਨਵੀਂ ਮਿਹਨਤ ਕਰਦਾ ਹੈ। ਘਰ ਪਰਤ ਕੇ ਵੀ ਨਿਸਲ ਨਹੀਂ ਹੁੰਦਾ। ਉਹਨੂੰ ਸਫਾਈ ਬਹੁਤ ਪਸੰਦ ਹੈ, ਸਵੇਰੇ-ਸ਼ਾਮ ਘਰ ਦੀ ਸਫਾਈ ਕਰਦਾ, ਗੰਦਗੀ ਉਸ ਨੂੰ ਚੰਗੀ ਨਹੀਂ ਲੱਗਦੀ। ਉਹ ਨਾ ਮਨ 'ਚ ਗੰਦਗੀ ਰੱਖਦਾ, ਨਾ ਘਰ 'ਚ। ਉਹ ਸੁੱਚੀ ਕਿਰਤ ਕਰਦਾ ਹੈ। ਉਹ ਭਾਵੇਂ ਵਰ੍ਹਿਆਂ ਤੋਂ ਕਬਾੜ ਖਰੀਦ-ਵੇਚ ਰਿਹਾ ਹੈ, ਪਰ ਉਹ ਦਿਲ ਦਾ ਬਹੁਤ ਅਮੀਰ ਹੈ। ਅਮੀਰ ਦਿਲ ਵਾਲਾ ਕਬਾੜੀਆ ਰਾਜੂ।

**ਸੰਪਰਕ : 99141-50353**